*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 13, ਅੰਕ-9, ਸਤੰਬਰ 2023 | Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300


# ਜ਼ਮੀਨ ਤੋਂ ਉਖੜੇ ਪੰਜਾਬ ਦੀ ਦਾਸਤਾਨ

ਦੁਨੀਆ ਦੇ ਇਤਿਹਾਸ ਵਿਚ ਕਈ ਖਿੱਤੇ ਇਸ ਕਰਕੇ ਆਪਣੀ ਅਹਿਮੀਅਤ ਸਦੀਆਂ ਤੱਕ ਦਰਸਾਉਂਦੇ ਅਤੇ ਬਣਾਉਂਦੇ ਰਹੇ ਕਿ ਉਨ੍ਹਾਂ ਦੀ ਭੋਇੰ ਵਿਚ ਇੰਨੇ ਵੱਡੇ ਜਾਂਬਾਜ਼ ਵਿਚਾਰ ਅਤੇ ਸ਼ਖਸੀਅਤਾਂ ਪੈਦਾ ਹੋਈਆਂ ਹਨ ਜਿਨ੍ਹਾਂ ਨੇ ਆਪਣੀ ਧਰਤ 'ਤੇ ਦੇਸ਼ਾਂ ਅਤੇ ਵਿਦੇਸ਼ੀ ਜਰਵਾਣਿਆਂ ਦੇ ਦੰਦਾਂ ਹੀ ਖੱਟੇ ਨਹੀਂ ਕੀਤੇ ਬਲਕਿ ਆਪਣਾ ਇਤਿਹਾਸ ਵੀ ਸਿਰਜਿਆ ਹੈ। ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਤੋਂ ਲੈ ਕੇ ਦਰਿਆਵਾਂ ਦੇ ਨਾਲ ਸੰਜੋਈ ਅਤੇ ਉਸਰੀ ਸਭਿਅਤਾ ਜਿਸ ਵਿਚ ਕਈ ਕੁਦਰਤੀ ਦਾਤਾਂ ਇਸ ਕਿਸਮ ਦੀਆਂ ਉਤਪੰਨ ਹੋਈਆਂ ਕਿ ਪੀਰਾਂ ਫਕੀਰਾਂ ਤੋਂ ਲੈ ਕੇ ਸ਼ਾਇਰਾਂ ਤੱਕ ਨੇ ਇਸ ਧਰਤੀ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਏ। ਦੇਸ਼ ਵਿਦੇਸ਼ ਦੀ ਧਰਤੀ 'ਤੇ ਜਿਸ ਵੀ ਕੋਨੇ 'ਤੇ 20ਵੀਂ ਵਿਚ ਪੰਜਾਬੀ ਗਏ ਉਥੋਂ ਨਵੇਂ ਵਿਚਾਰ ਲੈ ਕੇ ਅਤੇ ਨਵੀਂ ਗਿਆਨ ਦੀ ਪੁੱਠ ਹਾਸਲ ਕਰਕੇ ਵਾਪਸ ਪਰਤੇ ਅਤੇ ਜਿਨ੍ਹਾਂ ਨੇ ਦੁਨੀਆ ਦੇ ਇਹਿਤਾਸ ਨੂੰ ਦਿਖਾ ਦਿੱਤਾ ਕਿ ਜਿਥੇ ਅਸੀਂ ਪੰਜਾਬ ਦੀ ਧਰਤੀ ਦੀ ਵਿਰਾਸਤ ਨਾਲ ਜੁੜੇ ਹੋਏ ਹਾਂ, ਉਥੇ ਦੁਨੀਆ ਦੇ ਹਰ ਕੋਨੇ ਵਿਚ ਸਾਡੀ ਕਿਰਤ ਨੂੰ ਹਰ ਕੋਈ ਸਲਾਮ ਕਰਦਾ ਹੈ। ਪ੍ਰੰਤੂ ਇਹ ਧਰਤੀ ਜਿਸ ਨੂੰ ਇਸ ਧਰਤੀ ਦੇ ਉਪਰ ਰਾਜ ਕਰਨ ਵਾਲਿਆਂ ਨੇ 1970ਵਿਆਂ ਤੋਂ ਬਾਅਦ ਜਿਸ ਕਿਸਮ ਨਾਲ ਖਾਣਾ ਸ਼ੁਰੂ ਕੀਤਾ ਅਤੇ ਹੌਲੀ ਹੌਲੀ ਇਹ ਧਰਤੀ ਜਿਥੇ ਇਕ ਪਾਸੇ ਅੱਤਵਾਦ ਦੀ ਭੇਟ ਚੜ੍ਹ ਗਈ, ਆਪਸ ਵਿਚਲੇ ਭਰਾਤੀ ਭਾਵ ਵਿਚ ਤਰੇੜਾਂ ਪੈ ਗਈਆਂ ਸਨ। ਆਰਥਿਕ ਮੰਦਵਾੜਾ ਵੀ ਆਇਆ ਪਰ ਲੋਕਾਂ ਨੇ ਹੌਲੀ ਹੌਲੀ ਸਦਭਾਵਨਾ ਬਣਾਈ ਪਰ ਮੁੜ ਹੁਕਮਰਾਨ ਚਾਹੇ ਉਹ ਚਿੱਟੇ ਰੰਗਾਂ 'ਚ ਸੀ, ਚਾਹੇ ਨੀਲੇ ਰੰਗਾਂ 'ਚ ਤੇ ਚਾਹੇ ਉਨ੍ਹਾਂ ਦੇ ਸਹਿਯੋਗੀ ਭਗਵੇਂ ਰੰਗਾਂ ਵਿਚ ਸਨ ਉਨ੍ਹਾਂ ਨੂੰ ਹੌਲੀ ਹੌਲੀ ਲੋਕਾਂ ਨੇ ਭਲਾ ਹੀ ਦਿੱਲੀ ਦੀ ਹਕੂਮਤ ਦੇ ਖਿਲਾਫ਼ ਕਿਸਾਨ ਅੰਦੋਲਨ ਲੜਿਆ ਅਤੇ ਪੰਜਾਬ ਵਿਚੋਂ ਸੱਤਾ ਤੋਂ ਪਰ੍ਹੇ ਕਰ ਦਿੱਤੇ। ਇਹ ਸੋਚ ਕੇ ਕਿ ਭਵਿੱਖ ਵਿਚ ਅਸੀਂ ਕੁਝ ਨਵੇਂ ਸਰੋਕਾਰ ਸਿਰਜ ਲਵਾਂਗੇ ਅਤੇ ਪੰਜਾਬ ਨੂੰ ਪੈਰਾਂ 'ਤੇ ਖੜ੍ਹਾ ਕਰ ਲਵਾਂਗਾ। ਪਰ ਜਿਸ ਕਿਸਮ ਨਾਲ ਮੌਜੂਦਾ ਹੁਕਮਰਾਨ ਉਨ੍ਹਾਂ ਰਸਤਿਆਂ 'ਤੇ ਹੀ ਤੁਰ ਪਏ ਹਨ ਜਿਨ੍ਹਾਂ ਰਸਤਿਆਂ 'ਤੇ ਪੁਰਾਣੇ ਹੁਕਮਰਾਨ ਚੱਲਦੇ ਸਨ। ਪਹਿਲਾਂ ਹੀ ਸੰਕਟਗ੍ਰਸਤ ਪੰਜਾਬ ਨਸ਼ਿਆਂ ਤੋਂ ਲੈ ਕੇ ਹੜ੍ਹਾਂ ਦੀ ਮਾਰ ਤੱਕ ਅਤੇ ਬੇਰੁਜ਼ਗਾਰੀ ਦੇ ਆਲਮ ਨਾਲ ਜੂਝ ਰਿਹਾ ਸੀ। ਕਿਸੇ ਪਾਸੇ ਰੌਸ਼ਨੀ ਦੀ ਨਵੀਂ ਕਿਰਨ ਨਹੀਂ ਆਈ। ਹੌਲੀ ਹੌਲੀ ਪੰਜਾਬ ਦੀ ਜਵਾਨੀ ਨੇ ਆਪਣਾ ਬੋਰੀਆ ਬਿਸਤਰਾ ਇਸ ਧਰਤੀ ਤੋਂ ਬੰਨ੍ਹਣਾ ਸ਼ੁਰੂ ਕਰ ਲਿਆ ਅਤੇ ਉਹ ਉਡਾਰੀਆਂ ਮਾਰਨਾ ਚਾਹੁੰਦੇ ਹਨ ਅਤੇ ਕਿੰਨੇ ਹੀ ਮਾਰ ਗਏ ਹਨ। ਹਾਲਾਂਕਿ ਅਗਾਂਹ ਵੀ ਸੰਕਟ ਬੜੇ ਡੂੰਘੇ ਹਨ। ਇਸ ਕਿਸਮ ਦੀ ਸਥਿਤੀ ਵਿਚ ਪੰਜਾਬ ਦੀ ਜ਼ਮੀਨ ਸ਼ਾਇਦ ਬਹਾਦਰਾਂ, ਲੜਾਕੂਆਂ ਅਤੇ ਵਿਰਾਸਤੀ ਲੋਕਾਂ ਨੂੰ ਪੈਦਾ ਕਰਨ ਤੋਂ ਬੰਜਰ ਹੋ ਰਹੀ ਹੈ। ਚਿੰਤਾਗ੍ਰਸਤ ਪੰਜਾਬ ਇਕ ਅਜਿਹੀ ਹਨ੍ਹੇਰ ਗਲੀ ਵਿਚ ਪ੍ਰਵੇਸ਼ ਕਰ ਗਿਆ ਹੈ। ਹਰ ਅਖ਼ਬਾਰ ਦਾ ਪੰਨਾ ਸੰਕਟ ਦੇ ਸ਼ਬਦਾਂ ਨੂੰ ਸਮੋਈ ਬੈਠਾ ਹੈ ਅਤੇ ਹਰ ਕਲਮ ਸੰਕਟ ਦੀ ਗੱਲ ਕਰਦੀ ਹੈ ਅਤੇ ਸੰਕਟਗ੍ਰਸਤ ਪੰਜਾਬ ਉਸ ਸੰਕਟ ਵਿਚ ਫਸ ਰਿਹਾ ਹੈ।




ਜਿਸ ਕਿਸਮ ਨਾਲ ਇਸ ਸੰਕਟ ਵਿਚੋਂ ਉਭਰਨ ਲਈ ਰਾਜਨੀਤੀ ਵਿਚ ਪਹਿਲਕਦਮੀ ਤੋਂ ਲੈ ਕੇ ਸਮਾਜਿਕ ਸਰੋਕਾਰਾਂ ਤੱਕ ਦੇ ਸਵਾਲਾਂ ਨੂੰ ਮੁੜ ਸੰਬੋਧਤ ਹੋਣ ਦੀ ਜ਼ਰੂਰਤ ਹੈ ਤਾਂ ਕਿ ਇਸ ਵਿਰਸੇ ਅਤੇ ਵਿਰਾਸਤ ਦੇ ਨਾਲ ਨਾਲ ਦੁਨੀਆ ਭਰ ਦੇ ਤਜਰਬਿਆਂ ਵਿਚੋਂ ਕੁਝ ਨਵੀਆਂ ਸੋਚਾਂ ਅਤੇ ਸਮਝਾਂ ਵਿਚੋਂ ਸਿੱਖ ਕੇ ਇਸ ਦੀ ਦਿਸ਼ਾ ਬਦਲਣ ਵੱਲ ਕਦਮ ਚੁੱਕਣੇ ਚਾਹੀਦੇ ਹਨ। 'ਸਰੋਕਾਰਾਂ ਦੀ ਆਵਾਜ਼' ਇਸ ਪਹਿਲਕਦਮੀ ਨੂੰ ਹਮੇਸ਼ਾ ਜੀ ਆਇਆਂ ਕਹੇਗਾ। ਕਿਉਂਕਿ ਇਸ ਦੀ ਨਿਸ਼ਚਾ ਅਤੇ ਦਿਲੀ ਇੱਛਾ ਇਹ ਹੈ ਕਿ ਇਹ ਧਰਤੀ ਸਦਾ ਹਰਿਆਲੀ ਅਤੇ ਨਵੇਂ ਵਿਚਾਰਾਂ ਦਾ ਕੇਂਦਰ ਬਣੀ ਰਹਿਣੀ ਚਾਹੀਦੀ ਹੈ ਉਸ ਦਿਸ਼ਾ ਵੱਲ ਹਰੇਕ ਕਦਮ ਅਤੇ ਕਲਮ ਜੋ ਵੀ ਇਸ ਦਾ ਹਿੱਸਾ ਬਣਨਾ ਚਾਹੁੰਦਾ ਹੈ ਉਹ 'ਸਰੋਕਾਰਾਂ ਦਾ ਆਵਾਜ਼' ਦਾ ਅਟੁੱਟ ਅੰਗ ਹੈ ਤਾਂ ਕਿ ਉਖੜੇ ਹੋਏ ਪੰਜਾਬ ਨੂੰ ਅਜੋਕੇ ਦੁਨੀਆ ਦੇ ਸਰੋਕਾਰਾਂ ਨਾਲ ਸਮਝ ਕੇ ਅਤੇ ਸਮਝਾ ਕੇ ਬੌਧਿਕ ਪੱਧਰ ਤੋਂ ਲੈ ਕੇ ਸਮਾਜਿਕ ਤਬਦੀਲੀ ਤੱਕ ਦੇ ਕਾਰਜਾਂ ਵਿਚ ਆਪਣੇ ਸ਼ਬਦਾਂ ਨੂੰ ਹੋਰ ਵਿਚਾਰਾਂ ਦੇ ਛਾਣ ਤੇ ਤਿੱਖਾ ਕਰਕੇ ਵਿਕਸਿਤ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਹਾਲਾਂਕਿ ਦੌਰ ਭਲਾ ਹੀ ਸਾਹਕਾਲਾ ਹੈ ਭਵਿੱਖ ਬੜੇ ਧੁੰਦਲਾ ਹੈ ਸੰਕਟ ਬੜਾ ਡੂੰਘਾ ਹੈ। ਪੰਜਾਬ ਦੀ ਹੋਣੀ ਤੇ ਅਣਹੋਣੀ ਹਰ ਇਕ ਤੋਂ ਆਪਣੇ ਰੂਬਰੂ ਹੋਣ ਦੀ ਮੰਗ ਕਰਦੀ ਹੈ।

**ਸਰੋਕਾਰਾਂ ਦੀ ਟੀਮ**


CONGRATULATIONS
TEAM OVER 875
REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834

Insta Realty
BUY SELL INSTANTLY
We are Hiring New & Experienced Realtors.
We can also help you to get Realtor License.
We provide following Services:
• Residential • Commercial • Business • Land
• Investment • Property Management Services
Book Your New Dream Home with our team in Savanna, City Scape, Red Stone, Corner Stone, Home Stead, Cochrane
403.681.8689
400, 3115-12th St NE Calgary AB T2E 7J2
Email: info@instarlt.com
Harcharan Parhar
REAL ESTATE BROKER
www.instarlt.com

SUPER VISA INSURANCE
Punjab Insurance Inc PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010


ਹਰੀਪਾਲ
403-714-4816


# ਸਮਾਜਿਕ ਕੋਹੜ : ਨਸ਼ਿਆਂ ਦਾ ਵਪਾਰ

*ਅਜੋਕੇ ਪੂੰਜੀਵਾਦ ਦੌਰ ਵਿਚ ਨਸ਼ੇ ਬਹੁਤ ਵੱਡਾ ਵਪਾਰ ਬਣ ਗਏ ਹਨ। ਵੱਖ ਵੱਖ ਰਿਪੋਰਟਾਂ ਵਿਚ ਇਹ ਅੰਕੜੇ ਆ ਰਹੇ ਹਨ ਕਿ ਸਭ ਤੋਂ ਵੱਧ ਪ੍ਰੌੜ ਅਤੇ ਚੜ੍ਹਦੀ ਉਮਰ ਦੇ ਨੌਜਵਾਨ ਇਸ ਵਿਚ ਵੱਧ ਸ਼ਾਮਲ ਹੁੰਦੇ ਹਨ। ਕਿਉਂਕਿ ਵੱਖ ਵੱਖ ਪੱਧਰ 'ਤੇ ਉਨ੍ਹਾਂ ਅੰਦਰ ਜਿਸ ਕਿਸਮ ਦੀ ਨਵੀਂ ਖਿਚ ਅਤੇ ਕੁਝ ਕਰਨ ਦੀ ਸਮਰੱਥਾ ਹੁੰਦੀ ਹੈ ਉਹ ਜੇ ਸਹੀ ਤਰ੍ਹਾਂ ਦੇ ਸਮਾਜਿਕ ਵਾਤਾਵਰਣ ਵਿਚ ਨਾ ਢਾਲੀ ਜਾਵੇ ਤਾਂ ਹੋਣਹਾਰ ਨੌਜਵਾਨਾਂ ਨੂੰ ਆਪਣੀ ਗ੍ਰਿਫ਼ਤ ਵਿਚ ਨਸ਼ੇ ਇਸ ਤਰ੍ਹਾਂ ਲੈ ਲੈਂਦੇ ਹਨ ਜੋ ਮੁੜ ਕੇ ਪਰਿਵਾਰ, ਸਮਾਜ ਅਤੇ ਦੇਸ਼ ਲਈ ਚਿੰਤਾ ਦਾ ਵਿਸ਼ਾ ਬਣ ਜਾਂਦੇ ਹਨ। ਉਨ੍ਹਾਂ ਦੀਆਂ ਪਰਤਾਂ ਨੂੰ ਸਮਝਣ ਲਈ ਇਹ ਲਿਖਤ ਰੂਬਰੂ ਹੈ। -ਸੰਪਾਦਕ*

ਕੈਨੇਡਾ ਵਿੱਚ ਪਿਛਲੇ ਸਾਲ 2022 ਵਿੱਚ ਨਸ਼ਿਆਂ ਦੀ ਵੱਧ ਮਾਤਰਾ ਲੈਣ ਕਰਕੇ 7300 ਬੰਦੇ ਆਪਣੀ ਜਾਨ ਤੋਂ ਹੱਥ ਧੋ ਬੈਠੇ। ਇਹਨਾਂ 7300 ਵਿੱਚੋਂ 87% ਲੋਕ ਅਲਬਰਟਾ, ਬੀ ਸੀ ਅਤੇ ਓਨਟਾਰੀਓ ਵਿੱਚੋਂ ਸਨ। ਬੀ ਸੀ ਵਿੱਚ ਹੁਣ ਤੱਕ 800 ਅਤੇ ਅਲਬਰਟਾ ਵਿੱਚ 600 ਤੋਂ ਵੱਧ ਲੋਕ ਇਸ ਸਾਲ ਆਪਦੀ ਜਾਨ ਗਵਾ ਚੁੱਕੇ ਹਨ। ਪਿਛਲੇ ਸਾਲ ਦੀ ਇਕ ਰਿਪੋਰਟ ਮੁਤਾਬਕ ਬੱਚਿਆਂ ਦੇ ਮਾਹਰ ਡਾਕਟਰ 1000 ਤੋਂ ਉਪਰ ਬੱਚਿਆਂ 12 ਤੋਂ 18 ਦੇ ਵਿਚਕਾਰ ਦਾ ਨਸ਼ਿਆਂ ਦੀ ਵੱਧ ਮਾਤਰਾ ਲੈਣ ਕਰਕੇ ਇਲਾਜ ਕਰ ਚੁੱਕੇ ਹਨ। ਮਨ ਠੀਕ ਕਰਨ ਵਾਲ਼ੀਆਂ ਗੋਲ਼ੀਆਂ, ਅਫੀਮ ਅਤੇ ਫੈਂਟਾਨਲ ਦੀਆਂ ਗੋਲ਼ੀਆਂ ਆਮ ਹੀ ਨੌਜੁਆਨ ਤਬਕੇ ਵਿੱਚ ਪ੍ਰਚੱਲਤ ਹਨ। ਨਸ਼ੇ ਦੀ ਬਹੁਤੀ ਮਾਤਰਾ ਲੈਣ ਵਾਲ਼ੇ ਬੱਚੇ ਅਤੇ ਆਪਣੀ ਛੋਟੀ ਉਮਰ ਕੈਨੇਡਾ ਵਿੱਚ ਐਮਰਜੈਂਸੀ ਵਿਚ ਪਹੁੰਚਦੇ ਹਨ। ਯੂ.ਬੀ.ਸੀ ਦੇ ਇੱਕ ਡਾਕਟਰ ਮੈਥਿਊ ਕਾਰਵਾਨਾ ਅਨੁਸਾਰ ਉਹਨਾਂ ਦਾ ਬਹੁਤਾ ਸਮਾਂ ਨੌਜਵਾਨੀ ਵਿਚ ਪੈਰ ਧਰਨ ਵਾਲੇ ਹੀ ਡਰੱਗ ਅਬਿਊਜ ਵੱਧ ਨਸ਼ਾ ਲੈਣਾ ਨੇ ਹੀ ਲਿਆ ਹੋਇਆ ਹੈ ਅਤੇ ਇਹ ਉਸਦੇ ਕੰਮ ਦੀ ਮੁੱਖ ਪਹਿਲ ਵੀ ਹੈ। ਬੀ ਸੀ ਵਿੱਚ ਹੋਏ ਇੱਕ ਸਰਵੇ ਮੁਤਾਬਿਕ 10 ਤੋਂ 18 ਸਾਲ ਦੇ ਬੱਚਿਆਂ ਦੀ ਮੌਤ ਦਾ ਮੁੱਖ ਕਾਰਨ ਨਸ਼ਿਆਂ ਦੀ ਵਰਤੋਂ ਹੈ। ਡਾ. ਕਾਰਵਾਨਾ ਦੇ ਅਨੁਸਾਰ ਦਸ ਤੋਂ ਗਿਆਰਾਂ ਸਾਲ ਦੀ ਉਮਰ ਦੇ ਬੱਚਿਆਂ ਵਿੱਚ ਵੀ ਨਸ਼ੇ ਕਰਨ ਦੀ ਆਦਤ ਪਾਈ ਜਾਂਦੀ ਹੈ। ਡਾ. ਕਾਰਵਾਨਾ ਦੇ ਅਨੁਸਾਰ ਯੂਕਾਨ ਅਤੇ ਨੌਰਥ ਵੈਸਟ ਟੈਰੀਟੋਰੀਜ ਦੇ ਇਲਾਕਿਆਂ ਵਿੱਚ ਬੱਚੇ ਪੈਟਰੌਲ ਸੁੰਘਣ ਅਤੇ ਹੋਰ ਬੜੇ ਹੀ ਘਾਤਕ ਨਸ਼ੇ ਲੈ ਰਹੇ ਹਨ ਹਾਲਾਂ ਕਿ ਸਰਵੇ ਕਰਨ ਵਾਲ਼ਿਆਂ ਨੂੰ ਉਥੋਂ ਦੇ ਡਾਕਟਰਾਂ ਦਾ ਬਹੁਤਾ ਸਹਿਯੋਗ ਨਹੀਂ ਮਿਲ਼ਿਆ। ਅਸਲ ਵਿੱਚ 'ਸਰਵੇ ਆਫ ਡਰੱਗ ਯੂਜ' ਦੀ ਰਿਪੋਰਟ ਤਾਂ ਸੇਰ ਚੋਂ ਪੂਣੀ ਵੀ ਨਹੀਂ ਹੈ, ਕਿਉਂਕਿ ਇਹ ਰਿਪੋਰਟ ਤਾਂ ਉਹਨਾਂ ਬੱਚਿਆਂ ਦੀ ਗਿਣਤੀ ਕਰਦੀ ਹੈ ਜੋ ਮੌਤ ਦੇ ਮੂੰਹ ਵਿੱਚ ਜਾ ਪਹੁੰਚਦੇ ਹਨ ਜਾਂ ਮੌਤ ਦੇ ਮੂੰਹ ਵਿੱਚੋਂ ਮੋੜ ਲਿਆਂਦੇ ਜਾਂਦੇ ਹਨ। ਇਹ ਰਿਪੋਰਟ ਉਹਨਾਂ ਬੱਚਿਆਂ ਬਾਰੇ ਚਾਨਣਾਂ ਨਹੀਂ ਪਾਉਂਦੀ ਜਿਹੜੇ ਕਿ ਡਾਕਟਰਾਂ ਕੋਲ਼ ਜਾਂਦੇ ਹੀ ਨਹੀਂ ਜਾਂ ਡਾਕਟਰਾਂ ਕੋਲ਼ ਜਾਣ ਦੀ ਜਗਾਹ ਘਰੇ ਹੀ ਹੋਰ ਕੋਈ ਦੇਸੀ ਓਹੜ ਪੋਹੜ ਕਰਦੇ ਹਨ। ਇਹ ਇੱਕ ਸਚਾਈ ਹੈ ਕਿ 128 ਡਾਕਟਰਾਂ ਨੇ ਔਸਤਨ ਪਿਛਲੇ ਦੋ ਸਾਲਾਂ ਵਿੱਚ ਇੱਕ ਇੱਕ ਜਾਨ ਬਚਾਈ ਹੈ। ਸਾਨੂੰ ਅਜਿਹੇ ਹੋਰ ਬਹੁਤ ਹੀ ਬੱਚਿਆਂ ਦੇ ਮਾਹਰ ਡਾਕਟਰਾਂ ਦੀ ਲੋੜ ਹੈ, ਜਿਹਨਾਂ ਦਾ ਮੁੱਖ ਕੰਮ ਨਸ਼ੱਈ ਬੱਚਿਆਂ ਦੇ ਇਲਾਜ ਨਾਲ਼ ਸੰਬੰਧਤ ਹੋਵੇ। ਡਾ. ਕਾਰਵਾਨਾ ਦੇ ਅਨੁਸਾਰ ਪਹਿਲਾਂ ਇਹੀ ਸਮਝਿਆ ਜਾਂਦਾ ਸੀ ਕਿ ਨਸ਼ਿਆਂ ਦੀ ਅਲਾਮਤ ਸਿਰਫ ਨੌਜੁਆਨਾਂ ਵਿੱਚ ਹੀ ਹੈ ਪਰ ਸਾਡੀ ਹੈਰਾਨੀ ਦੀ ਹੱਦ ਨਾਂ ਰਹੀ ਜਦੋਂ ਸਰਵੇ ਰਿਪੋਰਟ ਨੇ ਇਹ ਉਜਾਗਰ ਕਰ ਦਿੱਤਾ ਕਿ ਇਹ ਬਿਮਾਰੀ 12 ਤੋਂ 18 ਸਾਲ ਦੇ ਬੱਚਿਆਂ ਵਿੱਚ ਬੁਰੀ ਤਰਾਂ ਫੈਲ ਰਹੀ ਹੈ।

ਅਸਲ ਨਸ਼ਿਆਂ ਦੀ ਸਮੱਸਿਆਂ ਸਿਰਫ ਇੱਕ ਮੁਲਕ ਦੀ ਨਹੀਂ ਸਗੋਂ ਇਹ ਤਾਂ ਸਾਰੀ ਦੁਨੀਆਂ ਵਿੱਚ ਫੈਲੀ ਹੋਈ ਮਹਾਂਮਾਰੀ ਹੈ। ਦੁਨੀਆਂ ਭਰ ਵਿੱਚ ਜੁਆਨੀ ਦਾ ਘਾਣ ਕਰਨ ਵਾਲ਼ਾ ਇਹ ਨਸ਼ਿਆਂ ਦਾ ਵਪਾਰ ਘਟਿਆ ਨਹੀਂ ਸਗੋਂ ਬੁਰੀ ਤਰਾਂ ਵਧ ਰਿਹਾ ਹੈ। ਸੋਸ਼ਲ ਮੀਡੀਏ ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਇੱਕ ਨਸ਼ੇੜੀ ਦੀ ਮਾਂ ਆਪਦੇ ਪੁੱਤ ਲਈ ਮੌਤ ਮੰਗ ਰਹੀ ਹੈ। ਪੁੱਤ ਨੇ ਨਸ਼ੇ ਦੀ ਲਤ ਕਾਰਨ ਸਾਰਾ ਬਿਜਨਿਸ ਵੇਚ ਦਿੱਤਾ ਹੈ, ਮਾਂ ਨੇ ਆਪਦੀ ਨੂੰਹ ਨੂੰ ਬਾਹਰ ਭੇਜ ਦਿੱਤਾ ਹੈ ਅਤੇ ਆਪ ਦਿਹਾੜੀ ਕਰਕੇ ਆਪਦਾ ਅਤੇ ਆਪਦੀ ਪੋਤੀ ਦਾ ਗੁਜ਼ਾਰਾ ਕਰ ਰਹੀ ਹੈ। ਅੱਜ ਪੰਜਾਬ ਵਿੱਚ ਇਹ ਕਹਾਣੀ ਹਰ ਪਿੰਡ ਦੀ ਹੈ। ਨਸ਼ੇ ਦੀ ਸਪਲਾਈ ਕਰਨ ਵਾਲ਼ੇ ਡਰਦੇ ਵੀ ਨਹੀਂ ਹਨ, ਲੱਗਦਾ ਉਹਨਾਂ ਦੇ ਆਕਾ ਬਹੁਤ ਤਾਕਤ ਵਾਲ਼ੇ ਹਨ। ਕਈ ਜਗਾਹ ਤਾਂ ਇਹਨਾਂ ਨਸ਼ਾ ਵੇਚਣ ਵਾਲ਼ਿਆਂ ਨੂੰ ਰੋਕਣ ਵਾਲ਼ੇ ਆਪਦੀ ਜਾਨ ਵੀ ਗੰਵਾ ਬੈਠੇ ਹਨ। ਪੰਜਾਬ ਵਿੱਚ ਕਾਂਗਰਸ ਨੇ ਅਤੇ ਫਿਰ ਆਮ ਆਦਮੀ ਪਾਰਟੀ ਨੇ ਬੜੇ ਦਮਗਜੇ ਮਾਰੇ ਕਿ ਬੱਸ ਨਸ਼ੇ ਤਾਂ ਇੱਕ ਮਹੀਨੇ ਵਿੱਚ ਹੀ ਖ਼ਤਮ ਕਰ ਦੇਣੇ ਹਨ, ਪਰ ਅਜਿਹਾ ਹੋਇਆ ਨਹੀ ਕਿਉਂਕਿ ਲੱਗਦਾ ਹੈ ਨਸ਼ੇ ਖਤਮ ਕਰਨਾ ਇਹਨਾਂ ਦੇ ਬੱਸ ਦਾ ਰੋਗ ਨਹੀਂ ਹੈ। ਪੰਜਾਬ ਵਿੱਚ ਹਰ ਰੋਜ ਅਖਬਾਰਾਂ ਵਿੱਚ ਨਸ਼ੇ ਦੀ ਵੱਧ ਮਾਤਰਾ ਲੈਣ ਕਰਕੇ ਹੋਣ ਵਾਲ਼ੀਆਂ ਮੌਤਾਂ ਦੀਆਂ ਖ਼ਬਰਾਂ ਛਪ ਰਹੀਆਂ ਹਨ, ਘਰ ਪਰਿਵਾਰ ਬਰਬਾਦ ਹੋ ਰਹੇ ਹਨ। ਇਹਨਾਂ ਦਾ ਇੱਕੋ ਇੱਕ ਇਲਾਜ ਇਸ ਦੀ ਸਪਲਾਈ ਰੋਕਣਾ ਹੈ ਪਰ ਸਪਲਾਈ ਰੋਕਣ ਦੀ ਜੁਰਅਤ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਲੱਗਦੀ ਨਹੀਂ, ਕਿਉਂਕਿ ਸਪਲਾਈ ਕਰਨ ਵਾਲ਼ੇ ਬਹੁਤ ਤਾਕਤਵਰ ਹਨ ਜਾਂ ਕਿਸੇ ਰਾਜਨੀਤਿਕ ਪਾਰਟੀ ਦਾ ਅਜੰਡਾ ਹੀ ਨਹੀਂ 'ਨਸ਼ੇ ਖਤਮ ਕਰਨ' ਦਾ। ਜੇਕਰ ਪੰਜਾਬ ਦੀ ਸਰਕਾਰ ਅੱਤਵਾਦ ਨੂੰ ਛੇ ਮਹੀਨੇ ਵਿੱਚ ਖਤਮ ਕਰ ਸਕਦੀ ਹੈ ਫਿਰ ਇਹ ਸਪਲਾਈ ਕਰਨ ਵਾਲ਼ੇ ਤਾਂ ਖਤਮ ਕਰਨੇ ਕੋਈ ਵੱਡੀ ਗੱਲ ਨਹੀਂ।

ਨਸ਼ਾ ਤਾਂ ਖੇਡਾ ਵਿੱਚ ਵੀ ਵੜ ਗਿਆ ਹੈ, ਕਿੰਨੇ ਹੀ ਪਲੇਅਰ ਨਸ਼ਾ ਲੈਣ ਕਰਕੇ ਆਪਦੀ ਜਾਨ ਗੰਵਾ ਰਹੇ ਹਨ। ਸਾਡੇ ਇਸ ਪੂੰਜੀ ਪਰਧਾਨ ਸਮਾਜ ਵਿੱਚ ਪੈਸਾ ਹੀ ਸਭ ਕੁੱਝ ਬਣ ਗਿਆ ਹੈ ਅਤੇ ਪੈਸੇ ਕੱਠੇ ਕਰਨ ਦੀ ਇਹ ਚੂਹੇ ਦੌੜ ਹੀ ਸਾਡੇ ਸਮਾਜ ਨੂੰ ਬੁਰੀ ਤਰਾਂ ਤਬਾਹ ਕਰ ਦੇਵੇਗੀ। ਕਨੇਡਾ ਵਿੱਚ ਬਹੁਤ ਵਾਰੀ ਨਸ਼ੇ ਵੇਚਣ ਵਾਲ਼ੇ ਫੜੇ ਵੀ ਜਾਂਦੇ ਹਨ ਪਰ ਕਨੂੰਨ ਦੀਆਂ ਕਮਜ਼ੋਰੀਆਂ ਦਾ ਲਾਭ ਉਠਾਂਉਦੇ ਹੋਏ ਛੁੱਟ ਵੀ ਜਾਂਦੇ ਹਨ। ਇੱਕ ਕਹਾਵਤ ਹੈ ਕਿ "ਮਰਜ਼ ਬੜਤਾ ਗਿਆ ਜਿਉਂ ਜਿਉਂ ਦਵਾ ਕੀ" ਦੇ ਅਨੁਸਾਰ ਨਸ਼ਿਆਂ ਦੀ ਸਪਲਾਈ ਵੱਧ ਰਹੀ ਹੈ ਪਰ ਘਟ ਨਹੀਂ ਰਹੀ। ਇਹ ਨਸ਼ਿਆਂ ਦੀ ਸਪਲਾਈ ਕਰਨ ਵਾਲ਼ੇ ਆਪੋ ਆਪਦੇ ਇਲਾਕੇ ਵੰਡ ਲੈਂਦੇ ਹਨ ਬੱਸ ਇਹੀ ਵਰਤਾਰਾ ਫਿਰ ਗੈਂਗਾਂ ਖੜ੍ਹੀਆਂ ਕਰਨ ਦਾ ਕਾਰਨ ਬਣਦਾ ਹੈ। ਕੈਨੇਡਾ ਵਿੱਚ ਇਹਨਾਂ ਗੈਂਗਾਂ ਦੀਆਂ ਲੜਾਈਆਂ ਵਿੱਚ ਸਭ ਤੋਂ ਵੱਧ ਘਾਣ ਪੰਜਾਬੀ ਨੌਜੁਆਨਾਂ ਦਾ ਹੋਇਆ ਹੈ। ਇਹਨਾਂ ਨਸ਼ਿਆਂ ਦੇ ਸਿਰਫ ਆਰਥਿਕ ਹੀ ਨਹੀਂ ਸਮਾਜਿਕ, ਰਾਜਨੀਤਿਕ ਅਤੇ ਮਾਨਸਿਕ ਕਾਰਨ ਵੀ ਹਨ । ਜਦ ਵੀ ਚੋਣਾਂ ਦਾ ਬਿਗਲ ਵੱਜਦਾ ਹੈ ਤਾਂ ਸਪਲਾਇਰਾਂ ਦੀ ਚਾਂਦੀ ਹੋ ਜਾਂਦੀ ਹੈ। ਭਾਰਤ ਵਿੱਚ ਤਾਂ ਸਪਲਾਇਰਾਂ ਨੂੰ ਪਤਾ ਹੁੰਦਾ ਹੈ ਕਿ ਹੁਣ ਤਾਂ ਪੁਲੀਸ ਦਾ ਡਰ ਨਹੀਂ, ਇਸ ਕਰਕੇ ਉਹ ਹੋਰ ਹੱਥ ਰੰਗਦੇ ਹਨ, ਉਨ੍ਹਾਂ ਦੀ ਦੇਖਾ ਦੇਖੀ ਹੋਰ ਸਪਲਾਇਰ ਪੈਦਾ ਹੋ ਜਾਂਦੇ ਹਨ। ਸਾਡੇ ਇੱਥੇ ਕੈਨੇਡਾ ਵਿੱਚ ਵੀ ਚੋਣਾਂ ਦੇ ਦਿਨਾਂ ਵਿੱਚ ਸ਼ਰਾਬ ਕਬਾਬ ਦਾ ਦੌਰ ਖ਼ੂਬ ਚੱਲਦਾ ਹੈ। ਹੁਣ ਜਿਹੜਾ ਕੋਈ ਕਾਬਲ ਉਮੀਦਵਾਰ ਚੋਣ ਲੜਨੀ ਚਾਹੁੰਦਾ ਹੈ, ਇਸ ਸ਼ਰਾਬ ਕਬਾਬ ਦੀ ਸਪਲਾਈ ਤੋਂ ਅਸਮਰੱਥ ਹੋਣ ਕਰਕੇ ਚੋਣ ਲੜਨ ਦਾ ਵਿਚਾਰ ਛੱਡ ਦਿੰਦਾ ਹੈ। ਵੱਡੇ ਵੱਡੇ ਦੇਸ਼ ਜਿਹੜੇ ਆਪ ਦੇ ਆਪ ਨੂੰ ਸੁਪਰ ਪਾਵਰ ਕਹਾਂਉਦੇ ਹਨ ਉਹ ਵੀ ਪੈਨਮਾਂ ਦੇ ਪਰਧਾਨ ਨੋਰੀਏਗਾ ਦੀ ਗ੍ਰਿਫਤਾਰੀ ਵੇਲ਼ੇ ਨੰਗੇ ਹੋ ਗਏ ਸਨ। ਅਮਰੀਕਾ ਵਰਗਾ ਮੁਲਕ ਜਿਹੜਾ ਕਿਸੇ ਵੀ ਕਮਜ਼ੋਰ ਦੇਸ਼ ਨੂੰ ਡਰਾਉਣ ਦਾ ਬਹਾਨਾ ਹੀ ਲੱਭਦਾ ਹੈ ਆਪਦੇ ਮੁਲਕ ਵਿੱਚ ਨਸ਼ਿਆਂ ਨੂੰ



ਖਤਮ ਨਹੀਂ ਕਰ ਸਕਿਆ। ਅਸਲ ਵਿੱਚ ਰਾਜ ਸੱਤਾ ਚਾਹੁੰਦੀ ਹੀ ਨਹੀਂ ਕਿ ਨਸ਼ੇ ਬੰਦ ਹੋਣ ਕਿਉਂਕਿ ਨਸ਼ੇ ਨੌਜੁਆਨੀ ਨੂੰ ਨਾਮਰਦ ਕਰਦੇ ਹਨ ਅਤੇ ਨਸ਼ੇੜੀ ਲੋਕ ਸੱਤਾ ਨੂੰ ਚੈਲੰਜ ਨਹੀਂ ਕਰ ਸਕਦੇ। ਜਿਹੜੇ ਸੱਤਾ ਨੂੰ ਚੈਂਲੇਜ ਕਰਦੇ ਹਨ ਉਹਨਾਂ ਮਗਰ ਤਾਂ ਸਟੇਟ ਸਾਰੀ ਮਸ਼ੀਨਰੀ ਝੋਕ ਦਿੰਦੀ ਹੈ। ਅਸਲ ਵਿੱਚ ਪੂੰਜੀਵਾਦੀ ਸਿਸਟਮ ਵਿੱਚ ਲੋਕਾਂ ਨੂੰ ਓਨਾ ਕੁ ਦਿੱਤਾ ਜਾਂਦਾ ਹੈ ਕਿ ਲੋਕ ਖਾ ਕੇ ਕੰਮ ਤੇ ਆ ਸਕਣ। ਤੀਵੀਂ ਆਦਮੀ ਘਰਾਂ ਦੀਆਂ ਕਿਸ਼ਤਾਂ, ਕਾਰਾਂ ਦੀਆਂ ਕਿਸ਼ਤਾਂ, ਬੱਚਿਆਂ ਦੀ ਪੜ੍ਹਾਈ ਅਤੇ ਖਾਦ ਖੁਰਾਕ ਦੇ ਖਰਚ ਪੂਰੇ ਕਰਨ ਲਈ ਭੱਜੇ ਫਿਰਦੇ ਹਨ, ਪਿਆਰ ਵਿਹੂਣੇ ਬੱਚੇ ਬੜੀ ਜਲਦੀ ਨਸ਼ੇ ਵੇਚਣ ਵਾਲ਼ਿਆਂ ਦੇ ਅੜਿੱਕੇ ਚੜ੍ਹ ਜਾਂਦੇ ਹਨ। ਬੱਚੇ ਆਪਦੇ ਆਪ ਨੂੰ ਬੇਲੋੜੇ ਅਤੇ ਫਾਲਤੂ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹਨ ਤੇ ਗਾਹੇ ਬਗਾਹੇ ਉਹਨਾਂ ਨੂੰ ਕੋਈ ਮਿੱਠੀ ਕੈਂਡੀ ਦੇਣ ਵਾਲ਼ਾ ਟੱਕਰ ਜਾਂਦਾ ਹੈ, ਪਹਿਲਾਂ ਪਹਿਲਾਂ ਇਹ ਮਿੱਠੀ ਗੋਲ਼ੀ ਫੀਲ ਗੁੱਡ ਕਰਦੀ ਹੈ ਅਤੇ ਹੌਲ਼ੀ ਹੌਲ਼ੀ ਆਦਤ ਜਾਂ ਕਮਜ਼ੋਰੀ ਬਣ ਜਾਂਦੀ ਹੈ। ਪਹਿਲਾਂ ਪਹਿਲਾਂ ਬੱਚਾ ਖਰਚ ਪੂਰੇ ਕਰਨ ਲਈ ਮਾਪਿਆਂ ਨਾਲ਼ ਝੂਠ ਵੀ ਬੋਲਦਾ ਹੈ, ਫਿਰ ਚੋਰੀ ਵੀ ਕਰਦਾ ਹੈ ਅਤੇ ਆਖਰ ਵਿੱਚ ਨਸ਼ੇ ਦਾ ਖਰਚ ਪੂਰਾ ਕਰਨ ਲਈ ਸਪਲਾਈ ਕਰਨ ਵਾਲ਼ਿਆਂ ਦੀ ਕਤਾਰ ਵਿੱਚ ਸ਼ਾਮਲ ਹੋ ਜਾਂਦਾ ਹੈ। ਇੰਟਰਨੈਸ਼ਨਲ ਸਟੂਡੈਂਟਾਂ ਦੀਆਂ ਮੌਤਾਂ ਵੀ ਅਖਬਾਰਾਂ ਦੀ ਸੁਰਖੀਆਂ ਬਣ ਗਈਆਂ ਹਨ, ਤਿੱਗਣੀ ਫੀਸ, ਤਿੱਗਣਾ ਰਹਿਣ ਦਾ ਕਿਰਾਇਆ, ਘੱਟ ਉਜਰਤ ਤੇ ਕੰਮ, ਐਲ.ਐਮ. ਆਈਓ. ਦੇ ਖਰਚ ਪੂਰੇ ਕਰਨ ਲਈ ਸਟਰੈਸ ਦੇ ਮਾਰੇ ਇਹ ਮੁੰਡੇ ਕੁੜੀਆਂ ਨਸ਼ੇ ਦਾ ਸਹਾਰਾ ਲੈਂਦੇ ਹਨ ਅਤੇ ਬਹੁਤ ਵਾਰੀ ਮੌਤ ਦੀ ਬੁੱਕਲ਼ ਵਿੱਚ ਜਾ ਪੈਂਦੇ ਹਨ।

ਇਹ ਵੀ ਇੱਕ ਕੌੜਾ ਸੱਚ ਹੈ ਕਿ ਕਾਫੀ ਨੌਜੁਆਨ ਸੈਕਸ ਦੀ ਸਮੱਸਿਆ ਕਰਕੇ ਵੀ ਨਸ਼ਿਆਂ ਦਾ ਸਹਾਰਾ ਲੈਂਦੇ ਲੈਂਦੇ ਅਡਿੱਕਟਡ ਹੋ ਜਾਂਦੇ ਹਨ। ਅੱਜ ਕੱਲ ਮੀਡੀਏ ਦਾ ਯੁੱਗ ਹੈ, ਬਹੁਤ ਵਾਰੀ ਵੱਡੇ ਵੱਡੇ ਮੀਡੀਆ ਵੀ ਗਲੋਰੀਫਾਈ ਕਰਕੇ ਕੁੱਝ ਸ਼ੁਹਰਤ ਦੇ ਭੁੱਖੇ ਲੋਕਾਂ ਨੂੰ ਇਸ ਪਾਸੇ ਵੱਲ ਧੱਕਦਾ ਹੈ। ਜਿਵੇਂ ਕਈ ਸਾਲ ਕੋਲੰਬੀਆ ਦੇ ਡਰੱਗ ਡੀਲਰ 'ਇਸਕਾਬਾਰ' ਨੂੰ ਮੀਡੀਏ ਨੇ ਸੁਰਖੀਆਂ ਵਿੱਚ ਰੱਖਿਆ। ਕੈਨੇਡਾ ਵਾਰੇ ਇੱਕ ਵਾਰ ਇਹ ਭੁਲੇਖਾ ਦੂਰ ਕਰਨ ਦੀ ਲੋੜ ਹੈ ਕਿ ਨਸ਼ੇੜੀ ਇੱਥੇ ਆ ਕੇ ਠੀਕ ਹੋ ਜਾਂਦੇ ਹਨ, ਇਹ ਬਹੁਤ ਗਲਤ ਧਾਰਨਾ ਹੈ, ਕੈਨੇਡਾ ਵਿੱਚ ਵੀ ਸਭ ਤਰਾਂ ਦੇ ਨਸ਼ੇ ਮਿਲ਼ਦੇ ਹਨ। ਕੈਨੇਡਾ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਤੁਸੀਂ ਨਸ਼ੇੜੀ ਲੋਕਾਂ ਨੂੰ ਆਮ ਹੀ ਕਿਸੇ ਚੌਂਕ ਵਿੱਚ ਮੰਗਦੇ ਹੋਏ ਦੇਖ ਸਕਦੇ ਹੋ। ਸ਼ਹਿਰਾਂ ਵਿੱਚ ਡਰੌਪ-ਇਨ-ਸੈਂਟਰ ਵਰਗੀ ਥਾਵਾਂ ਤੇ ਇਹ ਲੋਕ ਲਿਟੇ ਪਏ ਜਾਂ ਕੱਪੜਿਆਂ ਦੀਆਂ ਝੁੱਗੀਆ ਪਾਈ ਦੇਖੇ ਜਾ ਸਕਦੇ ਹਨ। ਰਾਤ ਬਰਾਤੇ ਸ਼ਰੀਫ਼ ਲੋਕ ਇਹਨਾਂ ਸੈਂਟਰਾਂ ਕੋਲ਼ ਦੀ ਲੰਘਣ ਦੀ ਜੁਰਅਤ ਵੀ ਨਹੀਂ ਕਰਦੇ। ਕੈਲਗਰੀ, ਟਰਾਂਟੋ, ਵੈਨਕੂਵਰ, ਮੌਂਟਰੀਅਲ ਵਿੱਚ ਇਹ ਬੇਘਰੇ ਨਸ਼ੇੜੀ ਆਮ ਦੇਖੇ ਜਾ ਸਕਦੇ ਹਨ। ਡਰੱਗ ਕੰਪਨੀਆਂ ਅਤੇ ਕਾਫੀ ਡਾਕਟਰਾਂ ਦੀ ਮਿਲ਼ੀ ਭੁਗਤ ਵੀ ਇਸ ਸਮੱਸਿਆ ਨੂੰ ਬਹੁਤ ਵਧਾ ਰਹੀ ਹੈ, ਸਮੱਸਿਆ ਦਰਦ ਨਿਰਵਾਹਕ ਗੋਲ਼ੀਆਂ ਤੋਂ ਸ਼ੁਰੂ ਹੁੰਦੀ ਹੋਈ ਬੰਦੇ ਨੂੰ ਇਹਨਾਂ ਨਸ਼ਿਆਂ ਦੀ ਗੁਲਾਮ ਕਰਨ ਤੱਕ ਚਲੀ ਜਾਂਦੀ ਹੈ। ਬੱਸ ਫਿਰ ਇੱਕ ਟੱਬਰ ਪਾਲਣ ਵਾਲ਼ਾ ਬੰਦਾ ਵੀ ਬੇਘਰ ਹੋ ਕੇ ਸੜਕਾਂ ਤੇ ਭੀਖ ਮੰਗਦਾ ਦਿਸਦਾ ਹੈ। ਜੇਕਰ ਸਰਕਾਰ ਇਹਨਾਂ ਡਰੱਗ ਕੰਪਨੀਆਂ ਦੀ ਇਨਕੁਆਰੀ ਕਰੇ ਤਾਂ ਹੋ ਸਕਦਾ ਕਾਫੀ ਤੱਥ ਸਾਹਮਣੇ ਆ ਸਕਦੇ ਹਨ। ਜੇਕਰ ਛੋਟਾ ਜਿਹਾ ਦੇਸ਼ ਕਿਊਬਾ ਇਸ ਅਲਾਮਤ ਨੂੰ ਨੇੜੇ ਵੀ ਨਹੀਂ ਆਉਣ ਦਿੰਦਾ ਤਾਂ ਅਮੀਰ ਮੁਲਕਾਂ ਨੂੰ ਕੀ ਪਰਾਬਲਮ ਹੈ ਕਿ ਇਸ ਸਮੱਸਿਆ ਨੂੰ ਹੱਲ ਨਹੀਂ ਕਰ ਸਕਦੇ। ਲੋਕਾਂ ਦਾ ਰਹਿਣ ਸਹਿਣ ਸੌਖਾ ਕੀਤਾ ਜਾ ਸਕਦਾ ਹੈ ਜੇਕਰ ਇਹ ਦੌਲਤ ਦੇ ਅੰਬਾਰਾਂ ਤੇ ਬੈਠੇ ਲੋਕਾਂ ਤੇ ਟੈਕਸ ਦੀ ਦਰ ਵਧਾਈ ਹੀ ਨਾਂ ਜਾਵੇ ਸਗੋਂ ਅਮਲੀ ਤੌਰ ਤੇ ਟੈਕਸ ਵਸੂਲ ਕੀਤਾ ਜਾਵੇ, ਨਿੱਜੀ ਜਾਇਦਾਦ ਤੇ ਇੱਕ ਲਿਮਿਟ ਲਾਈ ਜਾਵੇ ਤਾਂ ਫਿਰ ਇੱਕ ਇਹੋ ਜਿਹਾ ਫੈਮਿਲੀ ਸਿਸਟਮ ਸ਼ੁਰੂ ਹੋ ਜਾਵੇ ਜਿੱਥੇ ਘਰ ਦੇ ਇੱਕ ਜੀਅ ਦੀ ਆਮਦਨ ਨਾਲ਼ ਘਰ ਚੱਲਦਾ ਹੋਵੇ ਤੇ ਘਰ ਦੂਜਾ ਮੈਂਬਰ ਬੱਚਿਆਂ ਦੀ ਦੇਖ ਭਾਲ਼ ਕਰੇ। ਬੱਚਿਆਂ ਵਿੱਚ ਇਕੱਲਤਾ ਜਾਂ ਬੇਲੋੜੇ ਹੋਣ ਦੀ ਹੀਣ ਭਾਵਨਾਂ ਪੈਦਾ ਹੀ ਨਾਂ ਹੋਵੇ। ਇਹ ਇੱਕ ਸਚਾਈ ਹੈ ਕਿ ਡੇਅਕੇਅਰ ਨਾਲ਼ੋ ਘਰਾਂ ਵਿੱਚ ਪਲਣ ਵਾਲ਼ੇ ਬੱਚੇ ਜ਼ਿਆਦਾ ਬੈਲੇਂਸਡ ਅਤੇ ਟੇਲੈਂਟਡ ਹੁੰਦੇ ਹਨ। ਪਰ ਇਸ ਪੂੰਜੀਵਾਦੀ ਸਿਸਟਮ ਵਿੱਚ ਇਹ ਸਭ ਕੁੱਝ ਬਹੁਤ ਮੁਸ਼ਕਲ ਹੈ। ਨਫੇ ਦੀ ਪ੍ਰਧਾਨਗੀ ਵਾਲ਼ੇ ਸਿਸਟਮ ਨੂੰ ਮੁੱਢੋਂ ਸੁੱਢੋ ਖਤਮ ਕਰੇ ਬਿਨਾਂ ਹਵਾ ਵਿੱਚ ਤਲਵਾਰਾਂ ਮਾਰਨ ਵਾਲ਼ੀ ਗੱਲ ਹੈ। ਇਹ ਨਫ਼ੇ ਦੇ ਰੱਬ ਨੂੰ ਮੱਥੇ ਟੇਕਣ ਵਾਲ਼ਾ ਸਿਸਟਮ ਬਿਮਾਰੀਆਂ ਚੋਂ ਕੁਦਰਤੀ ਆਫਤਾਂ ਚੋਂ, ਸੋਕਿਆ 'ਚੋਂ, ਹੜ੍ਹਾਂ ਚੋਂ, ਹੋਰ ਤਾਂ ਹੋਰ ਇਹਨਾਂ ਪੂੰਜੀਵਾਦੀ ਮੁਲਕਾਂ ਵਿੱਚ ਬੰਦੇ ਦੇ ਮਰ ਜਾਣ ਤੇ ਵੀ ਘਰਦਿਆਂ ਦਾ ਦਸ ਹਜ਼ਾਰ ਡਾਲਰ ਦਾ ਖ਼ਰਚਾ ਹੋ ਜਾਂਦਾ ਹੈ, ਗੱਲ ਕੀ ਇਹ ਸਿਸਟਮ ਹਰ ਸਮੇ ਨਫ਼ਾ ਹੀ ਦੇਖਦਾ ਹੈ । ਇਹ ਨਫ਼ਾ ਪਰਾਪਤ ਕਰਨ ਲਈ ਤਰਾਂ ਤਰਾਂ ਦੀਆਂ ਬਿਮਾਰੀਆਂ ਅਫ਼ਵਾਹਾਂ ਨਾਲ਼ ਲੈਸ ਕਰਕੇ ਆਪਣੀਆਂ ਤਿਜ਼ੌਰੀਆਂ ਭਰ ਰਿਹਾ ਹੈ। ਪਹਿਲਾਂ ਹੀ ਇੱਕ ਪਰਸੈਂਟ ਲੋਕ ਦੁਨੀਆਂ ਦੀ ਅੱਧੀ ਤੋਂ ਵੱਧ ਦੌਲਤ ਤੇ ਕਬਜ਼ਾ ਕਰੀ ਬੈਠੇ ਹਨ, ਹੁਣ ਬਾਕੀ ਵੀ ਲੋਕਾਂ ਕੋਲ਼ ਬਚਦਾ ਹੈ ਉਸ ਨੂੰ ਖੋਹਣ ਲਈ ਤਰਲੋ-ਮੱਛੀ ਹੋ ਰਹੇ ਹਨ। ਜਿੰਨੀ ਬੁਰੀ ਤਰਾਂ ਖਤਰਾ ਲੋਕਾਂ ਦੀ ਰੋਟੀ ਨੂੰ ਹੁਣ ਹੋਇਆਹੈ ਸ਼ਾਇਦ ਪਹਿਲਾਂ ਕਦੇ ਨਹੀਂ ਹੋਇਆ। ਇਸ ਨਫ਼ੇ ਦੀ ਰਾਜਨੀਤੀ ਦੀ ਭੇਟ ਮਨੁੱਖੀ ਹੱਕਾਂ ਲਈ ਸੰਘਰਸ਼ ਵਾਲ਼ੇ ਕਾਰਕੁੰਨ, ਵਾਤਾਵਰਣ ਪਰੇਮੀ, ਜੰਗ ਵਿਰੋਧੀ ਲੋਕ ਚੜ੍ਹ ਰਹੇ ਹਨ, ਇਸ ਬਿਮਾਰੀ ਦਾ ਫਸਤਾ ਵੱਢਣ ਲਈ ਸਥਾਪਤੀ ਨੇ ਕੁੱਝ ਨਹੀਂ ਕਰਨਾ ਲੋਕਾਂ ਨੂੰ ਹੀ ਅੱਗੇ ਆਉਣਾ ਪੈਣਾ ਹੈ।


13 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955


ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਜੇਮਜ਼ ਪੋਟਰ ਸੀਨੀਅਰਜ਼ ਕਲੱਬ ਨੇ ਮਨਾਇਆ ਮਲਟੀਕਲਚਰਲ ਫੈਸਟੀਵਲ

**ਮਹਿੰਦਰ ਸਿੰਘ ਮੋਹੀ**

ਪਿਛਲੇ ਐਤਵਾਰ ਜੇਮਜ ਪੋਟਰ ਸੀਨੀਅਰਜ਼ ਕਲੱਬ ਨੇ ਵਿਸਾਖਾ ਸਿੰਘ ਭਰੋਵਾਲ ਦੀ ਪ੍ਰਧਾਨਗੀ ਵਿਚ ਕਲੱਬ ਦੀ ਪਾਰਕ ਵਿਚ ਸ਼ਾਨਦਾਰ ਢੰਗ ਨਾਲ ਮਲਟੀਕਲਚਰਲ ਫੈਸਟੀਵਲ ਮਨਾਇਆ, ਜਿਸ ਵਿਚ ਵੱਡੀ ਗਿਣਤੀ ਵਿਚ ਸੀਨੀਅਰਜ਼ ਨੇ ਪਰਿਵਾਰਕ ਮੈਂਬਰਾਂ ਨਾਲ ਹਾਜ਼ਰੀ ਭਰੀ। ਵਧੀਆ ਖੁਸ਼ਗਵਾਰ ਮੌਸਮ ਦਾ ਲਾਹਾ ਲੈਂਦੇ ਹੋਏ ਔਰਤਾਂ ਤੇ ਬੱਚੇ ਵਧੀਆ ਪਹਿਰਾਵੇ ਵਿਚ, ਇਸ ਗਰਮੀਆਂ ਦੇ ਆਖਰੀ ਮੇਲੇ ਨੂੰ ਮਾਨਣ ਲਈ ਸਮੇਂ ਤੋਂ ਪਹਿਲਾਂ ਹੀ ਵਹੀਰਾਂ ਘਤੀ ਆ ਰਹੇ ਸਨ। ਪਾਰਕ ਦੀ ਵੱਡੀ ਗਰਾਉਂਡ ਵਿਚ ਬੱਚਿਆਂ ਨੂੰ ਵੱਖ-ਵੱਖ ਉਮਰ ਗਰੁੱਪ ਵਿਚ ਵੰਡ ਕੇ ਦੌੜਾਂ ਕਰਵਾਉਣ ਲਈ ਗੁਰਜੰਟ ਸਿੰਘ ਆਪਣੇ ਸਾਥੀਆਂ ਨਾਲ ਰੁਝੇ ਹੋਏ ਸਨ। ਫੂਡ ਟਰੱਕ ਵਾਲਿਆਂ ਸੀਨੀਅਰ ਵਲੰਟੀਅਰਾਂ ਦੇ ਸਹਿਯੋਗ ਨਾਲ ਗਰਮ ਫੂਡ ਦੀ ਨਿਰਵਿਘਨ ਸਪਲਾਈ ਜਾਰੀ ਰੱਖੀ ਹੋਈ ਸੀ। ਸਟੇਜ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਲੇਡੀਜ਼ ਵਲੋਂ ਪੰਜਾਬੀ ਸਭਿਆਚਾਰ ਦੀ ਪ੍ਰਮੁੱਖ ਵੰਨਗੀ ਜਾਗੋ ਪੇਸ਼ ਕੀਤੀ ਗਈ। ਜਿਸ ਨੂੰ ਵੱਡੀ



ਗਿਣਤੀ ਵਿਚ ਪਹੁੰਚ ਚੁੱਕੇ ਸੀਨੀਅਰਜ਼ ਨੇ ਵਾਰ ਵਾਰ ਤਾੜੀਆਂ ਵਜਾ ਕੇ ਸਲਾਹਿਆ। ਹੁਣ ਤੱਕ ਬਹੁਤ ਸਾਰੇ ਸਿਟੀ, ਪ੍ਰੋਵੈਨਸ ਤੇ ਫੈਡਰਲ ਲੈਵਲ ਦੇ ਵੱਖ ਵੱਖ ਪਾਰਟੀਆਂ ਦੇ ਨੁਮਾਇੰਦੇ ਪਹੁੰਚ ਚੁੱਕੇ ਸਨ ਜਿਨ੍ਹਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਲੱਬ ਨੂੰ ਸ਼ਾਨਦਾਰ ਫੰਕਸ਼ਨ ਦਾ ਆਯੋਜਿਨ ਕਰਨ ਤੇ ਵਧਾਈ ਦਿੱਤੀ। ਇਸ ਦੇ ਨਾਲ ਹੀ ਡਾਈਵਰਸਿਟੀ ਦੇ ਮੰਤਰੀ ਕਮਲ ਖੈਰਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਪਣੇ ਵਲੋਂ ਸੀਨੀਅਰ ਮੰਤਰੀ ਹੁੰਦਿਆਂ, ਉਨ੍ਹਾਂ ਲਈ ਬਹੁਤ ਸਾਰੀਆਂ ਸਹੂਲਤਾਂ ਦੇਣ ਤੇ ਉਨ੍ਹਾਂ ਦੇ ਹੱਕ ਵਿਚ ਕੀਤੇ ਫੈਸਲੇ ਬਾਰੇ ਖੁੱਲ੍ਹ ਕੇ ਦੱਸਿਆ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅਮਰਜੋਤ ਸਿੰਘ ਸੰਧੂ ਐਮ.ਪੀ.ਪੀ. ਨੇ ਵੀ ਕੈਨੇਡਾ ਦੇ ਕਲਚਰਲ ਵਖਰੇਵੇਂ ਤੇ ਆਧਾਰਿਤ ਮਲਟੀਕਲਚਰਲ ਫੈਸਟੀਵਲ ਮਨਾਉਣ ਦਾ ਸਵਾਗਤ ਕੀਤਾ। ਸਕੂਲ ਟਰੱਸਟੀ ਸਤਪਾਲ ਜੌਹਲ ਨੇ ਕੈਨੇਡਾ ਦੇ ਮੁੱਖ ਇਸ਼ੂ 'ਤੇ ਚਰਚਾ ਕਰਦਿਆਂ ਉਨ੍ਹਾਂ ਬਾਰੇ ਜਾਗਰੂਕ ਹੋਣ ਲਈ ਕਿਹਾ। ਨਾਹਰ ਔਜਲਾ ਵਲੋਂ ਸਟੂਪਿਡ ਗਰਲ ਨਾਟਕ ਪੇਸ਼ ਕਰਦਿਆਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਮਾਨਸਿਕ ਤੇ ਆਰਥਿਕ ਸੋਸ਼ਣ ਨੂੰ ਦਰਸ਼ਕਾਂ ਸਾਹਮਣੇ ਉਜਾਗਰ ਕੀਤਾ। ਸੀਨੀਅਰਜ਼ ਨੂੰ ਇਸ ਨਾਟਕ ਦੇ ਪਾਤਰਾਂ ਦੀ ਪੇਸ਼ਕਾਰੀ ਨੇ ਬਹੁਤ ਪ੍ਰਭਾਵਿਤ ਕੀਤਾ। ਅਖੀਰ ਵਿਚ ਗੁਰਦੇਵ ਸਿੰਘ ਵਲੋਂ ਕੋਰੀਓਗ੍ਰਾਫ਼ੀ ਪੇਸ਼ ਕੀਤੀ ਗਈ ਜਿਸ ਵਿਚ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਪਰਵਾਨਿਆਂ ਦੇ ਨਾਂ ਦੀ ਵਰਤੋਂ ਕਰਕੇ ਸਿਆਸੀ ਨੇਤਾਵਾਂ ਵਲੋਂ ਕੀਤੀ ਜਾ ਰਹੀ ਖੁਦਗਰਜ਼ ਸਿਆਸਤ ਦਾ ਭਾਂਡਾ ਫੋੜਿਆ ਗਿਆ ਸੀ। 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਸੀਨੀਅਰਜ਼ ਅਤੇ ਸਮੁੱਚੀ ਇਕੱਤਰਤਾ ਨੂੰ ਕੈਨੈਡਾ ਦੇ ਮਸਲੇ ਸਮਝਣ ਤੇ ਉਨ੍ਹਾਂ ਦੇ ਹੱਲ ਲਈ ਇਕਜੁਟ ਹੋ ਕੇ ਆਵਾਜ਼ ਉਠਾਉਣ ਤੇ ਸਾਰੀਆਂ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਇਨ੍ਹਾਂ ਮਸਲਿਆਂ ਬਾਰੇ ਸਵਾਲ ਕਰਨ ਦੀ ਪ੍ਰੇਰਨਾ ਦਿੱਤੀ। ਰੁਪਿੰਦਰ ਸਿੰਘ ਰੈਂਪੀ ਦਿਉਲ ਨੇ ਵੀ ਕਲੱਬ ਵਲੋਂ ਸ਼ਾਨਦਾਰ ਫੰਕਸ਼ਨ ਆਯੋਜਿਤ ਕਰਨ ਤੇ ਕਲੱਬ ਨੂੰ ਵਧਾਈ ਦਿੰਦਿਆਂ ਸਹੀ ਸੇਧ ਦੇਣ ਵਾਲੇ ਪੜ੍ਹੇ ਲਿਖੇ ਸੂਝਵਾਨ ਵਿਅਕਤੀਆਂ ਨੂੰ ਅੱਗੇ ਆਉਣ 'ਤੇ ਸੀਨੀਅਰਜ਼ ਦੀ ਅਗਵਾਈ ਕਰਨ ਲਈ ਕਿਹਾ। ਇਸ ਸਾਰੇ ਫੈਸਟੀਵਲ ਨੂੰ ਕਾਮਯਾਬ ਕਰਨ ਵਿਚ ਵਿਸਾਖਾ ਸਿੰਘ ਦੀ ਅਗਵਾਈ ਵਿਚ ਸਾਰੀ ਐਗਜੈਕਟਿਵ ਤੇ ਕਲੱਬ ਦੇ ਸਾਰੇ ਮੈਂਬਰਾਂ ਦਾ ਮੁੱਖ ਯੋਗਦਾਨ ਰਿਹਾ।





# ਜਨਰਲ ਮੀਟਿੰਗ : ਹੋਮਸਟੈਡ ਸੀਨੀਅਰਜ਼ ਕਲੱਬ

ਹੋਮਸਟੈਡ ਸੀਨੀਅਰਜ ਕਲੱਬ ਦੇ ਮੈਂਬਰਾਂ ਦੀ ਜਨਰਲ ਮੀਟਿੰਗ ਹੋਈ। ਇਸ ਦੌਰਾਨ ਕਲੱਬ ਵੱਲੋਂ ਕੈਨੇਡਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਕਲੱਬ ਮੈਂਬਰਾਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਸ੍ਰੀਮਤੀ ਕਮਲ ਖਹਿਰਾ MP (ਕੈਬਨਿਟ ਮੰਤਰੀ) ਅਤੇ ਸ੍ਰੀ ਅਮਰਜੋਤ ਸੰਧੂ (MPP) ਨੇ ਵੀ ਮੁੱਖ ਮਹਿਮਾਨ ਵਜੋਂ ਹਿੱਸਾ ਲਿਆ ਅਤੇ ਦੋਨਾਂ ਨੇ ਕਲੱਬ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ।

ਭਾਰੀ ਗਿਣਤੀ ਵਿੱਚ ਮਹਿਲਾਵਾਂ ਤੇ ਬੱਚਿਆਂ ਨੇ ਵੀ ਹਿੱਸਾ ਲਿਆ। ਮਹਿਲਾਵਾਂ ਤੇ ਬੱਚੀਆਂ ਦਵਾਰਾ ਪੰਜਾਬੀ ਗੀਤਾਂ ਬੋਲੀਆਂ ਅਤੇ ਗਿੱਧੇ ਇਸ ਪ੍ਰੋਗਰਾਮ ਵਿੱਚ ਚਾਰ ਚੰਨ ਲਾ ਦਿੱਤੇ।

ਫਿਰ ਕਲੱਬ ਮੈਨੇਜਮੈਂਟ ਦਵਾਰਾ ਚਾਹ, ਕੋਲਡ ਡਰਿੰਕਸ, ਸਮੋਸੇ, ਪਕੌੜੇ ਅਤੇ ਮਠਿਆਈਆਂ ਵਰਤਾਈਆਂ ਗਈਆਂ। ਸਾਰੇ ਪ੍ਰੋਗਰਾਮ ਦੌਰਾਨ ਸ੍ਰੀ ਕੁਲਵਿੰਦਰ ਸਿੰਘ ਢਿੱਲੋਂ ਨੇ ਸਟੇਜ ਸੈਕਰੇਟਰੀ ਦੀ ਜ਼ੁੰਮੇਵਾਰੀ ਬਾਖੂਬੀ ਨਿਭਾਈ। ਬਾਦ ਵਿੱਚ ਕਲੱਬ ਵੱਲੋਂ ਸਰਬ-ਸੰਮਤੀ ਨਾਲ ਚੋਣ ਕਰਾਈ ਗਈ। ਸਰਬ-ਸੰਮਤੀ ਨਾਲ : ਸ੍ਰੀ ਖਜਾਨ ਸਿੰਘ ਮਾਂਗਟ -ਪ੍ਰਧਾਨ, ਸ੍ਰੀ ਨਛੱਤਰ ਸਿੱਘ-ਸੈਕਰੇਟਰੀ, ਸ੍ਰੀ ਦਰਸ਼ਨ ਸਿੰਘ-ਖ਼ਜ਼ਾਨਚੀ, ਸ੍ਰੀ ਕੁਲਵੰਤ ਸਿੰਘ ਕੈਲੇ-ਵਾਈਸ ਪ੍ਰਧਾਨ, ਸ੍ਰੀ ਕੁਲਵਿੰਦਰ ਸਿੰਘ ਢਿਲੋਂ, ਸ੍ਰੀ ਜਸਵੰਤ ਸਿੰਘ ਧਾਲੀਵਾਲ ਅਤੇ ਹਰਪ੍ਰਮਿੰਦਰਜੀਤ ਗੱਦਰੀ ਕ੍ਰਮਵਾਰ ਕਲੱਬ ਦੀ ਐਗਜੈਕਟਿਵ ਕਮੇਟੀ ਮੈਂਬਰ ਚੁਣੇ ਗਏ।




HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Bay 11 2316 27 Ave. NE, Calgary Ph. : 403-

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

ਸਿੱਖਿਆ ਜਗਤ

ਯੂਨੈਸਕੋ ਰਿਪੋਰਟ – 2023

# ਡਿਜਿਟਲ ਸਿੱਖਿਆ ਰਾਹੀਂ ਬਹੁਪੱਖੀ ਅਤੇ ਬਹੁਦਿਸ਼ਾਈ ਪ੍ਰਭਾਵਾਂ ’ਤੇ ਅਸਰ




*ਅਜੋਕੀ ਦੁਨੀਆ ਆਧੁਨਿਕ ਤਕਨੀਕ ਨਾਲ ਵੱਡੇ ਪੱਧਰ ’ਤੇ ਜੁੜ ਚੁੱਕੀ ਹੈ। ਪ੍ਰੰਤੂ ਜਿਸ ਕਿਸਮ ਨਾਲ ਤਕਨਾਲੋਜੀ ਦੀ ਵਰਤੋਂ ਸਿੱਖਿਆ ਵਿਚ ਹੋਣੀ ਚਾਹੀਦੀ ਹੈ ਅਤੇ ਕੀਤੀ ਜਾ ਰਹੀ ਹੈ ਇਸ ਬਾਰੇ ਯੂਨੈਸਕੋ ਦੀ ਰਿਪੋਰਟ ਨੇ ਦੁਨੀਆ ਦੇ ਵੱਖ ਵੱਖ ਮੁਲਕਾਂ ਵਿਚ ਸਿੱਖਿਆ ਦੇ ਸਵਾਲ ਅਤੇ ਤਕਨਾਲੋਜੀ ਦਾ ਆਪਸੀ ਰਿਸ਼ਤਾ ਕੀ ਹੋਵੇ ਇਸ ’ਤੇ ਬਹਿਸ ਕੇਂਦਰਤ ਕਰ ਦਿੱਤੀ ਹੈ। ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕੀ ਸਿੱਖਿਆ ਦੀਆਂ ਚੁਣੌਤੀਆਂ ਤਕਨਾਲੋਜੀ ਦੀ ਮਦਦ ਨਾਲ ਹੱਲ ਹੋ ਸਕਦੀਆਂ ਹਨ? ਕਿਵੇਂ ਸਿੱਖਿਆ ਵਿਚ ਤਕਨਾਲੋਜੀ ਨੂੰ ਸ਼ਾਮਲ ਕੀਤਾ ਜਾਵੇ? ਤਕਨਾਲੋਜੀ ਨੂੰ ਸਿੱਖਿਆ ਵਿਚ ਲਾਗੂ ਕਰਨ ਲਈ ਕਿਸ ਕਿਸਮ ਨਾਲ ਵੱਖ ਵੱਖ ਦੇਸ਼ ਕੀ ਕਰਨ ਅਤੇ ਕਿਸ ਪੱਧਰ ’ਤੇ ਸਿੱਖਿਆ ਵਿਚ ਇਸ ਨੂੰ ਸ਼ਾਮਲ ਕੀਤਾ ਜਾਵੇ। ਜਦੋਂ ਬਰਾਬਰਤਾ ਅਤੇ ਵੱਖੋ ਵੱਖ ਵਰਗਾਂ ਵਿਚ ਇਕੋ ਜਿਹੀ ਸਿੱਖਿਆ ਦੇਣ ਦੀ ਵਿਵਸਥਾ ਦੁਨੀਆ ਭਰ ਵਿਚ ਸਕੂਲਾਂ ਦੇ ਰੂਪ ਵਿਚ ਪ੍ਰਦਾਨ ਕੀਤੀ ਜਾ ਰਹੀ ਸੀ ਆਧੁਨਿਕ ਤਕਨਾਲੋਜੀ ਨੇ ਇਸ ਵਿਚ ਕਈ ਕਿਸਮ ਦੀਆਂ ਗੈਰ ਬਰਾਬਰਤਾ ਵਾਲੀਆਂ ਸਥਿਤੀਆਂ ਵੀ ਉਤਪੰਨ ਕਰ ਦਿੱਤੀਆਂ ਹਨ। ਇਨ੍ਹਾਂ ਨੂੰ ਕਿਸ ਤਰ੍ਹਾਂ ਮਾਪਿਆ ਜਾਵੇ ਅਤੇ ਇਸ ਦੇ ਨਾਲ ਹੀ ਅਧਿਆਪਨ ਅਤੇ ਸਿੱਖਣ ਦੇ ਕਾਰਜਾਂ ਵਿਚ ਅਧਿਆਪਨ ਦੀਆਂ ਲੋੜਾਂ ਅਤੇ ਤਕਨਾਲੋਜੀ ਦੇ ਅਸਰਾਂ ਨੂੰ ਮਾਪਦਿਆਂ ਰਿਪੋਰਟ ਨੇ ਸੁਚੇਤ ਕੀਤਾ ਹੈ ਕਿ ਅਸਲ ਵਿਚ ਬਹੁਤ ਜ਼ਿਆਦਾ ਤਕਨਾਲੋਜੀ ਦੀ ਵਰਤੋਂ ਨਾਲ ਵਿਦਿਆਰਥੀਆਂ ਦੀ ਗੁਣਵੱਤਾ ਉਪਰ ਨਾਂਪੱਖੀ ਅਸਰ ਪਿਆ ਹੈ। ਉਨ੍ਹਾਂ ਅੰਦਰ ਕਈ ਕਿਸਮ ਦੇ ਵਿਗਾੜ ਹੀ ਉਤਪੰਨ ਹੋਏ ਹਨ। ਸਿਰਫ਼ ਤੇ ਸਿਰਫ਼ ਇਕ ਡਿਜੀਟਲ ਸਕਿਲ ਹੀ ਸਿੱਖਿਆ ਨਹੀਂ ਹੁੰਦੀ। ਵੱਖ ਵੱਖ ਮੁਲਕਾਂ ਨੇ ਸਹੀ ਕਿਸਮ ਦੇ ਤਕਨਾਲੋਜੀ ਸਬੰਧੀ ਕਾਇਦੇ ਕਾਨੂੰਨ ਵੀ ਨਹੀਂ ਬਣਾਏ ਹੋਏ ਹਨ। ਲਗਾਤਾਰ ਸਮਾਰਟ ਫੋਨ ਨੂੰ ਸਕੂਲ ਪੱਧਰ ਦੀ ਸਿੱਖਿਆ ਦਾ ਹਿਸਾ ਬਣਾ ਕੇ ਜੋ ਕਾਰਜ ਕੋਵਿਡ-19 ਵਿਚ ਕੀਤਾ ਗਿਆ ਉਸ ਦਾ ਉਲੇਖ ਅਤੇ ਚੀਰਫਾੜ ਇਸ ਰਿਪੋਰਟ ਨੇ ਕਰਦਿਆਂ ਕਿਹਾ ਕਿ ਕਿਸੇ ਵੀ ਕਿਸਮ ਨਾਲ ਵਿਦਿਆਰਥੀ ਦੀ ਵਿਦਿਅਕ ਪ੍ਰਾਪਤੀ ਵਿਚ ਵਾਧਾ ਨਹੀਂ ਹੋਇਆ। ਇਥੋਂ ਤੱਕ ਕਈ ਕਿਸਮ ਦੇ ਵਿਗਾੜ ਜਿਨ੍ਹਾਂ ਵਿਚ ਸਭ ਤੋਂ ਵੱਡਾ ਸਾਈਬਰ ਬੁਲਿੰਗ ਦਾ ਹੈ ਉਹ ਉਤਪੰਨ ਹੋਇਆ ਹੈ। ਇਸ ਕਰਕੇ ਵੱਖ ਵੱਖ ਪੱਧਰ ’ਤੇ ਮਾਪਿਆਂ, ਅਧਿਆਪਕਾਂ, ਵਿਦਿਅਕ ਸੰਸਥਾਵਾਂ ਅਤੇ ਸਰਕਾਰੀ /ਗੈਰ ਸਰਕਾਰੀ ਸੰਸਥਾਵਾਂ /ਹਿਸਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਮਸਲੇ ’ਤੇ ਗੰਭੀਰਤਾ ਨਾਲ ਲਿਖਣ, ਸੋਚਣ ਅਤੇ ਸਵਾਲ ਉਠਾਉਣ ਦਾ ਜ਼ੇਰਾ ਕਰਨ। ਇਸ ਇੱਛਾ ਵਿਦਿਅਕ ਮਾਹਿਰ* ***ਡਾ. ਕੁਲਦੀਪ ਸਿੰਘ*** *ਦੀ ਇਹ ਲਿਖਤ ਦੇ ਰਹੇ ਹਾਂ। – ਸੰਪਾਦਕ*



ਡਾ. ਕੁਲਦੀਪ ਸਿੰਘ
98151-15429

“ਵਿਦਿਆਰਥੀਆਂ ਦੀ ਸਿੱਖਣ ਪ੍ਰਕਿਰਿਆ ਅਤੇ ਉਨ੍ਹਾਂ ਦੀ ਸਿਹਤ ਦੇ ਬਹੁਪੱਖੀ ਵਿਕਾਸ ਲਈ ਜ਼ਰੂਰੀ ਹੈ ਕਿ ਅਧਿਆਪਕ ਅਤੇ ਵਿਦਿਆਰਥੀ ਦੇ ਪੜ੍ਹਨ ਪੜ੍ਹਾਉਣ ਦੀ ਪ੍ਰਕਿਰਿਆ ਨੂੰ ਸੰਤੁਲਤ ਕਰਕੇ ਵਿਕਸਿਤ ਕਰਨਾ ਸਿੱਖਿਆ ਸੰਸਥਾਵਾਂ ਦਾ ਕਾਰਜ ਹੁੰਦਾ ਹੈ। ਇਸ ਪ੍ਰਕਿਰਿਆ ਵਿਚ ਸਭ ਤੋਂ ਵੱਡੀ ਰੁਕਾਵਟ ਸਮਾਰਟ ਫੋਨ ਬਣ ਗਈ ਹੈ। ਤੱਥ ਅਤੇ ਖੋਜਾਂ ਇਹ ਦਰਸਾਉਂਦੀਆਂ ਹਨ ਕਿ ਵੱਖ ਵੱਖ ਮੁਲਕਾਂ ਦੀਆਂ ਜੋ ਲਗਭਗ 200 ਤੋਂ ਵੱਧ ਸਿੱਖਿਆ ਪ੍ਰਣਾਲੀਆਂ ਹਨ ਉਨ੍ਹਾਂ ਵਿਚ 2 ਤੋਂ 17 ਸਾਲ ਤੱਕ ਦੇ ਵਿਦਿਆਰਥੀਆਂ ਦੀ ਪੜ੍ਹਾਈ ਬਿਨਾ ਕਿਸੇ ਤਣਾਅ ਅਤੇ ਉਖੇੜੇ ਤੋਂ ਹੋ ਸਕੇ ਇਸ ਕਰਕੇ ਸਕੂਲੀ ਸੰਸਥਾਵਾਂ ਵਿਚੋਂ ਸਮਾਰਟ ਫੋਨ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚੋਂ ਖਾਰਜ ਕਰਨਾ ਹੋਵੇਗਾ। ਕਿਉਂਕਿ ਸਿੱਖਿਆ ਸੰਸਥਾਵਾਂ ਵਿਚ ਸਿੱਖਿਆਰਥੀ ਪਹਿਲੇ ਨੰਬਰ ’ਤੇ ਹੁੰਦਾ ਹੈ ਅਤੇ ਅਧਿਆਪਕ ਉਸ ਦਾ ਮਦਦਗਾਰ ਹੁੰਦਾ ਹੈ। ਇਨ੍ਹਾਂ ਮਨੁੱਖੀ ਸਬੰਧਾਂ ਵਿਚ ਕਿਸੇ ਵੀ ਕਿਸਮ ਨਾਲ ਆਨਲਾਈਨ ਸਿੱਖਿਆ ਦਾ ਪ੍ਰਬੰਧ ਬਦਲ ਨਹੀਂ ਹੋ ਸਕਦਾ।” ਇਹ ਸ਼ਬਦ ਯੂਨੈਸਕੋ ਦੀ ਰਿਪੋਰਟ 2023 ਵਿਚ ਡਾਇਰੈਕਟਰ ਜਨਰਲ ਪ੍ਰੋ. ਆਂਦਰੇ ਓਯੌਏ ਨੇ ਪ੍ਰਮੁੱਖਤਾ ਨਾਲ ਦਰਜ ਕੀਤੇ ਹਨ।

ਕਰੋਨਾ ਦੌਰਾਨ ਆਨਲਾਈਨ ਸਿੱਖਿਆ ਦੁਨੀਆ ਦੇ ਹਰੇਕ ਕੋਨੇ ਵਿਚ ਹਰ ਘਰ ਤੱਕ ਪਹੁੰਚਾਉਣ ਦੀ ਵਿਵਸਥਾ ਵੱਖੋ ਵੱਖਰੇ ਢੰਗਾਂ ਨਾਲ ਹੋਣੀ ਸ਼ੁਰੂ ਹੋਈ। ਜਿਸ ਵਿਚ ਸਭ ਤੋਂ ਵੱਧ ਸਮਾਰਟ ਫੋਨ ਬੱਚਿਆਂ ਦਾ ਅਟੁੱਟ ਅੰਗ ਬਣ ਗਿਆ। ਉਸ ਸਮੇਂ ਇਕ ਬਿਲੀਅਨ ਵਿਦਿਆਰਥੀਆਂ ਨੂੰ ਆਨਲਾਈਨ ਪੜ੍ਹਾਉਣ ਦੀ ਵਿਵਸਥਾ ਵਿਚੋਂ ਭਲਾ ਅੱਧਾ ਬਿਲੀਅਨ ਤੱਕ ਹੀ ਪਹੁੰਚ ਹੋ ਸਕੀ। ਇਸ ਪ੍ਰਕਿਰਿਆ ਨਾਲ ਦੁਨੀਆ ਦੇ ਵਿਚੋਂ 31 ਪ੍ਰਤੀਸ਼ਤ ਵਿਦਿਆਰਥੀ ਫੇਰ ਵੀ ਪੜ੍ਹਾਈ ਤੋਂ ਵਾਂਝੇ ਰਹਿ ਗਏ ਅਤੇ ਜਿਨ੍ਹਾਂ ਵਿਚੋਂ 72 ਪ੍ਰਤੀਸ਼ਤ ਗਰੀਬ ਮੁਲਕਾਂ ਦੇ ਵਾਸੀ ਸਨ। ਇਥੋਂ ਤੱਕ ਪੀਰੂ ਵਰਗੇ ਮੁਲਕ ਨੇ ਇਕ ਮਿਲੀਅਨ ਲੈਪਟਾਪ ਮੁਫ਼ਤ ਵੰਡੇ। ਪ੍ਰੰਤੂ ਬੱਚਿਆਂ ਦੀ ਰਿਪੋਰਟ ਅਨੁਸਾਰ ਸਿੱਖਣ ਪ੍ਰਕਿਰਿਆ ਵਿਚ ਕੋਈ ਵਾਧਾ ਨਹੀਂ ਹੋਇਆ। ਇਸ ਤੋਂ ਬਾਅਦ ਜਦੋਂ ਦੁਨੀਆ ਭਰ ਦੇ ਵਿਦਿਆਰਥੀਆਂ ਦੀ ਵਿਦਿਅਕ ਪ੍ਰਾਪਤੀ ਦਾ ਅਧਿਐਨ ਕਰਨ ਵਾਲੀ ਸੰਸਥਾ ਪੀਸਾ ਨੇ ਵੀ ਇਹ ਨਤੀਜਾ ਕੱਢਿਆ ਕਿ ਵੱਡੇ ਪੱਧਰ ’ਤੇ ਸਮਾਰਟ ਫੋਨ ਦੀ ਵਰਤੋਂ ਨਾਲ ਵਿਦਿਆਰਥੀਆਂ ਦੀ ਗੁਣਵੱਤਾ ਵਿਚ ਕੋਈ ਵੀ ਹਾਂਪੱਖੀ ਪ੍ਰਾਪਤੀ ਦਾ ਸਬੰਧ ਸਾਹਮਣੇ ਨਹੀਂ ਆਇਆ। ਇਸ ਦੇ ਉਲਟ 14 ਦੇਸ਼ਾਂ ਵਿਚ ਇਸ ਦਾ ਨਾਪੱਖੀ ਅਸਰ ਦੇਖਿਆ। ਹੁਣ ਇਨ੍ਹਾਂ ਮੁਲਕਾਂ ਨੇ ਵੀ ਆਪਣੇ ਸਿੱਖਿਆ ਪ੍ਰਬੰਧ ਵਿਚੋਂ ਸਮਾਰਟ ਫੋਨ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ। ਇਥੋਂ ਤੱਕ ਦੁਨੀਆ ਦੇ ਸਭ ਤੋਂ ਵਿਕਸਿਤ ਮੁਲਕ ਅਮਰੀਕਾ ਦੇ 17 ਰਾਜਾਂ ਵਿਚੋਂ ਸਿਰਫ਼ 11 ਪ੍ਰਤੀਸ਼ਤ ਸਕੂਲਾਂ ਨੇ ਹੀ ਸਮਾਰਟ ਫੋਨ ਦੀ ਵਰਤੋਂ ਦੀ ਵਕਾਲਤ ਕੀਤੀ। ਜਿਸ ਪੱਧਰ ’ਤੇ ਵਰ੍ਹਾ 2005 ਤੋਂ 2022 ਤੱਕ ਇੰਟਰਨੈਟ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ 16 ਪ੍ਰਤੀਸ਼ਤ ਤੋਂ 66 ਪ੍ਰਤੀਸ਼ਤ ਤੱਕ ਵਧੀ ਹੈ। ਇਸ ਦੇ ਨਾਲ ਹੀ ਵੱਡੇ ਪੱਧਰ ’ਤੇ ਰਿਪੋਰਟ ਅਨੁਸਾਰ ਪ੍ਰਾਈਵੇਟ ਤਕਨਾਲੋਜੀ ਨਾਲ ਸਬੰਧਤ ਕੰਪਨੀਆਂ ਦੀ ਆਮਦਨ 123 ਬਿਲੀਅਨ ਡਾਲਰ ਤੋਂ ਵੱਧ ਕੇ 300 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। ਤੱਤ ਰੂਪ ਵਿਚ ਵਿਸ਼ਵ ਪੱਧਰ ’ਤੇ ਸਿੱਖਆ ਦਾ ਵਪਾਰੀਕਰਨ ਤਕਨਾਲੋਜੀ ਦੀ ਵਰਤੋਂ ਨਾਲ ਹੋਰ ਤੇਜ਼ ਹੋਇਆ ਹੈ।

ਵਰ੍ਹਾ 2021 ਵਿਚ ਜਦੋਂ ਸਿੱਖਿਆ ਦੇ ਭਵਿੱਖ ਦਾ ਅਧਿਐਨ ਕੀਤਾ ਜਾ ਰਿਹਾ ਸੀ ਉਸ ਵਿਚ ਵਿਸ਼ੇਸ਼ ਜ਼ਿਕਰ ਸੀ ਕਿ ਤਕਨਾਲੋਜੀ ਦੀ ਵਰਤੋਂ ਵਧਾਉਣੀ ਚਾਹੀਦੀ ਹੈ ਪ੍ਰੰਤੂ ਜਿਸ ਕਿਸਮ ਨਾਲ ਯੂਨੈਸਕੋ ਦੀ ਰਿਪੋਰਟ 2023 ਨੇ ਨਤੀਜੇ ਸਾਹਮਣੇ ਲਿਆਂਦੇ ਹਨ ਕਿ ਸਮਾਰਟ ਫੋਨ ਦੀ ਸਕੂਲਾਂ ਵਿਚ ਵਰਤੋਂ ਨਾਲ ਕਲਾਸ ਰੂਮ ਦੇ ਵਾਤਾਵਰਣ ਵਿਚ ਰੁਕਾਵਟ ਆਈ ਹੈ ਅਤੇ ਸਿੱਖਣ ਸਿਖਾਉਣ ਦੀ ਪ੍ਰਵਿਰਤੀ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ। ਇਥੋਂ ਤੱਕ ਬੱਚਿਆਂ ਵਿਚ ਸਾਈਬਰ ਬੁਲਿੰਗ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਜਦੋਂ ਲੰਬਾ ਸਮਾਂ ਵਿਦਿਆਰਥੀ ਮੋਬਾਇਲ ਦੇ ਸਕਰੀਨ ਉਪਰ ਲਗਾਉਂਦੇ ਹਨ, ਇਸ ਨਾਲ ਉਨ੍ਹਾਂ ਦੀ ਜਜ਼ਬਾਤੀ ਸਥਿਰਤਾ ਵਿਚ ਵਿਗਾੜ ਆਉਂਦਾ ਹੈ। ਰਿਪੋਰਟ ਵਿਚ ਦਰਜ ਕੀਤਾ ਕਿ ਜਿਸ ਕਿਸਮ ਨਾਲ ਸਿੱਖਿਆ ਦੇ ਖੇਤਰ ਵਿਚ ਤਕਨਾਲੋਜੀ ਨੂੰ ਅਜਿਹਾ ਸੰਦ ਬਣਾ ਕੇ ਵਰਤੋਂ ਸ਼ੁਰੂ ਕੀਤਾ ਉਸ ਨਾਲ ਕਿਸੇ ਵੀ ਪੱਧਰ ’ਤੇ ਸਿੱਖਿਆ ਦੀਆਂ ਕਦਰਾਂ ਕੀਮਤਾਂ ਅਤੇ ਸਿੱਖਿਆ ਦੇ ਪੱਧਰ ਵਿਚ ਵੱਡੀ ਪ੍ਰਾਪਤੀ ਵਿਦਿਆਰਥੀਆਂ ਅੰਦਰ ਦਿਖਾਈ ਨਹੀਂ ਦਿੱਤੀ। ਅਸਲ ਵਿਚ ਇਸ ਨਾਲ ਸਮਾਜਿਕ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਹੀ ਢਾਹ ਲੱਗੀ ਹੈ। ਇਥੋਂ ਤੱਕ ਅਧਿਆਪਕ ਦੇ ਕਲਾਸ ਰੂਮ ਵਿਚੋਂ ਸਮਾਂ ਘੱਟ ਕਰਨ ਨਾਲ ਉਸ ਦਾ ਮਾਨਵੀ ਪਹਿਲੂ ਵਿਦਿਆਰਥੀਆਂ ਪ੍ਰਤੀ ਵੀ ਘਟਿਆ ਹੈ। ਇਹ ਵੀ ਤੱਤ ਸਾਹਮਣੇ ਆਇਆ ਕਿ 50 ਪ੍ਰਤੀਸ਼ਤ ਮੁਲਕਾਂ ਦੇ ਅਧਿਆਪਕ ਤਕਨਾਲੋਜੀ ਦੀ ਵਰਤੋਂ ਕਰਦੇ ਸਮੇਂ ਆਪਣਾ ਸੰਤੁਲਨ ਗਵਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਪੂਰੀ ਤਿਆਰੀ ਨਾਲ ਪੜ੍ਹਾਉਣ ਤੋਂ ਅਸਮਰੱਥ ਹਨ। ਇਸ ਦਾ ਇਹ ਵੀ ਕਾਰਨ ਹੈ ਕਿ ਜੋ ਆਨਲਾਈਨ ਸਿੱਖਿਆ ਅਤੇ ਪ੍ਰੋਗਰਾਮ 92 ਪ੍ਰਤੀਸ਼ਤ ਦੇ ਲਗਭਗ ਅਮਰੀਕਾ ਅਤੇ ਯੂਰਪ ਦੇ ਪੈਮਾਨਿਆਂ ਅਨੁਸਾਰ ਹੀ ਵਿਕਸਿਤ ਹੋਏ ਹੁੰਦੇ ਹਨ ਜਿਨ੍ਹਾਂ ਵਿਚ ਵੱਖ ਵੱਖ ਮੁਲਕਾਂ ਅਤੇ ਖਿੱਤਿਆਂ ਵਿਚਲੀ ਵਿਭਿੰਨਤਾ ਅਤੇ ਗੁਣਵੱਤਾ ਨੂੰ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਇਸ ਦੇ ਨਾਲ ਹੀ ਸਿਰਫ਼ 16 ਪ੍ਰਤੀਸ਼ਤ ਮੁਲਕਾਂ ਵਿਚ ਆਨਲਾਈਨ ਸਿੱਖਿਆ ਅਤੇ ਇਸ ਨਾਲ ਸਬੰਧਤ ਸਮੱਗਰੀ ਜੋ ਮੋਬਾਇਲ ਫੋਨ ਉਪਰ ਆਉਂਦੀ ਹੈ ਉਸ ਉਪਰ ਹੀ ਕਾਨੂੰਨੀ ਪਹਿਲੂ ਅਤੇ ਨਿੱਜਤਾ ਦੀ ਗਰੰਟੀ ਹੁੰਦੀ ਹੈ ਅਤੇ 84 ਪ੍ਰਤੀਸ਼ਤ ਮੁਲਕਾਂ ਵਿਚ ਕਿਸੇ ਵੀ ਕਿਸਮ ਦੇ ਕਾਇਦੇ ਕਾਨੂੰਨ ਸਹੀ ਢੰਗ ਨਾਲ ਨਹੀਂ ਹਨ ਜਿਸ ਕਰਕੇ ਬੱਚਿਆਂ ਉਪਰ ਅਲੱਗ ਅਲੱਗ ਕਿਸਮ ਦੀ ਵਾਧੂ ਜਾਣਕਾਰੀ ਇਥੋਂ ਤੱਕ ਸਾਈਬਰ ਬੁਲਿੰਗ ਨਾਲ ਸਬੰਧਤ ਖੁੱਲ੍ਹੇਆਮ ਸਮੱਗਰੀ ਉਪਲਬਧ ਹੋ ਜਾਂਦੀ ਹੈ। ਤਕਨਾਲੋਜੀ ਦੀ ਵਰਤੋਂ ਨੇ ਕਈ ਕਿਸਮ ਦੀ ਗੈਰ ਬਰਾਬਰਤਾ ਵੀ ਉਤਪੰਨ ਕੀਤੀ ਹੈ। ਵੱਡੇ ਪੱਧਰ ’ਤੇ ਕਲਾਸ ਰੂਮਾਂ ਵਿਚੋਂ ਲਿਖਣ ਪੜ੍ਹਨ ਵਾਲੀ ਸਮੱਗਰੀ ਬਦਲਕੇ ਸਕਰੀਨ ਨੇ ਲੈ ਲਈ ਹੈ ਪੈਨ ਦੀ ਥਾਂ ਕੀ-ਬੋਰਡ ਆ ਗਿਆ ਹੈ। ਸਿੱਖਿਆ ਦੇ ਅਸਲ ਅਰਥ ਜੋ ਹਰੇਕ ਦੀ ਸ਼ਖਸੀਅਤ ਨੂੰ ਵਿਕਸਿਤ ਕਰਨਾ ਅਤੇ ਉਸ ਦੀ ਸਮਝਦਾਰੀ, ਸਹਿਣਸ਼ੀਲਤਾ ਅਤੇ ਮੇਲ-ਮਿਲਾਪ ਨੂੰ ਵਧਾਉਣਾ ਹੁੰਦਾ ਹੈ। ਪ੍ਰੰਤੂ ਡਿਜੀਟਲ ਟੈਕਨਾਲੋਜੀ ਦੇ ਨਾਂਪੱਖੀ ਅਤੇ ਤਬਾਹੀ ਵਾਲੇ ਵਿਗਾੜਾਂ ਨੇ ਮਨੁੱਖੀ ਰਿਸ਼ਤਿਆਂ ਵਿਚ ਵੀ ਵਿਗਾੜ ਉਤਪੰਨ ਕਰ ਦਿੱਤੇ ਹਨ। ਇਹ ਆਪਣੇ ਆਪ ਵਿਚ ਹੀ ਮਨੁੱਖੀ ਹੱਕਾਂ ਅਤੇ ਜਮਹੂਰੀਅਤ ਲਈ ਵੀ ਵੱਡੇ ਮੁੱਦੇ ਖੜ੍ਹੇ ਕਰਦਾ ਹੈ।

ਇਹ ਰਿਪੋਰਟ ਸਪਸ਼ਟ ਰੂਪ ਵਿਚ ਇਸ ਵਿਚਾਰ ਉਪਰ ਜ਼ੋਰ ਦਿੰਦੀ ਹੈ ਕਿ 2 ਤੋਂ 17 ਸਾਲ ਦੀ ਉਮਰ ਦੇ ਬੱਚਿਆਂ ਦੀ ਸਿੱਖਿਆ ਵਿਚੋਂ ਸਮਾਰਟ ਫੋਨ ਰੋਕਿਆ ਜਾਣਾ ਚਾਹੀਦਾ ਹੈ। ਇਸ ਰਿਪੋਰਟ ਦਾ ਇਹ ਅਸਲ ਹੋਇਆ ਕਿ ਫਰਾਂਸ, ਜਰਮਨ ਅਤੇ ਨੀਂਦਰਲੈਂਡ ਵਰਗੇ ਮੁਲਕਾਂ ਸਕੂਲ ਪੱਧਰ ਦੀ ਸਿੱਖਿਆ ਵਿਚੋਂ ਸਮਾਰਟ ਫੋਨ ਨੂੰ ਬੰਦ ਕਰਨ ਦਾ ਫੈਸਲਾ ਲੈ ਲਿਆ ਹੈ। ਇਥੋਂ ਤੱਕ ਡੈਨਮਾਰਕ ਦੇ ਸਿੱਖਿਆ ਮੰਤਰੀ ਰੌਬਟ ਡਿਜਕਗਰੇਵ ਨੇ ਕਿਹਾ, “ਵਿਦਿਆਰਥੀਆਂ ਨੂੰ ਸਿੱਖਿਆ ਉਪਰ ਧਿਆਨ ਕੇਂਦਰ ਕਰਨ ਲਈ ਅਸੀਂ ਪਹਿਲ ਦਿਆਂਗੇ ਕਿਉਂਕਿ ਜਿਸ ਕਿਸਮ ਨਾਲ ਮੋਬਾਇਲ ਫੋਨ ਨੇ ਉਨ੍ਹਾਂ ਵਿਚ ਵਿਗਾੜ ਲਿਆਂਦੇ ਹਨ ਇਹ ਵੱਖ ਵੱਖ ਖੋਜਾਂ ਨੇ ਵੀ ਸਿੱਧ ਕੀਤਾ ਹੈ ਕਿ ਹੁਣ ਅਸੀਂ ਵਿਦਿਆਰਥੀਆਂ ਦੀ ਰੱਖਿਆ ਕਰਾਂਗਾ।” ਇੰਗਲੈਂਡ ਦੀ ਸਾਬਕਾ ਸਿੱਖਿਆ ਸਕੱਤਰ ਗਾਵਿਨ ਬਿਲੀਅਮ ਸਨ ਨੇ ਕਿਹਾ “ਭਲਾ ਅਸੀਂ ਇਕ ਪੱਧਰ ’ਤੇ 2021 ਵਿਚ ਵਿਦਿਆਰਥੀਆਂ ਅੰਦਰ ਅਨੁਸ਼ਾਸਨ ਲਿਆਉਣ ਵਾਸਤੇ ਸਕੂਲਾਂ ਵਿਚ ਸਮਾਰਟ ਫੋਨ ਉਪਰ ਪਾਬੰਦੀ ਲਗਾ ਦਿੱਤੀ ਸੀ ਹੁਣ ਅਸੀਂ ਪੂਰੀ ਤਰ੍ਹਾਂ ਆਪਣੀਆਂ ਵਿਦਿਅਕ ਨੀਤੀਆਂ ਵਿਚ ਇਹ ਵਿਸ਼ੇਸ਼ ਜ਼ਿਕਰ ਕਰਾਂਗੇ ਕਿ ਹਰੇਕ ਸਕੂਲ ਦਾ ਪ੍ਰਿੰਸੀਪਲ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਕੂਲ ਵਿਚ ਦਾਖਲ ਹੋਣ ਵੇਲੇ ਉਨ੍ਹਾਂ ਨੂੰ ਮੋਬਾਇਲ ਬੰਦ ਕਰਵਾਏਗਾ।”

ਵੱਖ ਵੱਖ ਦੁਨੀਆ ਭਰ ਦੇ ਮੁਲਕਾਂ ਨੇ ਇਸ ਰਿਪੋਰਟ ਦੇ ਆਉਣ ਤੋਂ ਬਾਅਦ ਆਪਣੀਆਂ ਨੀਤੀਆਂ ਮੁੜ ਵਿਚਾਰਨੀਆਂ ਸ਼ੁਰੂ ਕੀਤੀਆਂ ਹਨ। ਯੂਨੈਸਕੋ ਨੇ ਵੀ ਸੁਝਾਅ ਦਿੱਤਾ ਕਿ ਵੱਖ ਵੱਖ ਦੇਸ਼ ਆਪੋ ਆਪਣੇ ਵਿਦਿਅਕ ਪ੍ਰਬੰਧਾਂ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਮਾਨਸਿਕ ਸਥਿਤੀਆਂ ਅਤੇ ਵਿਦਿਅਕ ਪ੍ਰਾਪਤੀਆਂ ਨੂੰ ਸੰਤੁਲਨ ਕਰਨ ਵਾਸਤੇ ਤਕਨਾਲੋਜੀ ਦੀ ਘੱਟ ਤੋਂ ਘੱਟ ਵਰਤੋਂ ਵੱਖ ਨੂੰ ਕਦਮ ਉਠਾਉਣ। ਸਮਾਰਟ ਫੋਨ ਸਕੂਲੀ ਪ੍ਰਬੰਧ ਵਿਚੋਂ ਪੂਰੀ ਤਰ੍ਹਾਂ ਪਰ੍ਹੇ ਕੀਤਾ ਜਾਵੇ। ਦਿੱਲੀ ਸਰਕਾਰ ਨੇ ਆਪਣੇ ਇਕ ਆਦੇਸ਼ ਰਾਹੀਂ ਇਸ ਦਿਸ਼ਾ ਵੱਲ ਕਦਮ ਪੁੱਟੇ ਹਨ।

ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਰਿਪੋਰਟ ਵਿਚੋਂ ਜੋ ਨਤੀਜੇ ਸਾਹਮਣੇ ਆਏ ਹਨ ਉਨ੍ਹਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਕੂਲਾਂ ਵਿਚੋਂ ਸਮਾਰਟ ਫੋਨ ਦੀ ਵਰਤੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚੋਂ ਤੁਰੰਤ ਬੰਦ ਕਰਨ ਵੱਲ ਨੀਤੀਯੋਗ ਫੈਸਲੇ ਲੈਣੇ ਚਾਹੀਦੇ ਹਨ। ਇਸ ਰਿਪੋਰਟ ਦੀਆਂ ਵੱਖ ਵੱਖ ਵੰਨਗੀਆਂ ਅਤੇ ਭਾਗਾਂ ਦਾ ਅਧਿਐਨ ਕਰਕੇ ਅਧਿਆਪਕ ਯੂਨੀਅਨਾਂ, ਮਾਪੇ ਅਤੇ ਹੋਰ ਸਮਾਜ ਦੇ ਵਰਗ ਸਕੂਲੀ ਸਿੱਖਿਆ ਨੂੰ ਮੁੜ ਲੀਹਾਂ ’ਤੇ ਲਿਆਉਣ ਲਈ ਸਰਕਾਰ ਅੱਗੇ ਆਵਾਜ਼ ਉਠਾਉਣ ਤਾਂ ਕਿ ਪੰਜਾਬ ਦਾ ਸਿੱਖਿਆ ਦਾ ਜੋ ਸੰਕਟ ਹੈ ਅਤੇ ਵਿਦਿਆ ਦਾ ਮਿਆਰ ਜੋ ਲਗਾਤਾਰ ਘੱਟ ਰਿਹਾ ਹੈ ਉਸ ਨੂੰ ਉਪਰ ਚੁੱਕਣ ਵਿਚ ਸਰਕਾਰ ਸਹੀ ਦਿਸ਼ਾ ਵੱਲ ਸੋਚਣਾ ਸ਼ੁਰੂ ਕਰੇ। ਦੁਨੀਆ ਭਰ ਦੇ ਮੁਲਕਾਂ ਨੇ ਅਤੇ ਉਥੋਂ ਦੇ ਸਿੱਖਿਆ ਨਾਲ ਜੁੜੇ ਅਧਿਕਾਰੀਆਂ ਅਤੇ ਵੱਖ ਵੱਖ ਸੰਸਥਾਵਾਂ ਦੇ ਨੀਤੀਕਾਰਾਂ ਨੂੰ ਤੁਰੰਤ ਅਮਲ ਕਰਨਾ ਸ਼ੁਰੂ ਕਰ ਦਿੱਤਾ ਹੈ।

ਰਿਪੋਰਟ ਨੇ ਸਪਸ਼ਟ ਦਰਜ ਕੀਤਾ ਹੈ ਕਿ ਹਰੇਕ ਮੁਲਕ ਆਪਣੇ ਸਿੱਖਿਆ ਦੇ ਟੀਚਿਆਂ ਅਤੇ ਸਿਧਾਂਤਾਂ ਵਿਚ ਇਹ ਲਾਜ਼ਮੀ ਬਣਾਵੇ ਕਿ ਵਿਦਿਆਰਥੀ ਦੇ ਵਿਅਕਤਿਤਵ ਵਿਕਾਸ ਤੋਂ ਲੈ ਕੇ ਉਸ ਦੀ ਸਿੱਖਿਆ, ਵਿਗਿਆਨਕ ਦ੍ਰਿਸ਼ਟੀ ਅਤੇ ਜੀਵਨ ਜਾਚ ਦਾ ਸਭਿਆਚਾਰ ਮਨੁੱਖੀ ਹੱਕਾਂ ਦੇ ਰੂਪ ਵਿਚ ਵਿਕਸਿਤ ਹੋਵੇ। ਕਿਉਂਕਿ ਯੂਨੈਸਕੋ ਦੇ ਕਾਰਜ ਮੁੱਖ ਤੌਰ ’ਤੇ ਹਰੇਕ ਵਰਗ ਦੇ ਬੱਚਿਆਂ ਲਈ ਗੁਣਵੱਤਾ ਅਤੇ ਬਰਾਬਰਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੇ ਹਿੱਤ ਵਿਚ ਕਾਰਜ ਕਰਨਾ ਹੈ। ਆਧੁਨਿਕ ਸਮਿਆਂ ਵਿਚ ਉਸ ਦੀ ਹੋਰ ਵੀ ਵੱਧ ਜ਼ਰੂਰਤ ਹੈ ਜਦੋਂ ਅਸੀਂ ਦੁਨੀਆ ਦੇ ਵੱਖੋ ਵੱਖਰੇ ਤਜਰਬਿਆਂ ਨੂੰ ਸਾਂਝੇ ਕਰਕੇ ਸਹੀ ਦਿਸ਼ਾ ਵੱਲ ਕਦਮ ਚੁੱਕ ਸਕਦੇ ਹਾਂ।

ਸਮਾਜਿਕ ਸਰੋਕਾਰ

# ਮਸ਼ਾਲੀ ਸੰਘਰਸ਼ ਦੀਆਂ ਪੈੜਾਂ



ਨਰਾਇਣ ਦੱਤ
84275-11770



ਲੋਕ ਇਤਿਹਾਸ ਦੇ ਪੰਨਿਆਂ ’ਤੇ ਕੁੱਝ ਵਿਲੱਖਣ ਘਟਨਾਵਾਂ ਅਜਿਹੀਆਂ ਵਾਪਰਦੀਆਂ ਹਨ, ਜਿਹੜੀਆਂ ਚਿਰ ਸਦੀਵੀ ਬਣ ਜਾਂਦੀਆਂ ਹਨ। ਉਨ੍ਹਾਂ ਪਿੱਛੇ ਕੰਮ ਕਰਦੇ ਵਿਗਿਆਨ ਨੂੰ ਸਮਝਣਾ ਜਰੂਰੀ ਹੁੰਦਾ ਹੈ। ਮਹਿਲਕਲਾਂ ਲੋਕ ਘੋਲ ਦੀ ਗੱਲ ਕਰਨੀ ਹੋਵੇ ਤਾਂ 26 ਸਾਲ ਤੋਂ ਇਹ ਲੋਕ ਘੋਲ ਵੱਖ-ਵੱਖ ਸ਼ਕਲਾਂ ਵਿੱਚੋਂ ਗੁਜਰਦਾ ਚੁਣੌਤੀਆਂ ਸੰਗ ਭਿੜਦਾ, ਅੱਗੇ ਵਧਦਾ, ਜਿੱਤਾਂ ਹਾਸਲ ਕਰਨ ਦਾ ਇੱਕ ਅਹਿਮ ਨਵੇਂ ਪੜਾਅ ਵਿੱਚ ਸ਼ਾਮਿਲ ਜਿੰਦਾ ਮਿਸਾਲ ਹੈ। ਨਾਂ ਸਿਰਫ ਜਿੰਦਾ ਮਿਸਾਲ ਸਗੋਂ ਜਬਰ ਸਮੇਤ ਹੋਰਨਾਂ ਲੋਕ ਸੰਘਰਸ਼ਾਂ ਦਾ ਪ੍ਰੇਰਨਾ ਸ੍ਰੋਤ ਬਣਿਆ ਹੋਇਆ ਹੈ। ਜਦੋਂ ਕਿਰਨਜੀਤ ਵਾਲੀ ਘਟਨਾ ਵਾਪਰੀ ਜਾਂ ਜਦੋਂ ਐਕਸ਼ਨ ਕਮੇਟੀ ਮਹਿਲਕਲਾਂ ਹੋਂਦ ਵਿੱਚ ਆਈ, ਉਸ ਸਮੇਂ ਵੀ ਪੂਰਾ ਭਵਿੱਖ ਦਾ ਨਕਸ਼ਾ ਕਿਆਸਿਆ ਨਹੀਂ ਜਾ ਸਕਦਾ ਸੀ। ਅਜਿਹਾ ਕਿਸੇ ਘਟਨਾ ਦੀ ਅਗਵਾਈ ਕਰਨ ਵਾਲੀ ਆਗੂ ਟੀਮ ਜਾਂ ਆਗੂ ਟੀਮ ਦੇ ਇੱਕ ਹਿੱਸੇ ਦੇ ਅਜਿਹੇ ਵਾਪਰਦੇ ਵਰਤਾਰਿਆਂ ਨੂੰ ਸਮਝਣ ਦੀ ਵਿਗਿਆਨਕ ਸਮਝ ਉੱਪਰ ਨਿਰਭਰ ਕਰਦਾ ਹੈ। ਆਮ ਰੂਪ ’ਚ ਅਜਿਹੀਆਂ ਘਟਨਾਵਾਂ ਵਾਪਰਨ ਮੌਕੇ ਅਗਵਾਈ ਦੇਣ ਵਾਲੇ ਆਗੂ ਵਰਤਾਰਿਆਂ ਦੀ ਤਹਿ ਤੱਕ ਜਾਕੇ ਇਸ ਨੂੰ ਘੋਖਣ, ਦੁਸ਼ਮਣ ਦਾ ਜਮਾਤੀ ਪਿਛੋਕੜ ਅਤੇ ਲੋਕਾਂ ਦੇ ਸੰਘਰਸ਼ਮਈ ਵਿਰਸੇ ਦਾ ਡੂੰਘਾਈ ਨਾਲ ਪੜਤਾਲ ਕਰਨ ਦਾ ਅਚੇਤ ਜਾਂ ਸੁਚੇਤ ਰੂਪ ’ਚ ਸੁਹਿਰਦ ਯਤਨ ਨਹੀਂ ਕਰਦੇ। ਇਸੇ ਕਰਕੇ ਜਦ ਵੀ ਸਮਾਜਿਕ ਜਬਰ ਖਾਸ ਕਰ ਔਰਤਾਂ ਖਿਲਾਫ ਜਦ ਵੀ ਘਟਨਾ ਵਾਪਰਦੀ ਹੈ ਤਾਂ ਲੋਕ ਵਕਤੀ ਤੌਰ ’ਤੇ ਇਕੱਠੇ ਹੋਕੇ ਉਸ ਘਟਨਾ ਦਾ ਵਿਰੋਧ ਕਰਦੇ ਹਨ, ਦੋਸ਼ੀਆਂ ਨੂੰ ਗ੍ਰਿਫਤਾਰ ਕਰਵਾਉਣ ਵੱਧ ਤੋਂ ਵੱਧ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੋਂ ਬਾਅਦ ਮਸਲਾ ਆਇਆ ਗਿਆ ਹੋ ਜਾਂਦਾ ਹੈ। ਇਹ ਵਕਤੀ ਪ੍ਰਾਪਤੀ ਜਰੂਰ ਹੁੰਦੀ ਹੈ ਪਰ ਭਵਿੱਖ ਵਿੱਚ ਵਾਪਰਨ ਵਾਲੇ ਅਜਿਹੇ ਵਰਤਾਰਿਆਂ ਲਈ ਰੋਕ ਨਹੀ ਬਣਦੀ।

ਬਹੁਤ ਸਾਰੀਆਂ ਘਟਨਾਵਾਂ ਵਿੱਚੋਂ ਇੱਕ ਘਟਨਾ ਦਿੱਲੀ ਦਾਮਿਨੀ ਕਾਂਡ ਵਾਲੀ ਨੋਟਕਰਨ ਯੋਗ ਹੈ, ਜਿਸ ਖਿਲ਼ਾਫ ਬਹੁਤ ਵੱਡਾ ਉਭਾਰ ਉੱਠਿਆ, ਦਿੱਲੀ ਦੇ ਰਾਈਸਿਨਾ ਹਿੱਲਜ ਤੱਕ ਵੀ ਲੋਕਾਂ ਦਾ ਹਜ਼ੂਮ ਪਹੁੰਚ ਗਿਆ। ਘਟਨਾ ਮੁਲਕ ਦੀ ਰਾਜਧਾਨੀ ਦਿੱਲੀ ਵਿੱਚ ਵਾਪਰਨ ਕਰਕੇ ਕੌਮਾਂਤਰੀ ਪੱਧਰ ’ਤੇ ਚਰਚਾ ਦਾ ਵਿਸ਼ਾ ਬਣੀ। ਮੀਡੀਆ ਵਿੱਚ ਇਸ ਵਹਿਸ਼ੀ ਕਾਰਨਾਮੇ ਦੇ ਨਾਲ-ਨਾਲ ਔਰਤਾਂ ਖਿਲਾਫ ਹੁੰਦੇ ਵਹਿਸ਼ੀ ਜ਼ਾਲਮਾਨਾਂ ਘਟਨਾਵਾਂ ਦੀ ਖ਼ੂਬ ਚਰਚਾ ਹੋਈ। ਵਰਮਾ ਕਮਿਸ਼ਨ ਬਣਿਆ, ਬਲਾਤਕਾਰ ਜਿਹੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਲਈ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਗਈਆਂ। ਫਿਰ ਵੀ ਇਹ ਘੋਲ ਔਰਤਾਂ ਉੱਤੇ ਹੁੰਦੇ ਜਬਰ ਦੇ ਅਸਲ ਕਾਰਨਾਂ ਨੂੰ ਸੰਬੋਧਿਤ ਨਹੀਂ ਹੋ ਸਕਿਆ। ਜਦਕਿ 1997 ਵਿੱਚ ਵਾਪਰੇ ਕਿਰਨਜੀਤ ਕਾਂਡ ਸਮੇਂ ਇਸ ਘੋਲ ਦੀ ਅਗਵਾਈ ਕਰਨ ਵਾਲੀ ਆਗੂ ਟੀਮ ਕੋਲ ਅਜਿਹੀ ਵਿਗਿਆਨਕ ਸੋਝੀ ਮੌਜੂਦ ਸੀ ਕਿ ਔਰਤਾਂ ਖਿਲਾਫ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਸਹਿਜ ਵਰਤਾਰਾ ਨਾਂ ਹੋਕੇ ਇਸ ਜਾਬਰ ਢਾਂਚੇ ਦੀ ਪੈਦਾਵਾਰ ਹੈ। ਜਿਸ ਕਰਕੇ ਇਸ ਲੋਕ ਘੋਲ ਨੂੰ ਸ਼ੁਰੂ ਤੋਂ ਹੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਨਾਲ-ਨਾਲ ਵਿਰੋਧਤਾਈਆਂ ਨੂੰ ਸਮਝਦਿਆਂ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਖਿਲਾਫ ਸੇਧਤ ਕੀਤਾ ਗਿਆ। ਇਹ ਜਾਣਦਿਆਂ ਹੋਇਆਂ ਕਿ ਉੱਸਰੀ ਹੋਈ ਵੱਖ-ਵੱਖ ਵਿਚਾਰਾਂ ਦੀ ਸਾਂਝ ਨੂੰ ਘੋਲ ਨੂੰ ਵਿਸ਼ਾਲ ਬਨਾਉਣ ਦੇ ਨੁਕਤਾਨਜਰ ਪੱਖੋਂ ਬਰਕਰਾਰ ਵੀ ਰੱਖਣਾ ਹੈ ਅਤੇ ਘੋਲ ਨੂੰ ਸਹੀ ਨਿਸ਼ਾਨੇ ਵੱਲ ਸੇਧਤ ਕਰਦਿਆਂ ਅੱਗੇ ਵੀ ਵਧਾਉਣਾ ਹੈ। ਵੱਡੇ ਨਿਸ਼ਾਨੇ ਦੀ ਪ੍ਰਾਪਤੀ ਲਈ ਲੜੇ ਜਾਂਦੇ ਸਾਂਝੇ ਘੋਲਾਂ ਵਿੱਚ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਸੁਭਾਵਿਕ ਹੈ।

ਮਹਿਲਕਲਾਂ ਲੋਕ ਘੋਲ ਦੇ ਆਗੂਆਂ ਖਿਲ਼ਾਫ ਝੂਠਾ ਪਰਚਾ ਦਰਜ ਹੋਣ ਤੋਂ ਲੈਕੇ ਮਹਿਲਕਲਾਂ ਲੋਕ ਘੋਲ ਦੇ ਇੱਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਤੱਕ ਦੇ ਅਮਲ ਅੰਦਰ ਅਨੇਕਾਂ ਉਮਰ ਕੈਦ ਵਰਗੀਆਂ ਸਜ਼ਾਵਾਂ ਤੱਕ ਦੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਪਰ ‘ਜਬਰ ਅਤੇ ਟਾਕਰੇ’ ਦੀ ਦਰੁੱਸਤ ਬੁਨਿਆਦ ਰਾਹੀਂ ਇਨ੍ਹਾਂ ਚੁਣੌਤੀਆਂ ਦਾ ਟਾਕਰਾ ਕਰਦਿਆਂ ਇਸ ਲੋਕ ਘੋਲ ਨੇ ਨਵੇਂ ਇਤਿਹਾਸਕ ਕੀਰਤੀਮਾਨ ਸਥਾਪਿਤ ਕੀਤੇ। ਇਹ ਲੋਕ ਘੋਲ ਪੰਜਾਬ ਸਮੇਤ ਮੁਲਕ ਅੰਦਰ ਜਬਰ ਖਾਸ ਕਰ ਔਰਤਾਂ ਖਿਲਾਫ ਹੁੰਦੇ ਜੁਲਮਾਂ ਖਿਲਾਫ ਜੂਝਣ ਲਈ ਪ੍ਰੇਰਨਾ ਸ੍ਰੋਤ ਬਣਿਆ ਹੋਇਆ ਹੈ। ਇਤਿਹਾਸਕ

(ਸਫ਼ਾ 18 ਦੀ ਬਾਕੀ)

# ਇਨਕਲਾਬੀ ਮਹਿਕਾਂ ਵੰਡਦੇ ਸਤਵਰਗ ਦੀਆਂ ਅਮਿੱਟ ਪੈੜਾਂ

ਬੂਟਾ ਸਿੰਘ ਮਹਿਮੂਦਪੁਰ
94634-74342



26 ਅਗਸਤ ਨੂੰ ਇਨਕਲਾਬੀ ਕਲਮਕਾਰ ਅਤੇ ਉੱਘੇ ਕਮਿਊਨਿਸਟ ਆਗੂ ਬਾਰੂ ਸਤਵਰਗ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਸਾਢੇ ਸੱਤ ਦਹਾਕੇ ਲੰਮੀ ਜ਼ਿੰਦਗੀ ਆਪਣੇ ਆਪ ਵਿਚ ਇਕ ਇਤਿਹਾਸ ਹੈ - ਦੱਬੇ-ਕੁਚਲੇ ਕਿਰਤੀ ਪਰਿਵਾਰ ਦੇ ਜਾਏ ਦੇ ਰੋਜ਼ੀ-ਰੋਟੀ ਲਈ ਸੰਘਰਸ਼ ਦਾ, ਇਨਕਲਾਬੀ ਸਾਹਿਤ ਦੀ ਸਿਰਜਣਾ ਦਾ ਅਤੇ ਮਲਕ ਭਾਗੋਆਂ ਦੀ ਥੋਪੀ ਨਾਬਰਾਬਰੀ, ਬੇਰਹਿਮ ਲੁੱਟਖਸੁੱਟ ਤੇ ਦਾਬੇ ਤੋਂ ਭਾਈ ਲਾਲੋਆਂ ਦੀ ਮੁਕਤੀ ਲਈ ਸੰਘਰਸ਼ਾਂ ਦਾ ਇਤਿਹਾਸ। 13 ਅਕਤੂਬਰ 1945 ਨੂੰ ਕਿਰਤੀ ਪਰਿਵਾਰ ’ਚ ਜਨਮੇ ਬਾਰੂ ਬੇਹੱਦ ਮੁਸ਼ਕਲ ਹਾਲਾਤ ਨਾਲ ਮੱਥਾ ਲਾਉਂਦਿਆਂ ਜੇ.ਬੀ.ਟੀ. ਕਰਕੇ ਅਧਿਆਪਕ ਲੱਗ ਗਏ। ਨੌਕਰੀ ਦੀ ਸਹੂਲਤ ਵਾਲੀ ਜ਼ਿੰਦਗੀ ਜਿਊਣ ਦੀ ਬਜਾਏ ਉਨ੍ਹਾਂ ਨੇ ਅਧਿਆਪਨ ਦੇ ਨਾਲ-ਨਾਲ ਸਮਾਜ ਦੇ ਸਭ ਤੋਂ ਦੱਬੇ-ਕੁਚਲੇ ਲੋਕਾਂ ਦੇ ਭਵਿੱਖ ਨੂੰ ਸੰਵਾਰਨ ਲਈ ਸੱਤਾ ਨਾਲ ਮੱਥਾ ਲਾਉਣ ਦਾ ਬਿਖੜਾ ਰਾਹ ਚੁਣਿਆ, ਆਪਣੀ ਕਰਮਭੂਮੀ ਦਲਿਤ ਵਿਹੜਿਆਂ ਨੂੰ ਬਣਾਇਆ ਅਤੇ ਤਾਉਮਰ ਇਸ ਲੰਮੇਰੇ ਪੰਧ ਦੇ ਅਡੋਲ ਪਾਂਧੀ ਬਣ ਕੇ ਨਿਭੇ।

ਬਾਰੂ ਸਤਵਰਗ ਪਿੰਡ ਰਾਇਪੁਰ (ਜ਼ਿਲ੍ਹਾ ਮਾਨਸਾ) ਦੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਸਨ ਜਦੋਂ 1970ਵਿਆਂ ਦੇ ਸ਼ੁਰੂ ’ਚ ਇਸੇ ਪਿੰਡ ਦੇ ਦੋ ਨੌਜਵਾਨਾਂ ਸਮੇਤ ਪੰਜ ਨਕਸਲੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ’ਚ ਮਾਰਿਆ ਗਿਆ। ਰਾਜਕੀ ਦਹਿਸ਼ਤਵਾਦ ਨਾਲ ਟਕਰਾ ਰਹੇ ਨਕਸਲੀ ਇਨਕਲਾਬੀਆਂ ਦੇ ਜਾਂਬਾਜ਼ ਕਾਰਨਾਮਿਆਂ ਦੀ ਚਰਚਾ ਨੇ ਜਿਗਿਆਸੂ ਨੌਜਵਾਨ ਦੇ ਮਨ ਵਿਚ ਨਕਸਲੀ ਲਹਿਰ ਨੂੰ ਸਮਝਣ ਦੀ ਉਤਸੁਕਤਾ ਪੈਦਾ ਕੀਤੀ। ਉਨ੍ਹਾਂ ਨੇ ਇਨਕਲਾਬੀ ਸਾਹਿਤ ਪੜ੍ਹਨਾ ਸ਼ੁਰੂ ਕੀਤਾ ਤੇ ਨਕਸਲੀ ਸਿਆਸਤ ਉਨ੍ਹਾਂ ਦੀ ਜ਼ਿੰਦਗੀ ਦਾ ਰਾਹ-ਦਸੇਰਾ ਬਣ ਗਈ। ਇਹ ਕੁਰਬਾਨੀਆਂ, ਸ਼ਹਾਦਤਾਂ ਅਤੇ ਜੁਝਾਰੂ ਸਾਹਿਤ ਦੀ ਸਿਰਜਣਾ ਜੋਸ਼ੀਲਾ ਦਾ ਦੌਰ ਸੀ। ਸੰਤ ਰਾਮ ਉਦਾਸੀ ਵਰਗੇ ਜੁਝਾਰੂ ਕਵੀਆਂ ਦੇ ਵਿ?ਰਦੋਹੀ ਬੋਲ ਪੰਜਾਬ ਦੀ ਫ਼ਿਜ਼ਾ ’ਚ ਗੂੰਜ ਰਹੇ ਸਨ। ਬਾਰੂ ਦਾ ਸੰਵੇਦਨਸ਼ੀਲ ਮਨ ਇਸ ਤੋਂ ਕਿਵੇਂ ਅਣਭਿੱਜ ਰਹਿ ਸਕਦਾ ਸੀ। ਉਹ ਸੰਘਰਸ਼ ਅਤੇ ਕਲਮ ਦੋਹਾਂ ਮੁਹਾਜ਼ਾਂ ’ਤੇ ਸਰਗਰਮ ਹੋ ਗਏ। ਇਨਕਲਾਬੀ ਵਲਵਲੇ ਕਵਿਤਾ ਤੇ ਲੇਖਾਂ ਦਾ ਰੂਪ ਅਖ਼ਤਿਆਰ ਕਰਨ ਲੱਗੇ। ਬਾਬਾ ਬੂਝਾ ਸਿੰਘ ਦੇ ਸਿਧਾਂਤਕ ਸਕੂਲਾਂ ਨੇ ਉਨ੍ਹਾਂ ਦੇ ਜਮਾਤੀ ਨਜ਼ਰੀਏ ਨੂੰ ਸਾਣ ’ਤੇ ਲਾਇਆ। ਆਪਣੇ ਸਾਥੀਆਂ ਨਾਲ ਮਿਲ ਕੇ ਉਨ੍ਹਾਂ ਨੇ ਪਹਿਲਾਂ ‘ਕਿਰਤੀ ਕਿੱਸਾ’ ਤੇ ਫਿਰ ‘ਕਿਰਤੀ ਯੁਗ’ ਰਸਾਲੇ ਕੱਢਣੇ ਸ਼ੁਰੂ ਕੀਤੇ। ਬਾਰੂ ਸਤਵਰਗ, ਸੁਰਜੀਤ ਅਰਮਾਨੀ ਅਤੇ ਬੋਘੜ ਸਿੰਘ ਜੇਲ੍ਹ ’ਚ ਡੱਕ ਦਿੱਤੇ ਗਏ। ਬਠਿੰਡਾ ਅਤੇ ਫ਼ਿਰੋਜ਼ਪੁਰ ਦੀਆਂ ਜੇਲ੍ਹਾਂ ’ਚ ਬੰਦ ਪ੍ਰੋਫੈਸਰ ਸੋਹੀ, ਦੇਵਾ ਸਿੰਘ ਮਾਹਲਾ, ਅਮਰ ਸਿੰਘ ਅੱਚਰਵਾਲ, ਸੁਰਜੀਤ ਘੋਲੀਆ ਆਦਿ ਉੱਘੇ ਕਮਿਊਨਿਸਟ ਆਗੂਆਂ ਨਾਲ ਵਿਚਰਕੇ ਉਨ੍ਹਾਂ ਨੂੰ ਕਮਿਊਨਿਸਟ ਵਿਚਾਰਧਾਰਾ ਤੇ ਮਾਰਕਸਵਾਦੀ ਸਿਧਾਂਤ ਨੂੰ ਗਹਿਰਾਈ ’ਚ ਸਮਝਣ ਦਾ ਮੌਕਾ ਮਿਲਿਆ। ਜੇਲ੍ਹ ਜ਼ਿੰਦਗੀ ਨੇ ਉਨ੍ਹਾਂ ਦੀ ਨਿਹਚਾ ਤੇ ਵਚਨਬੱਧਤਾ ਨੂੰ ਹੋਰ ਵੀ ਦਿ?ਰੜ ਕਰ ਦਿੱਤਾ।

ਇਸ ਤੋਂ ਅੱਗੇ ਚੱਲ ਸੋ ਚੱਲ, ਉਹ ਸਾਹਿਤਿਕ ਸਭਾਵਾਂ ਤੇ ਲੋਕ ਜਥੇਬੰਦੀਆਂ ਬਣਾਉਣ ਅਤੇ ਜਥੇਬੰਦੀਆਂ ਨੂੰ ਚਲਾਉਣ ਤੇ ਅਗਵਾਈ ਦੇਣ ਦੇ ਅਣਥੱਕ ਕੰਮ ’ਚ ਜੁੱਟ ਗਏ। ਅਪ੍ਰੈਲ 1981 ’ਚ ਉਨ੍ਹਾਂ ਨੇ ਸਥਾਪਤੀ ਪੱਖੀ ਕਲਮਕਾਰਾਂ ਨਾਲੋਂ ਨਿਖੇੜੇ ਦੀ ਸਿੱਧੀ ਲਕੀਰ ਖਿੱਚਦਿਆਂ ਭਾਜੀ ਗੁਰਸ਼ਰਨ ਸਿੰਘ, ਦੇਵਾ ਸਿੰਘ ਮਾਹਲਾ, ਸੰਤੋਖ ਸਿੰਘ ਬਾਜਵਾ, ਡਾ. ਸਾਧੂ ਸਿੰਘ ਨਾਲ ਮਿਲ ਕੇ ‘ਕ੍ਰਾਂਤੀਕਾਰੀ ਸਾਹਿਤ ਸਭਾ’ ਬਣਾਈ ਅਤੇ ਵੱਖ-ਵੱਖ ਸਮੇਂ ਇਸ ਦੇ ਪ੍ਰਧਾਨ ਤੇ ਸਕੱਤਰ ਰਹੇ। ਪ੍ਰੋਫੈਸਰ ਵਰਾਵਰਾ ਰਾਓ, ਗ਼ਦਰ ਤੇ ਹੋਰ ਇਨਕਲਾਬੀ ਬੁੱਧੀਜੀਵੀਆਂ ਵੱਲੋਂ ਆਲ ਇੰਡੀਆ ਲੀਗ ਫਾਰ ਰੈਵੋਲੂਸ਼ਨਰੀ ਕਲਚਰ ਬਣਾਏ ਜਾਣ ’ਤੇ ਉਨ੍ਹਾਂ ਨੇ ਪਹਿਲਕਦਮੀਂ ਕਰਕੇ ਕ੍ਰਾਂਤੀਕਾਰੀ ਸਾਹਿਤ ਸਭਾ ਨੂੰ ਆਲ ਇੰਡੀਆ ਮੰਚ ਨਾਲ ਜੋੜਿਆ। ਉਹ ਲੀਗ ਦੀਆਂ ਦੇਸ਼ਵਿਆਪੀ ਸਰਗਰਮੀਆਂ ਦਾ ਹਿੱਸਾ ਬਣੇ ਅਤੇ ਵੱਖ-ਵੱਖ ਰਾਜਾਂ ਵਿਚ ਜਾ ਕੇ ਮੀਟਿੰਗਾਂ, ਸੈਮੀਨਾਰਾਂ, ਗੋਸ਼ਟੀਆਂ ਤੇ ਸੱਭਿਆਚਾਰਕ ਸਮਾਗਮਾਂ ’ਚ ਯੋਗਦਾਨ ਪਾਉਂਦੇ ਰਹੇ। ਉਨ੍ਹਾਂ ਦੀ ਅਗਵਾਈ ਹੇਠ ਪਿੰਡਾਂ ਦੇ ਕਿਰਤੀਆਂ ਦੀ ਜਥੇਬੰਦੀ ਕਿਰਤੀ ਮਜ਼ਦੂਰ ਯੂਨੀਅਨ ਬਣਾਈ ਗਈ ਜਿਸ ਨੇ ਭਾਰਤ ਵਿਚ ਸਮਾਜੀ ਤਬਦੀਲੀ ਅੰਦਰ ਜਾਤਪਾਤ ਵਿਰੁੱਧ ਲੜਾਈ ਦੇ ਮਹੱਤਵ ਅਤੇ ਕਿਰਤੀਆਂ ਦੇ ਮਸਲਿਆਂ ਨੂੰ ਲੈ ਕੇ ਜ਼ੋਰਦਾਰ ਸਰਗਰਮੀਆਂ ਕੀਤੀਆਂ। ਉਹ ਪੰਜਾਬ ਤੇ ਦੇਸ਼ ਦੇ ਜਮਹੂਰੀ ਮਸਲਿਆਂ ਉੱਪਰ ਸੰਘਰਸ਼ ਲਈ ਜਮਹੂਰੀ ਮੋਰਚਾ ਬਣਾਏ ਜਾਣ ਵਾਲੇ ਮੋਢੀਆਂ ’ਚ ਸ਼ੁਮਾਰ ਸਨ।

ਕਲਮ ਦੇ ਮੋਰਚੇ ’ਤੇ ਉਨ੍ਹਾਂ ਨੇ ਸਾਹਿਤ ਸਿਰਜਣਾ ਨੂੰ ਇਨਕਲਾਬੀ ਜਮਾਤੀ ਚੇਤਨਾ ਦੇਣ ਦਾ ਹਥਿਆਰ ਬਣਾਉਂਦਿਆਂ ਪੰਜ ਨਾਵਲ ਤੇ ਇਕ ਨਾਟਕ-ਸੰਗ੍ਰਹਿ ਪੰਜਾਬੀ ਬੋਲੀ ਦੀ ਝੋਲੀ ਪਾਏ ਅਤੇ ਬਹੁਤ ਸਾਰੀਆਂ ਕਵਿਤਾਵਾਂ ਤੇ ਗੀਤ ਵੀ ਲਿਖੇ। ਉਨ੍ਹਾਂ ਦੇ ਨਾਵਲਾਂ ਦੇ ਸਜਿੰਦ ਪਾਤਰ ਸਿੱਧੇ-ਸਾਦੇ ਕਿਰਤੀ ਲੋਕ ਅਤੇ ਲੋਕ-ਮੁਕਤੀ ਲਈ ਜੂਝਦੇ ਇਨਕਲਾਬੀ ਹਨ। ਕਿਰਤੀ ਕਿੱਸਾ ਤੇ ਕੰਮ ਕਰਦਿਆਂ ਸਾਹਿਤ-ਆਲੋਚਨਾ ਅਤੇ ਸਿਧਾਂਤਕ ਤੇ ਰਾਜਨੀਤਕ ਲੇਖਾਂ ਰਾਹੀਂ ਉਨ੍ਹਾਂ ਨੇ ਸਿਧਾਂਤਕ ਬਹਿਸ-ਮੁਬਾਸੇ ਤੇ ਇਨਕਲਾਬੀ ਪ੍ਰਕਾਸ਼ਨਾ ’ਚ ਵੱਡਮੁੱਲਾ ਯੋਗਦਾਨ ਦਿੱਤਾ। ਮਾਰਕਸਵਾਦੀ ਫ਼ਲਸਫ਼ੇ ਨੂੰ ਰੱਦ ਕਰਨ ਵਾਲੇ ਭਟਕਾਵਾਂ ਵਿਰੁੱਧ ਡੱਟਵਾਂ ਸਟੈਂਡ ਉਨ੍ਹਾਂ ਦੀ ਪ੍ਰਪੱਕ ਸਿਧਾਂਤਕ ਸੂਝ ਦਾ ਪ੍ਰਮਾਣ ਹੈ।

ਉਹ ਕਮਿਊਨਿਸਟ ਵਿਚਾਰਧਾਰਾ ਅਨੁਸਾਰ ਇਨਕਲਾਬੀ ਕਾਰਕੁਨਾਂ ਦੀ ਜਮਾਤੀ ਕਾਇਆਪਲਟੀ ਉੱਪਰ ਵਿਸ਼ੇਸ਼ ਜ਼ੋਰ ਦਿੰਦੇ ਸਨ ਅਤੇ ਇਸੇ ਕਾਇਆਪਲਟੀ ’ਚ ਢਲੀ ਉਨ੍ਹਾਂ ਦੀ ਆਪਣੀ ਸਾਦਗੀ ਭਰੀ ਤਰਜ਼ੇ-ਜ਼ਿੰਦਗੀ ਕਹਿਣੀ ਤੇ ਕਰਨੀ ਦੇ ਸੁਮੇਲ ਦਾ ਮੁਜੱਸਮਾ ਸੀ। ਇਸ ਦਾ ਗੂੜ੍ਹਾ ਪ੍ਰਭਾਵ ਖ਼ਾਸ ਕਰਕੇ ਉਨ੍ਹਾਂ ਦੀਆਂ ਧੀਆਂ ਦੀ ਸੋਚ ’ਚ ਉੱਘੜਵੇਂ ਰੂਪ ’ਚ ਝਲਕਦਾ ਹੈ ਜਿਨ੍ਹਾਂ ਨੇ ਹਰ ਤਰ੍ਹਾਂ ਦੀਆਂ ਫਜ਼ੂਲ ਰਸਮਾਂ ਨੂੰ ਤਿਆਗ ਕੇ ਤੇ ਅਗਾਂਹਵਧੂ ਤਰੀਕੇ ਨਾਲ ਆਪਣੇ ਬਾਬਲ ਨੂੰ ਅੰਤਮ ਵਿਦਾਇਗੀ ਦੇ ਕੇ ਨਿਵੇਕਲੀ ਮਿਸਾਲ ਕਾਇਮ ਕੀਤੀ। ਕਹਿਣੀ ਤੇ ਕਰਨੀ ਦੇ ਅਜਿਹੇ ਸੁਮੇਲ ਦੇ ਵਿਰਲੀਆਂ ਮਿਸਾਲਾਂ ਹੀ ਮਿਲਦੀਆਂ ਹਨ।

ਉਨ੍ਹਾਂ ਦੀ ਇਨਕਲਾਬੀ ਘਾਲਣਾ ਨੂੰ ਸਲਾਮ ਕਰਨ ਲਈ 1 ਸਤੰਬਰ ਨੂੰ ਪਿੰਡ ਮਹਿਰਾਜ ਵਿਖੇ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ ਵੱਖ-ਵੱਖ ਇਨਕਲਾਬੀ ਜਮਹੂਰੀ ਜਥੇਬੰਦੀਆਂ, ਸੰਗੀ-ਸਾਥੀਆਂ ਅਤੇ ਹੋਰ ਲੋਕਾਂ ਨੇ ਸ਼ਾਮਿਲ ਹੋਏ।

ਕੰਮੀਆਂ ਦੇ ਵਿਹੜਿਆਂ ਦਾ ‘ਸਤਵਰਗ’ ਬੇਸ਼ੱਕ ਜਿਸਮਾਨੀ ਤੌਰ ’ਤੇ ਸਦੀਵੀ ਵਿਛੋੜਾ ਦੇ ਗਿਆ ਪਰ ਉਸ ਦੀ ਸੋਚ ਅਤੇ ਕਰਮਯੋਗੀ ਸ਼ਖ਼ਸੀਅਤ ਦੀ ਮਹਿਕ ਕਦੇ ਨਹੀਂ ਮਰੇਗੀ।



# ਮੋਦੀ ਸਰਕਾਰ ਦੀ ਕਾਰਗੁਜ਼ਾਰੀ ਦੇ ਅੰਗ-ਸੰਗ

**ਡਾ. ਕੇਸਰ ਸਿੰਘ ਭੰਗੂ**
**9815427127**




***ਜਿਸ ਕਿਸਮ ਦੀ ਗੈਰਬਰਾਬਰਤਾ ਅਤੇ ਆਰਥਿਕ ਤੌਰ 'ਤੇ ਸੰਕਟਗ੍ਰਸਤ ਭਾਰਤ ਮੋਦੀ ਦੌਰ ਵਿਚ ਹੋਇਆ ਹੈ ਭਵਿੱਖ ਇਸ ਦੇ ਉਭਰਨ ਦੀਆਂ ਸੰਭਾਵਨਾਵਾਂ ਦਿਨ ਬ ਦਿਨ ਘਟਦੀਆਂ ਜਾ ਰਹੀਆਂ ਹਨ ਕਿਉਂਕਿ ਜਿਸ ਕਿਸਮ ਨਾਲ ਸੱਜੇਪੱਖੀ ਅਤੇ ਕਾਰਪੋਰੇਟ ਘਰਾਣੇ ਇਸ ਦੌਰ ਵਿਚ ਵਧੇ ਫੁੱਲੇ ਹਨ ਅਤੇ ਵੱਖ ਵੱਖ ਖੇਤਰੀ ਅਦਾਰੇ ਅਤੇ ਸਰਕਾਰਾਂ ਸੰਕਟਗ੍ਰਸਤ ਹੋਈਆਂ ਹਨ, ਉਸ ਨੂੰ ਤੱਥਾਂ ਸਹਿਤ ਦੇਖਣਾ ਅਤੇ ਸਮਝਣਾ ਸਮੇਂ ਦੀ ਅਣਸਰਦੀ ਲੋੜ ਹੈ। - ਸੰਪਾਦਕ***

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਲਗਾਤਾਰ 10ਵੀਂ ਵਾਰ ਲਾਲ ਕਿਲ੍ਹੇ ਤੋਂ ਦੇਸ਼ ਦਾ ਕੌਮੀ ਝੰਡਾ ਲਹਿਰਾਇਆ ਹੈ ਅਤੇ ਇਹ ਐਲਾਨ ਵੀ ਕੀਤਾ ਹੈ ਕਿ ਉਹ ਅਗਲੇ ਸਾਲ ਫੇਰ ਆਜ਼ਾਦੀ ਦਿਹਾੜੇ ਤੇ ਲਾਲ ਕਿਲ੍ਹੇ ਤੋਂ ਕੌਮੀ ਝੰਡਾ ਲਹਿਰਾਉਣਗੇ। ਇਸ ਦਾ ਸਿੱਧਾ ਤੇ ਸਪੱਸ਼ਟ ਮਤਲਬ ਹੈ ਕਿ ਉਹਨਾਂ ਨੂੰ ਪੱਕੀ ਉਮੀਦ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇੱਕ ਵਾਰ ਫੇਰ ਤੋਂ ਪ੍ਰਧਾਨ ਮੰਤਰੀ ਬਣਨਗੇ। ਕੇਂਦਰ ਦੀ ਸਰਕਾਰ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਲਗਭਗ ਆਪਣੀਆ ਦੋ ਟਰਮਾਂ (10 ਸਾਲ ) ਪੂਰੀਆਂ ਕਰ ਲਈਆ ਹਨ । ਹੁਣ ਇਸ ਸਰਕਾਰ ਦੀ ਦੋ ਟਰਮਾਂ ਦੀ ਕਾਰਗੁਜ਼ਾਰੀ ਤੇ ਨਿਗਾਹ ਮਾਰੀ ਜਾ ਸਕਦੀ ਹੈ। ਸਰਕਾਰ ਵੱਲੋਂ ਆਪਣਾ ਕੰਮ ਕਾਜ਼ ਸੰਭਾਲਣ ਤੋਂ ਦੋ ਤਿੰਨ ਸਾਲਾਂ ਬਾਅਦ ਹੀ ਭਾਰਤ ਦੀ ਅਰਥ-ਵਿਵਸਥਾ ਲਗਾਤਾਰ ਗਿਰਾਵਟ ਵੱਲ ਜਾਂਦੀ ਦਿੱਸਣ ਲੱਗ ਪਈ ਸੀ ਕਿਉਂਕਿ ਕਿ ਲਗਭਗ ਸਾਰੇ ਹੀ ਮਹੱਤਵਪੂਰਨ ਆਰਥਿਕਤਾ ਦੇ ਸੂਚਕ ਜਿਵੇਂ ਕਿ ਆਰਥਿਕ ਵਿਕਾਸ ਦਰ, ਪ੍ਰਤੀ ਵਿਅਕਤੀ ਆਮਦਨ ਦਰ, ਬੇਰੁਜ਼ਗਾਰੀ ਦੀ ਦਰ, ਮਹਿੰਗਾਈ ਦੀ ਦਰ, ਗ਼ਰੀਬੀ ਦੀ ਸਥਿਤੀ ਆਦਿ, ਨੀਵੇਂ ਪੱਧਰ ਤੇ ਆ ਗਏ ਹਨ। ਅਜਿਹਾ ਹੋਣ ਵਿੱਚ ਕਿਸੇ ਵੀ ਬਾਹਰੀ ਅਤੇ ਅੰਤਰਰਾਸ਼ਟਰੀ ਨੀਤੀਆਂ ਅਤੇ ਕਾਰਕਾਂ ਦਾ ਰੋਲ ਨਹੀਂ ਹੈ ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਸਥਿਤੀ ਲਈ ਸਰਕਾਰ ਦੀਆਂ ਨੀਤੀਆਂ ਹੀ ਜ਼ਿਮੇਂਦਾਰ ਹਨ। ਭਾਵੇਂ ਕਿ ਕੇਂਦਰ ਸਰਕਾਰ ਨੇ ਪਿਛਲੇ ਦੱਸ ਸਾਲਾਂ ਵਿਚ ਬਹੁਤ ਸਾਰੀਆਂ ਆਰਥਿਕ ਨੀਤੀਆਂ ਵਿੱਚ ਬਦਲਾਅ ਕੀਤੇ ਹਨ, ਜਿਵੇਂ ਕਿ ਯੋਜਨਾ ਕਮਿਸ਼ਨ ਨੂੰ ਤੋੜ ਕੇ ਨੀਤੀ ਆਯੋਗ ਬਣਾਉਣਾ, ਸਰਕਾਰੀ ਅਦਾਰਿਆਂ ਦਾ ਧੂੰਆਂ ਧਾਰ ਤਰੀਕੇ ਨਾਲ ਨਿੱਜੀਕਰਨ ਕਰਨਾ, ਮੁਦਰਾ ਨੀਤੀ, ਰਾਜਕੋਸੀ ਨੀਤੀ, 2016 ਵਿੱਚ ਨੋਟਬੰਦੀ, 2017 ਗੁਡਜ਼ ਅਤੇ ਸਰਵਿਸ ਟੈਕਸ ਅਤੇ ਹੋਰ ਬਹੁਤ ਸਾਰੀਆਂ ਆਰਥਿਕ ਅਤੇ ਸਮਾਜਿਕ ਕਲਿਆਣ ਲਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਸਨ।

ਮੌਜੂਦਾ ਸਰਕਾਰ ਨੇ ਪਿਛਲੀ ਸਰਕਾਰ ਤੋਂ ਵਿਰਸੇ ਵਿੱਚ ਵਿੱਤੀ ਸਾਲ 2014-15 ਦੌਰਾਨ ਚੰਗੀ ਆਰਥਿਕ ਹਾਲਤ ਵਿੱਚ ਅਰਥ-ਵਿਵਸਥਾ ਨੂੰ ਸੰਭਾਲਿਆ ਸੀ ਕਿਉਂਕਿ ਇਸ ਵਿੱਤੀ ਸਾਲ ਦੌਰਾਨ ਕੁੱਲ ਘਰੇਲੂ ਉਤਪਾਦ ਦੇ ਵਿਕਾਸ ਦਰ 7.4 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੀ ਦਰ 6.2 ਪ੍ਰਤੀਸ਼ਤ ਸੀ। ਸਰਕਾਰ ਦੇ ਕੰਮਕਾਜ ਸੰਭਾਲਣ ਦੇ ਤਿੰਨ ਮਹੀਨਿਆਂ ਬਾਅਦ ਭਾਵ ਅਗਸਤ 2014 ਵਿੱਚ ਦੁਨੀਆਂ ਭਰ ਵਿੱਚ ਕੱਚੇ ਤੇਲ ਦੀਆਂ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਵਿੱਚ ਭਾਰੀ ਇਤਿਹਾਸਕ ਗਿਰਾਵਟ ਆਈ ਜਿਸ ਨੇ ਪਹਿਲਾਂ ਤੋਂ ਹੀ ਚੰਗੀ ਆਰਥਿਕ ਤਰੱਕੀ ਕਰ ਰਹੀ ਭਾਰਤ ਦੀ ਅਰਥ-ਵਿਵਸਥਾ ਨੂੰ ਹੋਰ ਮਜ਼ਬੂਤ ਕੀਤਾ ਕਿਉਂਕਿ ਨਤੀਜੇ ਵਜੋਂ ਵਿੱਤੀ ਸਾਲ 2016-17 ਵਿੱਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿੱਚ 8.3 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਦਰ ਵਿੱਚ 6.9 ਪ੍ਰਤੀਸ਼ਤ ਦਾ ਵਾਧਾ ਦਰਜ਼ ਕੀਤਾ ਗਿਆ। ਇਸ ਤੋਂ ਅਗਲੇ ਸਾਲਾਂ ਵਿੱਚ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਦੀ ਦਰ ਘੱਟ ਹੋ ਗਈ।

ਇਹ ਵੀ ਸੱਚ ਹੈ ਕਿ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ 2014-15 ਤੋਂ ਹੁਣ ਤੱਕ ਦੋਗੁਣਾ ਹੋ ਗਈ ਹੈ । ਪ੍ਰਚੱਲਤ ਕੀਮਤਾਂ ਤੇ 2014-15 ਵਿੱਚ ਪ੍ਰਤੀ ਵਿਅਕਤੀ ਆਮਦਨ 86,647 ਰੁਪਏ ਸੀ ਜਿਹੜੀ ਕਿ ਹੁਣ 98 ਪ੍ਰਤੀਸ਼ਤ ਤੋਂ ਵੱਧ ਵਾਧੇ ਨਾਲ 1,72,000 ਰੁਪਏ ਹੋ ਗਈ ਹੈ। ਇਥੇ ਸਪੱਸ਼ਟ ਕਰਨਾ ਬਣਦਾ ਹੈ ਕਿ ਜਦੋਂ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦਾ ਮੁਕਾਬਲਤਨ ਅਧਿਐਨ ਪ੍ਰਚੱਲਤ ਕੀਮਤਾਂ ਅਨੁਸਾਰ ਕੀਤਾ ਜਾਂਦਾ ਹੈ ਤਾਂ ਸਹੀ ਤਸਵੀਰ ਪੇਸ਼ ਨਹੀਂ ਕਰਦੀ ਕਿਉਂਕਿ ਇਸ ਵਿੱਚ ਮੁਦਰਾ ਸਫੀਤੀ/ਮਹਿਗਾਈ ਵੀ ਸ਼ਾਮਲ ਹੁੰਦੀ ਹੈ ਇਸ ਲਈ ਅਸਲ ਸਥਿਤੀ ਉਦੋਂ ਹੀ ਸਾਹਮਣੇ ਆਉਂਦੀ ਹੈ ਜਦੋਂ ਇਹਨਾਂ ਦਾ ਮੁਕਾਬਲਤਨ ਅਧਿਐਨ ਸਥਿਰ ਕੀਮਤਾਂ ਤੇ ਕੀਤਾ ਜਾਵੇ। ਅਸਲ ਵਿੱਚ 2011-12 ਦੀਆਂ ਸਥਿਰ ਕੀਮਤਾਂ ਦੇ ਹਿਸਾਬ ਨਾਲ ਇਹ ਵਾਧਾ 98 ਪ੍ਰਤੀਸ਼ਤ ਤੋਂ ਵੱਧ ਨਾ ਹੋ ਕੇ ਕੇਵਲ 35 ਪ੍ਰਤੀਸ਼ਤ ਦੇ ਨੇੜੇ ਹੀ ਸੀ ਕਿਉਂਕਿ 2014-15 ਵਿੱਚ ਸਥਿਰ ਕੀਮਤਾਂ ਅਨੁਸਾਰ ਪ੍ਰਤੀ ਵਿਅਕਤੀ ਆਮਦਨ 72805 ਰੁਪਏ ਤੋਂ ਵੱਧ ਕੇ 2022-23 ਵਿੱਚ 98,118 ਰੁਪਏ ਹੋ ਗਈ ਹੈ। ਪਰ ਜੇਕਰ ਇਸ ਤੋਂ ਪਹਿਲਾਂ ਦੇ 10 ਸਾਲਾਂ ਵਿੱਚ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਨੂੰ ਵੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੇ ਮਾਮਲੇ ਵਿੱਚ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਅੱਛੀ ਨਹੀਂ ਰਹੀ। ਕਿਉਂਕਿ ਕਿ ਕਾਂਗਰਸ ਦੀ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਸਮੇਂ 10 ਸਾਲਾਂ ਵਿੱਚ ਇਹ ਵਾਧਾ ਪ੍ਰਚੱਲਤ ਕੀਮਤਾਂ ਤੇ 157 ਪ੍ਰਤੀਸ਼ਤ ਸੀ ਭਾਵ 2006-07 ਵਿੱਚ ਪ੍ਰਤੀ ਵਿਅਕਤੀ ਆਮਦਨ 33,717 ਰੁਪਏ ਤੋਂ ਵੱਧ ਕੇ 2014-15 ਵਿੱਚ 86,647 ਰੁਪਏ ਹੋ ਗਈ ਸੀ। ਇਸੇ ਸਮੇਂ ਦੌਰਾਨ ਸਥਿਰ ਕੀਮਤਾਂ ਤੇ ਪ੍ਰਤੀ ਵਿਅਕਤੀ ਆਮਦਨ 51431 ਰੁਪਏ ਤੋਂ ਵੱਧ ਕੇ 72805 ਰੁਪਏ ਹੋ ਗਈ ਭਾਵ ਇਹ ਵਾਧਾ 42 ਪ੍ਰਤੀਸ਼ਤ ਦੇ ਨੇੜੇ ਸੀ।

ਕੇਂਦਰ ਸਰਕਾਰ ਵੱਲੋਂ ਨਵੰਬਰ 2016 ਨੋਟਬੰਦੀ ਲਾਗੂ ਕੀਤੀ, ਜਿਹੜਾਂ ਕਿ ਸਰਕਾਰ ਦੁਆਰਾ ਲਿਆ ਗਿਆ ਬੇਲੋੜਾ ਫੈਸਲਾ ਸੀ, ਕਿਉਂਕਿ ਨੋਟਬੰਦੀ ਦੇ ਫੈਸਲੇ ਨਾਲ ਆਮ ਲੋਕਾਂ ਨੂੰ ਬਹੁਤ ਦਿਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਫੈਸਲੇ ਨੇ ਦੇਸ਼ ਵਿੱਚ ਬਹੁਤ ਸਾਰੇ ਲੋਕਾਂ ਦੀ ਆਮਦਨ ਅਤੇ ਰੁਜ਼ਗਾਰ ਨੂੰ ਢਾਹ ਲਾਈ। ਖ਼ਾਸ ਕਰਕੇ ਛੋਟੇ ਅਤੇ ਦਰਮਿਆਨੇ ਉਦਯੋਗਾਂ ਅਤੇ ਗੈਰ ਸੰਗਠਤ ਖੇਤਰ ਦੇ ਅਦਾਰਿਆਂ ਦੇ ਕਰਮੀਆਂ ਅਤੇ ਮਾਲਕਾਂ ਦਾ ਕਚੂੰਬਰ ਕੱਢ ਕੇ ਰੱਖ ਦਿੱਤਾ। ਜਦੋਂ ਕਿ ਇਸ ਫੈਸਲੇ ਵੇਲੇ ਸਰਕਾਰ ਵੱਲੋਂ ਐਲਾਨੇ ਇਕ ਵੀ ਉਦੇਸ਼ ਦੀ ਪੂਰਤੀ ਨਹੀਂ ਹੋ ਸਕੀ। ਇਸ ਤੋਂ ਬਾਅਦ ਦੇਸ਼ ਵਿੱਚ 2017 ਦੌਰਾਨ ਗੁਡਜ਼ ਅਤੇ ਸਰਵਿਸ ਟੈਕਸ ਲਾਗੂ ਕੀਤਾ ਗਿਆ ਸਰਕਾਰ ਦੇ ਇਸ ਫ਼ੈਸਲੇ ਨੇ ਵੀ ਦੇਸ਼ ਵਿੱਚ ਛੋਟੇ, ਦਰਮਿਆਨੇ ਅਤੇ ਗੈਰ ਸੰਗਠਤ ਵਪਾਰਕ ਅਦਾਰਿਆਂ ਨੂੰ ਬਹੁਤ ਵੱਡੀ ਢਾਹ ਲਾਈ। ਇਸ ਫ਼ੈਸਲੇ ਨੇ ਦੇਸ਼ ਦੇ ਮਜ਼ਬੂਤ ਸੰਘੀ ਢਾਂਚੇ ਨੂੰ ਨੀਵਾਂ ਦਿਖਾਇਆ ਨਾਲ ਹੀ ਸੂਬਿਆਂ ਦੇ ਟੈਕਸ ਲਾਗੂ ਕਰਕੇ ਆਪਣੀ ਆਮਦਨ ਵਿੱਚ ਵਾਧਾ ਕਰਨ ਤੇ ਰੋਕ ਲਗਾ ਦਿੱਤੀ। ਹੁਣ ਦੇਸ਼ ਸਾਰੇ ਸੂਬੇ ਛੋਟੀ ਛੋਟੀ ਵਿੱਤੀ ਸਹਾਇਤਾ ਲਈ ਵੀ ਕੇਂਦਰ ਸਰਕਾਰ ਤੇ ਨਿਰਭਰ ਹਨ। ਇਥੇ ਦੱਸਣਯੋਗ ਹੈ ਕਿ ਪਤਾ ਨਹੀਂ ਕਿਵੇਂ ਦੇਸ਼ ਦੀਆਂ ਮਜ਼ਬੂਤ ਖ਼ੇਤਰੀ ਰਾਜਨੀਤਕ ਪਾਰਟੀਆਂ, ਜਿਹੜੀਆਂ ਅਸਲ ਸੰਘਵਾਦ ਅਤੇ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਦੀਆਂ ਝੰਡਾ ਬਰਦਾਰ ਸਨ, ਉਹਨਾਂ ਨੇ ਵੀ ਦੇਸ਼ ਵਿੱਚ ਗੁਡਜ਼ ਅਤੇ ਸਰਵਿਸ ਟੈਕਸ ਲਾਗੂ ਕਰਨ ਲਈ ਹਾਮੀ ਭਰ ਦਿੱਤੀ।

ਇਹਨਾਂ ਆਰਥਿਕ ਪਰਿਵਰਤਨਾਂ ਦੇ ਕਾਰਨ ਦੇਸ਼ ਵਿੱਚ ਆਮ ਲੋਕਾਂ ਦੀ ਰੋਜ਼ੀ ਰੋਟੀ ਕਮਾਉਣ ਦੇ ਵਸੀਲਿਆਂ ਨੂੰ ਬਹੁਤ ਵੱਡੀ ਢਾਹ ਲਾਈ ਜਿਸ ਕਾਰਨ ਲੋਕਾਂ ਦਾ ਰੁਜਗਾਰ ਖੁੱਸਿਆ, ਆਮਦਨ ਘਟੀ, ਗ਼ਰੀਬੀ ਵਧੀ ਅਤੇ ਖੁਰਾਕ ਸੁਰੱਖਿਆ ਖ਼ਤਰੇ ਵਿੱਚ ਪਈ ਅਤੇ ਬਹੁਤ ਲੋਕ ਭੁੱਖਮਰੀ ਦੀ ਕਗਾਰ ਤੇ ਪਹੁੰਚ ਗਏ। ਇਹਨਾਂ ਨੀਤੀਆਂ ਕਾਰਨ ਦੇਸ਼ ਵਿੱਚ ਪਿਛਲੇ ਪੰਜ ਦਹਾਕਿਆਂ ਤੋਂ ਪਹਿਲੀ ਵਾਰ ਪ੍ਰਤੀ ਵਿਅਕਤੀ ਆਮਦਨ ਘਟੀ ਕਿਉਂਕਿ ਵਿੱਤੀ ਸਾਲ 2017-18 ਤੋਂ ਲੈ ਕੇ 2021-22 ਦਰਮਿਆਨ ਪ੍ਰਤੀ ਵਿਅਕਤੀ ਆਮਦਨ ਦਰ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਸਾਲਾਨਾ ਘੱਟ ਹੋ ਗਈ। ਇਥੇ ਹੀ ਬਸ ਨਹੀਂ ਗੈਰ ਖੇਤੀ ਧੰਦਿਆਂ ਵਿੱਚ ਕੰਮ ਕਰਦੇ ਕਰਮੀਆਂ ਦੀ ਅਸਲ ਮਜ਼ਦੂਰੀ ਵੀ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਘਟੀ ਅਤੇ 2016-17 ਤੋਂ ਬਾਅਦ ਅਸਲ ਮਜ਼ਦੂਰੀ ਵਿੱਚ 0.7 ਪ੍ਰਤੀਸ਼ਤ ਸਲਾਨਾ ਦਾ ਭਾਰੀ ਘਾਟਾ ਦਰਜ਼ ਕੀਤਾ ਗਿਆ।

ਇਹ ਅੰਕੜੇ ਪਿਛਲੇ ਸਾਲਾਂ ਵਿੱਚ ਦੇਸ਼ ਵਿੱਚ ਵਧੀ ਗ਼ਰੀਬੀ ਅਤੇ ਗਰੀਬੀ ਘੱਟਣ ਦੀ ਦਰ ਵਿਚ ਆਈ ਕਮੀ ਵੱਲ ਇਸ਼ਾਰਾ ਕਰਦੇ ਹਨ। ਪਰ ਦੇਸ਼ ਵਿੱਚ ਗ਼ਰੀਬੀ ਦੇ ਅੰਕੜੇ ਇਕ ਦਹਾਕਾ ਭਾਵ 2011-12 ਦੇ ਹੀ ਮਿਲਦੇ ਹਨ ਗ਼ਰੀਬੀ ਸਬੰਧੀ ਜਿਹੜਾ ਸਰਵੇਖਣ 2017-18 ਵਿੱਚ ਹੋਇਆ ਸੀ ਉਸ ਨੂੰ ਸਰਕਾਰ ਨੇ ਤਕਨੀਕੀ ਖਾਮੀਆਂ ਹੋਣ ਕਾਰਨ ਠੰਡੇ ਬਸਤੇ ਵਿੱਚ ਪਾਇਆ ਹੋਇਆ ਹੈ। ਇਸੇ ਤਰ੍ਹਾਂ ਹੀ ਸਰਕਾਰ ਨੇ 2021 ਦੀ ਜਨਗਣਨਾ ਨੂੰ ਵੀ ਵਿੱਚ-ਵਿਚਾਲੇ ਰੋਕਿਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਜਿਹਨਾਂ ਲੋਕਾਂ ਅਤੇ ਸੰਸਥਾਵਾਂ ਨੇ ਗ਼ਰੀਬੀ ਨੂੰ ਮਾਪਣ ਸਬੰਧੀ ਕੋਈ ਸਰਵੇਖਣ ਜਾਂ ਖੋਜ਼ ਪੱਤਰ ਛਾਪੇ ਗਏ ਹਨ ਉਨ੍ਹਾਂ ਦੀ ਭਰੋਸੇਯੋਗਤਾ ਨਹੀਂ ਹੈ । ਇਸ ਲਈ ਉਪਰੋਕਤ ਅੰਕੜਿਆਂ ਦੇ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਜਦੋਂ ਦੇਸ਼ ਵਿੱਚ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਘਟੀ ਹੈ ਤਾਂ ਸੁਭਾਵਿਕ ਹੈ ਕਿ ਦੇਸ਼ ਵਿੱਚ ਗ਼ਰੀਬੀ ਵੀ ਵਧੀ ਹੈ।

ਇਸ ਦੇ ਨਾਲ ਹੀ ਜਿੰਨੀਆਂ ਵੀ ਆਰਥਿਕ ਅਤੇ ਸਮਾਜਿਕ ਕਲਿਆਣ ਲਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਜਿਵੇਂ ਕਿ ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਿਉਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਮੇਕ ਇੰਨ ਇੰਡੀਆ, ਹਰ ਸਾਲ ਦੋ ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਯੋਜਨਾ, ਗਰੀਬ ਲੋਕਾਂ ਨੂੰ ਘਰ ਬਣਾ ਕੇ ਦੇਣ, ਰਸੋਈ ਗੈਸ, ਪਬਲਿਕ ਗੁਸਲਖਾਨੇ ਬਣਾਉਣ ਦੀਆਂ ਯੋਜਨਾਵਾਂ, ਆਦਿ । ਇਹਨਾਂ ਸਾਰੀਆਂ ਯੋਜਨਾਵਾਂ ਨੂੰ ਬੜੇ ਜੋਸ਼ੋ-ਖਰੋਸ਼ ਨਾਲ ਸ਼ੁਰੂ ਕੀਤਾ ਗਿਆ ਪਰ ਬਹੁਤੀਆਂ ਨੇ ਅੱਧ-ਵਿਚਕਾਰ ਹੀ ਦਮ ਤੋੜ ਦਿੱਤਾ ਜਾਂ ਜਿਹਨਾਂ ਲੋਕਾਂ ਲਈ ਸ਼ੁਰੂ ਕੀਤੀਆਂ ਗਈਆਂ ਸਨ ਉਨ੍ਹਾਂ ਦਾ ਫਾਇਦਾ ਕਰਨ ਦੀ ਵਜਾਏ ਇਹ ਯੋਜਨਾਵਾਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਵਿੱਚ ਭੁਗਤੀਆਂ ਹਨ।

ਹੁਣ ਦੇਸ਼ ਵਿੱਚ ਪਿਛਲੇ ਕੁਝ ਸਾਲਾਂ ਤੋਂ ਵੱਧ ਰਹੀ ਹਰ ਕਿਸਮ ਦੀ ਮਹਿੰਗਾਈ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਅੱਜ ਪ੍ਰਚੂਨ ਅਤੇ ਥੋਕ ਮਹਿੰਗਾਈ ਦੀਆਂ ਦਰਾਂ, ਜੋ ਕਿ ਕੁਝ ਸਾਲਾਂ ਤੋਂ ਲਗਾਤਾਰ ਵੱਧ ਰਹੀ ਹੈ, 10 ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ ਤੇ ਹੈ। ਦੇਸ਼ ਦੇ ਗ਼ਰੀਬ ਲੋਕ ਜੋ ਕਿ ਬਹੁਗਿਣਤੀ ਵੀ ਹਨ, ਇਸ ਮਹਿੰਗਾਈ ਦੀ ਮਾਰ ਸਭ ਤੋਂ ਵੱਧ ਝੱਲ ਰਹੇ ਹਨ। ਪਿਛਲੇ ਸਮੇਂ ਦੌਰਾਨ ਪੈਟਰੋਲੀਅਮ ਪਦਾਰਥਾਂ, ਖਾਣ ਵਾਲੇ ਤੇਲਾਂ, ਖਾਦ ਪਦਾਰਥਾਂ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਬੇਹਿਸਾਬ ਵਾਧਾ ਹੋਇਆ ਹੈ ਨਤੀਜੇ ਵਜੋਂ ਇਹ ਪਦਾਰਥ ਆਮ ਲੋਕਾਂ ਦੇ ਉਪਭੋਗ ਵਿਚੋਂ ਬਾਹਰ ਹੁੰਦੇ ਜਾ ਰਹੇ ਹਨ। ਇਹ ਵੀ ਵੇਖਣ ਵਿਚ ਆਇਆ ਹੈ ਕਿ ਵੱਧ ਰਹੀ ਮਹਿੰਗਾਈ ਦੇ ਅਸਲ ਕਾਰਨ ਸਰਕਾਰ ਵੱਲੋਂ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮਣਾਂ ਮੂੰਹੀਂ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦੇਣਾ ਅਤੇ ਸਰਕਾਰ ਦੀਆਂ ਹੋਰ ਆਰਥਿਕ ਤਰਜੀਹਾ ਹਨ ਭਾਵ ਮਹਿੰਗਾਈ ਲਈ ਜਿੰਮੇਵਾਰ ਕਾਰਕ ਅੰਦਰੂਨੀ ਹਨ ਭਾਵੇਂ ਅੰਤਰਰਾਸ਼ਟਰੀ ਕਾਰਕਾਂ ਨੇ ਵੀ ਥੋੜਾ ਯੋਗਦਾਨ ਪਾਇਆ ਹੈ। ਇਥੇ ਸਰਕਾਰ ਦੀਆਂ ਆਰਥਿਕ ਤਰਜੀਹਾ ਤੋਂ ਮਤਲਬ ਹੈ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾਖੋਰੀ ਵਾਲੀਆਂ ਨੀਤੀਆਂ ਉੱਪਰ ਚਲ ਰਹੀ ਹੈ ਇਹੀ ਕਾਰਨ ਹੈ ਕਿ ਭਾਰਤ ਵਿੱਚ ਲਗਾਤਾਰ ਅਰਬਪਤੀਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਨੀਤੀਆਂ ਵਿੱਚ ਲੋਕਪੱਖੀ ਤਬਦੀਲੀਆਂ ਕਰਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦੀ ਜਿਸ ਨਾਲ ਲੋਕਾਂ ਦੀ ਆਮਦਨ ਵਧਦੀ ਅਤੇ ਮਹਿੰਗਾਈ ਤੋਂ ਆਮ ਆਦਮੀ ਨੂੰ ਰਾਹਤ ਮਿਲਦੀ। ਪਰ ਅਜਿਹਾ ਨਹੀਂ ਹੋਇਆ ਅਤੇ ਦੇਸ਼ ਦੀ ਆਬਾਦੀ ਦਾ ਇਕ ਵੱਡਾ ਹਿੱਸਾ ਘੋਰ ਗ਼ਰੀਬੀ ਵਿੱਚ ਧੱਕਿਆ ਗਿਆ ਅਤੇ ਭੁੱਖਮਰੀ ਦੀ ਕਗਾਰ ਤੇ ਪਹੁੰਚ ਗਿਆ।

ਹੁਣ ਵੇਖਣਾ ਹੋਵੇਗਾ ਕਿ ਉਪਰੋਕਤ ਵਿਸ਼ਲੇਸ਼ਣ ਕੀਤੀ ਗਈ ਸਰਕਾਰ ਦੀ ਦੋ ਟਰਮਾਂ ਦੀ ਕਾਰਗੁਜ਼ਾਰੀ ਨੂੰ ਵੇਖਦਿਆਂ ਭਾਰਤ ਦੇ ਲੋਕ ਭਾਜਪਾ ਅਤੇ ਮੋਦੀ ਨੂੰ 2024 ਵਿੱਚ ਇੱਕ ਹੋਰ ਮੌਕਾ ਦਿੰਦੇ ਹਨ ਜਾਂ ਨਹੀਂ ਇਹ ਤਾਂ ਸਮਾਂ ਹੀ ਦੱਸੇਗਾ।

**ਸਾਬਕਾ ਡੀਨ ਅਤੇ ਪ੍ਰੋਫੈਸਰ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**



# ਪੰਜਾਬੀ ਕਲਚਰਲ ਸੁਸਾਇਟੀ ਆਫ਼ ਟੋਰਾਂਟੋ ਵਲੋਂ ਪਲੇਠਾ ਸਮਾਗਮ ਕਰਵਾਇਆ




ਟੋਰਾਂਟੋ, (ਸਰੋਕਾਰਾਂ ਦਾ ਆਵਾਜ਼ ਬਿਊਰੋ) : ਸ਼ਕਰਬਰੋ ਵਿਖੇ 'ਪੰਜਾਬੀ ਕਲਚਰਲ ਸੁਸਾਇਟੀ ਆਫ਼ ਟੋਰਾਂਟੋ' ਵਲੋਂ ਪਲੇਠਾ ਸਮਾਗਮ ਕਰਵਾਇਆ ਗਿਆ ਜਿਸ ਵਿਚ ਸਾਹਿਤ ਅਤੇ ਸੰਗੀਤ ਨੂੰ ਪਿਆਰ ਕਰਨ ਵਾਲੇ ਸੱਜਣਾਂ ਮਿੱਤਰਾਂ ਨੇ ਸ਼ਿਕਰਤ ਕੀਤੀ। ਪ੍ਰੋਗਰਾਮ ਦੌਰਾਨ ਗੀਤ ਸੰਗੀਤ, ਗ਼ਜ਼ਲਾਂ, ਕਵਿਤਾਵਾਂ, ਕਹਾਣੀਆਂ, ਹਾਸ ਰਸ ਅਤੇ ਪੰਜਾਬੀ ਟੱਪੇ ਬੋਲੀਆਂ ਦੀ ਪੇਸ਼ਕਾਰੀ ਵੱਖ ਵੱਖ ਲੋਕਲ ਕਲਾਕਾਰਾਂ ਵਲੋਂ ਕੀਤੀ ਗਈ। 'ਵਾਟਸਨ ਕਮਲ' ਮੁੱਖ ਕਲਾਕਾਰ ਵਜੋਂ ਪੇਸ਼ ਹੋਏ।

ਸਟੇਜ ਸਕੱਤਰ ਦੀ ਭੂਮਿਕਾ ਸੋਹਣ ਸਿੰਘ ਢੀਂਡਸਾ ਵਲੋਂ ਸ੍ਰ. ਅਮਰਜੀਤ ਸਿੰਘ ਚਾਹਲ ਦੀ ਗੈਰ ਹਾਜ਼ਰੀ ਵਿਚ ਆਪਣੇ ਅਨਮੋਲ ਅਤੇ ਪਾਏਦਾਰ ਸ਼ਬਦਾਂ ਰਾਹੀਂ ਨਿਭਾਈ ਅਤੇ ਪ੍ਰੋਗਰਾਮ ਨੂੰ ਸਮੇਂ ਸਿਰ ਸੰਪੰਨ ਕਰਨ ਵਿਚ ਯੋਗਦਾਨ ਪਾਇਆ। ਸ੍ਰ. ਸੁਰਿੰਦਰ ਸਿੰਘ ਭੁੱਲਰ ਹੁਰਾਂ ਬੜੇ ਸਲੀਕੇ ਅਤੇ ਨਿਮਰਤਾ ਨਾਲ ਆਏ ਮਹਿਮਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਿਆ। ਪ੍ਰੋਗਰਾਮ ਦੀ ਸ਼ੁਰੂਆਤ ਕਾਕਾ ਗੁਰਸਾਹਿਬ ਸਿੰਘ ਨਾਗਰਾ ਨੇ ਪਵਿੱਤਰ ਗੁਰਬਾਣੀ ਦੇ ਸ਼ਬਦ ਨਾਲ ਕੀਤੀ। ਇਸ ਤੋਂ ਉਪਰੰਤ ਪੇਮ ਸਿੰਘ ਬੰਬਰ੍ਹਾ ਅਤੇ ਪਵਿੱਤਰ ਬੰਬਰ੍ਹਾ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਆਪਣੇ ਲਿਖੇ ਗੀਤਾਂ ਨਾਲ ਪ੍ਰੋਗਰਾਮ ਨੂੰ ਆਪਣੀ ਲੀਹੇ ਤੋਰਿਆ। ਸ੍ਰ. ਸੁਰਿੰਦਰ ਸਿੰਘ ਭੁੱਲਰ ਨੇ ਆਪਣੀਆਂ ਲਿਖਤਾਂ ਵਿਚੋਂ ਕਹਾਣੀ "ਬੰਦੇ ਦਾ ਕਰਮ ਵੱਡਾ ਏ" ਪੇਸ਼ ਕੀਤੀ ਅਤੇ ਗ਼ਜ਼ਲਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ। ਮਿਥੇ ਸਮੇਂ ਅਨੁਸਾਰ ਵਾਟਸਨ ਕਮਲ ਹੁਰਾਂ ਤਕਰੀਬਨ ਇਕ ਘੰਟਾ ਆਪਣੀ ਕਲਾ ਰਾਹੀਂ ਸਰੋਤਿਆਂ ਨੂੰ ਗ਼ਜ਼ਲਾਂ, ਗੀਤਾਂ ਅਤੇ ਟੱਪੇ ਬੋਲੀਆਂ ਸੁਣਾ ਕੇ ਮੰਤਰ ਮੁਗਧ ਕਰੀਂ ਰੱਖਿਆ। ਤਬਦਾਵਾਦਕ ਗੁਰਿੰਦਰ ਦੀ ਪੇਸ਼ਕਾਰੀ ਬਾ ਕਮਾਲ ਸੀ। ਇਸ ਤੋਂ ਬਿਨਾਂ ਗੁਰਜੀਤ ਸਿੰਘ, ਅਮਨਦੀਪ ਸਿੰਘ ਸ਼ੇਰਪੁਰੀ, ਰਾਜ ਕੁਮਾਰ ਓਸ਼ੋ ਰਾਜ, ਰਛਪਾਲ ਪਾਲੀ ਅਤੇ ਹਰਪ੍ਰੀਤ ਨਾਗਰਾ ਆਦਿਕ ਕਲਾਕਾਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਲਗਭਗ ਤਿੰਨ ਘੰਟੇ ਸਰੋਤਿਆਂ ਨੇ ਪ੍ਰੋਗਰਾਮ ਦਾ ਅਨੰਦ ਮਾਣਿਆ।

ਸ੍ਰ. ਅਮਰਪਾਲ ਸਹੋਤਾ ਅਤੇ ਅਵਤਾਰ ਕੰਗ ਨੇ ਆਏ ਸੱਜਣਾਂ ਲਈ ਚਾਹ ਪਾਣੀ ਅਤੇ ਖਾਣ ਪੀਣ ਦਾ ਪ੍ਰਬੰਧ ਕੀਤਾ। 'ਜਗਤਾਰ ਤਾਰੀ' ਨੇ ਬਾ ਕਮਾਲ ਵੀਡੀਓਗ੍ਰਾਫ਼ੀ ਕੀਤੀ। ਪ੍ਰੋਗਰਾਮ ਵਿਚ ਹਾਜ਼ਰ ਸ੍ਰ. ਮੱਘਰ ਸਿੰਘ ਰੰਧਾਵਾ, ਮਨਪ੍ਰੀਤ ਸਿੰਘ ਭੁੱਲਰ, ਕਮਲਜੀਤ ਸਿੰਘ ਸਿੱਧੂ, ਮਨਮੀਤ ਸਿੰਘ ਸੀਬੀਸੀ ਨਿਊਜ਼ ਟੋਰਾਂਟੋ ਅਤੇ ਹਰਿੰਦਰ ਕਨਵਰ ਦਾ ਪੁੱਜਣ 'ਤੇ ਵਿਸ਼ੇਸ਼ ਧੰਨਵਾਦ ਕਰਦੇ ਹੋਏ ਅੱਗੇ ਤੋਂ ਸਹਿਯੋਗ ਦੀ ਮੰਗ ਕਰਦੇ ਏ ਪ੍ਰੋਗਰਾਮ ਨੂੰ ਸਮੇਟਿਆ। ਸੋਹਣ ਸਿੰਘ ਢੀਂਡਸਾ 416-788-7273, ਪ੍ਰੇਮ ਸਿੰਘ 416-648-8476 ਅਤੇ ਸੁਰਿੰਦਰ ਸਿੰਘ ਭੁੱਲਰ 437-833-0297 ਨਾਲ ਸੰਪਰਕ ਕੀਤਾ ਜਾ ਸਕਦਾ ਹੈ।
















# ਸ਼ਹੀਦ ਮੇਵਾ ਸਿੰਘ ਖੇਡ ਮੇਲਾ ਸਿਖ਼ਰਾਂ ਨੂੰ ਛੂਹ ਗਿਆ











ਸਰੀ (ਪਰਮਿੰਦਰ ਸਵੈਚ) : 27 ਅਗਸਤ, 2023 ਨੂੰ 12ਵਾਂ ਸ਼ਹੀਦ ਮੇਵਾ ਸਿੰਘ ਸਪੋਰਟਸ ਅਤੇ ਕਲਚਰਲ ਮੇਲਾ ਸਰ੍ਹੀ ਦੇ ਨੌਰਥ ਸਰ੍ਹੀ ਸੰਕੈਡਰੀ ਸਕੂਲ ਦੇ ਤਿੰਨੇ ਖੇਡ ਮੈਦਾਨਾਂ ਵਿੱਚ ਕਰਵਾਇਆ ਗਿਆ। ਇਸ ਸਾਲ ਦਾ ਇਹ ਮੇਲਾ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ 50ਵੀਂ ਵਰ੍ਹੇ ਗੰਢ ਨੂੰ ਸਮਰਪਿਤ ਕੀਤਾ ਗਿਆ ਸੀ ਕਿਉਂਕਿ ਡੀਫੈਂਸ ਕਮੇਟੀ ਵਲੋਂ ਪਹਿਲਾਂ 1975 ਵਿੱਚ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਵਿੱਚ ਨੈਸ਼ਨਲ ਤੇ ਇੰਟਰਨੈਸ਼ਨਲ ਟੂਰਨਾਮੈਂਟ ਕਰਵਾਉਣੇ ਸ਼ੁਰੂ ਕੀਤੇ ਗਏ ਸਨ ਤੇ ਕਾਫ਼ੀ ਸਾਲ ਚਲਦੇ ਰਹੇ। ਯਾਦ ਰਹੇ ਈਸਟ ਇੰਡੀਅਨ ਡੀਫੈਂਸ ਕਮੇਟੀ ਗ਼ਦਰੀ ਬਾਬਿਆਂ ਤੋਂ ਬਾਅਦ 1973 ਵਿੱਚ ਬਣਨ ਵਾਲੀ ਇੱਕੋ ਇੱਕ ਜਥੇਬੰਦੀ ਹੈ ਜਿਸਨੇ ਨਸਲਵਾਦ ਦੇ ਖਿਲਾਫ਼ ਡੱਟ ਕੇ ਲੜਾਈ ਲੜੀ ਤੇ ਇਸ ਦੇ ਕਾਰਕੁੰਨਾਂ ਨੇ ਸਰੀਰਕ ਤੇ ਮਾਨਸਿਕ ਮਾਰਾਂ ਝੱਲ ਕੇ ਵੀ ਡਟ ਕੇ ਮੁਕਾਬਲੇ ਕੀਤੇ ਤੇ ਨਸਲਵਾਦ ਦਾ ਮੂੰਹ ਮੋੜਿਆ ਸੀ। ਕੁਝ ਵਕਫ਼ੇ ਬਾਅਦ ਇਹ ਮੇਲਾ 2009 ਵਿੱਚ ਦੁਆਰਾ ਸ਼ੁਰੂ ਕੀਤਾ ਗਿਆ ਹੈ। ਕੱਲ੍ਹ ਦੇ ਮੇਲੇ ਵਿੱਚ ਸ਼ਹੀਦ ਮੇਵਾ ਸਿੰਘ ਕਮੇਟੀ ਵਲੋਂ ਸੰਤੋਖ ਸਿੰਘ ਢੇਸੀ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਇਸ ਮੇਲੇ ਨੂੰ ਆਰਥਿਕ ਮੱਦਦ ਦੇਣ ਵਾਲੇ ਬਿਜ਼ਨਿਸਾਂ ਦਾ ਧੰਨਵਾਦ ਕੀਤਾ। ਪਰਮਿੰਦਰ ਕੌਰ ਸਵੈਚ ਨੇ ਜਿਥੇ ਗ਼ਦਰੀ ਬਾਬਿਆਂ, ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਦੇ ਕਾਰਣ, ਗ਼ਦਾਰਾਂ ਦੀ ਭੂਮਿਕਾ ਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਕੰਮਾਂ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ ਤੇ ਉੱਥੇ ਇਹ ਵੀ ਦੱਸਿਆ ਕਿ ਮੇਵਾ ਸਿੰਘ ਦੇ ਸ਼ਤਾਬਦੀ ਵਰ੍ਹੇ ਤੋਂ ਲੈ ਕੇ ਉਹਨਾਂ ਨੂੰ ਸ਼ਹੀਦ ਦਾ ਦਰਜ਼ਾ ਦਿਵਾਉਣ ਲਈ ਗ਼ਦਰ ਸ਼ਤਾਬਦੀ ਕਮੇਟੀ ਵਲੋਂ 12 ਹਜ਼ਾਰ ਦੇ ਕਰੀਬ ਦਸਖ਼ਤ ਕਰਵਾਏ ਜਾ ਚੁੱਕੇ ਹਨ ਤੇ ਐਮ. ਐਲ. ਏ. ਰਚਨਾ ਸਿੰਘ ਵਲੋਂ ਬੀ.ਸੀ. ਵਿਧਾਨ ਸਭਾ ਵਿੱਚ ਮਤਾ ਵੀ ਪੇਸ਼ ਕੀਤਾ ਗਿਆ ਸੀ। ਇਸ ਗੱਲ ਤੇ ਸਾਰੇ ਹਾਜ਼ਰ ਲੋਕਾਂ ਨੇ ਫਿਰ ਤੋਂ ਸਹਿਮਤੀ ਪ੍ਰਗਟਾਈ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਬਣਦਾ ਹੱਕ ਦਿਵਾਈਏ। ਐਮ. ਐਲ. ਏ. ਜਿੰਨੀ ਸਿੰਮਜ਼ ਨੇ ਵੀ ਸਟੇਜ ਤੋਂ ਬੋਲਦਿਆਂ ਇਸ ਮਤੇ ਦੇ ਹੱਕ ਵਿੱਚ ਹਾਮੀ ਭਰੀ। ਉਸਤੋਂ ਬਾਅਦ ਕਮੇਟੀ ਵਲੋਂ ਸੋਵੀਨੀਅਰ ਰਿਲੀਜ਼ ਕੀਤਾ ਗਿਆ।

ਇਸ ਮੇਲੇ ਵਿੱਚ ਸੌਕਰ ਕਮੇਟੀ ਦੇ ਮੈਂਬਰਾਂ ਮੌਂਟੀ ਬੋਇਲ, ਜੱਸੀ ਪੁਰੇਵਾਲ, ਜਸਵੀਰ ਰਸੋਡੇ, ਨਰਿੰਦਰ ਲੱਧੜ, ਮੱਖਣ ਦੁਸਾਂਝ ਤੇ ਹਰਜੀਤ ਪੁਰੇਵਾਲ ਆਦਿ ਦੀ ਨਿਗਰਾਨੀ ਹੇਠ ਸੌਕਰ ਦੀਆਂ 25 ਟੀਮਾਂ ਨੇ ਹਿੱਸਾ ਲਿਆ। ਇਹ ਮੈਚ ਸਕੂਲ ਦੀਆਂ ਤਿੰਨੇ ਖੇਡ ਗਰਾਂਊਡਾਂ ਵਿੱਚ 9 ਵਜੇ ਤੋਂ ਲੈ ਕੇ ਸ਼ਾਮ ਦੇ 7:30 ਵਜੇ ਤੱਕ ਲਗਾਤਾਰ ਚਲਦੇ ਰਹੇ। ਰੈਸਲਿੰਗ ਕਮੇਟੀ ਦੇ ਕਰਤਾ ਧਰਤਾ ਜੈਸੀ ਪੁਰੇਵਾਲ ਤੇ ਉਸਦੇ ਸਾਥੀਆਂ ਸੁਦਾਗਰ ਜਵੰਦਾ, ਤਰਨਵੀਰ ਪੁਰੇਵਾਲ, ਜਗਰੂਪ ਧਾਲੀਵਾਲ, ਸਾਧੂ ਸਿੰਘ ਗਿੱਲ ਆਦਿ ਨੇ 200 ਤੋਂ ਵੱਧ ਰੈਸਲਰਾਂ ਦੀ ਤਾਕਤ ਦੇ ਜੌਹਰ ਸਵੇਰ ਦੇ 9 ਵਜੇ ਤੋਂ ਸ਼ਾਮ ਦੇ 6:30 ਵਜੇ ਤੱਕ ਆਪਣੀ ਦੇਖ ਰੇਖ ਵਿੱਚ ਦਿਖਾਏ। ਇਸ ਵਿੱਚ ਫੋਰਮਰ ਸੁਪਰ ਸਟਾਰ ਸਨੀ ਢੀਂਡਸਾ ਅਤੇ ਵਰਲਡ ਕਿੱਕ ਬੌਕਸਿੰਗ ਚੈਂਪੀਅਨ ਗਜ਼ੀਮ ਸਲਮਾਨੀ ਨੇ ਸਪੈਸ਼ਲ ਹਾਜ਼ਰੀ ਲਵਾਈ। ਇਸ ਤੋਂ ਇਲਾਵਾ ਕੌਮਨ ਵੈਲਥ ਚੈਂਪੀਅਨ ਨਿਸ਼ਾਨ ਰੰਧਾਵਾ ਤੇ ਰੁਪਿੰਦਰ ਕੌਰ ਜੌਹਲ ਨੇ ਵੀ ਆ ਕੇ ਮੇਲੇ ਦਾ ਮਾਣ ਵਧਾਇਆ। ਜਿੱਥੇ ਬੱਚਿਆਂ ਵਿੱਚ ਅੰਤਾਂ ਦਾ ਜੋਸ਼ ਸੀ ਉੱਥੇ 32-33 ਡਿਗਰੀ ਵਿੱਚ ਬੈਠੇ ਲੋਕ ਗਰਮੀ ਦੀ ਪ੍ਰਵਾਹ ਕੀਤੇ ਬਿਨਾਂ ਗਿਆਰਾਂ ਘੰਟੇ ਖੇਡਾਂ ਦਾ ਆਨੰਦ ਮਾਣਦੇ ਰਹੇ ਤੇ ਖਿਡਾਰੀਆਂ ਦੀ ਹੌਸਲਾਂ ਅਫਜ਼ਾਈ ਤਾੜੀਆਂ ਮਾਰ ਕੇ ਕਰਦੇ ਰਹੇ।

ਵੇਟ ਲਿਫਟਿੰਗ ਦੀ ਜ਼ਿੰਮੇਵਾਰੀ ਮੱਖਣ ਸੰਧੂ, ਰਘਬੀਰ ਸਹੋਤਾ ਤੇ ਰਾਜਿੰਦਰ ਮਾਹੀ ਤੇ ਹਲੀਨਾ ਬਿਲਨ ਦੀ ਸੀ ਜਿਨ੍ਹਾਂ ਨੇ ਇੰਟਰਨੈਸ਼ਨਲ ਵਿਜੈਤਾ ਦੋ ਲੜਕੀਆਂ ਜੀਨਤ ਬਿਲਨ ਤੇ ਏਂਜ਼ਲ ਬਿਲਨ, ਨੈਸ਼ਨਲ ਵਿਜੈਤਾ ਲੈਲ਼ਾ ਸੰਧੂ ਤੇ ਸਟੇਟ ਲੈਵਲ ਖਿਡਾਰੀ ਜੇਸ ਪੂੰਨੀ ਨੇ ਭਾਰ ਚੱਕਣ ਦੇ ਜੌਹਰ ਦਿਖਾ ਕੇ ਮੇਲੇ ਦਾ ਰੰਗ ਬੰਨ੍ਹ ਦਿੱਤਾ ਤੇ ਬਾਅਦ ਵਿੱਚ ਕਮੇਟੀ ਵਲੋਂ ਕਮਿਊਨਿਟੀ ਵਿੱਚ ਮੱਖਣ ਸੰਧੂ ਵਲੋਂ ਬੱਚਿਆਂ ਦੇ ਭਾਰ ਚੱਕਣ ਦੀਆਂ 20 ਸਾਲ ਤੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਜਿਨ੍ਹਾਂ ਨੇ ਨਵੀਆਂ ਪਿਰਤਾਂ ਪਾਈਆਂ ਹਨ, ਦੇ ਲਈ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਹਰਦੇਵ ਸੰਧ, ਸੁਰਿੰਦਰ ਸ਼ਾਹ, ਤਰਲੋਚਨ ਦੂਹੜਾ, ਮੱਖਣ ਟੁੱਟ, ਸ਼ੇਨ ਬੈੱਗ, ਹਰਦੇਵ ਦੁਸਾਂਝ ਵਲੋਂ ਆਪਣੀ ਡਿਊਟੀ ਸੰਭਾਲਦਿਆਂ 6-9-12 ਸਾਲ ਦੇ ਬੱਚਿਆਂ ਦੀਆਂ ਦੌੜਾਂ ਕਰਵਾਈਆਂ ਗਈਆਂ। ਇਸ ਮੇਲੇ ਵਿੱਚ ਸਾਰੀਆਂ ਖੇਡਾਂ ਖੇਡਣ



ਵਾਲੇ ਖਿਡਾਰੀਆਂ ਨੂੰ ਮੈਡਲ ਤੇ ਟੀ ਸ਼ਰਟਾਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਰੱਸਾ ਖਿੱਚਣ ਦੇ ਮੁਕਾਬਲੇ ਨਿਊ ਵੈਸਟ ਮਿਨਸਟਰ ਅਤੇ ਸਰ੍ਹੀ ਦੀਆਂ ਟੀਮਾਂ ਵਿਚਕਾਰ ਹੋਏ, ਜੋ ਕਿ ਬਹੁਤ ਰੌਚਕ ਸੀ। ਸਰ੍ਹੀ ਦੀ ਟੀਮ ਜੇਤੂ ਰਹੀ। ਇਸ ਖੇਡ ਮੇਲੇ ਵਿੱਚ ਸਭ ਮੁਕਾਬਲੇ ਦੋਸਤੀਆਂ ਤੇ ਮਿਲਵਰਤਣ ਲਈ ਕਰਵਾਏ ਜਾਂਦੇ ਹਨ।

ਹਰਬੰਸ ਪੁਰੇਵਾਲ, ਈਨਾ ਸਿੱਧੂ, ਉਕਾਂਰ ਥਿਆੜਾ, ਅਮਰਜੀਤ ਸ਼ਾਹੀ, ਸੋਹਣ ਮੰਜੂ, ਰਣਧੀਰ ਜਵੰਦਾ, ਕੁਲਦੀਪ ਥਾਂਦੀ ਆਦਿ ਦੇ ਨਾਲ 15-20 ਹੋਰ ਵਲੰਟੀਅਰਾਂ ਨੇ ਖਾਣਾ ਬਣਾਉਣ, ਫਰੂਟ ਲਿਆਉਣ, ਕੱਟਣ, ਵਰਤਾਉਣ ਤੇ ਸਾਫ਼ ਸਫ਼ਾਈ ਦਾ ਸਾਰਾ ਕੰਮ ਬਹੁਤ ਹੀ ਪਿਆਰ ਨਾਲ ਸਿਰੇ ਨਿਭਾਇਆ। ਬੁੱਕ ਸਟਾਲ ਦੀ ਜ਼ਿੰਮੇਵਾਰੀ ਹਰਭਜਨ ਸਿੰਘ ਚੀਮਾ ਜੀ ਨੇ ਨਿਭਾਈ। ਆਲ ਓਵਰ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਮਲਕੀਤ ਸਵੈਚ, ਇਕਬਾਲ ਪੁਰੇਵਾਲ ਤੇ ਕ੍ਰਿਪਾਲ ਬੈਂਸ ਦੀ ਸੀ। ਇਸ ਪ੍ਰੋਗਰਾਮ ਵਿੱਚ ਤਰਕਸ਼ੀਲ਼ ਸੁਸਾਇਟੀ ਦੇ ਪ੍ਰਧਾਨ ਅਵਤਾਰ ਗਿੱਲ ਤੇ ਉਹਨਾਂ ਦੀ ਸਾਰੀ ਟੀਮ ਨੇ ਭਰਭੂਰ ਹਾਜ਼ਰੀ ਲਵਾ ਕੇ ਸਹਿਯੋਗੀ ਜਥੇਬੰਦੀ ਹੋਣ ਦਾ ਪੂਰਾ ਮਾਣ ਦਿੱਤਾ।

ਯਾਦ ਰਹੇ ਇਸ ਮੇਲੇ ਦਾ ਮਕਸਦ ਨਿਰੋਗ, ਊਰਜਾਮਈ ਤੇ ਉਸਾਰੂ ਸਮਾਜ ਸਿਰਜਣ ਲਈ ਖੇਡਾਂ ਸਿਹਤ ਸੰਭਾਲ ਤੇ ਸਾਰਥਕ ਸੋਚ ਲਈ ਮਨੋਰੰਜਨ ਦਾ ਸਾਧਨ ਤਾਂ ਹਨ, ਪਰ ਕਿਸੇ ਲਾਭ ਲਈ ਨਹੀਂ ਹੋਣੀਆਂ ਚਾਹੀਦੀਆਂ। ਇਹਨਾਂ ਵਿੱਚ ਮੁਕਾਬਲਾ ਨਹੀਂ ਸਗੋਂ ਦੋਸਤੀ ਦਾ ਮਾਹੌਲ ਹੋਣਾ ਚਾਹੀਦਾ ਹੈ। ਲੋਕਾਂ ਨੂੰ ਡਰੱਗਜ਼ ਅਤੇ ਔਰਤਾਂ ਤੇ ਬੱਚਿਆਂ ਨੂੰ ਘਰੇਲੂ ਹਿੰਸਾ ਵਰਗੀਆਂ ਅਲਾਮਤਾਂ ਤੋਂ ਦੂਰ ਰੱਖਣਾ ਹੈ। ਕੱਲ੍ਹ ਦੇ ਮੇਲੇ ਵਿੱਚ ਲੋਕਾਂ ਦੀ ਭਰਭੂਰ ਹਾਜ਼ਰੀ ਨੇ ਇਸ ਗੱਲ ਦਾ ਸਬੂਤ ਦਿੱਤਾ ਹੈ ਕਿ ਇਹ ਜਥੇਬੰਦੀ ਆਪਣੇ ਮਕਸਦ ਵਿੱਚ ਚੰਗੇ ਕਦਮ ਪੁੱਟ ਰਹੀ ਹੈ। ਅੰਤ ਵਿੱਚ ਸਭ ਦਾ ਧੰਨਵਾਦ ਕੀਤਾ ਗਿਆ।


Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week


New Hours Mon To Fri 9am to 9 pm and 10 am to 6 pm Weekends

10% Discount on OTC Products with this coupon
EXP : Dec 31, 2023 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!


Apinder Aujla
BSc.Pharm


Satvachan Lal
B.Sc.Pharm

#1150, 4818 Westwindus Drive NE. Calgary

403-293-9360



Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM(37326)

Special Packages Available For All Occasions in Calgary



Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

| | | |
|---|---|---|
| * HOME | * DISABILTY | * VEHICLE FINANCE |
| * AUTO | * RRSV | * CRITICAL ILLNESS |
| * LIFE | * RESP | * MUTUAL FUNDS |

Romi Sidhu, Agent
P02720CN

ਕੈਨੇਡੀਅਨ ਅਜ਼ਾਦੀ ਦਿਵਸ ਦੇ ਮੌਕੇ

## ਕਾਮਰੇਡ ਗੁਰਬਖਸ਼ ਸਿੰਘ ਅਤੇ ਕਾਮਰੇਡ ਜੀਤ ਸਿੰਘ ਨੂੰ ਯਾਦ ਕਰਦਿਆਂ

# ਪੰਜਾਬੀ ਸਭਿਆਚਾਰ ਮੰਚ : ਸਮਾਜਿਕ ਪਹਿਲੂਆਂ ਦੇ ਅੰਗ-ਸੰਗ











ਬਰੈਂਪਟਨ (ਬਾਸੀ ਹਰਚੰਦ): ਪੰਜਾਬੀ ਸੱਭਿਆਚਾਰ ਮੰਚ ਨੇ ਭਾਰਤ ਦਾ ਅਜਾਦੀ ਦਿਵਸ ਬਰੈਂਪਟਨ ਦੇ ਕਲੀਵ ਵਿਊ ਪਾਰਕ ਵਿੱਚ ਮਨਾਇਆ। ਇਸ ਸਮਾਗਮ ਦੀ ਪਰਧਾਨਗੀ ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵ, ਡਾ:ਬਲਜਿੰਦਰ ਸਿੰਘ ਸੇਖੋਂ, ਬਿਕਰਮ ਸਿੰਘ ਗਿੱਲ, ਸੁਭਾਸ਼ ਚੰਦਰ ਖੁਰਮੀ ਰੀਟਾਇਡ ਚੀਫ ਇੰਜਨੀਅਰ ਈਸ਼ਰ ਸਿੰਘ ਅਤੇ ਬੀਬੀ ਬੇਅੰਤ ਕੌਰ ਹਰਿਆਨਾ ਨੇ ਕੀਤੀ। ਡਾ: ਬਲਜਿੰਦਰ ਸਿੰਘ ਸੇਖੋਂ ਅਤੇ ਬਲਦੇਵ ਸਿੰਘ ਸਹਿਦੇਵ ਨੈ ਵਿਸਥਾਰ ਵਿੱਚ, ਭਾਰਤ ਦੇ ਆਰਥਿਕ ,ਸਮਾਜਿਕ ਹਾਲਤਾਂ ਦੇ ਨਾਲ ਨਾਲ ਦੋਹਾਂ ਦੇ ਜੀਵਨ ਕਾਰਨਾਮਿਆਂ ਅਜ਼ਦੀ ਦੇ ਸੰਘਰਸ਼ ਸਰਕਾਰਾਂ ਦੀਆਂ ਲੋਕ ਵਿਰਧੀ ਨੀਤੀਆਂ ਦਾ ਬਹੁਤ ਵਿਸਥਾਰ ਵਿੱਚ ਵਿਸਲੇਸ਼ਨ ਕੀਤਾ। ਭਾਰਤ ਦੀ ਮਜੂਦਾ ਨਾਜ਼ਕ ਸਥਿਤੀ ਤੇ ਗਹਿਰ ਗੰਬੀਰਤਾ ਨਾਲ ਵਿਚਾਰ ਹੀ ਨਹੀਂ ਸਗੋਂ ਤਤਪਰਤਾ ਨਾਲ ਕੰਮ ਕਰਨ ਦਾ ਸੰਦੇਸ਼ ਦਿਤਾ।




ਇਸ ਦੇ ਨਾਲ ਹੀ ਮਹਾਨ ਸਖਸ਼ੀਅਤਾਂ ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਅਤੇ ਕਾਮਰੇਡ ਜੀਤ ਸਿੰਘ ਚੂਹੜ ਚੱਕ ਨੂੰ ਯਾਦ ਕੀਤਾ। ਬਲਦੇਵ ਸਿੰਘ ਸਹਿਦੇਵ ਨੇ ਦੱਸਿਆ ਕਿ ਯਾਦ ਰਹੇ ਕਿ ਕਾਮਰੇਡ ਗੁਰਬਖਸ਼ ਲੋਕ ਹਿਤਾਂ ਨੂੰ ਪਰਨਾਏ ਹੋਏ ਸੋਸ਼ਤ ਲੋਕਾਂ ਲਈ ਸਾਰੀ ਉਮਰ ਲੜਦੇ ਰਹੇ ਉਹਨਾਂ ਨੇ ਇਲੈਕਸ਼ਨਾ ਵਿੱਚ ਧਾਕੜ ਕਾਂਗਰਸੀ ਉਮੀਦਵਾਰ ਬਸੰਤ ਸਿੰਘ ਚੂਹੜ ਚੱਕ ਨੂੰ ਵਡੇ ਫਰਕ ਨਾਲ ਹਰਾਇਆ ਸੀ। 1947 ਦੀ ਵੰਡ ਵੇਲੇ ਮੁਸਲਮਾਨ ਭਰਾਵਾਂ ਨੂੰ ਸੁਰੱਖਿਆ ਦੇਣ ਦਾ ਵੱਡਾ ਕਾਰਜ ਕੀਤਾ। ਉਸ ਦੀ ਜੀਵਨੀ ਲੋਕ ਸੰਘਰਸ਼ਾਂ ਨਾਲ ਭਰੀ ਪਈ ਹੈ। ਜੀਤ ਸਿੰਘ ਪਿੰਡ ਚੂਹੜ ਚੱਕ ਵੱਡਾ ਦੇ ਲਗਾਤਾਰ ਪੰਝੀ ਸਾਲ ਸਰਪੰਚ ਰਹੇ। ਯਾਦ ਰਹੇ ਕਿ ਇਹ ਪਿੰਡ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਵੀ ਇਸੇ ਪਿੰਡ ਦੇ ਸਨ। ਉਹ ਸਾਫੇ ਵਾਲਾ ਸਰਪੰਚ ਕਰਕੇ ਮਸ਼ਹੂਰ ਸਨ ਕਿਉਂਕਿ ਜਿਸ ਦੇ ਕੰਮ ਜਾਣਾ ਹੁੰਦਾ ਤਾਂ ਰੋਟੀਆਂ ਆਪਣੇ ਸਾਫੇ ਦੇ ਲੜ ਬੰਨ ਕੇ ਲਿਜਾਂਦੇ ਸਨ। ਜਿਨਾਂ ਚਿਰ ਸਰਪੰਚ ਰਹੇ ਜੀਅ ਜਾਨ ਨਾਲ ਲੋਕਾਂ ਦੀ ਸੇਵਾ ਕੀਤੀ। ਉਪਰੋਕਤ ਦੋਹਾਂ ਸਖਸ਼ੀਅਤਾਂ ਦੇ ਪਰਿਵਾਰ ਬਰੈਂਪਟਨ ਵਿਖੈ ਸਥਾਪਤ ਹਨ। ਗੁਰਬਖਸ਼ ਸਿੰਘ ਦੇ ਬੇਟੇ ਕਾਮਰੇਡ ਸੁਖਦੇਵ ਸਿੰਘ ਧਾਲੀਵਾਲ ਅਤੇ ਜੀਤ ਸਿੰਘ ਦੇ ਪੋਤਰੇ ਸੁਰਿੰਦਰ ਸਿੰਘ ਗਿਲ ਪੰਜਾਬੀ ਸੱਭਿਆਚਾਰ ਦੇ ਮੰਚ ਦੇ ਸਹਿਯੋਗ ਨਾਲ ਹਰ ਸਾਲ ਬਰਸੀ ਮਨਾਉਂਦੇ ਹਨ।

ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਆਪਣੀਆਂ ਸ਼ਾਨਦਾਰ ਕਵਿਤਾਵਾਂ ਪੜੀਆਂ। ਗੁਰਨਾਮ ਸਿੰਘ ਐਤੀ ਆਣਾ, ਹਰੀ ਸਿੰਘ ਮਾਛੀਵਾੜਾ, ਕੁਲਦੀਪ ਸਿੰਘ ਗੋਲੀ ਨੇ ਵੀ ਆਪਣੇ ਵਿਚਾਰ ਰੱਖੇ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਗੁਰਸੇਵਕ ਸਿੰਘ, ਪ੍ਰੋ. ਲਾਲ ਸਿੰਘ ਬਰਾੜ ਹਰਿੰਦਰ ਤੱਖਰ, ਲਾਲ ਸਿੰਘ ਚਾਹਲ, ਗੁਰਦਿਆ ਸਿੰਘ ਢਾਲਾ, ਗੁਲਜਾਰ ਸਿੰਘ ਸਮੇਤ ਲੋਕ ਹਾਜ਼ਰ ਸਨ। ਵੱਡੀ ਗਿਣਤੀ ਵਿੱਚ ਬੀਬੀਆਂ ਵੀ ਹਾਜ਼ਰ ਸਨ। ਹਰਬੰਸ ਸਿੰਘ 'ਸਰੋਕਾਰਾਂ ਦੀ ਆਵਾਜ਼' ਨੇ ਪਰਿਵਾਰ ਵੱਲੋਂ ਹਾਜ਼ਰੀਨ ਧੰਨਵਾਦ ਕੀਤਾ। ਮੰਚ ਦੇ ਸਕੱਤਰ ਸੁਖਦੇਵ ਸਿੰਘ ਧਾਲੀਵਾਲ ਨੇ ਆਪਣੇ ਵਿਚਾਰ ਰੱਖੇ ਅਤੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਵੀ ਨਿਭਾਈ।


NEW SERVICE BY CARE INC

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# 21ਵੀਂ ਸਦੀ 'ਚ ਗੈਰ ਮਾਨਵੀ ਦੌਰ 'ਚ ਭਾਰਤੀ ਸਮਾਜ : ਚਿੰਤਾ ਦਾ ਵਿਸ਼ਾ

**ਨਰਭਿੰਦਰ**
93544-30711



ਆਰ.ਐਸ.ਐਸ. ਅਤੇ ਗੋਦੀ ਮੀਡੀਆ ਸਮਾਜ ਵਿਚ ਕਿਹੋ ਜਿਹੀ ਮਾਨਸਿਕਤਾ ਪ੍ਰੋਸ ਰਹੀ ਹੈ ਇਸ ਦੀ ਸਪਸ਼ਟ ਮਿਸਾਲ ਚੇਤਨ ਸਿੰਘ ਚੌਧਰੀ ਹੈ। ਬੰਬਈ ਤੋਂ ਚਲੀ ਰੇਲ ਗੱਡੀ ਵਿਚ ਸਰਕਾਰੀ ਹਥਿਆਰ ਨਾਲ ਚੁਣ ਚੁਣ ਕੇ ਮੁਸਲਮਾਨਾਂ ਨੂੰ ਕਤਲ ਕਰਨ ਵਾਲਾ ਚੇਤਨ ਸਿੰਘ ਚੌਧਰੀ ਨਫ਼ਰਤੀ ਅੱਗ ਵਿਚ ਐਨਾ ਅੰਨਾ ਹੋਇਆ ਕਿ ਆਪਣੇ ਹੀ ਅਧਿਕਾਰੀ ਟੀਕਾਰਾਮ ਮੀਨਾ ਨੂੰ ਵੀ ਨਿਸ਼ਾਨਾ ਬਣਾਉਣ ਤੋਂ ਨਹੀਂ ਖੁੰਝਿਆ। ਤਿੰਨ ਮੁਸਲਿਮ ਯਾਤਰੀਆਂ ਨੂੰ ਕਤਲ ਕਰਨ ਵਾਲਾ ਚੇਤੰਨ ਸਿੰਘ ਕੀ ਮਾਨਸਿਕ ਰੋਗੀ ਹੈ? ਜਿਵੇਂ ਕਿ ਸੰਘੀ ਤੇ ਭਾਜਪਾਈ ਹਿਦੂ ਲਾਣਾ ਉਸ ਦੇ ਬਚਾਅ ਵਿਚ ਕਹਿੰਦੇ ਹਨ। ਪਰ ਉਹ ਇਹ ਨਹੀਂ ਦੱਸਣਗੇ ਕਿ ਅਜਿਹੀ ਮਾਨਸਿਕਤਾ ਸਿਰਜਨ ਪਿਛੇ ਆਰ.ਐਸ.ਐਸ. ਅਤੇ ਉਸ ਦੇ ਮੀਡੀਆ ਦੀ ਕੀ ਭੂਮਿਕਾ ਹੈ। ਇਕ ਚੇਤਨ ਸਿੰਘ ਨਹੀਂ ਹੈ ਦੇਸ਼ ਦੇ ਹਰ ਹਿੱਸੇ ਵਿਚ ਅਜਿਹੇ ਰੋਗੀਆਂ ਦੀ ਵੱਡੀ ਤਾਦਾਤ ਮਿਲੇਗੀ ਜਿਹੜੇ ਮੁਸਲਮਾਨਾਂ ਨੂੰ ਨਾ ਸਿਰਫ਼ ਨਫ਼ਰਤ ਕਰਦੇ ਹਨ ਸਗੋਂ ਹਮਲਿਆਂ ਹੇਠ ਵੀ ਲਿਆ ਰਹੇ ਹਨ। ਪਿਛਲੇਰੇ ਕੁਝ ਸਾਲਾਂ ਵਿਚ ਸਾਰੀਆਂ ਸਮੱਸਿਆਵਾਂ ਦੀ ਜੜ ਮੁਸਲਿਮ ਭਾਈਚਾਰੇ ਨੂੰ ਹੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਜਿਹੜੇ ਚੇਤੰਨ ਸਿੰਘ ਨੂੰ ਮਾਨਸਿਕ ਰੋਗੀ ਕਹਿ ਰਹੇ ਹਨ ਉਨ੍ਹਾਂ ਉਹ ਵੀ ਦ੍ਰਿਸ਼ ਵੇਖਿਆ ਹੋਵੇਗਾ ਕਿ ਕਿਵੇਂ ਲਾਸ਼ ਦੇ ਸਰਹਾਣੇ ਖਲੋ ਕੇ ਲੋਕਾਂ ਨੂੰ ਮੋਦੀ, ਯੋਗੀ ਤੇ ਠਾਕਰੇ ਨੂੰ ਵੋਟ ਦੇਣ ਦੀ ਭਾਸ਼ਣਬਾਜ਼ੀ ਵੀ ਕਰ ਰਿਹਾ ਹੈ।

ਜੇ ਉਹ ਸੱਚੀਓਂ ਹੀ ਮਾਨਸਿਕ ਰੋਗੀ ਹੁੰਦਾ ਤਾਂ ਫਿਰ ਬੇਤਰਤੀਬੇ ਢੰਗ ਨਾਲ ਗੋਲੀਆਂ ਚਲਾ ਕੇ ਆਮ ਲੋਕਾਂ ਦਾ ਕਤਲ ਕਰਦਾ। ਪਰ ਉਹ ਤਾਂ ਹਰ ਡੱਬੇ ਵਿਚ ਜਾ ਕੇ ਸਿਰਫ਼ ਮੁਸਲਮਾਨ ਯਾਤਰੀਆਂ ਨੂੰ ਹੀ ਨਿਸ਼ਾਨਾ ਬਣਾ ਰਿਹਾ ਹੈ। ਗਿਆਰਾਂ ਡੱਬਿਆਂ ਵਾਲੀ ਟਰੇਨ 'ਚ ਉਹ 40 ਮਿੰਟ ਤੱਕ ਘੁੰਮਦਾ ਰਿਹਾ। ਉਹਦਾ ਆਪਣੇ ਆਪ ਉਤੇ ਪੂਰਾ ਕੰਟਰੋਲ ਸੀ ਕਿ ਉਹ ਆਮ ਲੋਕਾਂ ਨੂੰ ਨਹੀਂ ਚੁਣ ਚੁਣ ਕੇ ਸ਼ਿਕਾਰ (ਭਾਵ ਮੁਸਲਮਾਨ) ਲੱਭ ਰਿਹਾ ਸੀ। ਇਸ ਘਟਨਾ ਨੂੰ ਸੱਤਹੀ ਸਮਝ ਕੇ ਅਣਡਿੱਠਾ ਨਹੀਂ ਕਰਨਾ ਚਾਹੀਦਾ। ਇਹ ਉਸ ਯੋਜਨਾਬੱਧ ਵਿਉਂਤ ਦਾ ਹਿੱਸਾ ਹੈ ਜਿਹੜੀ ਆਰ.ਐਸ.ਐਸ. ਪਿਛਲੇਰੇ 100 ਸਾਲ ਤੋਂ ਧੁਲਦੀ ਆ ਰਹੀ ਹੈ ਉਵੇਂ ਹੀ ਜਿਵੇਂ ਕਿਸੇ ਵੇਲੇ ਨਾਜ਼ੀ ਪਾਰਟੀ ਨੇ ਯਹੂਦੀਆਂ ਪ੍ਰਤੀ ਅਪਣਾਈ ਸੀ ਤੇ ਸਮਾਜ ਦੇ ਇਕ ਹਿੱਸੇ 'ਚ ਆਪਣੇ ਪ੍ਰਚਾਰ ਨਾਲ ਅਜਿਹੀ ਨਫ਼ਰਤ ਭਰ ਦਿੱਤੀ ਕਿ ਸਰਕਾਰ ਦੀ ਥਾਂ ਅਜਿਹੇ ਮਾਨਸਿਕ ਰੋਗੀਆਂ ਦਾ ਇਕ ਗਰੋਹ ਹੀ ਤਿਆਰ ਹੋ ਗਿਆ। ਸ਼ਾਇਦ ਆਰ.ਐਸ.ਐਸ. ਕੁਝ ਅਜਿਹਾ ਹੀ ਕਰ ਰਹੀ ਹੈ।

ਅਸੀਂ ਘਟਨਾਵਾਂ ਨੂੰ ਇਕ ਲੜੀ 'ਚ ਵੇਖੀਏ। ਪਿਛਲੇ ਸਾਲ ਹੀ 2002 'ਚ ਵਾਪਰੇ ਚਰਚਿਤ ਬਿਲਕਿਸ ਬਾਨੋ ਕੇਸ















ਬਾਰੇ ਫੈਸਲਾ ਆਇਆ ਅਤੇ ਉਹਦੇ ਦੋਸ਼ੀਆਂ ਦੀ ਰਿਹਾਈ ਕਰ ਦਿੱਤੀ ਗਈ। ਯਾਦ ਹੋਵੇਗਾ 2002 ਵਿਚ ਗੁਜਰਾਤ ਵਿਚ ਬਿਲਕਿਸ ਬਾਨੋ ਦੇ ਪਰਿਵਾਰ ਨੂੰ ਉਹਦੇ ਗੁਆਂਢੀਆਂ ਨੇ ਹੀ ਬਹੁਤ ਬੁਰੀ ਤਰ੍ਹਾਂ ਕਤਲ ਕਰ ਦਿੱਤਾ। ਉਹਦੀ ਮਾਂ ਤੇਭੈਣ ਦਾ ਵੀ ਕਤਲ ਕਰ ਦਿੱਤਾ ਉਹਦੀ ਤਿੰਨ ਸਾਲਾ ਬੱਚੀ ਨੂੰ ਪੱਥਰਾਂ ਉਤੇ ਪਟਕਾ ਪਟਕਾ ਕੇ ਮਾਰ ਦਿੱਤਾ। ਖ਼ੁਦ ਬਿਲਕਿਸ ਬਾਨੋ 6 ਮਹੀਨੇ ਦੀ ਗਰਭਵਤੀ ਸੀ ਜਿਸ ਨਾਲ ਉਹਦੇ ਗੁਆਂਢੀਆਂ ਅਤੇ ਪਿੰਡ ਵਾਲਿਆਂ ਨੇ ਸਮੂਹਿਕ ਬਲਾਤਕਾਰ ਕੀਤਾ। ਬਲਾਤਕਾਰੀ ਇਕ ਦੋ ਨਹੀਂ ਦਰਜਨ ਤੋਂ ਵੱਧ ਸਨ। ਲੰਮਾ ਕੇਸ ਚਲਿਆ ਉਨ੍ਹਾਂ ਦੋਸ਼ੀਆਂ ਨੂੰ ਸਜ਼ਾ ਹੋਈ ਪਰ ਪਿਛਲੇ ਸਾਲ 15 ਅਗਸਰ ਨੂੰ ਰਿਹਾਅ ਕਰ ਦਿੱਤਾ ਗਿਆ। 15 ਅਗਸਤ ਜਿਸ ਦਿਨ ਪ੍ਰਧਾਨ ਮੰਤਰੀ ਔਰਤਾਂ ਦੀ ਸੁਰੱਖਿਆ ਲਈ ਲਾਲ ਕਿਲ੍ਹੇ ਦੇ ਮੰਚ ਤੋਂ ਸੋਹਲੇ ਗਾ ਰਿਹਾ ਸੀ। ਗੱਲ ਐਨੀ ਹੀ ਨਹੀਂ ਉਨ੍ਹਾਂ ਬਲਾਤਕਾਰੀਆਂ ਦੀ ਰਿਹਾਈ ਪਿਛੋਂ ਭਾਜਪਾਈਆਂ ਤੇ ਸੰਘ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਫੁੱਲਾਂ ਦੇ ਹਾਰ ਪਾਏ ਅਤੇ ਉਨ੍ਹਾਂ ਨੂੰ ਸੰਸਕਾਰੀ ਬ੍ਰਾਹਮਣ ਕਿਹਾ। ਦੇਸ਼ ਵਿਚ ਅਜਿਹੀਆਂ ਕਈ ਹੋਰ ਮਿਸਾਲਾਂ ਵੀ ਹਨ। ਜਿਥੇ ਭਾਜਪਾਈ ਜਾਂ ਸੰਘੀ ਬਲਾਤਕਾਰੀਆਂ ਨੂੰ ਹੀਰੋਆਂ ਵਰਗਾ ਸਨਮਾਨ ਦਿੱਤਾ ਗਿਆ ਹੋਵੇ। ਉਹੀ ਸਮਾਜ ਜਿਥੇ ਅਜਿਹੇ ਘਿਣਾਉਣੇ ਅਪਰਾਧਾਂ ਦੇ ਲਈ ਮੌਤ ਦੀ ਸਜ਼ਾ ਦੀ ਮੰਗ ਉਠਦੀ ਰਹੀ ਹੋਵੇ। ਉਸੇ ਸਮਾਜ ਵਿਚ ਬਲਾਤਕਾਰੀਆਂ ਦਾ ਸਨਮਾਨ ਤੇ ਸੰਸਕਾਰੀ ਬ੍ਰਾਹਮਣਾਂ ਦੇ ਖਿਤਾਬ ਨਾਲ ਨਿਵਾਜ਼ਨਾਂ ਕੀ ਦਰਸਾਉਂਦਾ ਹੈ। ਇਹ ਕਿਹੜੀ ਮਾਨਸਿਕਤਾ ਜਾਂ ਕਿਹੜੀ ਸੋਚ ਹੈ ਜੋ ਉਨ੍ਹਾਂ ਨੂੰ ਅਜਿਹਾ ਕੁਕਰਮ ਕਰਨ ਵੱਲ ਲੈ ਜਾਂਦੀ ਹੈ। ਇਹ ਮਨੂੰ ਮਾਨਸਿਕਤਾ ਵਾਲੀ ਸੋਚ ਹੈ ਜਿਹੜੀ ਇਨਸਾਨਾਂ ਨੂੰ ਜਾਤ, ਧਰਮ 'ਨਸਲ' ਆਦਿ ਦੇ ਆਧਾਰ ਉਤੇ ਨਾ ਸਿਰਫ਼ ਵੰਡ ਦਿੰਦੀ ਹੈ ਸਗੋਂ ਨਫ਼ਰਤ ਵੀ ਪੈਦਾ ਕਰਦੀ ਹੈ। ਉਹ ਦੂਸਰੇ ਨੂੰ ਮਨੁਖ ਹੀ ਨਹੀਂ ਸਮਝਦੇ ਸਗੋਂ ਉਹਦੀ ਤਬਾਹੀ ਨੂੰ ਆਪਣੇ ਭਲੇ ਦਾ ਸਬੱਬ ਸਮਝਦੇ ਹਨ ਤੇ ਇਉਂ ਵਹਿਸ਼ੀਆਨਾ ਵਿਉਹਾਰ ਦੇ ਨਾ ਸਿਰਫ਼ ਸ਼ਿਕਾਰ ਹੁੰਦੇ ਹਨ ਸਗੋਂ ਇਸ ਨੂੰ ਜਾਇਜ਼ ਵੀ ਠਹਿਰਾਉਂਦੇ ਹਨ। ਇਹ ਸਹਿਜੇ ਸਹਿਜੇ ਵਹਿਸ਼ੀ ਦਰਿੰਦਿਆਂ 'ਚ ਤਬਦੀਲ ਹੋ ਜਾਂਦੇ ਹਨ। ਦੂਸਰਿਆਂ ਨੂੰ ਇਨਸਾਨ ਨਾ ਮੰਨਣ ਵਾਲੇ ਖ਼ੁਦ ਵੀ ਇਨਸਾਨ ਨਹੀਂ ਰਹਿੰਦੇ।

ਯਾਦ ਰੱਖੋ ਕਿ ਹਿੰਦੂ ਫਾਸ਼ੀਵਾਦੀਆਂ ਦੇ ਸਭ ਤੋਂ ਪਹਿਲੇ ਗੁਰੂ ਵਿਨਾਇਕ ਦਮੋਦਰ ਸਾਵਰਕਰ ਨੇ ਮੁਸਲਮਾਨ ਔਰਤਾਂ ਦੇ ਨਾਲ ਬਲਾਤਕਾਰ ਨੂੰ ਜਾਇਜ਼ ਠਹਿਰਾਇਆ ਸੀ। ਇਹ ਉਹੀ ਸਾਵਰਕਰ ਸਨ ਜਿਹੜੇ ਹਿੰਦੂ ਸਭਿਅਤਾ ਤੇ ਸੰਸਕ੍ਰਿਤੀ ਨੂੰ ਦੁਨੀਆ ਦੀ ਸਰਵਸ੍ਰੇਸ਼ਟ ਐਲਾਨਦੇ ਸਨ। ਇਹੋ ਸਰਵਸ੍ਰੇਸ਼ਟ ਜਿਹੜੇ ਅੱਜ ਕੱਲ੍ਹ ਵਿਸ਼ਵ ਗੁਰੂ ਬਣਨ ਦਾ ਦਾਅਵਾ ਕਰਦੇ ਹਨ ਤੇ ਸਭ ਤੋਂ ਪੁਰਾਣੀ ਤੇ ਉਚੀ ਸੰਸਕ੍ਰਿਤੀ ਦੇ ਦਾਅਵੇਦਾਰ ਹਨ 'ਹਿੰਦੂ ਰਾਸ਼ਟਰ' ਦੀ ਪ੍ਰਾਪਤੀ ਲਈ ਮੁਸਲਮਾਨ ਜਾਂ ਕੁੱਕੀ ਔਰਤਾਂ ਨਾਲ ਬਲਾਤਕਾਰ ਅਤੇ ਉਨ੍ਹਾਂ ਦੀ ਹੱਤਿਆ ਨੂੰ ਆਪਣੇ ਟੀਚੇ ਦੀ ਪ੍ਰਾਪਤੀ ਸਮਝਦੇ ਹਨ। ਬਿਲਕਿਸ ਬਾਨੋ ਦੇ ਗੁਨਾਹਗਾਰਾਂ ਨੇ ਉਹੀ ਕੀਤਾ ਜਿਹਨੂੰ ਹਿੰਦੂ ਫਾਸ਼ਿਸ਼ਟ ਜਾਇਜ਼ ਸਮਝਦੇ ਹਨ। ਹੁਣ ਕੁੱਕੀ ਔਰਤਾਂ ਨਾਲ ਜੋ ਕੁਝ ਮਨੀਪੁਰ 'ਚ ਕੀਤਾ ਉਸ ਤੇ ਸ਼ਰਮਸਾਰ ਹੋਣ ਦੀ ਥਾਂ ਪ੍ਰਾਪਤੀ ਸਮਝਦੇ ਹਨ। ਬਲਾਤਕਾਰੀਆਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕਰਨਾ ਅਤੇ ਸੰਸਕਾਰੀ ਬ੍ਰਾਹਮਣ ਕਹਿ ਕੇ ਉਚਿਆਉਣਾ ਇਹ ਦੱਸਦਾ ਹੈ ਕਿ ਉਨ੍ਹਾਂ ਇਹ ਫਾਸ਼ਿਸ਼ਟ ਹਿੰਦੂ ਧਰਮ ਦੇ ਰੱਖਿਅਕ ਸਮਝਦੇ ਹਨ ਅਤੇ ਪਿਛਲੇਰੇ ਬਦਲੇ ਲੈ ਕੇ ਵਰਤਮਾਨ ਨੂੰ ਪਵਿੱਤਰ ਕਰ ਰਹੇ ਹਨ। ਇਨ੍ਹਾਂ ਫਾਸ਼ਿਸ਼ਟਾਂ ਦੀ ਨਜ਼ਰ ਵਿਚ ਅਜਿਹੀ ਦਰਿੰਦਗੀ ਇਕ ਬਹਾਦਰੀ ਭਰੀ ਭੂਮਿਕਾ ਹੈ ਜਿਹਨੂੰ ਸਨਮਾਨ ਦੇਣਾ ਚਾਹੀਦਾ ਹੈ। ਬਲਾਤਕਾਰੀਆਂ ਦੇ ਅਜਿਹੇ ਸਨਮਾਨ ਕਠੂਆ ਤੇ ਉਤਰ ਪ੍ਰਦੇਸ਼ ਵਿਚ ਵੀ ਦੇਖੇ ਜਾ ਸਕਦੇ ਹਨ।

ਸਾਡੇ ਸਮੇਂ ਦੀ ਇਹ ਕਠੋਰ ਸੱਚਾਈ ਹੈ। ਇਹ ਮਾਨਸਿਕਤਾ ਆਮ ਮਨੁੱਖ 'ਚ ਜਮਾਂਦਰੂ ਨਹੀਂ ਹੁੰਦੀ ਸਗੋਂ ਪਿਉਂਦੀ ਜਾਂਦੀ ਹੈ ਤੇ ਪਾਲਿਆ ਪੋਸਿਆ ਜਾਂਦਾ ਹੈ। ਇਹ ਸਮਝਣਾ ਬੜਾ ਔਖਾ ਹੈ ਕਿ ਕਿਵੇਂ ਇਕ ਮਨੁੱਖ ਉਹ ਗੁਆਂਢੀ ਹੈ ਜਾਂ ਆਪਣੇ ਪੁੱਤਰ ਦਾ ਦੋਸਤ, ਕਦੋਂ ਵਹਿਸ਼ੀ ਬਣ ਜਾਂਦਾਹੈ। ਇਹਨੂੰ ਸਮਝਣ ਲਈ ਇਤਿਹਾਸ ਉਤੇ ਝਾਤ ਮਾਰਨੀ ਜ਼ਰੂਰੀ ਹੈ। ਕਿਸੇ ਸਮੇਂ ਜਰਮਨ ਇਕ ਸਭਿਅਕ ਕੌਮ ਸੀ ਜਿਹਦੀ ਸਰਵੱਚ ਸੰਸਕ੍ਰਿਤੀ ਵੀ ਸੀ। ਜਿਉਂ ਹੀ ਹਿਟਲਰ ਦੀ ਨਾਜ਼ੀ ਪਾਰਟੀ ਪਾਰਟੀ ਦਾ ਬੋਲਬਾਲਾ ਹੋਇਆ ਇਕ ਵਹਿਸ਼ੀ ਤੇ ਵਿਨਾਸ਼ਕਾਰੀ ਸਥਿਤੀ ਵਿਚ ਪਹੁੰਚ ਗਿਆ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਯੂਰਪ ਵਿਚ 60 ਲੱਖ ਯਹੂਦੀਆਂ ਦਾ ਕਤਲੇਆਮ ਹੋਇਆ। ਜਰਮਨ ਵਿਚ ਤਾਂ ਸਿਰਫ਼ 5 ਲੱਖ ਯਹੂਦੀ ਹੀ ਸਨ ਜਿਨ੍ਹਾਂ ਨਾਲ ਨਾਜ਼ੀਆ ਜਾਂ ਹਿਟਲਰ ਨੂੰ ਨਫ਼ਰਤ ਸੀ ਫਿਰ ਬਾਕੀ ਯੂਰਪ ਵਿਚ ਉਨ੍ਹਾਂ ਯਹੂਦੀਆਂ ਨੂੰ ਨਿਸ਼ਾਨਾ ਕਿਉਂ ਬਣਾਇਆ। ਉਨ੍ਹਾਂ ਨੂੰ ਕਤਲ ਕਰਨ ਦੇ ਕਈ ਗੈਰ ਮਨੁੱਖੀ ਤੇ ਜਾਂਗਲੀ ਰਾਹ ਚੁਣੇ। ਤਸੀਹਾ ਕੇਂਦਰਾਂ ਦੀ ਭਿਆਨਕਤਾ ਦਿਲ ਚੀਰਵੀਂ ਹੈ। ਇਥੇ ਹੀ ਨਹੀਂ ਨਸਲ ਦੇ ਸੁਧਾਰ ਲਈ ਉਨ੍ਹਾਂ ਗੈਰ ਯਹੂਦੀ ਲੋਕਾਂ ਵਿਚ, ਅਪਾਹਜਾਂ, ਸਮਲਿੰਗੀਆਂ, ਮਾਨਸਿਕ ਰੋਗੀਆਂ ਨੂੰ ਵੀ ਮਾਰ ਸੁੱਟਿਆ ਤੇ ਬੱਚਿਆਂ ਤੱਕ ਨੂੰ ਨਾ ਬਖਸ਼ਿਆ। ਇਹਦਾ ਕਾਰਨ ਬੜਾ ਸਾਫ਼ ਸੀ ਕਿ ਨਾਜ਼ੀਆ ਨੇ ਜਿਵੇਂ ਮੁੱਢ ਤੋਂ ਹੀ ਨਾਜ਼ੀਆ ਦੇ ਪ੍ਰਤੀ ਜਿਸ ਨਫ਼ਰਤ ਦਾ ਪ੍ਰਚਾਰ ਕੀਤਾ ਉਹ ਨਫ਼ਰਤ ਪਲਰਦੀ ਪਸਰਦੀ ਮਨੁੱਖ ਨੂੰ ਵਹਿਸ਼ੀ ਤੇ ਰਾਖਸ਼ੀ ਪਸੂਪਣ ਵੱਲ ਲੈ ਗਈ। ਅਜਿਹੀ ਨਫ਼ਤਰ ਦੀ ਗ੍ਰਿਫ਼ਤ ਵਿਚ ਨਾ ਸਿਰਫ਼ ਨਾਜ਼ੀ ਪਾਰਟੀ ਦੇ ਮੈਂਬਰ ਸਗੋਂ ਆਮ ਲੋਕ ਵੀ ਆ ਗਏ। ਸਮਾਜ ਵਿਚ ਨਫ਼ਰਤ ਦੀ ਖੇਤੀ ਬੀਜ ਦਿੱਤੀ ਗਈ ਸੀ ਤਾਂ ਉਹਦੀ ਫਸਲ ਕਤਲੇਆਮ ਵਿਚ ਹੀ ਹਾਸਲ ਹੋਣੀ ਸੀ। ਸੱਤਾ 'ਚ ਬਣੇ ਰਹਿਣ ਲਈ ਅਤੇ ਸੱਤਾ ਪ੍ਰਤੀ ਲੋਕਾਂ ਦੀ ਬੇਚੈਨੀ ਨੂੰ ਵਧਣ ਤੋਂ ਰੋਕਣ ਦੇ ਲਈ ਉਹ ਇਕ ਤੋਂ ਪਿਛੋਂ ਦੂਸਰਾ ਕਦਮ ਚੁੱਕਦੇ ਗਏ। ਪਹਿਲਾਂ ਯਹੂਦੀਆਂ ਖਿਲਾਫ਼ ਨਫ਼ਰਤ ਪਰੋਸੀ ਤੇ ਵਿਅਕਤੀਗਤ ਪੱਧਰ ਉਤੇ ਹਿੰਸਕ ਘਟਨਾਵਾਂ ਦਾ ਸ਼ਿਕਾਰ ਬਣਾਇਆ। ਪੁਲਿਸ ਪ੍ਰਸ਼ਾਸਨ ਅਤੇ ਅਦਾਲਤਾਂ ਤੋਂ ਉਨ੍ਹਾਂ ਨੂੰ ਸ਼ਹਿ ਮਿਲੀ। ਸੱਤਾ ਹਾਸਲ ਕਰਨ ਪਿਛੋਂ ਪਹਿਲਾਂ ਯਹੂਦੀਆਂ ਨੂੰ ਸਰਕਾਰੀ ਨੌਕਰੀਆਂ, ਸਕੂਲਾਂ, ਕਾਲਜਾਂ ਤੇ ਹੋਰ ਉਹ ਅਦਾਰਿਆਂ 'ਚੋਂ ਬਾਹਰ ਕੱਢਿਆ। ਫਿਰ ਉਨ੍ਹਾਂ ਦਾ ਸਮਾਜਿਕ, ਆਰਥਿਕ ਤੌਰ 'ਤੇ ਬਾਈਕਾਟ ਕੀਤਾ ਅਤੇ ਤਬਾਹ ਕੀਤਾ। 1938 ਵਿਚ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਖੋਹਣ ਤੇ ਕਾਰੋਬਾਰ ਤਬਾਹ ਕਰਨ ਦੀਆਂ ਕਾਰਵਾਈਆਂ ਨੂੰ ਅੱਗੇ ਵਧਾਇਆ। ਫਿਰ ਉਨ੍ਹਾਂ ਨੂੰ ਦੇਸ਼ ਛੱਡਣ ਲਈ ਕਿਹਾ ਤੇ ਅਖੀਰ 'ਚ ਤਸੀਹਾ ਕੇਂਦਰਾਂ ਵਿਚ ਕੈਦ ਕਰਕੇ ਉਨ੍ਹਾਂ ਦੇ ਸਮੂਹਿਕ ਕਤਲੇਆਮ ਦੀ ਕਾਰਵਾਈ ਸ਼ੁਰੂ ਹੋਈ। ਉਸ ਸਮੇਂ ਤੱਕ ਹਿਟਲਰ ਨੇ ਸਾਰੇ ਮੱਧ ਅਤੇ ਪੱਛਮੀ ਯੂਰਪ ਵਿਚ ਕਬਜ਼ਾ ਕਰ ਲਿਆ ਸੀ ਤੇ ਫਿਰ ਨਾਜ਼ੀਆ ਨੇ ਯਹੂਦੀਆਂ ਦੇ ਨਰਸੰਹਾਰ ਦਾ ਘੇਰਾ ਯੂਰਪ ਤੱਕ ਪਸਾਰ ਲਿਆ।

ਇਸ ਪੂਰੇ ਅਮਲ ਵਿਚ ਜਰਮਨੀ ਦੀ ਆਮ ਲੋਕਾਈ ਦਾ ਵੱਡਾ ਹਿੱਸਾ ਯਹੂਦੀਆਂ ਦੇ ਪ੍ਰਤੀ ਨਾਜ਼ੀਆ ਦੇ ਇਸ ਵਿਉਹਾਰ ਨੂੰ ਜਾਂ ਤਾਂ ਜਾਇਜ਼ ਮੰਨ ਚੁੱਕਾ ਸੀ ਜਾਂ ਫਿਰ ਇਹਦੇ ਪ੍ਰਤੀ ਮੂਕ ਦਰਸ਼ਕ ਤੇ ਬੇਵੱਸ ਤੇ ਬੇਲਾਗਤਾ ਹੋ ਗਿਆ ਸੀ। ਭਾਵ ਅੱਖਾਂ ਬੰਦ ਕਰ ਲਈਆਂ ਸਨ ਤੇ ਨਾਜ਼ੀਆ ਦੀ ਗੈਰ ਮਨੁੱਖੀ ਦਰਿੰਦਗੀ ਦੀ ਦਹਿਸ਼ਤ ਦਾ ਪਰਛਾਵਾਂ ਉਨ੍ਹਾਂ ਦੇ ਮਨ ਮਸਤਿਕ ਉਤੇ ਭਾਰੂ ਹੋ ਚੁੱਕਾ ਸੀ।

ਨਾਜ਼ੀਆ ਦਾ ਇਕ ਕਰੂਰ ਰੂਪ ਇਹ ਵੀ ਕਿ ਉਨ੍ਹਾਂ ਨੇ ਯਹੂਦੀਆਂ ਲਈ ਬਣਾਏ ਤਸੀਹਾ ਕੇਂਦਰਾਂ, ਵਿਚ ਸਮੂਹਿਕ ਕਤਲੇਆਮ ਗੈਰ ਮਨੁੱਖੀ ਵਿਗਿਆਨਕ ਤਰਜਬੇ ਭਾਵ ਬਿਜਲੀ ਦੀਆਂ ਭੱਟੀਆਂ 'ਚ ਸਾੜ ਦੇਣ ਦੀਆਂ ਕਾਰਵਾਈਆਂ ਨੂੰ ਜਰਮਨ ਦੇ ਆਮ ਲੋਕਾਂ ਕੋਲੋਂ ਲੁਕੋਇਆ। ਸਿਰਫ਼ ਦੂਸਰੇ ਵਿਸ਼ਵ ਯੁੱਧ ਵਿਚ ਨਾਜ਼ੀਆ ਦੀ ਹਾਰ ਤੋਂ ਪਿਛੋਂ ਹੀ ਇਹ ਭਿਆਨਕਤਾ ਜਰਮਨ ਦੇ ਲੋਕਾਂ ਨੂੰ ਪਤਾ ਲੱਗੀ। ਇਹਦੇ ਪਛਚਾਤਾਪ ਵਜੋਂ ਅੱਜ ਵੀ ਜਰਮਨੀ ਵਿਚ ਨਾਜ਼ੀਆ ਦੀ ਵਕਾਲਤ ਜਾਂ ਤਾਰੀਫ਼ ਕਰਨ ਉਤੇ ਪਾਬੰਦੀ ਹੈ। ਨਾਜ਼ੀਆ ਵਲੋਂ ਆਪਣੇ ਇਨ੍ਹਾਂ ਸਭ ਤੋਂ ਨਫ਼ਰਤਯੋਗ ਕਾਰਨਾਮਿਆਂ ਨੂੰ ਜਰਮਨ ਲਕੋਂ ਤੋਂ ਲੁਕੋਣਾ ਉਸ ਡਰ ਦਾ ਹਿੱਸਾ ਸੀ ਕਿ ਜਰਮਨ ਲੋਕ ਵੀ ਉਨ੍ਹਾਂ ਦੇ ਇਨ੍ਹਾਂ ਵਹਿਸ਼ੀ ਕਾਰਨਾਮਆਂ ਨੂੰ ਪ੍ਰਵਾਨ ਨਹੀਂ ਕਰਨਗੇ ਪਰ ਇਹ ਵੀ ਸਾਫ਼ ਕਿ ਆਮ ਜਰਮਨ ਲੋਕਾਂ ਨੇ ਨਾਜ਼ੀਆ ਦੇ ਯਹੂਦੀਆਂ ਸਬੰਧੀ ਪ੍ਰਚਾਰ ਨੂੰ ਆਪਣੇ ਦਿਮਾਗਾਂ ਦਾ ਹਿੱਸਾ ਬਣਾ ਲਿਆ ਸੀ ਤੇ ਯਹੂਦੀਆਂ ਪ੍ਰਤੀ ਨਫ਼ਰਤ ਦਾ ਹਿੱਸਾ ਬਣ ਚੁੱਕੇ ਸਨ। ਨਾਜ਼ੀਆ ਨੇ ਲੱਖਾਂ ਯਹੂਦੀਆਂ ਦਾ ਕਤਲੇਆਮ ਕੀਤਾ ਸੀ ਤਾਂ ਜਰਮਨ ਫੌਜ ਤੇ ਪੁਲਿਸ ਵੀ ਇਸ ਵਿਚ ਸ਼ਾਮਲ ਸੀ ਕਿਉਂਕਿ ਸਾਰੇ ਯੂਰਪ ਦੇ ਯਹੂਦੀ ਉਨ੍ਹਾਂ ਦੇ ਕਬਜ਼ੇ ਵਾਲੇ ਇਲਾਕਿਆਂ ਵਿਚੋਂ ਹੀ ਫੌਜ ਪੁਲਿਸ ਦੀ ਮਦਦ ਨਾਲ ਤਸੀਹਾ ਕੇਂਦਰਾਂ ਵਿਚ ਭੇਜਾ ਰਹੇ ਸਨ।

ਇਕ ਸਭਿਅਕ ਸੰਸਕ੍ਰਿਤ ਜਰਮਨ ਲੋਕਾਈ ਇਥੋਂ ਤੱਕ ਕਿਉਂ ਪਹੁੰਚੀ? ਉਹ ਯਹੂਦੀਆਂ ਪ੍ਰਤੀ ਨਫ਼ਰਤ ਵਿਚ ਐਨਾ ਕਿਵੇਂ ਡੁੱਬ ਗਏ? ਕਿ ਆਮ ਇਨਸਾਨੀਅਤ ਨੂੰ ਵੀ ਭੁੱਲ ਗਈ। ਕੀ ਇਹ ਨਾਜ਼ੀਆ ਦੀ ਦਰਿੰਦਗੀ ਨੂੰ ਸਵੀਕਾਰ ਕਰਨਾ ਸੀ? ਨਾਜ਼ੀ ਐਨੇ ਵਹਿਸ਼ੀ ਕਿਵੇਂ ਬਣ ਗਏ? ਉਨ੍ਹਾਂ ਦੀ ਅੰਦਰਲੀ ਇਨਸਾਨੀਅਤ ਕਿਵੇਂ ਮਰ ਗਈ ਤੇ ਉਹ ਹੈਵਾਨ ਬਣ ਗਏ? ਇਹਦਾ ਜਵਾਬ ਹੈ ਕਿ ਅਜਿਹਾ ਉਨ੍ਹਾਂ ਨੂੰ ਬਣਾਇਆ ਗਿਆ। ਲੋਕਾਈ ਦੇ ਜਿਉਣ ਦੀਆਂ ਲੋੜਾਂ ਦੀ ਥੁੜ ਨੂੰ ਰੋਟੀ ਰੁਜ਼ਗਾਰ ਤੇ ਚੰਗੇਰੀ ਜ਼ਿੰਦਗੀ ਦੇ ਸੁਪਨੇ ਨੂੰ ਪੂਰਾ ਕਰਨ ਲਈ ਯਹੂਦੀਆਂ ਨੂੰ ਰਾਹ ਦਾ ਰੋੜਾ ਬਣਾ ਕੇ ਪੇਸ਼ ਕੀਤਾ ਗਿਆ। ਨਾਜ਼ੀਆ ਨੇ ਲੋਕਾਂ ਦੇ ਇਕ ਛੋਟੇ ਹਿੱਸੇ ਨੂੰ ਇਹ ਦੱਸ ਦਿੱਤਾ ਕਿ ਯਹੂਦੀਆਂ ਨੂੰ ਰਾਹ 'ਚੋਂ ਲਾਂਭੇ ਕਰਕੇ ਹੀ ਭਵਿੱਖ ਸੁਧਾਰਿਆ ਜਾ ਸਕਦਾ ਹੈ। ਸੋ ਇਉਂ ਗੈਰ ਮਾਨਵੀ ਪਸ਼ੂ ਬਿਰਤੀ ਦੀ ਗ੍ਰਿਫ਼ਤ 'ਚ ਲੈ ਕੇ ਸੰਕਟਗ੍ਰਸਤ ਪੂੰਜੀਵਾਦੀ ਪ੍ਰਬੰਧ ਅਤੇ ਲੁਟੇਰੇ ਪੂੰਜੀਪਤੀਆਂ ਨੂੰ ਬਚਾ ਲਿਆ। ਇਸੇ ਪੂੰਜੀਪਤੀ ਵਰਗ ਨੇ ਨਾਜ਼ੀਆ ਨੂੰ ਪਾਲਿਆ ਪੋਸਿਆ।

ਨਾਜ਼ੀਆ ਨੇ ਯਹੂਦੀਆਂ ਪ੍ਰਤੀ ਨਫ਼ਤਰ ਪੈਦਾ ਕਰਨ ਲਈ ਬਹੁਤ ਬੇਹੂਦਾ ਕੂੜ ਪ੍ਰਚਾਰ ਫੈਲਾਇਆ। ਆਪਣੇ ਪ੍ਰਾਪੇਗੰਡੇ ਰਾਹੀਂ ਅੱਧਾ ਸੱਚ ਤੇ ਝੂਠ ਲਗਾਤਾਰ ਪਰੋਸਿਆ। ਹਰ ਪਾਪ ਨੂੰ ਯਹੂਦੀਆਂ ਦੇ ਮੱਥੇ ਉਤੇ ਮੜ੍ਹਿਆ ਜਿਵੇਂ ਯਹੂਦੀ ਲੁਟੇਰੇ ਹਨ, ਸੂਦਖੋਰ ਹਨ, ਯਹੂਦੀ ਕਮਿਊਨਿਸਟ ਹਨ, ਦੁਕਾਨਦਾਰ ਹਨ, ਸਮਾਜਵਾਦੀ ਹਨ, ਆਦਿ ਆਦਿ। ਯਹੂਦੀਆਂ ਨੇ ਹੀ ਪਵਿੱਤਰ ਜਰਮਨ ਰਾਸ਼ਟਰ ਨੂੰ ਭ੍ਰਿਸ਼ਟ ਤੇ ਨਸ਼ਟ ਕੀਤਾ ਹੈ। ਉਨ੍ਹਾਂ ਨੇ ਆਰੀਅਨ ਨਸਲ ਨੂੰ ਅਪਵਿੱਤਰ ਕੀਤਾ ਹੈ। ਜੇ ਯਹੂਦੀ ਜਰਮਨ ਨਸਲ 'ਚੋਂ ਬਾਹਰ ਕੱਢ ਦਿੱਤੇ ਜਾਣ ਤਾਂ ਆਰੀਆ ਨਸਲ ਤੇ ਜਰਮਨ ਰਾਸ਼ਟਰ ਦਾ ਪੁਨਰਉਥਾਨ ਹੋ ਜਾਵੇਗਾ ਤੇ ਉਹ ਸਾਰੀ ਦੁਨੀਆ ਤੇ ਰਾਜ ਕਰੇਗਾ ਭਾਵ ਵਿਸ਼ਵ ਗੁਰੂ ਬਣ ਜਾਵੇਗਾ।

ਉਪਰੋਕਤ ਸਾਰਾ ਕੁਝ ਤੁਸੀਂ ਭਾਰਤ ਵਿਚ ਅੱਜ ਵੇਖ ਸਕਦੇ ਹੋ। ਬੱਸ ਨਾਜ਼ੀਆ ਦੀ ਥਾਂ ਸੰਘੀ ਸ਼ਬਦ ਹੈ ਤੇ ਯਹੂਦੀ ਦੁਸ਼ਮਣ ਦੀ ਥਾਂ ਮੁਸਲਮਾਨ ਸ਼ਬਦ ਨੇ ਲੈ ਲਈ ਹੈ। ਆਪਣੇ ਟੀਚੇ ਪੂਰੇ ਕਰਨ ਲਈ ਨਾਜ਼ੀਆ ਨੇ ਬਹੁਤ ਸੁਚੇਤ ਢੰਗ ਨਾਲ ਲੋਕਾਂ ਦੀਆਂ ਸਭ ਤੋਂ ਖਰਾਬ ਪ੍ਰਵਿਰਤੀਆਂ ਨੂੰ ਉਭਾਰਿਆ। ਉਨ੍ਹਾਂ ਨੂੰ ਤਰਕ ਦੀ ਥਾਂ ਬਦਲੇ ਦੀ ਭਾਵਨਾ ਨਾਲ ਭੜਕਾਇਆ। ਇਸ ਵਿਚ ਨਫ਼ਰਤ ਤੇ ਹਿੰਸਾ ਲੁਕੀ ਹੋਈ ਸੀ। ਆਖਿਰ ਨਾਜ਼ਮੀ ਇਸ 'ਚ ਸਫ਼ਲ ਹੋ ਗਏ। ਲੋਕਾਂ ਦਾ ਇਕ ਹਿੱਸਾ ਇਸ ਕੂੜ ਪ੍ਰਚਾਰ ਦੀ ਗ੍ਰਿਫ਼ਤ 'ਚ ਐਨਾ ਆ ਗਿਆ ਕਿ ਉਹ ਯਹੂਦੀਆਂ ਦੇ ਕਤਲੇਆਮ ਦੇ ਤਾਂਡਵੀ ਨਾਚ ਨੂੰ ਵੇਖ ਕੇ ਖੁਸ਼ ਹੋ ਰਹੇ ਸਨ ਅਤੇ ਤਸੀਹਾ ਕੇਂਦਰਾਂ ਵਿਚ ਨਾਜ਼ਮੀ ਬਹੁਤ ਸਹਿਜ ਢੰਗ ਨਾਲ ਬੁੱਚੜਾਂ ਵਾਲੇ ਢੰਗ ਤਰੀਕਿਆਂ ਰਾਹੀਂ ਕਤਲੇਆਮ ਦੀ ਲੀਲਾ ਰਚ ਰਹੇ ਸਨ।

ਇਕ ਸਭਿਅਕ ਸਮਾਜ ਨੂੰ ਇਕ ਜਾਂਗਲੀ ਤੇ ਵਹਿਸ਼ੀ ਸਮਾਜ ਵੱਲ ਧੱਕ ਦੇਣਾ ਨਾਜ਼ੀਵਾਦੀ ਫਾਸ਼ੀਵਾਦ ਦਾ ਆਮ ਚਰਿੱਤਰ ਸੀ ਤੇ ਹੈ। ਇਹ ਤਾਂ ਹੀ ਸੰਭਵ ਹੈ ਜਦੋਂ ਲੋਕਾਂ ਦੇ ਇਕ ਹਿੱਸੇ ਨੂੰ ਇਥੋਂ ਤੱਕ ਗੈਰ ਮਾਨਵੀ ਤੇ ਪਸ਼ੂ ਬਿਰਤੀ ਵਾਲਾ ਬਣਾ ਦਿੱਤਾ ਜਾਵੇ ਅਤੇ ਉਸ ਵਿਚ ਇਕ ਛੋਟੇ ਹਿੱਸੇ ਨੂੰ ਦਰਿੰਦਾ ਬਣਾ ਦਿੱਤਾ ਜਾਵੇ। ਤੁਸੀਂ ਜੋ ਭਾਰਤ ਵਿਚ ਥਾਂ ਪੁਰ ਥਾਂ ਤ੍ਰਿਸੂਲਾਂ, ਤਲਵਾਰਾਂ, ਰਾੜਾਂ ਤੇ ਹੋਰ ਹਥਿਆਰਾਂ ਨਾਲ ਸਮੂਹਿਕ ਦਰਿੰਦਗੀ (ਮਾਬ ਲੀਚਿੰਗ) ਦੀਆਂ ਘਟਨਾਵਾਂ ਵੇਖ ਰਹੇ ਇਹ ਨਾਜ਼ੀ ਸਿੱਖਿਆ ਦੀ ਹੀ ਦੇਣ ਹੈ। ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਸਿਤਮ ਦੀ ਗੱਲ ਕਿ ਮਹਾਨ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੀ ਗੱਲ ਕਰਨ ਵਾਲੇ ਹਿੰਦੂਤਵੀ ਫਾਸ਼ੀਵਾਦੀ ਆਪਣੀ ਗੱਲਬਾਤ ਤੇ ਵਿਉਹਾਰ ਵਿਚ ਜੋ ਪ੍ਰਗਟ ਕਰ ਰਹੇ ਹਨ ਉਹ ਸਭਿਅਕ ਸੰਸਕ੍ਰਿਤੀ ਵਾਲਾ ਨਹੀਂ। ਜਾਂਗਲੀ ਤੇ ਵਹਿਸ਼ੀਪੁਣੇ ਦਾ ਪ੍ਰਗਟਾਅ ਤਾਂ ਹੈ। ਬੇਹੱਦ ਘਟੀਆ ਪੱਧਰ ਦੀ ਸ਼ਬਦਾਵਲੀ ਵਾਲੀਆਂ ਗਾਲ੍ਹਾਂ 'ਗੋਲੀ ਮਾਰੋ ਸਾਲੋ ਕੋ' ਅਤੇ ਰਾਹ ਜਾਂਦੇ ਆਮ ਨਾਗਰਿਕ ਨਾਲ ਲੇਪਟਪੁਈ ਵਿਉਹਾਰ ਭਾਵ ਗੁੰਡਾਗਰਦੀ ਇਕ ਆਮ ਵਰਤਾਰਾ ਵੇਖਣ ਵਿਚ ਆ ਰਿਹਾ ਹੈ। ਹਰ ਗੱਲ 'ਤੇ ਬਲਾਤਕਾਰ ਦੀਆਂ ਧਮਕੀਆਂ ਅਤੇ ਜਿਥੇ ਮੌਕਾ ਬਣੇ ਸਮੂਹਿਕ ਬਲਾਤਕਾਰ ਤੇ ਔਰਤਾਂ ਦੇ ਨਗਨ ਪ੍ਰਦਰਸ਼ਨ ਸੰਘੀ ਗੁੰਡਾਗਰਦੀ ਦਾ ਨੰਗਾ ਚਿੱਟਾ ਨਮੂਨਾ ਹਨ। ਦੂਸਰੀ ਧਿਰ ਦੀਆਂ ਔਰਤਾਂ ਨਾਲ ਉਹ ਮੁਸਲਮਾਨ ਹੋਣ ਕੁੱਕੀ ਹੋਣ ਜਾਂ ਇਸਾਈ ਜਾਂ ਸਿੱਖ ਔਰਤਾਂ ਨਾਲ ਬਲਾਤਕਾਰ ਨੂੰ ਉਹ ਬਾਰ ਬਾਰ ਜ਼ੋਰ ਦੇ ਕੇ ਜਾਇਜ਼ ਠਹਿਰਾਉਂਦੇ ਹਨ। ਮੁਸਲਮਾਨਾਂ ਨੂੰ ਪੀੜਤ ਕਰਕੇ ਉਨ੍ਹਾਂ ਨੂੰ ਬੜਾ ਅਨੰਦ ਆਉਂਦਾ ਹੈ। ਜਿਵੇਂ ਦੇਸ਼ ਦੀ ਆਨ ਸ਼ਾਨ ਬਹਾਲ ਕਰਨ ਲਈ ਇਹ ਜ਼ਰੂਰੀ ਹੈ।

ਭਾਰਤ ਵਿਚ ਸੰਘੀ ਲਾਣੇ ਦੇ ਵਿਉਹਾਰ ਤੇ ਅਮਲ ਨਾਜ਼ੀਆਂ ਦੀ ਤਰਜ ਉਤੇ ਹੀ ਚਲ ਰਿਹਾ ਹੈ। ਨਾਜ਼ੀਆ ਨਾਲੋਂ ਬਿਹਤਰ ਇਸ ਲਈ ਕਿ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਉਹ 100 ਫੀਸਦੀ ਝੂਠ ਨੂੰ ਸੱਚ ਬਣਾਕੇ ਪਰੋਸਦੇ ਹਨ। ਤੁਸੀਂ ਕਰੋਨਾ ਵਿਚ ਵੇਖਿਆ ਹੋਵੇਗਾ ਕਿ ਕਿ ਕਿਵੇਂ ਕਰੋਨਾ ਦੀਆ ਵਾਹਕ 'ਤਬਲੀਮੀ ਜਮਾਤ' ਨੂੰ ਠਹਿਰਾ ਦਿੱਤਾ ਅਤੇ ਸਰਕਾਰ ਦੀਆਂ ਸਾਰੀਆਂ ਨਾਕਾਮੀਆਂ ਉਤੇ ਪਰਦਾ ਪਾ ਕੇ ਮੁਸਲਮਾਨ ਦੁਸ਼ਮਣਾਂ ਦੇ ਵੱਲ ਨਫ਼ਰਤ ਨੂੰ ਧੱਕਾ ਦਿੱਤਾ। ਕੁਝ ਸਾਲ ਪਹਿਲਾਂ ਜੋ ਕੁਝ ਉਹ ਆਪਣੀਆਂ ਸਾਖਾਵਾਂ ਵਿਚ ਬੋਲਦੇ ਸਨ ਅਜੇ ਖੁੱਲ੍ਹੇਆਮ ਥਾਂ ਪੁਰ ਥਾਂ ਬੇਧੜਕ ਹੋ ਕੇ ਬੋਲ ਰਹੇ ਹਨ। ਜਿਹੜੇ ਸੰਘੀ ਲੋਕ ਸਮਾਜ ਵਿਚ ਪਰ੍ਹਾਂ ਧੱਕੇ ਹੋਏ ਹਨ ਉਹ ਅੱਜ ਮੁਖਧਾਰਾ ਬਣੇ ਹੋਏ ਹਨ। ਕਿੰਨੀ ਸਿਤਮ ਦੀ ਗੱਲ ਹੈ ਕਿ ਗੁਜਰਾਤ 2002 ਦੇ ਕਤਲੇਆਮ ਦੇ ਜਿਨ੍ਹਾਂ ਦੋਸ਼ੀਆਂ ਨੂੰ ਜੇਲ੍ਹ 'ਚ ਹੋਣਾ ਚਾਹੀਦਾ ਸੀ ਉਹ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੀ ਕੁਰਸੀ ਉਤੇ ਬਿਰਾਜਮਾਨ ਹਨ। ਲੰਪਟ ਗੁੰਡਿਆਂ ਦਾ ਸਰਦਾਰ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੈ। ਹਿੰਦੂ ਧਰਮ ਦਾ ਨਾ ਸਿਰਫ਼ ਸਰਕਾਰੀ ਪੱਧਰ ਉਤੇ ਪ੍ਰਚਾਰ ਪ੍ਰਸਾਰ ਹੋ ਰਿਹਾ ਹੈ ਸਗੋਂ ਸਕੂਲੀ ਵਿਦਿਆ ਵਿਚ ਵੀ ਪੇਸ਼ ਭਰ ਦੇ ਬੱਚਿਆਂ ਉਤੇ ਠੋਸਿਆ ਜਾ ਰਿਹਾ ਹੈ ਤੇ ਦੂਸਰੇ ਪਾਸੇ ਮੁਸਲਮਾਨਾਂ ਨੂੰ ਬੁਲਡੋਜਰਾਂ ਨਾਲ ਦਰੜਿਆ ਜਾ ਰਿਹਾ ਹੈ। ਪੂੰਜੀਵਾਦੀ ਮੀਡੀਆ ਖੁੱਲ੍ਹੇਆਮ ਬੁਲਡੋਜ਼ਰ ਚਲਾਉਣ ਦੀ ਮੰਗ ਕਰਦਾ ਅਤੇ ਇਸ ਉਤੇ ਖੁਸ਼ੀ ਪ੍ਰਗਟ ਕਰਦਾ ਹੈ।

ਹਿੰਸਾ ਨੂੰ ਅੰਜਾਮ ਦੇਣ ਵਾਲੇ ਖੁੱਲ੍ਹੇ ਘੁੰਮ ਰਹੇ ਹਨਅ ਤੇ ਬੇਗੁਨਾਹਾਂ ਨੂੰ ਫਰਜ਼ੀ ਮੁਕੱਦਮਿਆਂ ਰਾਹੀਂ ਜੇਲ੍ਹਾਂ 'ਚ ਸੁੱਟਿਆ ਜਾ ਜਾ ਰਿਹਾ ਹੈ।

ਸਦੀਆਂ ਤੋਂ ਆਪਣੇ ਪਿਤਾ ਪੁਰਖੀ ਜ਼ਮੀਨਾਂ ਉਤੇ ਰਹਿਣ ਵਾਲਿਆਂ ਦੇ ਘਰਾਂ ਨੂੰ ਬਲਟੋਜ਼ਰਾਂ ਦੇ ਨਾਲ ਢਹਿ ਢੇਰੀ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਜਾਇਜ਼ ਠਹਿਰਾਉਣ ਵਾਲੇ ਅਤੇ ਇਸ ਉਤੇ ਚਿੜਗਿਲੀਆਂ ਪਾਉਣ ਵਾਲੇ ਨਫ਼ਰਤ ਦੇ ਐਥੋਂ ਤੱਕ ਸ਼ਿਕਾਰ ਹਨ ਕਿ ਹੱਤਿਆ ਤੇ ਬਲਾਤਕਾਰ ਉਨ੍ਹਾਂ ਨੂੰ ਕੋਈ ਸਮੱਸਿਆ ਹੀ ਨਹੀਂ ਲੱਗਦੀ। ਸਾਹਮਣੇ ਉਨ੍ਹਾਂ ਦਾ ਦੁਸ਼ਮਣ (ਭਾਵ ਮੁਸਲਮਾਨ) ਹੋਵੇ ਤਾਂ। ਪਰ ਜੇ ਉਹ ਆਪਣੀ ਸਵੈ ਸੁਰੱਖਿਆ ਲਈ ਕਦਮ ਚੁੱਕ ਲਵੇ ਤਾਂ ਫਿਰ ਦੇਸ਼ ਭਰ ਵਿਚ ਕੂੜ ਪ੍ਰਚਾਰ ਦਾ ਹੜ ਆ ਜਾਂਦਾ ਹੈ। ਇਹ ਸਭ ਕੁਝ ਮਨੀਪੁਰ, ਹਰਿਆਣਾ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼ ਆਦਿ ਰਾਜਾਂ ਵਿਚ ਵੇਖ ਸਕਦੇ ਹੋ। ਪਿਛਲੇਰੇ ਕਈ ਸਾਲਾਂ ਤੋਂ ਅਤੇ ਵਿਸ਼ੇਸ਼ ਕਰਕੇ ਪਿਛਲੇ 9 ਸਾਲ ਵਿਚ ਸਮਾਜ ਸਾਡੇ ਵੇਂਹਦਿਆਂ ਵੇਂਹਦਿਆਂ ਵਹਿਸ਼ੀਪੁਣੇ ਤੇ ਬਰਾਬਰਤਾ ਵੱਲ ਧੱਕ ਦਿੱਤਾ ਗਿਆ ਹੈ। ਸੰਘੀ ਤਾਣਾ ਬਾਣਾ ਤੇ ਪ੍ਰਚਾਰ ਮੀਡੀਆ ਆਪਣੇ ਛੱਲ ਕੱਪਟ ਰਾਹੀਂ ਜਿਨ੍ਹਾਂ ਘਟਨਾਵਾਂ ਨੂੰ ਅੰਜਾਮ ਦੇ ਰਿਹਾ ਹੈ, ਪੂਰੀ ਸਰਕਾਰੀ ਮਸ਼ੀਨਰੀ ਪੁਲਿਸ ਤੇ ਪ੍ਰਸ਼ਾਸਨੀ ਤੰਤਰ ਅਤੇ ਇਥੋਂ ਤੱਕ ਕਿ ਪ੍ਰਧਾਨ ਮੰਤਰੀ ਗ੍ਰਹਿ ਮੰਤਰੀ ਤੱਕ ਉਨ੍ਹਾਂ ਦੇ ਪਿਛੇ ਸੁਰੱਖਿਆ ਵਾੜ ਬਣ ਕੇ ਖਲੋਤੇ ਹਨ।

ਸੋ ਇਹ ਸਮਾਜ ਅਜਿਹੀ ਬਰਾਬਰਤਾ ਅਤੇ ਵਹਿਸ਼ੀਪੁਣੇ ਵੱਲ ਵਧੇ ਇਸ ਤੋਂ ਨੂੰ ਪਹਿਲਾਂ ਸਾਨੂੰ ਸੋਚਣਾ ਪਵੇਗਾ। ਜਰਮਨ ਵਾਂਗੂੰ ਜੇ ਅਸੀਂ ਕੁਝ ਦੇਰੀ ਕਰਨ ਤੋਂ ਰੁਕ ਗਏ ਤਾਂ ਸਿੱਟੇ ਭਿਆਨਕ ਹੋਣਗੇ। ਰਾਜਤੰਤਰ ਦੇ ਡੰਡੇ 'ਤੇ ਨਵੀਂ ਸੰਕਟ ਹੀ ਨਹੀਂ ਨਵੇਂ ਸੰਵਿਧਾਨ ਦੀ ਚਰਚਾ ਉਸ ਬਰਾਬਰ ਤੇ ਵਹਿਸ਼ੀਪੁਣੇ ਵੱਲ ਭਾਰਤੀ ਸਮਾਜ ਨੂੰ ਧੱਕਣ ਦੇ ਹੀ ਇਸ਼ਾਰੇ ਹਨ। ਜਿੰਨਾਂ ਜ਼ਹਿਰ ਪਰੋਸਿਆ ਜਾ ਰਿਹਾ ਹੈ ਉਸ ਨੂੰ ਚੂਸਨ ਵਾਲੇ ਬਹੁਤ ਕਮਜ਼ੋਰ ਤੇ ਖਿੰਡੇ ਹੋਏ ਹਨ। ਸਭ ਤੋਂ ਵੱਧ ਪ੍ਰਭਾਵਿਤ ਪਤਿਤ ਪੂੰਜੀਵਾਦੀ ਸਮਾਜ ਵਿਚ ਮਜ਼ਦੂਰ ਵਰਗ ਹੈ। ਜਿਸ ਦੇ ਲਈ ਕੰਮ ਨਹੀਂ ਅਤੇ ਉਹ ਰੋਟੀ ਰੋਜ਼ੀ ਤੋਂ ਮੁਥਾਜ ਹੋਣ ਵੱਧ ਵੱਧ ਰਿਹਾ ਹੈ। ਸੰਘੀ ਲਾਣਾ ਇਨ੍ਹਾਂ ਦੇ ਦਿਮਾਗਾਂ 'ਚ ਨਫ਼ਰਤ ਦਾ ਜ਼ਹਿਰ ਭਰ ਕੇ ਖੰਜਰ ਫੜਾਉਣ ਦੇ ਆਹਰ ਵਿਚ ਹੈ ਕਿਉਂਕਿ ਪੂੰਜੀਵਾਦ ਨੂੰ ਸਭ ਤੋਂ ਵੱਡਾ ਖਤਰਾ ਮਜ਼ਦੂਰ ਵਰਗ ਤੋਂ ਹੀ ਲੱਗਦਾ ਹੈ। ਸਾਡੇ ਜ਼ਿੰਮੇਵਾਰੀ ਵੱਧ ਜਾਂਦੀ ਹੈ ਜਿਸ ਸਮਾਜ ਨੇ ਇਕ ਅਸਭਿਅਕ ਸਾਮਰਾਜ ਨੂੰ ਢਹਿ ਢੇਰੀ ਕਰਕੇ ਇਕ ਨਵਾਂ ਸਭਿਅਕ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਨਾ ਦੀ ਜ਼ਿੰਮਵੇਰੀ ਨਿਭਾਉਣੀ ਸੀ, ਨੂੰ ਦੁਸ਼ਮਣ (ਸੰਘੀ ਪੂੰਜੀਪਤੀ) ਵਰਤਣ ਦੀ ਤਾਕ ਵਿਚ ਹੈ। ਸਮਾਜ ਦੇ ਚੇਤੰਨ ਹਿੱਸਿਆਂ ਨੂੰ ਆਪਸੀ ਲਕੀਰਾਂ ਤੋਂ ਉਪਰ ਉਠ ਕੇ ਇਸ ਸਮਾਜ ਨੂੰ ਬਚਾਉਣ ਦੀ ਲੜਾਈ 'ਚ ਸਾਂਝੇ ਤੌਰ 'ਤੇ ਕੁੱਦਣਾ ਪਵੇਗਾ। ਆਪਣੇ ਮੁਨਾਫ਼ੇ ਤੇ ਸਰੋਤਾਂ ਨੂੰ ਹਥਿਆਉਣ ਦੀ ਐਨੀ ਦੌੜ ਵਿਚ ਪੂੰਜੀਵਾਦੀ ਜਮਾਤ ਐਨੀ ਪਤਿਤ ਤੇ ਵਹਿਸ਼ੀਪੁਣੇ ਤੱਕ ਪਹੁੰਚ ਜਾਂਦੀ ਹੈ ਕਿ ਸਮਾਜ ਨੂੰ ਘਰੇਲੂ ਜੰਗਾਂ ਵੱਲ ਧੱਕਣ ਤੋਂ ਗੁਰੇਜ਼ ਨਹੀਂ ਕਰਦੀ। ਅਜਿਹੀ ਜਮਾਤ ਨੂੰ ਇਕ ਬੇਕਿਰਕ ਫਾਸ਼ੀਸਿਟ ਵਿਚਾਰਾਂ ਵਾਲੀ ਧਿਰ ਚਾਹੀਦੀ ਹੈ ਅਤੇ ਭਾਰਤ ਵਿਚ ਆਰ.ਐਸ.ਐਸ. ਉਹਦੇ ਹਿੱਤਾਂ ਦੀ ਪੂਰਤੀ ਲਈ ਸੇਵਾਵਾਂ ਨਿਭਾਅ ਰਹੀ ਹੈ। ਸੋ ਸਮਾਂ ਆ ਗਿਆ ਹੈ ਕਿ ਦੇਸ਼ ਦੇ ਮਿਹਨਤਕਸ਼ ਆਵਾਮ ਨੂੰ ਫਾਸ਼ਿਸ਼ਟ ਪਰਵਿਰਤੀਆਂ ਤੇ ਉਨ੍ਹਾਂ ਦੀ ਪੋਸ਼ਕ ਜਮਾਤ ਦੇ ਖਿਲਾਫ਼ ਸੁਚੇਤ ਕੀਤਾ ਜਾਵੇ ਅਤੇ ਬੇਪੜਦ ਕੀਤਾ ਜਾਵੇ। ਦੇਸ਼ ਨੂੰ ਬਰਾਬਰਤਾ ਤੇ ਵਹਿਸ਼ੀਪੁਣੇ ਵੱਲ ਧੱਕਣ ਵਾਲੀਆਂ ਧਿਰਾਂ ਨੂੰ ਲੋਕਾਂ 'ਚੋਂ ਨਿਖੇੜ ਕੇ ਹੀ ਪਿਛੇ ਧੱਕਿਆ ਜਾ ਸਕਦਾ ਹੈ। ਇਹਦੀ ਸ਼ਾਨਦਾਰ ਮਿਸਲ ਹਰਿਆਣਾ ਦੇ ਨੂੰਹ ਭਾਵ ਮੇਵਾਤ ਇਲਾਕੇ ਵਿਚ ਸਾਹਮਣੇ ਆਈ ਹੈ, ਜਿਥੇ ਸੰਘੀ ਲਾਣੇ ਤੇ ਭਾਜਪਾ ਸਰਕਾਰ ਨੇ ਮੇਵਾਤੀ ਮੁਸਲਮਾਨਾਂ ਨੂੰ ਉਜਾੜਣ ਦੀ ਠਾਣੀ ਹੋਈ ਸੀ ਤੇ ਹੈ ਜਿਸ ਦੇ ਵਿਰੋਧ ਵਿਚ ਇਲਾਕੇ ਦੀਆਂ ਦਰਜਨਾਂ ਜਾਟ ਪੰਚਾਇਤਾਂ ਨਿਤਰ ਆਈਆਂ ਹਨ ਤੇ ਆਵਾਜ਼ ਦਿੱਤੀ ਹੈ ਕਿ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਮੂਹ ਨਾ ਲਾਉ। ਇਸ ਆਵਾਜ਼ ਦਾ ਅਸਰ ਇਹ ਹੋਇਆ ਕਿ ਇਨ੍ਹਾਂ ਲੰਪਟ, ਵਹਿਸ਼ੀ ਅੱਗ ਲਾਊ ਟੋਲਿਆਂ ਨੂੰ ਇਕ ਵਾਰ ਪਿੱਛੇ ਹਟਣਾ ਪਿਆ ਹੈ। ਦੇਸ਼ ਦੇ ਅਗਾਂਹਵਧੂ ਹਲਕਿਆਂ ਨੂੰ ਇਸ ਤੋਂ ਸਿੱਖਣਾ ਚਾਹੀਦਾ ਹੈ ਅਤੇ ਮਿਲ ਕੇ ਆਪਣੀ ਬਣਦੀ ਇਤਿਹਾਸਕ ਜ਼ਿੰਮੇਵਾਰੀ ਨਿਭਾਉਣੀ ਚਾਹੀਦਾ ਹੈ।



ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਜਥੇਬੰਦਕ ਧਰਮਾਂ ਦਾ ਮਾਇਆਜਾਲ਼-8*

# ਪੁੰਨ-ਪਾਪ ਆਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਨਕਲੀ ਧਰਮਾਂ ਦੀ ਲੜੀ ਵਿੱਚ 'ਪੁੰਨ-ਪਾਪ ਆਧਾਰਿਤ ਨਕਲੀ ਧਰਮ' ਦਾ ਵੀ ਅਹਿਮ ਸਥਾਨ ਹੈ। ਨਕਲੀ ਧਰਮਾਂ ਦੀ ਇਸ ਖੋਜ ਦੌਰਾਨ ਮੈਂ ਹੈਰਾਨ ਹੋ ਰਿਹਾ ਹਾਂ ਕਿ ਅਸਲੀ ਧਰਮ ਤਾਂ ਨਕਲੀ ਧਰਮਾਂ ਵਿੱਚ ਅਲੋਪ ਹੀ ਹੋ ਚੁੱਕਾ ਹੈ। ਆਮ ਸ਼ਰਧਾਲੂ ਤਾਂ ਇਨ੍ਹਾਂ ਨਕਲੀ ਧਰਮਾਂ ਨੂੰ ਹੀ ਅਸਲੀ ਸਮਝ ਰਿਹਾ ਹੈ। ਪੁਜਾਰੀਆਂ ਨੇ ਸ਼ਰਧਾਲੂਆਂ ਦੀ ਅਜਿਹੀ ਮੱਤ ਮਾਰੀ ਹੋਈ ਹੈ ਕਿ ਉਹ ਤਾਂ ਇਨ੍ਹਾਂ ਨਕਲੀ ਧਰਮਾਂ ਨੂੰ ਹੀ ਅਸਲੀ ਮੰਨ ਕੇ ਆਪਣਾ ਤਨ-ਮਨ-ਧਨ ਕੁਰਬਾਨ ਕਰੀ ਬੈਠੇ ਹਨ। ਉਨ੍ਹਾਂ ਦੇ ਤਾਂ ਇਹ ਚਿੱਤ ਚੇਤੇ ਵੀ ਨਹੀਂ ਕਿ ਉਹ ਜਿਸਨੂੰ ਧਰਮ ਸਮਝ ਰਹੇ ਹਨ, ਉਹ ਤਾਂ ਪੁਜਾਰੀਆਂ ਦੁਆਰਾ ਬਣਾਏ ਹੋਏ ਨਕਲੀ ਧਰਮ ਹਨ। ਇਹ ਧਰਮ ਨਹੀਂ ਸਗੋਂ ਰੱਬ ਦੇ ਨਾਂ 'ਤੇ ਪੁਜਾਰੀਆਂ ਦੀਆਂ ਬਣਾਈਆਂ ਜਥੇਬੰਧਕ ਦੁਕਾਨਾਂ ਹਨ। ਮਨੁੱਖ ਆਮ ਤੌਰ 'ਤੇ ਕਿਸੇ ਦੁਕਾਨ ਤੋਂ ਜਦੋਂ ਸੌਦਾ ਲੈਣ ਜਾਂਦਾ ਹੈ ਤਾਂ ਪੈਸੇ ਦੇ ਕੇ ਆਪਣੀ ਲੋੜ ਦੀ ਚੀਜ਼ ਖਰੀਦ ਲਿਆਉਂਦਾ ਹੈ। ਮਜ਼ੇ ਦੀ ਗੱਲ ਹੈ ਕਿ ਧਰਮ ਦੇ ਨਾਂ 'ਤੇ ਬਣੀਆਂ ਇਨ੍ਹਾਂ ਨਕਲੀ ਦੁਕਾਨਾਂ ਤੇ ਮਨੁੱਖ ਆਪਣਾ ਤਨ, ਮਨ, ਧਨ ਨਿਸ਼ਾਵਰ ਕਰਕੇ ਖਾਲੀ ਹੱਥ ਮੁੜ ਆਉਂਦਾ ਹੈ ਤੇ ਉਸਦੇ ਪੱਲੇ ਭਵਿੱਖ ਦੇ ਝੂਠੇ ਲਾਰੇ ਤੇ ਮਾਨਸਿਕ ਰੋਗ ਹੀ ਪੈਂਦੇ ਹਨ। ਬਹੁਤੇ ਸ਼ਰਧਾਲੂ ਤਾਂ ਸਾਰੀ ਉਮਰ ਨਕਲੀ ਧਰਮਾਂ ਦੀਆਂ ਇਨ੍ਹਾਂ ਦੁਕਾਨਾਂ 'ਤੇ ਹੀ ਆਪਣਾ ਤਨ, ਮਨ, ਧਨ ਵਾਰ ਕੇ ਜੁਆਰੀਆਂ ਵਾਂਗ ਖਾਲੀ ਹੱਥ ਝਾੜ ਕੇ ਇਸ ਜਹਾਨ ਤੋਂ ਚਲਦੇ ਬਣਦੇ ਹਨ ਤੇ ਉਹ ਕਦੇ ਇਹ ਸੋਚਣ ਦੀ ਹਿੰਮਤ ਹੀ ਨਹੀਂ ਕਰ ਪਾਉਂਦੇ ਕਿ ਕੰਪੀਟੀਸ਼ਨ ਵਿੱਚ ਬਣੀ ਕਿਸੇ ਹੋਰ ਦੁਕਾਨ ਦਾ ਸੌਦਾ ਵੀ ਵੇਖ ਲਈਏ?

ਹਰ ਧਰਮ ਪੁਜਾਰੀ ਆਪਣੇ ਸ਼ਰਧਾਲੂਆਂ ਨੂੰ ਇਸ ਢੰਗ ਨਾਲ ਤਿਆਰ ਕਰਦਾ ਹੈ ਕਿ ਉਹ ਸਿਰ ਸੁੱਟ ਕੇ, ਅੱਖਾਂ ਮੀਟ ਕੇ, ਹੱਥ ਜੋੜ ਕੇ, ਬਿਨਾਂ ਕਿਸੇ ਹੀਲ-ਹੁੱਜਤ, ਕਿੰਤੂ-ਪ੍ਰੰਤੂ, ਸਵਾਲ-ਜਵਾਬ ਦੇ ਧਰਮ ਦੀ ਪੁਜਾਰੀਆਂ ਦੁਆਰਾ ਬਣਾਈ ਮਰਿਯਾਦਾ ਤੇ ਕਰਮਕਾਂਡ ਨੂੰ ਨਿਭਾਉਂਦਾ ਰਹੇ। ਇਸ ਲੇਖ ਲੜੀ ਦਾ ਮਕਸਦ ਮਨੁੱਖ ਨੂੰ ਇਹ ਸੋਚਣ ਲਾਉਣਾ ਹੈ ਕਿ ਕੁਦਰਤ ਨੇ ਤੁਹਾਨੂੰ ਦਿਮਾਗ ਦਿੱਤਾ ਹੈ ਤੇ ਤੁਸੀਂ ਉਸਦੀ ਯੋਗ ਵਰਤੋਂ ਕਰਕੇ ਅਸਲੀ ਤੇ ਨਕਲੀ ਦੀ ਪਛਾਣ ਕਰ ਸਕਦੇ ਹੋ। ਜਦ ਤੱਕ ਮਨੁੱਖ ਪੀੜ੍ਹੀ-ਦਰ-ਪੀੜ੍ਹੀ ਬਣੇ ਵਿਸ਼ਵਾਸ਼ਾਂ, ਪ੍ਰੰਪਰਾਵਾਂ, ਮਰਿਯਾਦਾਵਾਂ ਤੇ ਸਵਾਲ ਨਹੀਂ ਕਰਦਾ, ਕਿੰਤੂ ਨਹੀਂ ਕਰਦਾ, ਉਹ ਕਦੇ ਵੀ ਅਸਲੀ ਧਰਮ ਦਾ ਰਾਹੀ ਨਹੀਂ ਬਣ ਸਕਦਾ। ਹੁਣ ਜਦੋਂ ਅਸੀਂ 'ਪੁੰਨ ਪਾਪ ਆਧਾਰਿਤ ਨਕਲੀ ਧਰਮ' ਦੀ ਚਰਚਾ ਕਰ ਰਹੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਇਹ ਸਮਝਣਾ ਪਵੇਗਾ ਕਿ ਪੁੰਨ ਜਾਂ ਪਾਪ ਕਹਿੰਦੇ ਕਿਸਨੂੰ ਹਨ। ਇਸ ਦੁਨੀਆਂ ਵਿੱਚ ਮਨੁੱਖ ਨੇ ਜਦੋਂ ਤੋਂ ਜੰਗਲੀ ਜੀਵਨ ਛੱਡ ਕੇ ਸਮਾਜਿਕ ਪ੍ਰਾਣੀ ਦੇ ਤੌਰ 'ਤੇ ਜੀਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਹੀ ਉਸਨੇ ਆਪਣੇ-ਆਪਣੇ ਦਾਇਰੇ ਵਿੱਚ ਅਨੇਕਾਂ ਤਰ੍ਹਾਂ ਦੀਆਂ ਧਾਰਨਾਵਾਂ, ਰੀਤਾਂ-ਰਸਮਾਂ, ਕਰਮਕਾਂਡ, ਵਿਸ਼ਵਾਸ਼ ਆਦਿ ਵਿਕਸਤ ਕੀਤੇ ਹੋਏ ਹਨ ਤੇ ਕਰਦਾ ਆ ਰਿਹਾ ਹੈ। ਇਨ੍ਹਾਂ ਵਿੱਚ ਬਹੁਤ ਸਾਰੇ ਰੀਤੀ-ਰਿਵਾਜ਼ ਜਾਂ ਮਰਿਯਾਦਾਵਾਂ ਧਰਮ ਆਧਾਰਿਤ ਹਨ ਤੇ ਬਹੁਤ ਸਾਰੇ ਸਮਾਜਿਕ ਜਾਂ ਸੱਭਿਆਚਾਰਕ ਕਦਰਾਂ ਕੀਮਤਾਂ ਆਧਾਰਿਤ ਹਨ। ਇਹ ਰੀਤੀ ਰਿਵਾਜ਼ ਤੇ ਮਰਿਯਾਦਾਵਾਂ ਵੱਖ-ਵੱਖ ਸਮਾਜਾਂ, ਕਬੀਲਿਆਂ, ਫਿਰਕਿਆਂ, ਧਰਮਾਂ, ਦੇਸ਼ਾਂ ਆਦਿ ਵਿੱਚ ਸਮੇਂ, ਸਥਾਨ, ਮੌਸਮ ਆਦਿ ਅਨੁਸਾਰ ਵੱਖ-ਵੱਖ ਹਨ। ਜਿਹੜਾ ਵੀ ਵਿਅਕਤੀ ਆਪਣੇ ਸਮਾਜ, ਧਰਮ, ਫਿਰਕੇ ਦੇ ਦਾਇਰੇ ਵਿੱਚ ਰਹਿ ਕੇ ਇਨ੍ਹਾਂ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਵਿਸ਼ਵਾਸ਼ਾਂ ਆਦਿ ਨੂੰ ਬਿਨਾਂ ਕਿਸੇ ਹੀਲ ਹੁੱਜਤ ਜਾਂ ਤਰਕ-ਦਲੀਲ ਦੇ ਸਿਰ ਸੁੱਟ ਕੇ ਸਾਰੀ ਉਮਰ ਮੰਨਦਾ ਰਹੇ, ਉਸਨੂੰ ਧਰਮੀ ਜਾਂ ਪੁੰਨੀ ਮਨੁੱਖ ਮੰਨਿਆ ਜਾਂਦਾ ਹੈ। ਇਨ੍ਹਾਂ ਰਸਮਾਂ ਨੂੰ ਨਿਭਾਉਣ ਨੂੰ ਪੁੰਨ ਦਾ ਕਰਮ ਮੰਨਿਆ ਜਾਂਦਾ ਹੈ, ਪਰ ਜਿਹੜਾ ਵਿਅਕਤੀ ਇਨ੍ਹਾਂ ਤੋਂ ਬਗਾਵਤ ਕਰ ਦੇਵੇ, ਇਨ੍ਹਾਂ ਨੂੰ ਨਾ ਮੰਨੇ, ਇਨ੍ਹਾਂ ਨੂੰ ਫੋਕਟ ਜਾਂ ਨਕਲੀ ਮੰਨ ਕੇ ਰੱਦ ਕਰਨ ਦੇ ਰਾਹੇ ਪੈ ਜਾਵੇ, ਉਸਨੂੰ ਅਧਰਮੀ ਜਾਂ ਪਾਪੀ ਮੰਨਿਆ ਜਾਦਾ ਹੈ।

ਵੱਖ-ਵੱਖ ਧਰਮਾਂ ਤੇ ਵੱਖ-ਵੱਖ ਸਮਾਜਾਂ ਵਿੱਚ ਪੁੰਨ ਤੇ ਪਾਪ ਦੀ ਵੱਖਰੀ-ਵੱਖਰੀ ਪ੍ਰੀਭਾਸ਼ਾ ਹੈ। ਕਿਸੇ ਇੱਕ ਧਰਮ ਜਾਂ ਸਮਾਜ ਵਿੱਚ ਪੁੰਨ ਮੰਨਿਆ ਜਾਂਦਾ ਕਰਮ, ਕਿਸੇ ਦੂਜੇ ਧਰਮ ਵਿੱਚ ਪਾਪ ਹੋ ਸਕਦਾ ਹੈ ਜਾਂ ਇਸ ਤੋਂ ਉਲਟ ਵੀ ਹੋ ਸਕਦਾ ਹੈ। ਪੁੰਨ-ਪਾਪ ਦੀ ਕੋਈ ਯੂਨੀਵਰਸਲ (ਸਰਬ ਪ੍ਰਵਾਨਤ) ਪ੍ਰੀਭਾਸ਼ਾ ਅਜੇ ਤੱਕ ਸਥਾਪਿਤ ਨਹੀਂ ਕੀਤੀ ਜਾ ਸਕੀ ਤੇ ਨਾ ਹੀ ਹੋ ਸਕਦੀ ਹੈ। ਪਰ ਕਿਸੇ ਹੱਦ ਤੱਕ ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਦੇ ਸੰਵਿਧਾਨਾਂ ਵਿੱਚ ਕੁਝ ਕਰਮਾਂ (ਕੰਮਾਂ) ਨੂੰ ਕਰਾਈਮ ਮੰਨਿਆ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਉਨ੍ਹਾਂ ਕਰਮਾਂ ਨੂੰ ਹੀ ਪਾਪ ਕਿਹਾ ਜਾ ਸਕਦਾ ਹੈ ਅਤੇ ਸੰਵਿਧਾਨਾਂ ਦੇ ਦਾਇਰੇ ਵਿੱਚ ਰਹਿ ਕੇ ਕੀਤੇ ਕੰਮਾਂ ਨੂੰ ਅਸੀਂ ਪੁੰਨ ਕਰਮ ਕਹਿ ਸਕਦੇ ਹਾਂ। ਪਰ ਸੰਵਿਧਾਨ ਦਾ ਇੱਕ ਪੱਖ ਇਹ ਵੀ ਹੈ ਕਿ ਸੰਵਿਧਾਨ ਤੁਹਾਡੇ ਕਿਸੇ ਕੁਕਰਮ ਨੂੰ ਓਦੋਂ ਤੱਕ ਸੰਵਿਧਾਨ ਵਿਰੋਧੀ ਕਰਾਈਮ ਨਹੀਂ ਮੰਨਦਾ, ਜਦੋਂ ਤੱਕ ਉਸ ਨਾਲ਼ ਕਿਸੇ ਦੂਜੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ, ਭਾਵ ਉਨ੍ਹਾਂ ਕੁਕਰਮਾਂ ਨੂੰ ਹੀ ਸੰਵਿਧਾਨ ਕਰਾਈਮ ਮੰਨਦਾ ਹੈ, ਜਿਹੜੇ ਕਰਮ ਕੋਈ ਮਨੁੱਖ ਆਪਣੇ ਕਰਮ ਇੰਦਰਿਆਂ ਨਾਲ ਦੂਜੇ ਦਾ ਨੁਕਸਾਨ ਪਹੁੰਚਾਣ ਲਈ ਕਰਦਾ ਹੋਵੇ। ਜਦੋਂ ਤੱਕ ਤੁਹਾਡੇ ਕਿਸੇ ਕਰਮ ਦਾ ਪ੍ਰਭਾਵ ਦੂਜੇ ਤੇ ਨਹੀਂ ਪੈਂਦਾ, ਆਮ ਤੌਰ 'ਤੇ ਕਨੂੰਨ ਦਖਲ ਨਹੀਂ ਦਿੰਦਾ। ਜਿਸਦਾ ਮਤਲਬ ਹੋਇਆ ਕਿ ਆਪਣੇ ਮਨ (ਦਿਮਾਗ) ਅੰਦਰ ਕਿਸੇ ਬਾਰੇ ਬੁਰੀ ਭਾਵਨਾ, ਵੈਰ ਭਾਵਨਾ, ਈਰਖਾ, ਨਫਰਤ, ਸਾੜ੍ਹਾ, ਕ੍ਰੋਧ ਆਦਿ ਰੱਖਣ ਨਾਲ ਕਨੂੰਨ ਕੋਈ ਦਖਲ ਅੰਦਾਜ਼ੀ ਨਹੀਂ ਕਰਦਾ, ਜਦੋਂ ਤੱਕ ਤੁਸੀਂ ਉਸ ਭਾਵਨਾ ਅਧੀਨ ਸਰੀਰਕ ਤੌਰ 'ਤੇ ਕੋਈ ਕਰਮ ਕਰਕੇ ਕਿਸੇ ਦਾ ਨੁਕਸਾਨ ਨਹੀਂ ਕਰਦੇ। ਇਸ ਤੋਂ ਉਲਟ ਅਸਲੀ ਧਰਮ ਦਾ ਮੁੱਖ ਵਿਸ਼ਾ ਹੀ ਇਹ ਹੈ ਕਿ ਮਨੁੱਖ ਆਪਣੇ ਮਨ (ਦਿਮਾਗ) ਵਿੱਚ ਉਹ ਵਿਚਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਫਰਤ, ਵੈਰ, ਵਿਰੋਧ ਆਦਿ) ਪੈਦਾ ਹੀ ਨਾ ਹੋਣ ਦੇਵੇ ਕਿ ਦਿਮਾਗ ਇਨ੍ਹਾਂ ਦੇ ਪ੍ਰਭਾਵ ਵਿੱਚ ਕਰਮ ਇੰਦਰਿਆਂ ਤੋਂ ਅਜਿਹਾ ਕੋਈ ਕੁਕਰਮ ਕਰਾਵੇ ਕਿ ਮਨੁੱਖ ਕਨੂੰਨ ਦੇ ਸ਼ਿਕੰਜੇ ਵਿੱਚ ਫਸ ਜਾਵੇ। ਇਸ ਲਈ ਅਸਲੀ ਧਰਮ ਤੇ ਕਾਨੂੰਨ ਦਾ ਆਪਣਾ ਵੱਖਰਾ-ਵੱਖਰਾ ਕਾਰਜ ਖੇਤਰ ਹੈ। ਜਿਸਨੂੰ ਇਵੇਂ ਵੀ ਕਹਿ ਸਕਦੇ ਹਾਂ ਕਿ ਕਨੂੰਨ ਦਾ ਕੰਮ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਧਰਮ ਫੇਲ੍ਹ ਹੋ ਜਾਂਦਾ ਹੈ। ਧਰਮ ਦਾ ਖੇਤਰ ਮਨ ਨੂੰ ਸਾਧਣ ਦਾ ਕਾਰਜ ਹੈ, ਮਨੁੱਖੀ ਮਨ ਕਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਫਰਤ, ਦਵੈਸ਼, ਸਾੜ੍ਹਾ ਆਦਿ ਬਿਰਤੀਆਂ 'ਚੋਂ ਨਿਕਲ ਕੇ ਸਬਰ, ਸੰਤੋਖ, ਸੰਜ਼ਮ, ਪਿਆਰ, ਨਿਮਰਤਾ ਆਦਿ ਦੇ ਭਾਵ ਵਿੱਚ ਆ ਜਾਵੇ।

ਜਿਸ ਤਰ੍ਹਾਂ ਕਿ ਅਸੀਂ ਉਪਰ ਜ਼ਿਕਰ ਕੀਤਾ ਸੀ ਕਿ ਪੁੰਨ-ਪਾਪ ਦੀ ਕੋਈ ਪੱਕੀ ਪ੍ਰੀਭਾਸ਼ਾ ਨਹੀਂ ਹੈ, ਹਰ ਸਮਾਜ ਤੇ ਧਰਮ ਦਾ ਪੁੰਨ-ਪਾਪ ਬਾਰੇ ਆਪਣਾ-ਆਪਣਾ ਨਜ਼ਰੀਆ ਹੈ। ਇਨ੍ਹਾਂ ਕਰਮਾਂ ਨੂੰ ਹੀ ਬਹੁਤੀ ਵਾਰੀ ਪੁਜਾਰੀਆਂ ਵਲੋਂ ਪਾਪ ਕਹਿ ਕੇ ਸ਼ਰਧਾਲੂਆਂ ਨੂੰ ਡਰਾਇਆ ਜਾਂਦਾ ਹੈ ਤੇ ਪੁੰਨ ਦੇ ਨਾਮ ਤੇ ਭਵਿੱਖ ਦੇ ਲਾਰੇ ਲਾਏ ਜਾਂਦੇ ਹਨ। ਜੇ ਇਨ੍ਹਾਂ ਪੁੰਨ-ਪਾਪ ਦੇ ਕਰਮਾਂ ਨੂੰ ਵਿਚਾਰਿਆ ਜਾਵੇ ਤਾਂ ਪਤਾ ਚੱਲੇਗਾ ਕਿ ਇਹ ਸਿਰਫ ਰੀਤੀ-ਰਿਵਾਜ ਜਾਂ ਵਿਸ਼ਵਾਸ਼ ਹੀ ਹੁੰਦੇ ਹਨ, ਜੋ ਕਿਸੇ ਸਮੇਂ ਕਿਸੇ ਸਮਾਜ ਜਾਂ ਧਰਮ ਵਿੱਚ ਪ੍ਰਚੱਲਿਤ ਹੋ ਗਏ ਜਾਂ ਕਰ ਦਿੱਤੇ ਗਏ ਸਨ, ਪਰ ਉਨ੍ਹਾਂ ਦਾ ਪੁੰਨ-ਪਾਪ ਜਾਂ ਚੰਗੇ-ਮਾੜੇ ਨਾਲ ਕੋਈ ਸਬੰਧ ਨਹੀਂ ਹੁੰਦਾ। ਪਰ ਪੁਜਾਰੀ ਹਮੇਸ਼ਾਂ ਸ਼ਰਧਾਲੂਆਂ ਨੂੰ ਕੁਝ ਕਰਮਾਂ ਨੂੰ ਪੁੰਨ ਦੇ ਕਰਮ ਦੱਸ ਕੇ ਜਨਮ ਤੋਂ ਮਰਨ ਅਤੇ ਕਈ ਵਾਰ ਮਰਨ ਤੋਂ ਬਾਅਦ ਤੱਕ ਲੁੱਟਦਾ ਰਹਿੰਦਾ ਹੈ ਤੇ ਜਾਂ ਫਿਰ ਪਾਪ ਕਰਮ ਕਹਿ ਪੂਜਾ-ਪਾਠ ਕਰਾਉਣ ਦੇ ਨਾਮ ਤੇ ਲੁੱਟਦਾ ਹੈ।

ਜੇ ਅਸੀਂ ਵੱਖ-ਵੱਖ ਸਮਾਜਾਂ ਤੇ ਧਰਮਾਂ ਦਾ ਅਧਿਐਨ ਕਰੀਏ ਤਾਂ ਪਤਾ ਚੱਲੇਗਾ ਕਿ ਇੱਕ ਸਮਾਜ ਵਿੱਚ ਪ੍ਰਚੱਲਿਤ ਬਹੁਤ ਸਾਰੇ ਰੀਤੀ-ਰਿਵਾਜ, ਕਰਮ ਕਾਂਡ, ਵਿਸ਼ਵਾਸ ਆਦਿ ਜੋ ਪੁੰਨ ਕਰਮ ਹੁੰਦੇ ਹਨ ਤਾਂ ਦੂਜੇ ਸਮਾਜ ਵਿੱਚ ਉਹੀ ਪਾਪ ਕਰਮ ਹੋ ਸਕਦੇ ਹਨ। ਜੇ ਪਹਿਲਾਂ ਅਸੀਂ ਧਰਮਾਂ ਦੀ ਹੀ ਗੱਲ ਕਰੀਏ ਤਾਂ ਆਮ ਤੌਰ 'ਤੇ ਤਕਰੀਬਨ ਸਾਰੇ ਧਰਮ ਇੱਕ ਰੱਬ ਵਿੱਚ ਵਿਸ਼ਵਾਸ ਕਰਦੇ ਹਨ, ਭਾਵੇਂ ਉਨ੍ਹਾਂ ਦਾ ਉਸ ਰੱਬ ਬਾਰੇ ਨਜ਼ਰੀਆ ਵੱਖਰਾ-ਵੱਖਰਾ ਹੈ। ਇੱਕ ਹਿੰਦੂ ਧਰਮ ਦਾ ਅਨੁਆਈ ਰੱਬ ਦੀ ਮੂਰਤੀ ਬਣਾ ਕੇ ਪੂਜਾ ਕਰਦਾ ਹੈ, ਉਸ ਲਈ ਉਹ ਪੁੰਨ ਦਾ ਕਰਮ ਹੈ, ਪਰ ਇਹੀ ਕਰਮ ਕੋਈ ਸਿੱਖ ਸੋਚ ਵੀ ਨਹੀਂ ਸਕਦਾ, ਉਸ ਲਈ ਮੂਰਤੀ ਪੂਜਾ ਕਰਨੀ ਧਰਮ ਵਿਰੋਧੀ ਪਾਪ ਕਰਮ ਹੈ ਤੇ ਮੁਸਲਮਾਨ ਤਾਂ ਮੂਰਤੀ ਪੂਜਾ ਕਰਨ ਨਾਲ ਕਾਫਰ ਹੀ ਬਣ ਜਾਂਦਾ ਹੈ। ਇਸੇ ਤਰ੍ਹਾਂ ਪੱਥਰ ਪੂਜਾ ਤੋਂ ਇਲਾਵਾ ਮਨੁੱਖ ਦੀ ਪੂਜਾ, ਦਰੱਖਤਾਂ ਦੀ ਪੂਜਾ, ਜਾਨਵਰਾਂ ਦੀ ਪੂਜਾ ਹਿੰਦੂਆਂ ਲਈ ਧਰਮ ਦਾ ਕਰਮ ਜਾਂ ਪੁੰਨ ਕਰਮ ਹੈ, ਉਥੇ ਮੁਸਲਮਾਨਾਂ ਲਈ ਇਹ ਸਭ ਪਾਪ ਦੀ ਨਿਆਂਈ ਹਨ। ਇਸੇ ਤਰ੍ਹਾਂ ਧਰਮਾਂ ਦੇ ਚਿੰਨ੍ਹਾਂ ਦੀ ਗੱਲ ਹੈ, ਸੁੰਨਤ (ਮੇਲ ਬੱਚੇ ਦੇ ਲਿੰਗ ਦਾ ਉਪਰਲਾ ਕੁਝ ਮਾਸ ਕੱਟਣ ਦੀ ਪ੍ਰੰਪਰਾ) ਤੋਂ ਬਿਨਾਂ ਕੋਈ ਵਿਅਕਤੀ ਮੁਸਲਮਾਨ ਨਹੀਂ ਹੋ ਸਕਦਾ, ਪਰ ਕਿਸੇ ਹਿੰਦੂ ਜਾਂ ਸਿੱਖ ਲਈ ਸੁੰਨਤ ਕਰਾਉਣੀ ਪਾਪ ਕਰਮ ਹੈ। ਇਸੇ ਤਰ੍ਹਾਂ ਜੇ ਸਿੱਖ ਲਈ ਜਨੇਊ ਪਾਉਣਾ ਪਾਪ ਤੋਂ ਘੱਟ ਨਹੀਂ ਤਾਂ ਮੁਸਲਮਾਨ ਲਈ ਪੰਜ ਕਕਾਰ ਪਾਉਣੇ ਜਹੱਨਮ (ਨਰਕ) ਜਾਣ ਬਰਾਬਰ ਹੈ। ਇੱਕ ਸਿੱਖ ਦਾ ਬੱਚਾ ਵਾਲ ਕੱਟਣ ਨਾਲ ਪਤਿਤ ਹੋ ਜਾਂਦਾ ਹੈ ਤੇ ਹਿੰਦੂ ਦਾ ਬੱਚਾ ਭੱਦਣ (ਪੂਰੀ ਤਰ੍ਹਾਂ ਸਿਰ ਸ਼ੇਵ ਕਰਨ) ਕਰਾਏ ਤੋਂ ਬਿਨਾਂ ਸੱਚਾ ਹਿੰਦੂ ਨਹੀਂ ਬਣ ਸਕਦਾ। ਇਸੇ ਤਰ੍ਹਾਂ ਵਿਅਕਤੀ ਦੀ ਮੌਤ ਹੋਣ ਤੇ ਜੇ ਉਸਨੂੰ ਧਰਤੀ ਵਿੱਚ ਦੱਬਣਾ ਪਵੇ ਤਾਂ ਹਿੰਦੂਆਂ-ਸਿੱਖਾਂ ਲਈ ਇਹ ਪਾਪ ਕਰਮ ਤੋਂ ਘੱਟ ਨਹੀਂ ਕਿਉਂਕਿ ਮ੍ਰਿਤਕ ਪ੍ਰਾਣੀ ਦੀਆਂ ਅਸਥੀਆਂ ਹਰਿਦੁਆਰ ਜਾਂ ਕੀਰਤਪੁਰ ਦੇ ਪਾਣੀ ਵਿੱਚ ਰੋੜ੍ਹਨ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਪਰ ਜੇ ਕਿਸੇ ਮੁਸਲਮਾਨ ਦੇ ਮ੍ਰਿਤਕ ਸਰੀਰ ਨੂੰ ਅਗਨ ਭੇਂਟ ਕਰ ਦਿੱਤਾ ਜਾਵੇ ਤਾਂ ਉਹ ਦੋਜ਼ਖ ਦੀ ਅੱਗ ਵਿੱਚ ਸੜਨ ਬਰਾਬਾਰ ਹੈ। ਇਸੇ ਤਰ੍ਹਾਂ ਕਿਸੇ ਇਸਾਈ ਔਰਤ ਲਈ ਸਕੱਰਟ ਪਾਉਣੀ ਧਾਰਮਿਕ ਪਹਿਰਾਵਾ ਹੋ ਸਕਦੀ ਹੈ, ਪਰ ਬੁਰਕਾ ਪਾਉਣ ਬਾਰੇ ਉਹ ਸੋਚ ਵੀ ਨਹੀਂ ਸਕਦੀ, ਪਰ ਇਸਦੇ ਉਲਟ ਇੱਕ ਮੁਸਲਮਾਨ ਔਰਤ ਲਈ ਸਕਰਟ ਪਾਉਣੀ ਹਰਾਮ ਖਾਣ ਤੋਂ ਘੱਟ ਨਹੀਂ ਤੇ ਬੁਰਕਾ ਪਾਉਣਾ ਜੰਨਤ ਦਾ ਦਰਵਾਜ਼ਾ ਹੈ। ਇਸੇ ਤਰ੍ਹਾਂ ਖਾਣ-ਪੀਣ ਦੇ ਮਾਮਲੇ ਵਿੱਚ ਵੀ ਜੇ ਹਿੰਦੂਆਂ-ਸਿੱਖਾਂ ਲਈ ਗਾਂ ਖਾਣੀ ਹਰਾਮ ਹੈ ਤਾਂ ਮੁਸਲਮਾਨਾਂ ਲਈ ਸੂਰ ਖਾਣਾ ਨਰਕ ਦੇ ਦਰਵਾਜ਼ੇ ਤੋਂ ਘੱਟ ਨਹੀਂ। ਹੋਰ ਤਾਂ ਹੋਰ ਸਿੱਖਾਂ ਲਈ ਜੇ ਹਲਾਲ ਖਾਣਾ ਧਰਮ ਵਿਰੋਧੀ ਹੈ ਤਾਂ ਮੁਸਲਮਾਨਾਂ ਲਈ ਝਟਕਾ ਜਾਂ ਆਮ ਮੀਟ ਖਾਣਾ ਪਾਪ ਕਰਮ ਹੈ, ਇਸੇ ਤਰ੍ਹਾਂ ਯਹੂਦੀਆਂ ਲਈ ਕੋਸ਼ਰ (ਉਨ੍ਹਾਂ ਦੇ ਧਰਮ ਗ੍ਰੰਥ ਦੇ ਮੰਤਰ ਪੜ੍ਹ ਕੇ ਤਿਆਰ ਕੀਤਾ ਮੀਟ) ਤੋਂ ਇਲਾਵਾ ਕੋਈ ਹੋਰ ਮੀਟ ਖਾਣਾ, ਪਾਪ ਕਰਮ ਹੈ। ਬੁੱਧਾਂ ਲਈ ਜੀਵ ਹੱਤਿਆ ਕਰਨਾ ਹੀ ਪਾਪ ਹੈ ਤੇ ਜੈਨੀ ਤਾਂ ਮੂੰਹ ਤੇ ਕੱਪੜਾ ਬੰਨ੍ਹੀ ਤੇ ਹੱਥ ਵਿੱਚ ਝਾੜੂ ਫੜੀ ਦੇਖੇ ਜਾ ਸਕਦੇ ਹਨ ਤਾਂ ਕਿ ਕੋਈ ਵਾਇਰਸ ਜਾਂ ਛੋਟਾ ਮੋਟਾ ਕੀੜਾ ਮਕੌੜਾ ਨਾ ਮਰ ਜਾਵੇ ਅਤੇ ਉਹ ਹਰ ਤਰ੍ਹਾਂ ਦੇ ਪਾਪ ਤੋਂ ਬਚਣਾ ਚਾਹੁੰਦੇ ਹਨ।

ਇਸ ਤਰ੍ਹਾਂ ਦੀਆਂ ਅਨੇਕਾਂ ਹੋਰ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕੁਝ ਵੀ ਪਾਪ ਜਾਂ ਪੁੰਨ ਨਹੀਂ ਹੈ, ਇਹ ਸਿਰਫ ਪੁਜਾਰੀਆਂ ਵਲੋਂ ਸ਼ੁਰੂ ਕੀਤੀਆਂ ਕੁਝ ਰੀਤਾਂ-ਰਸਮਾਂ ਹਨ, ਜੋ ਉਨ੍ਹਾਂ ਨੇ ਇਸ ਲਈ ਸ਼ੁਰੂ ਕੀਤੀਆਂ ਹੁੰਦੀਆਂ ਤਾਂ ਕਿ ਲੋਕ ਪੁੰਨ-ਪਾਪ ਦੇ ਚੱਕਰ ਵਿੱਚ ਫਸ ਕੇ ਇੱਕ ਦੂਜੇ ਨਾਲ ਮਨੁੱਖਤਾਵਾਦੀ ਸਾਂਝ ਨਾ ਬਣਾ ਸਕਣ। ਉਹ ਆਪਣੇ-ਆਪਣੇ ਫਿਰਕੇ ਦੇ ਦਾਇਰੇ ਵਿੱਚ ਰਹਿ ਕੇ ਆਪਣੇ ਆਪਣੇ ਪੁਜਾਰੀ ਦੇ ਦੱਸੇ ਅਨੁਸਾਰ ਪੂਜਾ-ਪਾਠ ਕਰਦੇ ਰਹਿਣ ਤੇ ਉਨ੍ਹਾਂ ਦੀ ਰੱਬ ਦੇ ਨਾਮ ਤੇ ਦੁਕਾਨਦਾਰੀ ਚੱਲਦੀ ਰਹੇ ਤੇ ਉਨ੍ਹਾਂ ਵਲੋਂ ਬਣਾਏ ਪਾਪ-ਪੁੰਨ ਵਿੱਚ ਫਸਿਆ ਮਨੁੱਖ ਕਦੇ ਵੀ ਫਿਰਕਿਆਂ ਦੀ ਸੋਚ ਵਿੱਚੋਂ ਬਾਹਰ ਨਾ ਨਿਕਲ ਸਕੇ। ਉਹ ਕਦੇ ਇਹ ਸੋਚਣ ਦੇ ਸਮਰੱਥ ਨਾ ਹੋ ਸਕੇ ਕਿ ਇਸ ਸ੍ਰਿਸ਼ਟੀ ਵਿੱਚ ਕੁਦਰਤ ਦੇ ਨਿਯਮ ਸਭ ਜਗ੍ਹਾ ਇਕਸਾਰ ਹੀ ਲਾਗੂ ਹੁੰਦੇ ਹਨ। ਸ੍ਰਿਸ਼ਟੀ ਦਾ ਇਹ ਪਸਾਰਾ ਸਭ ਜਗ੍ਹਾ ਇੱਕ ਬੱਝਵੇਂ, ਨਾ ਬਦਲਣ ਵਾਲੇ ਨਿਯਮਾਂ ਵਿੱਚ ਚੱਲਦਾ ਹੈ। ਇਸ ਲਈ ਜੇ ਕੁਝ ਪੁੰਨ-ਪਾਪ ਹੈ ਤਾਂ ਉਹ ਸਾਰਿਆਂ ਲਈ ਇੱਕੋ ਹੀ ਹੈ। ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਇਸਾਈਆਂ, ਬੋਧੀਆਂ, ਜੈਨੀਆਂ, ਯਹੂਦੀਆਂ, ਗੋਰਿਆਂ, ਕਾਲਿਆਂ, ਚੀਨਿਆਂ, ਨਾਸਤਿਕਾਂ, ਆਸਤਿਕਾਂ ਆਦਿ ਲਈ ਪੁੰਨ ਜਾਂ ਪਾਪ ਵੱਖਰੇ ਨਹੀਂ ਹੋ ਸਕਦੇ। ਜੇ ਕੁਝ ਪੁੰਨ ਹੈ ਤਾਂ ਸਭ ਲਈ ਉਹ ਪੁੰਨ ਹੈ, ਜੇ ਪਾਪ ਹੈ ਤਾਂ ਸਭ ਲਈ ਪਾਪ ਹੈ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਿਸੇ ਦੇਸ਼ ਦੇ ਕਨੂੰਨ ਅਨੁਸਾਰ ਜੇਕਰ ਕੋਈ ਕਰਮ ਅਪਰਾਧ ਹੈ ਤਾਂ ਸਭ ਲਈ ਉਹ ਅਪਰਾਧ ਹੀ ਹੈ, ਅਪਰਾਧ ਦਾ ਸਬੰਧ ਕਿਸੇ ਦੇ ਧਰਮ, ਜਾਤ, ਨਸਲ, ਰੰਗ, ਲਿੰਗ ਨਾਲ ਨਹੀਂ ਹੁੰਦਾ, ਇਸੇ ਤਰ੍ਹਾਂ ਪਾਪ-ਪੁੰਨ ਵੀ ਜੇਕਰ ਹੈ ਤਾਂ ਉਹ ਸਭ ਲਈ ਪਾਪ-ਪੁੰਨ ਹੈ, ਨਾ ਕਿ ਹਿੰਦੂਆਂ ਲਈ ਪੁੰਨ, ਸਿੱਖਾਂ ਲਈ ਪਾਪ ਹੈ ਜਾਂ ਮੁਸਲਮਾਨਾਂ ਲਈ ਪਾਪ, ਇਸਾਈਆਂ ਲਈ ਪੁੰਨ ਹੈ। ਜੇਕਰ ਅਜਿਹਾ ਹੈ ਤਾਂ ਸਮਝੋ ਕਿ ਇਹ ਪੁਜਾਰੀਆਂ ਵਲੋਂ ਮਨੁੱਖਤਾ ਵਿੱਚ ਵੰਡ ਪਾ ਕੇ ਆਪਣੀ ਸਰਦਾਰੀ ਚੱਲਦੀ ਰੱਖਣ ਦੇ ਸਾਧਨਾਂ ਤੋਂ ਵੱਧ ਕੁਝ ਨਹੀਂ। ਕੋਈ ਵੀ ਅਜਿਹਾ ਪਾਪ-ਪੁੰਨ ਨਹੀਂ ਹੋ ਸਕਦਾ, ਜੋ ਸਭ ਲਈ ਇੱਕ ਸਮਾਨ ਨਾ ਹੋਵੇ। ਸਭ ਧਰਮਾਂ ਦੇ ਪੁਜਾਰੀ ਕੁਝ ਗੱਲਾਂ ਤੇ ਇਕਮਤ ਹਨ ਕਿ ਮਨੁੱਖ ਨੂੰ ਧਰਮ ਦੇ ਨਾਮ ਤੇ ਲੁੱਟਣ ਲਈ ਉਨ੍ਹਾਂ ਨੂੰ ਅੱਖਾਂ ਮੀਟ ਕੇ ਮਰਿਯਾਦਾ ਮੰਨਣ ਵਾਲੇ ਸ਼ਰਧਾਲੂ ਬਣਾਇਆ ਜਾਵੇ, ਉਸਨੂੰ ਵੱਧ ਤੋਂ ਵੱਧ ਅਗਿਆਨਤਾ ਵਿੱਚ ਰੱਖਿਆ ਜਾਵੇ, ਲੋਭੀ ਸ਼ਰਧਾਲੂਆਂ ਨੂੰ ਝੂਠੀਆਂ ਕਰਾਮਾਤੀ ਕਹਾਣੀਆਂ ਦੇ ਲਾਰਿਆਂ ਦਾ ਲਾਲਚ ਦਿੱਤਾ ਜਾਵੇ, ਰੱਬ ਦਾ ਡਰ ਪਾ ਕੇ ਡਰਾਇਆ ਜਾਵੇ।

ਜੇ ਧਰਮਾਂ ਤੋਂ ਇਲਾਵਾ ਵੱਖ-ਵੱਖ ਸਮਾਜਾਂ ਵਿੱਚ ਪ੍ਰਚੱਲਿਤ ਰੀਤੀ-ਰਿਵਾਜ਼ਾਂ ਨੂੰ ਦੇਖੀਏ ਤਾਂ ਇਸ ਬਾਰੇ ਵੀ ਸਮਾਜ ਦੇ ਚੌਧਰੀਆਂ ਵਲੋਂ ਪੁੰਨ-ਪਾਪ ਦੇ ਬੰਧਨ ਪਾਏ ਹੋਏ ਹਨ। ਸਮਾਜ ਦੇ ਰੀਤੀ-ਰਿਵਾਜ਼ਾਂ, ਸੱਭਿਆਚਾਰਕ ਮਾਨਤਾਵਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰੱਖਣ ਲਈ ਪਾਪ-ਪੁੰਨ ਦੇ ਡਰਾਵੇ ਦਿੱਤੇ ਜਾਂਦੇ ਹਨ। ਜਦ ਕਿ ਇਨ੍ਹਾਂ ਦਾ ਪਾਪ-ਪੁੰਨ ਨਾਲ਼ ਕੋਈ ਸਬੰਧ ਨਹੀਂ ਹੁੰਦਾ ਤੇ ਨਾ ਹੀ ਇਨ੍ਹਾਂ ਨੂੰ ਕਰਨ ਜਾਂ ਨਾ ਕਰਨ ਨਾਲ਼ ਮਨੁੱਖ ਦੀ ਸ਼ਖ਼ਸੀਅਤ ਵਿੱਚ ਕੋਈ ਫਰਕ ਪੈਂਦਾ ਹੈ। ਜਿਸ ਤਰ੍ਹਾਂ ਹਿੰਦੂ ਤੇ ਸਿੱਖ ਸਮਾਜਾਂ ਵਿੱਚ ਮੁੰਡੇ-ਕੁੜੀ ਦੇ ਵਿਆਹ ਲਈ ਦੂਰ-ਦੂਰ ਤੱਕ ਰਿਸ਼ਤੇਦਾਰਾਂ ਦੇ ਗੋਤ ਦੇਖੇ ਜਾਂਦੇ ਹਨ, ਜਾਤ ਬਰਾਦਰੀ ਵੇਖੀ ਜਾਂਦੀ ਹੈ, ਨੀਵੀਂ ਜਾਤ ਵਿੱਚ ਜਾਂ ਆਪਣੇ ਗੋਤ ਜਾਂ ਪਿੰਡ ਵਿੱਚ ਵਿਆਹ ਨੂੰ ਪਾਪ ਤੋਂ ਘੱਟ ਨਹੀਂ ਸਮਝਿਆ ਜਾਂਦਾ, ਕਤਲ ਤੱਕ ਹੋ ਜਾਂਦੇ ਹਨ, ਸਮਾਜਿਕ ਬਾਈਕਾਟ ਆਮ ਜਿਹੀ ਗੱਲ ਹੈ, ਜਦਕਿ ਗੁਆਂਢ ਵਿੱਚ ਰਹਿੰਦੇ ਮੁਸਲਮਾਨਾਂ ਲਈ ਆਪਣੇ ਚਾਚਿਆਂ, ਤਾਇਆਂ, ਭੂਆਂ ਜਾਂ ਹੋਰ

ਰਿਸ਼ਤੇਦਾਰਾਂ ਦੇ ਮੁੰਡੇ-ਕੁੜੀਆਂ ਦੇ ਵਿਆਹ ਪੁੰਨ ਦਾ ਕਰਮ ਹਨ। ਉਹ ਆਪਣੇ ਰਿਸ਼ਤੇਦਾਰਾਂ ਤੋਂ ਬਾਹਰ ਵਿਆਹਾਂ ਨੂੰ ਚੰਗਾ ਨਹੀਂ ਸਮਝਦੇ। ਪਰ ਹਿੰਦੂਆਂ, ਸਿੱਖਾਂ ਲਈ ਅਜਿਹਾ ਸੋਚਣਾ ਵੀ ਪਾਪ ਹੈ। ਉਹ ਤਾਂ ਪਿੰਡ ਦੀ ਕੁੜੀ ਜਾਂ ਆਪਣੇ ਗੋਤ ਦੀ ਕੁੜੀ ਨੂੰ ਵੀ ਭੈਣ ਮੰਨਦੇ ਹਨ। ਇਸੇ ਤਰ੍ਹਾਂ ਇਸਾਈਆਂ, ਮੁਸਲਮਾਨਾਂ ਵਿੱਚ ਸੁੱਚ-ਭਿੱਟ ਦਾ ਕੋਈ ਸੰਕਲਪ ਹੀ ਨਹੀਂ ਹੈ, ਜਦਕਿ ਹਿੰਦੂਆਂ ਤੇ ਸਿੱਖਾਂ ਵਿੱਚ ਸੁੱਚ-ਭਿੱਟ ਨੂੰ ਬੜਾ ਅਹਿਮ ਸਥਾਨ ਹੈ, ਭਾਂਡਿਆਂ ਨੂੰ ਸੁੱਚੇ ਕਰਨ ਦਾ ਭਰਮ, ਕਿਸੇ ਦੇ ਹੱਥ ਲੱਗਣ ਨਾਲ ਸਰੀਰ, ਵਸਤੂਆਂ, ਖਾਣ-ਪੀਣ ਦੀਆਂ ਚੀਜ਼ਾਂ ਜੂਠੀਆਂ ਹੋਣ ਦਾ ਭਰਮ ਆਮ ਹੀ ਪ੍ਰਚੱਲਿਤ ਹੈ। ਕਈ ਬ੍ਰਾਹਮਣ ਸਿਰਫ ਬ੍ਰਾਹਮਣਾਂ ਹੱਥੋਂ ਹੀ ਖਾਣਾ ਖਾਂਦੇ ਹਨ। ਇਸੇ ਤਰ੍ਹਾਂ ਕਈ ਅੰਮ੍ਰਿਤਧਾਰੀ ਖਾਲਸੇ ਵੀ ਬ੍ਰਾਹਮਣਾਂ ਵਾਂਗ ਸਿਰਫ ਅੰਮ੍ਰਿਤਧਾਰੀਆਂ ਹੱਥੋਂ ਬਣਿਆ ਹੀ ਖਾਂਦੇ ਹਨ, ਦੂਜਿਆਂ ਹੱਥੋਂ ਖਾਣ ਨਾਲ ਭਿੱਟੇ ਜਾਂਦੇ ਹਨ। ਜਦਕਿ ਉਨ੍ਹਾਂ ਦਾ ਮਨ ਅੰਦਰੋਂ ਨਫਰਤ ਨਾਲ ਭਿੱਟਿਆ ਹੁੰਦਾ ਹੈ। ਇਸਾਈਆਂ ਦੀ ਧਾਰਮਿਕ ਪੁਸਤਕ 'ਬਾਈਬਲ' ਆਮ ਮੋਟਲਾਂ, ਹੋਟਲਾਂ, ਇਥੋਂ ਤੱਕ ਕਿ ਵਾਸ਼ਰੂਮਾਂ ਵਿੱਚ ਵੀ ਤੁਹਾਨੂੰ ਮਿਲੇਗੀ, ਉਨ੍ਹਾਂ ਦੀ ਸੋਚ ਹੈ ਕਿ ਬੰਦਾ ਚੰਗੀ ਪੁਸਤਕ ਕਿਤੇ ਬੈਠ ਕੇ ਵੀ ਪੜ੍ਹ ਸਕਦਾ ਹੈ, ਪਰ ਸਿੱਖਾਂ ਲਈ ਬਾਣੀ ਦੇ ਗੁਟਕੇ ਨੂੰ ਹੱਥ ਲਾਉਣ ਤੋਂ ਪਹਿਲਾਂ ਹੱਥ ਸੁੱਚੇ ਕਰਨੇ, ਸਿਰ ਢੱਕਣਾ, ਜੁੱਤੀ ਲਾਹੁਣੀ ਆਦਿ ਦਾ ਭਾਰੀ ਭਰਮ ਪਾਇਆ ਜਾਂਦਾ ਹੈ। ਉਸ ਲਈ ਗੁਟਕੇ ਦਾ ਕਿਸੇ ਹੋਟਲ, ਮੋਟਲ ਵਿੱਚ ਹੋਣਾ ਪਾਪ ਕਰਮ ਤੋਂ ਘੱਟ ਨਹੀਂ। ਇਸੇ ਤਰ੍ਹਾਂ ਇਸਾਈ ਆਪਣੇ ਚਰਚਾਂ ਵਿੱਚ ਜੁੱਤੀਆਂ ਪਾ ਕੇ ਕੁਰਸੀਆਂ ਤੇ ਬੈਠਦੇ ਹਨ ਤੇ ਆਪਣਾ ਪੂਜਾ ਪਾਠ ਕਰਦੇ ਹਨ। ਜਦਕਿ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਲਈ ਆਪਣੇ ਧਰਮ ਅਸਥਾਨਾਂ ਵਿੱਚ ਜੁੱਤੀ ਪਾਉਣਾ, ਨੰਗੇ ਸਿਰ ਜਾਣਾ, ਕੁਰਸੀ ਆਦਿ 'ਤੇ ਬੈਠਣਾ ਨਿਰਾਦਰੀ ਭਰਿਆ ਪਾਪ ਕਰਮ ਹੈ। ਸਿੱਖਾਂ ਵਿੱਚ ਤਾਂ ਲੰਗਰ ਵਿੱਚ ਕੁਰਸੀਆਂ ਤੇ ਬੈਠਣ ਦੇ ਮੁੱਦੇ ਤੇ ਕਈ ਖੂਨੀ ਲੜਾਈਆਂ ਵੀ ਹੋ ਚੁੱਕੀਆਂ ਹਨ। ਜਿੱਥੇ ਸਿੱਖ ਆਪਣੇ ਧਰਮ ਅਸਥਾਨਾਂ ਵਿੱਚ ਸਾਜ਼ਾਂ ਨਾਲ਼ ਰਾਗਾਂ ਵਿੱਚ ਕੀਰਤਨ ਕਰਨ ਨੂੰ ਧਰਮ ਦਾ ਕਰਮ ਸਮਝਦੇ ਹਨ, ਉਥੇ ਮੁਸਲਮਾਨ ਆਪਣੇ ਧਰਮ ਅਸਥਾਨ ਵਿੱਚ ਰਾਗ ਵਜਾਉਣ ਨੂੰ ਪਾਪ ਕਰਮ ਮੰਨਦੇ ਹਨ। ਇਸੇ ਤਰ੍ਹਾਂ ਗੁਰਦੁਆਰਿਆਂ ਵਿੱਚ ਭਜਨ ਬੰਦਗੀ ਕਰਨ ਸਮੇਂ ਤਾੜੀਆਂ ਵਜਾਉਣੀਆਂ ਜਾਂ ਨੱਚਣਾ ਪਾਪ ਕਰਮ ਹੈ, ਪਰ ਹਿੰਦੂਆਂ ਤੇ ਮੁਸਲਮਾਨਾਂ ਦੇ ਸੂਫੀ ਫਿਰਕਿਆਂ ਵਿੱਚ ਤਾੜੀਆਂ ਵਜਾਉਣੀਆਂ, ਘੁੰਗਰੂ ਬੰਨ੍ਹ ਕੇ ਨੱਚਣਾ ਰੱਬ ਦੀ ਇਬਾਦਤ ਹੈ। ਇਸੇ ਤਰ੍ਹਾਂ ਸਿੱਖਾਂ ਵਿੱਚ ਧਾਰਮਿਕ ਤੌਰ 'ਤੇ ਜਿੱਥੇ ਹਰ ਤਰ੍ਹਾਂ ਦੇ ਨਸ਼ਿਆਂ ਦੇ ਸੇਵਨ ਨੂੰ ਪਾਪ ਕਰਮ ਮੰਨਿਆ ਜਾਂਦਾ ਹੈ, ਉਥੇ ਮੁਸਲਮਾਨਾਂ ਵਿੱਚ ਸ਼ਰਾਬ ਦੀ ਮਨਾਹੀ, ਪਰ ਤੰਬਾਕੂ ਪੀਣ ਵਾਲੇ ਮੁਸਲਮਾਨ ਆਮ ਹੀ ਮਿਲਣਗੇ। ਇਸਾਈਆਂ ਵਿੱਚ ਬਹੁਤੇ ਸ਼ਰਾਬ ਤੇ ਤੰਬਾਕੂ ਦੋਨੇ ਵਰਤਦੇ ਹਨ, ਹਿੰਦੂਆਂ ਦੇ ਕਈ ਫਿਰਕੇ ਰੱਬ ਨੂੰ ਪਾਉਣ ਲਈ ਚਰਸ, ਗਾਂਜਾ, ਭੰਗ ਆਦਿ ਵਰਤਦੇ ਹਨ। ਸਿੱਖਾਂ ਵਿੱਚ ਵੀ ਨਿਹੰਗ ਭੰਗ ਦਾ ਪ੍ਰਸ਼ਾਦ ਵਰਤਾਉਂਦੇ ਹਨ। ਫਿਰ ਭਲਾ ਪੁੰਨ ਕੀ ਤੇ ਪਾਪ ਕੀ ਹੋਇਆ?

ਇਹ ਸਾਰਾ ਕੁਝ ਦੱਸਣ ਤੋਂ ਭਾਵ ਇਹ ਹੈ ਕਿ ਇਸ ਦੁਨੀਆਂ ਵਿੱਚ ਕੁਝ ਵੀ ਪੁੰਨ ਨਹੀਂ ਤੇ ਕੁਝ ਵੀ ਪਾਪ ਨਹੀਂ। ਇਹ ਪੁਜਾਰੀਆਂ ਵਲੋਂ ਪਾਏ ਭਰਮ ਹੀ ਹਨ। ਜੋ ਕੁਝ ਵੀ ਤੁਹਾਡੇ ਸਰੀਰ ਜਾਂ ਮਨ ਲਈ ਲਾਹੇਵੰਦ ਨਾ ਹੋਵੇ, ਉਹ ਗਲਤ ਹੈ ਤੇ ਜੋ ਤੁਹਾਡੇ ਸਰੀਰ ਤੇ ਮਨ ਲਈ ਠੀਕ ਹੈ, ਉਹ ਸਭ ਠੀਕ ਹੈ। ਦੂਜਾ ਜੋ ਕੁੱਝ ਵੀ ਕਨੂੰਨ ਦੇ ਅਨੁਸਾਰ ਅਪਰਾਧ ਹੈ, ਉਹੀ ਪਾਪ ਕਰਮ ਹੈ ਤੇ ਜੋ ਕਰਮ ਮਨੁੱਖ ਕਨੂੰਨ ਦੇ ਦਾਇਰੇ ਵਿੱਚ ਰਹਿ ਕੇ ਕਰਦਾ ਹੈ, ਉਹੀ ਪੁੰਨ ਹੈ। ਸਾਨੂੰ ਹਮੇਸ਼ਾਂ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਅਜਿਹਾ ਖਾਣ-ਪੀਣ ਰੱਖੀਏ, ਜਿਸ ਨਾਲ ਸਰੀਰ ਰਿਸ਼ਟ-ਪੁਸ਼ਟ ਰਹੇ। ਇਸੇ ਤਰ੍ਹਾਂ ਅਜਿਹੀ ਸੋਚ ਰੱਖਣੀ ਚਾਹੀਦੀ ਹੈ ਕਿ ਸਾਡਾ ਮਨ ਤੰਦਰੁਸਤ ਰਹੇ। ਪੁਜਾਰੀਆਂ ਦੇ ਪਾਪ-ਪੁੰਨ ਵਾਲੇ ਨਕਲੀ ਧਰਮਾਂ 'ਚੋਂ ਨਿਕਲਣ ਲਈ ਜ਼ਰੂਰੀ ਹੈ ਕਿ ਅਸੀਂ ਫਿਰਕਿਆਂ ਦੀ ਸੋਚ ਤੋਂ ਆਜ਼ਾਦ ਹੋ ਕੇ ਮਾਨਵਤਾਵਾਦੀ ਸੋਚ ਅਪਨਾਈਏ। ਉਹੀ ਪੁੰਨ ਹੈ, ਜੋ ਸਭ ਲਈ ਪੁੰਨ ਹੈ, ਉਹੀ ਪਾਪ ਹੈ ਜੋ ਸਭ ਲਈ ਪਾਪ ਹੈ। ਜਿਹੜਾ ਇੱਕ ਲਈ ਪੁੰਨ ਹੈ ਤੇ ਦੂਜੇ ਲਈ ਪਾਪ ਹੈ, ਉਹ ਭਰਮ ਹੈ, ਭਰਮ ਵਿੱਚ ਫਸਿਆ ਮਨੁੱਖ ਕਦੇ ਸੱਚੇ ਧਰਮ ਦਾ ਪਾਂਧੀ ਨਹੀਂ ਹੋ ਸਕਦਾ। ਜਿੱਥੇ ਨਕਲੀ ਧਰਮ ਮਨੁੱਖ ਨੂੰ ਭਰਮਾਂ ਵਿੱਚ ਪਾਉਂਦਾ ਹੈ, ਉਥੇ ਅਸਲੀ ਧਰਮ ਭਰਮ ਤੋਂ ਮੁਕਤੀ ਵਿੱਚ ਹੈ। ਨਕਲੀ ਧਰਮਾਂ ਦੀ ਸੰਕੀਰਣ ਸੋਚ ਵਿੱਚ ਫਸਿਆ ਮਨੁੱਖ ਕਦੇ ਵੀ ਸੱਚਾ ਧਰਮੀ ਨਹੀਂ ਹੋ ਸਕਦਾ। ਸੱਚੇ ਧਰਮੀ ਪੁਰਸ਼ ਨੂੰ ਨਾ ਕਿਸੇ ਅਖੌਤੀ ਪੁੰਨ ਦਾ ਲਾਲਚ ਹੁੰਦਾ ਹੈ ਤੇ ਨਾ ਹੀ ਕਿਸੇ ਅਖੌਤੀ ਪਾਪ ਦਾ ਡਰ ਹੀ ਹੁੰਦਾ ਹੈ। ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਉਸਦੇ ਹੁਕਮ ਵਿੱਚ ਸਬਰ, ਸੰਤੋਖ, ਪਿਆਰ ਦਾ ਜੀਵਨ ਬਸਰ ਕਰਨਾ, ਪੁੰਨ-ਪਾਪ ਦੇ ਭੈਅ ਤੋਂ ਮੁਕਤ ਹੋਣਾ, ਆਪਣੇ ਦੇਸ਼ ਦੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਚੰਗੇ ਸ਼ਹਿਰੀ ਬਣਨਾ ਤੇ ਆਪਣੇ ਅੰਦਰੋਂ ਦੂਜਿਆਂ ਲਈ ਨਫਰਤ, ਈਰਖਾ, ਸਾੜਾ, ਵੈਰ, ਵਿਰੋਧ ਆਦਿ ਭਾਵਨਾਵਾਂ ਨੂੰ ਛੱਡ ਕੇ ਸਭ ਵਿੱਚ ਇੱਕੋ ਜੋਤ (ਅਨਰਜ਼ੀ) ਦੇਖਣੀ ਹੀ ਅਸਲੀ ਧਰਮ ਹੈ ਤੇ ਇਨ੍ਹਾਂ ਵਿਕਾਰਾਂ ਤੋਂ ਰਹਿਤ ਮਨੁੱਖ ਹੀ ਅਸਲੀ ਧਰਮੀ ਹੈ। ਨਕਲੀ ਧਰਮਾਂ ਦੀ ਫਿਰਕੂ ਸੋਚ ਤੋਂ ਉੱਪਰ ਉਠ ਕੇ ਮਨੁੱਖਤਾਵਾਦੀ, ਸਰਬੱਤ ਦੇ ਭਲੇ, ਸਭ ਨੂੰ ਇਨਸਾਨ ਸਮਝ ਕੇ ਪਿਆਰ ਕਰਨਾ ਹੀ ਪੁੰਨ ਹੈ ਤੇ ਇਹ ਹੀ ਅਸਲੀ ਧਰਮ ਹੈ।

(ਚੱਲਦਾ)

# ਪਾਣੀ ਦਾ ਸੰਕਟ : ਭਵਿੱਖ ਦੀਆਂ ਜੰਗਾਂ ਦੇ ਅੰਗ-ਸੰਗ

ਗੁਰਪ੍ਰੀਤ ਅੰਮ੍ਰਿਤਸਰ



*ਵੱਖ-ਵੱਖ ਵਿਗਿਆਨੀ ਜੋ ਵਾਤਾਵਰਣ ਵਿਚਲੀਆਂ ਤਬਦੀਲੀਆਂ ਨੂੰ ਮਾਪਦੇ ਆ ਰਹੇ ਹਨ ਉਨ੍ਹਾਂ ਨੇ ਭਵਿੱਖਬਾਣੀ ਕਈ ਵਾਰੀ ਕੀਤੀ ਹੈ ਕਿ ਆਉਣ ਵਾਲੀ 21ਵੀਂ ਸਦੀ ਜਿਸ ਵਿਚੋਂ ਅਸੀਂ ਲੰਘ ਰਹੇ ਹਾਂ ਸਭ ਤੋਂ ਵੱਡੀ ਲੜਾਈ ਪਾਣੀ ਦੇ ਸਵਾਲ 'ਤੇ ਲੜੀ ਜਾਏਗੀ। ਕਿਉਂਕਿ ਇਹ ਅਜਿਹਾ ਕੁਦਰਤੀ ਸਾਧਨ ਹੈ ਜਿਸ ਵੀ ਖਿੱਤੇ ਅਤੇ ਇਲਾਕੇ ਵਿਚ ਇਹ ਘਟੇਗਾ ਜਾਂ ਖਤਮ ਹੋਏਗਾ ਤਾਂ ਜੰਗ ਲਾਜ਼ਮੀ ਤੈਅ ਹੈ। ਇਸ ਸਵਾਲ 'ਤੇ ਚਿੰਤਨ ਕਰਨ ਦੀ ਜ਼ਰੂਰਤ ਹੈ। - ਸੰਪਾਦਕ*

ਇਸ ਸਮੇਂ ਸੰਸਾਰ ਦੀ ਵੱਡੀ ਅਬਾਦੀ ਪੀਣਯੋਗ ਪਾਣੀ ਦੇ ਸੰਕਟ ਨਾਲ਼ ਜੂਝ ਰਹੀ ਹੈ। ਹਰ ਸਾਲ ਤਕਰੀਬਨ 12 ਲੱਖ ਲੋਕ ਪੀਣ ਵਾਲ਼ਾ ਸਾਫ ਪਾਣੀ ਨਾ ਮਿਲ਼ਣ ਕਾਰਨ ਮਾਰੇ ਜਾਂਦੇ ਹਨ। ਘੱਟ ਆਮਦਨ ਵਾਲ਼ੇ ਦੇਸ਼ਾਂ ਵਿੱਚ ਹਰ ਸਾਲ 6% ਮੌਤਾਂ ਸਾਫ ਪਾਣੀ ਨਾ ਮਿਲ਼ਣ ਕਾਰਨ ਹੁੰਦੀਆਂ ਹਨ। ਅਫਰੀਕਾ ਮਹਾਂਦੀਪ ਦੇ ਦੇਸ਼ ਜਿਵੇਂ ਨਾਈਜੀਰੀਆ, ਦੱਖਣੀ ਅਫਰੀਕਾ ਆਦਿ ਵਿੱਚ ਹਾਲਤਾਂ ਭਿਆਨਕ ਹਨ। ਭਾਰਤ ਵਿੱਚ ਵੀ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਮਿਲਨਾਡੂ, ਝਾਰਖੰਡ ਵਰਗੇ ਸੂਬੇ ਪਿਛਲੇ ਕੁੱਝ ਸਮੇਂ ਵਿੱਚ ਸੋਕੇ ਦੀ ਮਾਰ ਝੱਲ ਚੁੱਕੇ ਹਨ। ਹੁਣ ਹਲਾਤ ਇਹ ਹਨ ਕਿ ਅਮਰੀਕਾ ਵਰਗੇ ਸਾਮਰਾਜੀ ਦੇਸ਼ ਦੇ ਕੁੱਝ ਸੂਬਿਆਂ ਵਿੱਚ ਵੀ ਹਲਾਤ ਚਿੰਤਾਜਨਕ ਹਨ। ਸੰਸਾਰ ਭਰ ਵਿੱਚ ਵਾਤਾਵਰਨ ਮਾਹਰ ਇਹ ਚੇਤਾਵਨੀ ਦੇ ਰਹੇ ਹਨ ਕਿ ਆਉਣ ਵਾਲ਼ੇ ਸਮੇਂ ਵਿੱਚ ਪਾਣੀ ਦੇ ਸਰੋਤਾਂ ਉੱਪਰ ਕਬਜੇ ਲਈ ਜੰਗਾਂ ਹੋਣਗੀਆਂ। ਪਾਣੀ ਸਰੋਤਾਂ ਨੂੰ ਜੰਗੀ ਹਥਿਆਰ ਵਜੋਂ ਵਰਤਣ ਦੇ ਕੁੱਝ ਉਦਾਹਰਨ ਵਰਤਮਾਨ ਸਮੇਂ ਵਿੱਚ ਸਾਡੇ ਸਾਹਮਣੇ ਵੀ ਆ ਰਹੇ ਹਨ। ਰੂਸ-ਯੂਕਰੇਨ ਜੰਗ ਵਿੱਚ ਕੁੱਝ ਸਮੇਂ ਪਹਿਲਾਂ ਹੀ ਰੂਸੀ ਫੌਜ ਨੇ ਯੂਕਰੇਨ ਵਿੱਚ ਇੱਕ ਦਰਿਆ ਉੱਪਰ ਬਣਿਆ ਡੈਮ ਉਡਾ ਦਿੱਤਾ ਸੀ ਜਿਸ ਕਾਰਨ ਉੱਥੇ ਹੜ ਵਰਗੇ ਹਲਾਤ ਬਣ ਗਏ। ਇਹਨਾਂ ਹਾਲਤਾਂ ਲਈ ਕੌਣ ਜਿੰਮੇਵਾਰ ਹੈ? ਕਈ ਸਰਮਾਏਦਾਰਾ ਬੁੱਧੀਜੀਵੀ ਪਾਣੀ ਸੰਕਟ ਨੂੰ ਕੁਦਰਤੀ ਜਾਂ ਅਬਾਦੀ ਵਧਣ ਨਾਲ਼ ਜੋੜ ਕੇ ਦੇਖਦੇ ਹਨ ਜੋ ਬਿਲਕੁਲ ਤਰਕਹੀਣ ਅਤੇ ਗੈਰ ਵਿਗਿਆਨਕ ਪਹੁੰਚ ਹੈ। ਵਰਤਮਾਨ ਜਲਵਾਯੂ ਸੰਕਟ ਵੀ ਇਸ ਕੁਦਰਤ ਦੋਖੀ ਮੁਨਾਫਾ ਅਧਾਰਤ ਪ੍ਰਬੰਧ ਦੀ ਹੀ ਦੇਣ ਹੈ। ਅੱਜ ਜਿਸ ਪਾਣੀ ਸੰਕਟ ਨਾਲ਼ ਸੰਸਾਰ ਜੂਝ ਰਿਹਾ ਹੈ, ਉਹ ਕੁਦਰਤੀ ਨਹੀਂ ਸਗੋਂ ਇਸ ਸਰਮਾਏਦਾਰੀ ਪ੍ਰਬੰਧ ਕਾਰਨ ਹੈ। ਸੰਕਟ ਪਾਣੀ ਦੀ ਘਾਟ ਦਾ ਨਹੀਂ ਪ੍ਰਬੰਧਨ ਤੇ ਲੋਕਾਂ ਤੱਕ ਪਹੁੰਚਦਾ ਕਰਨ ਦਾ ਹੈ। ਪਾਣੀ ਸਰੋਤਾਂ ਦੀ ਬੇਸਮਝੀ ਨਾਲ਼ ਵਰਤੋਂ, ਗੈਰ ਵਿਗਿਆਨਕ ਪ੍ਰਬੰਧਨ ਅਤੇ ਪਾਣੀ ਦਾ ਨਿੱਜੀਕਰਨ ਪਾਣੀ ਸੰਕਟ ਦੇ ਪ੍ਰਮੁੱਖ ਕਾਰਨ ਹਨ।

ਇਸ ਸਮੇਂ ਅਫਰੀਕਾ ਮਹਾਂਦੀਪ ਵਿੱਚ ਪਾਣੀ ਦਾ ਸੰਕਟ ਸਭ ਤੋਂ ਡੂੰਘਾ ਹੈ। ਦੱਖਣੀ ਅਫਰੀਕਾ ਸਾਲ 2015 ਤੋਂ ਪਾਣੀ ਸੰਕਟ ਨਾਲ਼ ਜੂਝ ਰਿਹਾ ਹੈ। ਦੱਖਣੀ ਅਫਰੀਕਾ ਦੀ ਲਗਭਗ 19% ਪੇਂਡੂ ਅਬਾਦੀ ਤੱਕ ਪਾਣੀ ਦੀ ਭਰੋਸੇਯੋਗ ਉਪਲੱਬਧਤਾ ਨਹੀਂ ਹੈ, 33% ਲੋਕਾਂ ਕੋਲ਼ ਬੁਨਿਆਦੀ ਜਰੂਰਤਾਂ ਲਈ ਸਾਫ ਪਾਣੀ ਨਹੀਂ ਹੈ। ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਹਫ਼ਤੇ ਵਿੱਚ ਘੱਟੋ-ਘੱਟ ਇੱਕ ਦਿਨ ਪਾਣੀ ਬੰਦ ਰਹਿੰਦਾ ਹੈ। ਅਮੀਰ ਲੋਕ ਤਾਂ ਮਹਿੰਗੇ ਬੋਰ ਕਰਵਾ ਕੇ ਧਰਤੀ ਹੇਠਲੇ ਪਾਣੀ ਨਾਲ਼ ਆਪਣੀਆਂ ਜਰੂਰਤਾਂ ਪੂਰੀਆਂ ਕਰ ਲੈਂਦੇ ਹਨ ਪਰ ਗਰੀਬ ਅਬਾਦੀ ਕੋਲ਼ ਇਹ ਸਹੂਲਤ ਨਹੀਂ ਹੈ। ਇੱਕ ਰਿਪੋਰਟ ਮੁਤਾਬਕ ਦੱਖਣੀ ਅਫਰੀਕਾ ਦੇ ਕੇਪ ਟਾਊਨ ਵਿੱਚ 14% ਲੋਕ ਸ਼ਹਿਰ ਦਾ ਅੱਧੇ ਤੋਂ ਵੱਧ ਸਾਫ ਪਾਣੀ ਵਰਤਦੇ ਹਨ। ਬਿਨਾਂ ਸ਼ੱਕ ਦੱਖਣੀ ਅਫਰੀਕਾ ਵਿੱਚ ਪਿਛਲੇ ਕਾਫੀ ਸਮੇਂ ਤੋਂ ਕਾਫੀ ਘੱਟ ਵਰਖਾ ਹੋਈ ਹੈ ਪਰ ਪਾਣੀ ਦੀ ਘਾਟ ਦਾ ਵੱਡਾ ਕਾਰਨ ਇਸ ਦੇਸ਼ ਦਾ ਘਟੀਆ ਬੁਨਿਆਦੀ ਢਾਂਚਾ ਹੈ ਜਿਸ ਕਾਰਨ 40% ਪਾਣੀ ਲੋਕਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਪਾਇਪ ਲੀਕ ਹੋਣ ਕਾਰਨ ਬਰਬਾਦ ਹੋ ਜਾਂਦਾ ਹੈ। ਇਸਨੂੰ ਸੌਖਿਆਂ ਹੀ ਦਰੁਸਤ ਕੀਤਾ ਜਾ ਸਕਦਾ ਹੈ ਪਰ ਫਿਲਹਾਲ ਇਹ ਸਰਕਾਰ ਦੀਆਂ "ਤਰਜੀਹਾਂ" ਵਿੱਚ ਸ਼ਾਮਲ ਨਹੀਂ ਹੈ।

ਅਫਰੀਕਾ ਦੇ ਹੀ ਇੱਕ ਹੋਰ ਦੇਸ਼ ਨਾਈਜੀਰੀਆ ਵਿੱਚ ਹਾਲਤਾਂ ਕੁੱਝ ਜਿਆਦਾ ਚੰਗੀਆਂ ਨਹੀਂ ਹਨ। ਇਸ ਦੇਸ਼ ਵਿੱਚ ਹਲਾਤ ਇੰਨੇ ਬੁਰੇ ਹਨ ਕਿ ਲੋਕਾਂ ਲਈ ਇੱਕ ਤਾਂ ਪਾਣੀ ਉਪਲੱਬਧ ਨਹੀਂ ਹੈ ਅਤੇ ਜੋ ਹੈ ਵੀ ਉਹ ਲੋਕਾਂ ਲਈ ਬਿਮਾਰੀਆਂ ਲੈਕੇ ਆਉਂਦਾ ਹੈ। ਲੋਕ ਹੈਜੇ ਵਰਗੀਆਂ ਬਿਮਾਰੀਆਂ ਨਾਲ਼ ਮਰ ਰਹੇ ਹਨ। ਨਾਈਜੀਰੀਆ ਵਿੱਚ 6 ਕਰੋੜ ਲੋਕਾਂ ਦੀ ਪੀਣ ਵਾਲ਼ੇ ਸਾਫ ਪਾਣੀ ਤੱਕ ਪਹੁੰਚ ਨਹੀਂ ਹੈ। ਦੇਸ਼ ਵਿੱਚ ਪਾਣੀ ਇਕੱਠਾ ਕਰਨ ਵਾਲ਼ੇ ਬੁਨਿਆਦੀ ਢਾਂਚੇ ਉੱਪਰ ਸਰਕਾਰ ਨਾਮਾਤਰ ਖਰਚ ਕਰਦੀ ਹੈ। ਇਸਦੀ ਥਾਂ 'ਤੇ ਸਰਕਾਰ ਨੇ ਕਈ ਵਾਰ ਪਾਣੀ ਦੇ ਬੁਨਿਆਦੀ ਢਾਂਚੇ ਦਾ ਨਿੱਜੀਕਰਨ ਕਰਨ ਦੀ ਕੋਸਿਸ਼ ਕੀਤੀ ਜਿਸਨੂੰ ਲੋਕਾਂ ਨੇ ਸਫਲ ਨਹੀਂ ਹੋਣ ਦਿੱਤਾ। ਪਾਣੀ ਦੇ ਇੱਕ ਥੈਲੇ ਦੀ ਕੀਮਤ 250 ਨਾਈਜੀਰਿਆਈ ਨਾਇਰ ਹੈ। ਲੋਕਾਂ ਦੇ ਘਰੇਲੂ ਖਰਚ ਦਾ ਵੱਡਾ ਹਿੱਸਾ ਪਾਣੀ ਉੱਪਰ ਹੋਣ ਵਾਲ਼ੇ ਖਰਚੇ ਹਨ। ਪਾਣੀ ਦੀ ਸਖਤ ਘਾਟ ਦੇ ਬਾਵਜੂਦ ਸਰਕਾਰ ਕੋਕਾਕੋਲਾ ਵਰਗੀਆਂ ਕੰਪਨੀਆਂ ਵੱਲੋਂ ਧਰਤੀ ਵਿੱਚੋਂ ਬੇਤਹਾਸ਼ਾ ਪਾਣੀ ਕੱਢੇ ਜਾਣ ਉੱਪਰ ਕੋਈ ਰੋਕ ਨਹੀਂ ਲਾਉਂਦੀ ਸਗੋਂ ਜਨਤਕ-ਨਿੱਜੀ ਹਿੱਸੇਦਾਰੀ ਦੇ ਨਾਮ 'ਤੇ ਪਾਣੀ ਦੇ ਸਰੋਤਾਂ ਦਾ ਨਿੱਜੀਕਰਨ ਕਰਨ ਲਈ ਪੱਬਾਂ ਭਾਰ ਹੋਈ ਹੈ।

ਵਰਤਮਾਨ ਸਮੇਂ ਵਿੱਚ ਪਾਣੀ ਦੀ ਘਾਟ ਵੱਖ-ਵੱਖ ਦੇਸ਼ਾਂ ਵਿਚਕਾਰ ਝਗੜਿਆਂ ਦਾ ਕਾਰਨ ਵੀ ਬਣਦੀ ਜਾ ਰਹੀ ਹੈ। ਅਮਰੀਕਾ ਅਤੇ ਮੈਕਸਿਕੋ ਦਰਮਿਆਨ ਰੀਓ ਨਦੀ ਨੂੰ ਲੈਕੇ ਸਾਲ 2020 ਵਿੱਚ ਵੱਡਾ ਮਸਲਾ ਖੜ੍ਹਾ ਹੋ ਗਿਆ ਸੀ ਜਦੋਂ ਮੈਕਸਿਕੋ ਦੇ ਕਿਸਾਨਾਂ ਨੇ ਅਮਰੀਕਾ ਨਾਲ਼ 1944 ਵਿੱਚ ਹੋਏ ਸਮਝੌਤੇ ਤਹਿਤ ਜਾਣ ਵਾਲ਼ੇ ਪਾਣੀ ਨੂੰ ਰੋਕਣ ਲਈ ਨਦੀ ਦੇ ਡੈਮ ਉੱਪਰ ਕਬਜਾ ਕਰ ਲਿਆ ਸੀ। ਇਰਾਕ ਅਤੇ ਇਰਾਨ ਵਿੱਚ ਟਿੰਗਰਿਸ ਦਰਿਆ ਦੇ ਪਾਣੀ ਦੀ ਵਰਤੋਂ ਨੂੰ ਲੈਕੇ ਕਾਫੀ ਤਿੱਖੇ ਵਿਵਾਦ ਹਨ। ਆਉਣ ਵਾਲ਼ੇ ਸਮੇਂ ਵਿੱਚ ਇਸ ਵਿਵਾਦ ਕਾਰਨ ਦੋਨਾਂ ਦੇਸ਼ਾਂ ਦਰਮਿਆਨ ਝੜਪਾਂ ਵੀ ਹੋ ਸਕਦੀਆਂ ਹਨ। ਅਫਰੀਕਾ ਅਤੇ ਸੰਸਾਰ ਦੇ ਸਭ ਤੋਂ ਲੰਬੇ ਦਰਿਆ, ਨਾਇਲ ਉੱਪਰ ਇਥੋਪੀਆ ਵੱਲੋਂ ਬਣਾਏ ਜਾ ਰਹੇ ਇੱਕ ਪ੍ਰੋਜੈਕਟ ਕਾਰਨ ਇਥੋਪੀਆ, ਮਿਸਰ ਅਤੇ ਸੂਡਾਨ ਦੇ ਰਿਸ਼ਤੇ ਕਾਫੀ ਖਰਾਬ ਹੋ ਗਏ ਹਨ। ਇਥੋਪੀਆ ਨਾਇਲ ਦਰਿਆ ਉੱਪਰ ਇੱਕ ਡੈਮ ਬਣ ਰਿਹਾ ਹੈ ਜਿਸ ਕਾਰਨ ਮਿਸਰ ਅਤੇ ਸੂਡਾਨ ਵਿੱਚ ਪਾਣੀ ਦੇ ਕੁਦਰਤੀ ਵਹਾਅ ਵਿੱਚ ਰੁਕਾਵਟ ਆ ਸਕਦੀ ਹੈ। ਇਸਦੇ ਕਾਰਨ ਸੂਡਾਨ ਵਿੱਚ ਹਿੰਸਕ ਵਿਰੋਧ-ਪ੍ਰਦਸ਼ਨ ਵੀ ਹੋ ਚੁੱਕੇ ਹਨ।

ਪਾਣੀ ਸਰੋਤਾਂ ਉੱਪਰ ਵਧ ਰਹੇ ਦਬਾਅ ਦਾ ਵੱਡਾ ਕਾਰਨ ਵੱਡੀਆਂ ਨਿੱਜੀ ਕੰਪਨੀਆਂ ਵੱਲੋਂ ਧਰਤੀ ਹੇਠਲੇ ਪਾਣੀ ਦੀ ਅੰਨੀ ਲੁੱਟ ਵੀ ਹੈ। ਅਮਰੀਕਾ ਦੇ ਕੈਲੀਫੋਰਨੀਆ ਵਿੱਚ ਨੈਸਲੇ ਕੰਪਨੀ ਨੂੰ 2 ਕਰੋੜ 30 ਲੱਖ ਗੈਲਨ ਪਾਣੀ ਕੱਢਣ ਦੀ ਇਜਾਜਤ ਹੋਣ ਦੇ ਬਾਵਜੂਦ ਇਸਨੇ 6 ਕਰੋੜ ਗੈਲਨ ਪਾਣੀ ਧਰਤੀ ਹੇਠੋਂ ਕੱਢਿਆ। ਜਿਕਰਯੋਗ ਹੈ ਕਿ ਇਸੇ ਕੰਪਨੀ ਦੇ ਮਾਲਕ ਨੇ 2005 ਵਿੱਚ ਇਹ ਬਿਆਨ ਦਿੱਤਾ ਸੀ ਕਿ ਪਾਣੀ ਨੂੰ ਮਨੁੱਖ ਹੱਕ ਗਰਦਾਨਿਆ ਜਾਣਾ ਅਤਿ"ਹੈ। ਇੱਕ ਹੋਰ ਕੰਪਨੀ ਕੋਕਕੋਲਾ ਵੱਖ-ਵੱਖ ਦੇਸ਼ਾਂ ਵਿੱਚ ਧਰਤੀ ਹੇਠਲੇ ਪਾਣੀ ਨੂੰ ਦੂਸ਼ਿਤ ਕਰਨ ਅਤੇ ਲੁੱਟਣ ਲਈ ਬਦਨਾਮ ਹੈ। ਇੱਕ ਲੀਟਰ ਕੋਕਾਕੋਲਾ ਬਣਾਉਣ ਲਈ 3 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਇਹ ਪਾਣੀ ਜਮੀਨ ਹੇਠੋਂ ਕੱਢਿਆ ਜਾਂਦਾ ਹੈ। ਭਾਰਤ ਦੇ ਰਾਜਸਥਾਨ ਸੂਬੇ ਦੇ ਕਾਲਾਡੇਰਾ ਵਿੱਚ 1999 ਵਿੱਚ ਕੋਕਾਕੋਲਾ ਵੱਲੋਂ ਕਾਰਖਾਨਾ ਲਗਾਉਣ ਤੋਂ ਬਾਅਦ ਧਰਤੀ ਹੇਠਲੇ ਪਾਣੀ ਦਾ ਪੱਧਰ 10 ਮੀਟਰ ਤੋਂ ਵੱਧ ਹੇਠਾਂ ਚਲਿਆ ਗਿਆ ਜਿਸਦਾ ਪੂਰੇ ਇਲਾਕੇ ਦੀ ਖੇਤੀ ਉੱਪਰ ਬਹੁਤ ਹੀ ਮਾੜਾ ਪ੍ਰਭਾਵ ਪਿਆ। ਦੱਖਣੀ ਅਮਰੀਕਾ ਦੇ ਐੱਲ ਸੈਲਵਾਡੋਰ, ਮੈਕਸਿਕੋ ਵਰਗੇ ਦੇਸ਼ਾਂ ਵਿੱਚ ਕੋਕਾਕੋਲਾ ਲਗਾਤਾਰ ਪਾਣੀ ਦੇ ਸਰੋਤ ਲੁੱਟਣ ਲਈ ਇਸਦੇ ਨਿੱਜੀਕਰਨ ਦੀ ਵਕਾਲਤ ਕਰ ਰਹੀ ਹੈ।

ਜਿਵੇਂ ਅਸੀਂ ਉਪਰੋਕਤ ਉਦਾਹਰਨਾਂ ਵਿੱਚ ਦੇਖਿਆ, ਪਾਣੀ ਦੇ ਸੰਕਟ ਦੀ ਸਮੱਸਿਆ ਬਹੁਤ ਹੀ ਸੌਖ ਨਾਲ਼ ਹੱਲ ਕੀਤੀ ਜਾ ਸਕਦੀ ਹੈ। ਇਸਦੇ ਲਈ ਫੌਰੀ ਤੌਰ 'ਤੇ ਪਾਣੀ ਦੀ ਵੰਡ, ਸਾਂਭ-ਸੰਭਾਲ਼ ਅਤੇ ਨਿਕਾਸੀ ਦੇ ਬੁਨਿਆਦੀ ਢਾਂਚੇ ਦੀ ਵਿਗਿਆਨਕ, ਯੋਜਨਾਬੱਧ ਢੰਗ ਨਾਲ਼ ਉਸਾਰੀ ਕੀਤੇ ਜਾਣ ਦੀ ਲੋੜ ਹੈ। ਬਹੁਤੇ ਦੇਸ਼ਾਂ ਵਿੱਚ ਮੀਂਹ ਦਾ ਜਿਆਦਾਤਰ ਪਾਣੀ ਬਰਬਾਦ ਹੋ ਜਾਂਦਾ ਹੈ। ਜੇਕਰ ਇਸਨੂੰ ਜਮਾਂ ਕਰਨ ਅਤੇ ਇਸਦੀ ਨਿਕਾਸੀ ਦੇ ਢੁਕਵੇਂ ਪ੍ਰਬੰਧ ਕਰ ਲਏ ਜਾਣ ਤਾਂ ਹੜ ਅਤੇ ਸੋਕੇ ਦੋਹਾਂ ਆਫਤਾਂ ਨਾਲ਼ ਨਿਪਟਿਆ ਜਾ ਸਕਦਾ ਹੈ। ਪਰ ਜਿਆਦਾਤਰ ਸਰਕਾਰਾਂ ਇਹ ਪ੍ਰਬੰਧ ਕਰਨ ਲਈ ਤਿਆਰ ਨਹੀਂ ਹਨ ਕਿਉਂਕਿ ਨਵ ਉਦਾਰਵਾਦੀ ਨੀਤੀਆਂ ਤਹਿਤ ਪੂਰੇ ਸੰਸਾਰ ਵਿੱਚ ਸਰਕਾਰਾਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਤੋਂ ਆਪਣੇ ਹੱਥ ਪਿੱਛੇ ਖਿੱਚ ਰਹੀਆਂ ਹਨ। ਪਾਣੀ ਦਾ ਨਿੱਜੀਕਰਨ ਵੀ ਇਸੇ ਨਾਲ਼ ਹੀ ਜੁੜਿਆ ਹੋਇਆ ਹੈ। ਇੱਕ ਪਾਸੇ ਜਿੱਥੇ ਸਰਕਾਰਾਂ ਆਪਣੀ ਜਿੰਮੇਵਾਰੀ ਤੋਂ ਪਿੱਛੇ ਭੱਜਦੀਆਂ ਹਨ, ਉੱਥੇ ਹੀ ਨਿੱਜੀ ਕੰਪਨੀਆਂ ਪਾਣੀ ਵਰਗੀ ਬੁਨਿਆਦੀ ਮਨੁੱਖੀ ਲੋੜ ਨੂੰ ਜਿਣਸ ਬਣਾ ਕੇ ਇਸਦਾ ਵਪਾਰ ਕਰ ਰਹੀਆਂ ਹਨ। ਪਾਣੀ ਦਾ ਨਿੱਜੀਕਰਨ ਅਤੇ ਜਿਣਸੀਕਰਨ ਰੋਕੇ ਜਾਣ ਦੀ ਲੋੜ ਹੈ। ਪਾਣੀ ਇੱਕ ਕੁਦਰਤੀ ਸਾਧਨ ਹੈ ਅਤੇ ਇਸਦੀ ਵਪਾਰਕ ਵਰਤੋਂ ਪੂਰੀ ਤਰ੍ਹਾਂ ਨਾਲ ਗੈਰ ਵਾਜਬ ਹੈ।

ਜਿੱਥੋਂ ਤੱਕ ਵੱਖ-ਵੱਖ ਦੇਸ਼ਾਂ ਦਰਮਿਆਨ ਪਾਣੀ ਅਤੇ ਦਰਿਆਵਾਂ ਨਾਲ਼ ਸਬੰਧਤ ਝਗੜਿਆਂ ਦੀ ਗੱਲ ਹੈ ਤਾਂ ਇਹਨਾਂ ਦਾ ਨਿਪਟਾਰਾ ਜਮਹੂਰੀ ਤਰੀਕੇ ਨਾਲ਼, ਰਿਪੇਰੀਅਨ ਕਨੂੰਨਾਂ ਤਹਿਤ ਕੀਤਾ ਜਾਣਾ ਚਾਹੀਦਾ ਹੈ। ਇਹਨਾਂ ਵੱਖ-ਵੱਖ ਉਦਾਹਰਨਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਾਣੀ ਸੰਕਟ ਕੁਦਰਤੀ ਨਹੀਂ ਸਗੋਂ ਇਸ ਪ੍ਰਬੰਧ ਵਿੱਚ ਹੋ ਰਹੀ ਕੁਦਰਤੀ ਸਾਧਨਾਂ ਦੀ ਅੰਨ੍ਹੀ ਲੁੱਟ ਦਾ ਨਤੀਜਾ ਹੈ। ਸਰਮਾਏਦਾਰੀ ਪੈਦਾਵਾਰ ਮੁਨਾਫ਼ੇ ਲਈ ਪੈਦਾਵਾਰ ਹੁੰਦੀ ਹੈ ਨਾ ਕਿ ਸਮਾਜਿਕ ਲੋੜਾਂ ਦੀ ਪੂਰਤੀ ਲਈ। ਇਸ ਪ੍ਰਬੰਧ ਵਿੱਚ ਕੁਦਰਤੀ ਸਾਧਨਾ ਦੀ ਵਰਤੋ ਯੋਜਨਾਬੱਧ ਤਰੀਕੇ ਨਾਲ਼ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਕੀਤੀ ਜਾ ਸਕਦੀ ਹੈ। ਪੈਦਾਵਾਰ ਵੱਖੋ-ਵੱਖ ਸਰਮਾਏਦਾਰਾਂ ਵਿੱਚ ਵੰਡੀ ਹੁੰਦੀ ਹੈ ਜਿਹਨਾਂ ਨੂੰ ਸਿਰਫ ਆਪੋ-ਆਪਣੇ ਮੁਨਾਫੇ ਪਿਆਰੇ ਹੁੰਦੇ ਹਨ ਅਤੇ ਕਿਸੇ ਨੂੰ ਕੁਦਰਤ ਜਾਂ ਮਨੁੱਖੀ ਲੋੜਾਂ ਦੀ ਕੋਈ ਪਰਵਾਹ ਨਹੀਂ ਹੁੰਦੀ। ਕਿਸੇ ਇੱਕ ਦਾ ਨੁਕਸਾਨ ਦੂਜੇ ਦਾ ਫਾਇਦਾ ਹੁੰਦਾ ਹੈ। ਪਾਣੀ ਵਰਗੇ ਕੁਦਰਤੀ ਸਰੋਤਾਂ ਦੀ ਸੁਚਾਰੂ ਵਰਤੋਂ ਇੱਕ ਅਜਿਹੇ ਸਮਾਜ ਵਿੱਚ ਹੀ ਸੰਭਵ ਹੈ ਜਿੱਥੇ ਪੈਦਾਵਾਰ ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ, ਇੱਕ ਯੋਜਨਾ ਨਾਲ਼ ਹੋਵੇ। ਅਜਿਹੇ ਪ੍ਰਬੰਧ ਵਿੱਚ ਹੀ ਕੁਦਰਤ ਅਤੇ ਮਨੁੱਖ ਦਾ ਆਪਸੀ ਸਿਹਤਮੰਦ ਰਿਸ਼ਤਾ ਸਥਾਪਤ ਹੋ ਸਕਦਾ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਭਾਰਤੀ ਰਾਜ ਦੇ ਗੈਰ ਜਮਹੂਰੀ ਢੰਗ ਤਰੀਕੇ ਵੱਖ ਵੱਖ ਕਾਨੂੰਨਾਂ ਦੇ ਪ੍ਰਸੰਗ 'ਚ



ਬੂਟਾ ਸਿੰਘ
ਮਹਿਮੂਦਪੁਰ
94634-74342



ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਸੰਸਦ ਦੇ ਮਾਨਸੂਨ ਸੈਸ਼ਨ ਦੇ ਅਖ਼ੀਰਲੇ ਦਿਨ 11 ਅਗਸਤ ਨੂੰ ਤਿੰਨ ਬਿੱਲ ਪੇਸ਼ ਕਰਕੇ ਜਾਬਰ ਕਾਨੂੰਨੀ ਢਾਂਚੇ ਨੂੰ ਹੋਰ ਵੀ ਬੇਕਿਰਕ ਬਣਾਉਣ ਦੇ ਫਾਸ਼ੀਵਾਦੀ ਮਨਸ਼ੇ ਸਾਫ਼ ਜ਼ਾਹਿਰ ਕਰ ਦਿੱਤੇ ਹਨ। ਇੰਡੀਅਨ ਪੀਨਲ ਕੋਡ 1860, ਕ੍ਰਿਮੀਨਲ ਪ੍ਰੋਸੀਜ਼ਰ ਕੋਡ 1898 ਅਤੇ ਇੰਡੀਅਨ ਐਵੀਡੈਂਸ ਐਕਟ 1872 ਨੂੰ ਬਦਲਣ ਲਈ ਕ੍ਰਮਵਾਰ 'ਭਾਰਤੀ ਨਿਆਏ ਸੰਹਿਤਾ ਬਿੱਲ 2023', ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਬਿੱਲ 2023 ਅਤੇ 'ਭਾਰਤੀ ਸਾਖਸ਼ੀਆ ਬਿੱਲ 2023' ਪੇਸ਼ ਕੀਤੇ ਗਏ ਹਨ। ਇਹ ਬਿੱਲ ਨਜ਼ਰਸਾਨੀ ਲਈ ਗ੍ਰਹਿ ਮਾਮਲਿਆਂ ਦੀ ਸਟੈਂਡਿੰਗ ਕਮੇਟੀ ਨੂੰ ਸੌਂਪੇ ਗਏ ਹਨ ਜੋ ਇਨ੍ਹਾਂ ਬਿੱਲਾਂ 'ਚ ਘਾਟੇ-ਵਾਧੇ ਕਰਕੇ ਇਨ੍ਹਾਂ ਨੂੰ ਪਾਸ ਕਰਨ ਦੀ ਸਿਫ਼ਾਰਸ਼ ਕਰੇਗੀ ਅਤੇ ਆਉਣ ਵਾਲੇ ਸਰਦ-ਰੁੱਤ ਸੈਸ਼ਨ ਵਿਚ ਬਹੁਗਿਣਤੀ ਦੇ ਜ਼ੋਰ ਇਨ੍ਹਾਂ ਨੂੰ ਕਾਨੂੰਨੀ ਦਰਜਾ ਦੇ ਦਿੱਤਾ ਜਾਵੇਗਾ।

ਭਾਰਤੀ ਹੁਕਮਰਾਨਾਂ ਵੱਲੋਂ ਅੰਗਰੇਜ਼ ਬਸਤੀਵਾਦੀ ਰਾਜ ਦੀਆਂ ਬਣਾਈਆਂ 'ਰਾਜਧ੍ਰੋਹ' ਵਰਗੀਆਂ ਕਾਨੂੰਨੀ ਵਿਵਸਥਾਵਾਂ ਦੀ ਥੋਕ ਪੈਮਾਨੇ 'ਤੇ ਵਰਤੋਂ ਅਸਹਿਮਤ ਤੇ ਆਲੋਚਕ ਆਵਾਜ਼ਾਂ ਨੂੰ ਦਬਾਉਣ ਲਈ ਨਿਹਾਇਤ ਬੇਸ਼ਰਮੀ ਨਾਲ ਕੀਤੀ ਜਾਂਦੀ ਰਹੀ ਹੈ। ਇਸ ਦੀ ਸਭ ਤੋਂ ਵਧੇਰੇ ਬੇਕਿਰਕ ਵਰਤੋਂ ਤਾਂ ਖ਼ੁਦ ਮੌਜੂਦਾ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ ਜਿਸ ਕਰਕੇ ਅੰਗਰੇਜ਼ੀ ਰਾਜ ਦੇ ਜਾਬਰ ਕਾਨੂੰਨਾਂ ਨੂੰ ਖ਼ਤਮ ਕੀਤੇ ਜਾਣ ਦੀ ਮੰਗ ਲਗਾਤਾਰ ਉੱਠਦੀ ਆ ਰਹੀ ਹੈ। ਭਗਵੇ ਰਾਜ ਵਿਚ ਤਾਂ ਮੋਦੀ ਜਾਂ ਯੋਗੀ ਦੀ ਆਲੋਚਨਾ ਕਰਨ ਵਾਲੀ ਮਾਮੂਲੀ ਪੋਸਟ ਸ਼ੇਅਰ ਕਰਨ 'ਤੇ ਹੀ 'ਰਾਜਧ੍ਰੋਹ' (124-ਏ) ਤਹਿਤ ਕੇਸ ਦਰਜ ਕਰਨਾ ਇਸ ਕਦਰ ਆਮ ਹੋ ਗਿਆ ਕਿ ਪਿਛਲੇ ਸਾਲ ਮਈ 'ਚ ਸੁਪਰੀਮ ਕੋਰਟ ਨੂੰ ਵੀ ਇਸ ਦਾ ਨੋਟਿਸ ਲੈਣਾ ਪਿਆ ਅਤੇ ਇਸ ਦਾ ਰੀਵਿਊ ਕਰਨ ਦਾ ਆਦੇਸ਼ ਦੇਣਾ ਪਿਆ ਸੀ। ਇਸ ਦੇ ਬਾਵਜੂਦ ਪਿਛਲੇ ਦਿਨੀਂ 22ਵੇਂ ਲਾਅ ਕਮਿਸ਼ਨ ਨੇ ਬੇਸ਼ਰਮੀ ਨਾਲ ਇਹ ਸਿਫ਼ਾਰਸ਼ ਕੀਤੀ ਕਿ 124-ਏ ਭਾਰਤ ਵਿਚ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਦੀ 'ਰਵਾਇਤੀ ਸਜ਼ਾ ਵਿਧੀ' ਹੈ ਅਤੇ ਇਹ ਵਿਵਸਥਾ ਬਣੀ ਰਹਿਣੀ ਚਾਹੀਦੀ ਹੈ। ਉਂਝ ਲਾਅ ਕਮਿਸ਼ਨ ਦੀ ਇਹ ਟਿੱਪਣੀ ਦਿਲਚਸਪ ਹੈ ਕਿ ਜਦੋਂ ਪੂਰਾ ਆਈ.ਪੀ.ਸੀ. ਹੀ 'ਬਰਤਾਨਵੀ ਵਿਰਾਸਤ' ਹੈ ਤਾਂ ਸਿਰਫ਼ 124-ਏ ਦੀ ਗੱਲ ਕਿਉਂ ਕੀਤੀ ਜਾ ਰਹੀ ਹੈ!

ਲਾਰਡ ਮੈਕਾਲੇ ਦਾ ਬਣਾਇਆ ਆਈ.ਪੀ.ਸੀ. 1862 'ਚ ਲਾਗੂ ਹੋ ਗਿਆ ਸੀ। 1857 ਦੇ ਗ਼ਦਰ ਨੂੰ ਦਬਾਏ ਜਾਣ ਦੇ ਬਾਵਜੂਦ ਅੰਗਰੇਜ਼ ਬਸਤੀਵਾਦੀਆਂ ਨੂੰ ਭਾਰਤੀ ਲੋਕਾਂ, ਖ਼ਾਸ ਕਰਕੇ ਜਾਗਰੂਕ ਹਿੱਸਿਆਂ ਦੀ ਆਜ਼ਾਦੀ ਲਈ ਹੱਕ-ਜਤਾਈ ਨੂੰ ਦਬਾਉਣ ਲਈ ਖ਼ਾਸ ਕਾਨੂੰਨੀ ਵਿਵਸਥਾ ਦੀ ਜ਼ਰੂਰਤ ਮਹਿਸੂਸ ਹੋ ਰਹੀ ਸੀ। ਇਸੇ ਵਿੱਚੋਂ 1870 'ਚ 'ਕਾਨੂੰਨ ਦੇ ਰਾਜ' ਵਿਚ ਰਾਜਧ੍ਰੋਹ ਵਾਲਾ ਹਿੱਸਾ ਜੋੜਿਆ ਗਿਆ। 1898 'ਚ ਇਸ ਦਾ ਘੇਰਾ ਹੋਰ ਮੋਕਲਾ ਕਰ ਲਿਆ ਗਿਆ ਅਤੇ ਇਸ ਨੂੰ ਭਾਰਤੀ ਲੋਕਾਂ ਨੂੰ ਦਬਾਉਣ ਲਈ ਬੇਕਿਰਕੀ ਨਾਲ ਵਰਤਿਆ ਗਿਆ। ਖ਼ੁਦ ਨਹਿਰੂ ਨੇ 1951 'ਚ ਭਾਰਤੀ ਸੰਸਦ ਅੰਦਰ ਕਿਹਾ ਸੀ ਕਿ ਇਹ ਕਾਨੂੰਨ ਦੇ ਢਾਂਚੇ ਵਿਚਲਾ ਉਹ 'ਘਿਣਾਉਣਾ ਅਤੇ ਅਤਿ ਇਤਰਾਜ਼ਯੋਗ ਕਾਨੂੰਨ ਹੈ ਜਿਸ ਤੋਂ ਜਿੰਨੀ ਛੇਤੀ ਹੋ ਸਕੇ ਖਹਿੜਾ ਛੁਡਾ ਲੈਣਾ ਚਾਹੀਦਾ ਹੈ'। ਪਰ ਨਹਿਰੂ ਅਤੇ ਬਾਦ ਦੀਆਂ ਸਰਕਾਰਾਂ ਨੇ ਇਸ ਘਿਣਾਉਣੇ ਕਾਨੂੰਨ ਨੂੰ ਸਿਰਫ਼ ਬਰਕਰਾਰ ਹੀ ਨਹੀਂ ਰੱਖਿਆ ਸਗੋਂ ਨਵੇਂ-ਨਵੇਂ ਕਾਲੇ ਕਾਨੂੰਨ ਬਣਾ ਕੇ ਆਲੋਚਕ ਆਵਾਜ਼ਾਂ ਨੂੰ ਦਬਾਉਣ ਉੱਪਰ ਭਾਰਤੀ ਹੁਕਮਰਾਨ ਜਮਾਤ ਦੀ ਟੇਕ ਦਿਨੋਂਦਿਨ ਵਧਦੀ ਹੀ ਗਈ। ਆਰ.ਐੱਸ.ਐੱਸ.-ਭਾਜਪਾ ਹਕੂਮਤ ਨੇ ਤਾਂ ਮੋਦੀ ਜਾਂ ਯੋਗੀ ਵਿਰੁੱਧ ਮਾਮੂਲੀ ਟਿੱਪਣੀਆਂ ਨੂੰ ਆਧਾਰ ਬਣਾ ਕੇ ਰਾਜਧ੍ਰੋਹ ਦੇ ਕੇਸ ਦਰਜ ਕਰਦਿਆਂ ਅੰਗਰੇਜ਼ੀ ਰਾਜ ਨੂੰ ਵੀ ਮਾਤ ਦੇ ਦਿੱਤੀ।

1951 'ਚ ਹੀ ਪੰਜਾਬ ਹਾਈਕੋਰਟ ਨੇ ਤਾਰਾ ਸਿੰਘ ਗੋਪੀ ਬਨਾਮ ਸਟੇਟ ਕੇਸ 'ਚ 124-ਏ ਨੂੰ ਗ਼ੈਰਸੰਵਿਧਾਨਕ ਕਰਾਰ ਦੇ ਦਿੱਤਾ ਸੀ ਪਰ ਸੁਪਰੀਮ ਕੋਰਟ ਨੇ ਕੇਦਾਰਨਾਥ ਸਿੰਘ ਕੇਸ (1962) 'ਚ ਇਸ ਨੂੰ ਵਾਜਬ ਠਹਿਰਾਇਆ, ਨਾਲ ਹੀ ਇਸ ਦੀ ਵਰਤੋਂ ਦਾ ਘੇਰਾ ਸੀਮਤ ਕਰਨ ਉੱਪਰ ਜ਼ੋਰ ਦਿੱਤਾ। ਅਗਲੇ ਦਹਾਕਿਆਂ 'ਚ ਜਦੋਂ ਭਾਰਤੀ ਹਾਕਮਾਂ ਵੱਲੋਂ ਇਸ ਨੂੰ ਸਰਕਾਰ ਦੇ ਜਾਇਜ਼ ਵਿਰੋਧ ਨੂੰ ਕੁਚਲਣ ਦਾ ਰਾਜਨੀਤਕ ਹਥਿਆਰ ਬਣਾ ਕੇ ਵਾਰ-ਵਾਰ ਵਰਤਿਆ ਗਿਆ ਤਾਂ ਸੁਪਰੀਮ ਕੋਰਟ ਜਾਂ ਤਾਂ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ ਜਾਂ ਕਿਸੇ ਕਿਸੇ ਕੇਸ ਵਿਚ ਇਸ ਦੀ ਬੇਕਿਰਕ ਵਰਤੋਂ ਵਿਰੁੱਧ ਐਸੇ 'ਮਾਰਗ-ਦਰਸ਼ਕ' ਨਿਰਦੇਸ਼ ਦਿੰਦੀ ਰਹੀ ਜਿਨ੍ਹਾਂ ਦੀ ਤੱਤਕਾਲੀ ਸਰਕਾਰਾਂ ਨੇ ਭੋਰਾ ਵੀ ਪ੍ਰਵਾਹ ਨਹੀਂ ਕੀਤੀ।

ਬਸਤੀਵਾਦ ਵਿਰੋਧੀ ਲਫ਼ਾਜ਼ੀ ਦੌਰਾਨ ਸੰਸਦ ਵਿਚ ਉਪਰੋਕਤ ਬਿੱਲ ਪੇਸ਼ ਕਰਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ, "ਇਹ ਤਿੰਨ ਕਾਨੂੰਨ ਬਰਤਾਨਵੀ ਰਾਜ ਨੂੰ ਮਜ਼ਬੂਤ ਤੇ ਸੁਰੱਖਿਅਤ ਬਣਾਉਣ ਲਈ ਬਣਾਏ ਗਏ ਸਨ ਅਤੇ ਇਨ੍ਹਾਂ ਦਾ ਮਨੋਰਥ ਸਜ਼ਾ ਦੇਣਾ ਸੀ, ਨਾ ਕਿ ਨਿਆਂ ਦੇਣਾ। ਅਸੀਂ ਇਨ੍ਹਾਂ ਦੋਹਾਂ ਮੂਲ ਪੱਖਾਂ ਨੂੰ ਬਦਲਣ ਜਾ ਰਹੇ ਹਾਂ।" ਗ੍ਰਹਿ ਮੰਤਰੀ ਦੇ ਇਸ ਬਿਆਨ ਵਿਚ ਰੱਤੀ ਭਰ ਵੀ ਈਮਾਨਦਾਰੀ ਨਹੀਂ ਹੈ। ਇਸੇ ਉਸੇ ਤਰ੍ਹਾਂ ਦਾ ਮਹਾਂ ਝੂਠ ਹੈ ਜਿਵੇਂ ਕੁਝ ਮਹੀਨੇ ਪਹਿਲਾਂ ਸੰਸਦ 'ਚ ਅਤੇ ਮੋਦੀ ਦੀ ਅਮਰੀਕਾ ਫੇਰੀ ਮੌਕੇ ਪੱਤਰਕਾਰ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਬੋਲਿਆ ਗਿਆ ਸੀ ਕਿ 'ਇੱਥੇ ਜਮਹੂਰੀਅਤ ਹੈ ਅਤੇ ਸਭ ਨੂੰ ਬੋਲਣ ਦਾ ਹੱਕ ਹੈ।' ਪਹਿਲੀ ਗੱਲ ਤਾਂ ਇਹ ਉਸ ਹਕੂਮਤ ਦੇ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਬੇਸ਼ਰਮੀ ਭਰੇ ਬਿਆਨ ਹਨ ਜਿਨ੍ਹਾਂ ਦੇ ਰਾਜ ਵਿਚ ਹੱਕਾਂ ਦੇ ਕਾਰਕੁਨਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨ ਲਈ 'ਰਾਜਧ੍ਰੋਹ' ਨੂੰ ਹਥਿਆਰ ਬਣਾ ਕੇ ਸਭ ਤੋਂ ਜ਼ਿਆਦਾ ਮਨਮਾਨੇ ਤਰੀਕੇ ਨਾਲ ਵਰਤਿਆ ਜਾ ਰਿਹਾ ਹੈ। ਦੂਜਾ, ਸਿਰਫ਼ 124-ਏ ਨੂੰ ਰੱਦ ਕਰਨ ਦਾ ਸਵਾਲ ਨਹੀਂ ਹੈ ਕਿਉਂਕਿ ਬੇਸ਼ੁਮਾਰ ਐਸੀਆਂ ਕਾਨੂੰਨੀ ਧਾਰਾਵਾਂ ਹਨ ਜੋ ਲੋਕ ਦੀਆਂ ਜਮਹੂਰੀ ਰੀਝਾਂ ਅਤੇ ਚੰਗੀ ਜ਼ਿੰਦਗੀ ਦੇ ਸੁਪਨਿਆਂ ਨੂੰ ਕੁਚਲਣ ਦਾ ਸਾਧਨ ਹਨ। ਦਰਅਸਲ, ਸਮੁੱਚੇ ਅਪਰਾਧਿਕ ਨਿਆਂ ਢਾਂਚੇ ਨੂੰ ਰੱਦ ਕਰਕੇ ਅਗਾਂਹਵਧੂ ਜਮਹੂਰੀ ਮੁੱਲਾਂ ਅਨੁਸਾਰ ਨਵੇਂ ਸਿਰਿਓਂ ਘੜਨ ਦਾ ਸਵਾਲ ਹੈ।

ਜਿੱਥੋਂ ਤੱਕ ਜਾਬਰ ਬਸਤੀਵਾਦੀ ਕਾਨੂੰਨੀ ਵਿਵਸਥਾਵਾਂ ਨੂੰ ਬਦਲਣ ਦੀ ਜ਼ਰੂਰਤ ਦੀ ਗੱਲ ਹੈ, ਇਹ ਦਲੀਲ ਤਾਂ ਸੰਘ ਬਰਗੇਡ ਸਿਰਫ਼ ਤੇ ਸਿਰਫ਼ ਅਵਾਮ ਦੀਆਂ ਭਾਵਨਾਵਾਂ ਨੂੰ ਵਰਤਣ ਅਤੇ ਇਨ੍ਹਾਂ ਨੂੰ ਨਵੇਂ ਰੂਪ 'ਚ ਪਾਸ ਕਰਾਉਣ ਲਈ ਹੀ ਦੇ ਰਿਹਾ ਹੈ। ਉਨ੍ਹਾਂ ਦੇ ਮਨਸ਼ੇ ਤਾਂ ਬਦਲਾਅ ਦੇ ਬਹਾਨੇ ਇਨ੍ਹਾਂ ਕਾਨੂੰਨੀ ਵਿਵਸਥਾਵਾਂ ਨੂੰ ਹੋਰ ਵੀ ਜ਼ਿਆਦਾ ਬੇਕਿਰਕ ਬਣਾਉਣ ਦੇ ਹਨ। ਉਨ੍ਹਾਂ ਨੇ ਤਾਂ ਇਨ੍ਹਾਂ ਬਿੱਲਾਂ ਨੂੰ ਆਪਣੇ 'ਹਿੰਦੀ, ਹਿੰਦੂ, ਹਿੰਦੁਸਤਾਨ' ਦੇ ਫਿਰਕੂ ਪ੍ਰੋਜੈਕਟ ਦਾ ਹਥਿਆਰ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਿਵੇਂ ਕਿ ਬਿੱਲਾਂ ਦੇ ਹਿੰਦੀ ਨਾਵਾਂ ਤੋਂ ਹੀ ਸਪਸ਼ਟ ਹੈ। ਇਹ ਪਹਿਲੀ ਵਾਰ ਹੈ ਕਿ ਸੰਸਦ ਵਿਚ ਬਿੱਲ ਹਿੰਦੀ ਭਾਸ਼ਾ ਵਿਚ ਪੇਸ਼ ਕੀਤੇ ਗਏ ਜਦਕਿ ਦੇਸ਼ ਦੇ ਬਹੁਤ ਸਾਰੇ ਰਾਜਾਂ ਦੇ ਲੋਕ ਹਿੰਦੀ ਨੂੰ ਰਾਜ ਭਾਸ਼ਾ ਵਜੋਂ ਥੋਪਣ ਦਾ ਡੱਟ ਕੇ ਵਿਰੋਧ ਕਰਦੇ ਆ ਰਹੇ ਹਨ।

'ਭਾਰਤੀ ਨਿਆਏ ਸੰਹਿਤਾ ਬਿੱਲ' ਜੋ ਆਈ.ਪੀ.ਸੀ. ਦੀ ਥਾਂ ਲਵੇਗਾ, ਵਿਚ ਹੁਣ 356 ਸੈਕਸ਼ਨ ਹੋਣਗੇ ਜਦਕਿ ਪਹਿਲਾਂ 511 ਸੈਕਸ਼ਨ ਸਨ; 175 ਸੈਕਸ਼ਨ ਸੋਧੇ ਗਏ ਹਨ, ਅੱਠ ਸੈਕਸ਼ਨ ਨਵੇਂ ਜੋੜੇ ਗਏ ਹਨ ਅਤੇ 22 ਸੈਕਸ਼ਨ ਰੱਦ ਕੀਤੇ ਗਏ ਹਨ। 'ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਬਿੱਲ' ਜੋ ਹੁਣ ਸੀ.ਆਰ.ਪੀ.ਸੀ. ਦੀ ਥਾਂ ਲਵੇਗਾ, ਵਿਚ 533 ਸੈਕਸ਼ਨ ਹੋਣਗੇ; 160 ਸੈਕਸ਼ਨ ਬਦਲੇ ਗਏ ਹਨ, 9 ਸੈਕਸ਼ਨ ਨਵੇਂ ਜੋੜੇ ਗਏ ਹਨ ਅਤੇ 9 ਸੈਕਸ਼ਨ ਰੱਦ ਕੀਤੇ ਗਏ ਹਨ। ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲੈਣ ਵਾਲੇ 'ਭਾਰਤੀ ਸਾਖਸ਼ੀਆ ਬਿੱਲ' ਵਿਚ ਹੁਣ 170 ਸੈਕਸ਼ਨ ਹੋਣਗੇ ਜਦਕਿ ਪਹਿਲਾਂ 167 ਸੈਕਸ਼ਨ ਸਨ; 23 ਸੈਕਸ਼ਨ ਬਦਲੇ ਗਏ ਹਨ, ਇਕ ਸੈਕਸ਼ਨ ਨਵਾਂ ਜੋੜਿਆ ਗਿਆ ਹੈ ਅਤੇ ਪੰਜ ਸੈਕਸ਼ਨ ਰੱਦ ਕੀਤੇ ਗਏ ਹਨ।

'ਪ੍ਰੋਜੈਕਟ 39ਏ' ਸਮੂਹ, ਜਿਸ ਦੀ ਪ੍ਰੇਰਣਾ ਭਾਰਤੀ ਸੰਵਿਧਾਨ ਦੀ ਧਾਰਾ 39ਏ ਹੈ ਅਤੇ ਜਿਸਦਾ ਨਾਅਰਾ 'ਬਰਾਬਰ ਨਿਆਂ, ਬਰਾਬਰ ਮੌਕੇ ਹੈ' ਦੀ ਟੀਮ ਨੇ ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੇ ਚਾਰ ਵਿਦਿਆਰਥੀਆਂ ਨਾਲ ਮਿਲ ਕੇ ਇਨ੍ਹਾਂ ਬਿੱਲਾਂ ਦਾ ਪੁਰਾਣੀ ਸੰਵਿਧਾਨਕ ਵਿਵਸਥਾ ਨਾਲ ਤੁਲਨਾਤਮਕ ਅਧਿਐਨ ਕੀਤਾ ਹੈ। ਜਿਸ ਦੇ ਕੁਝ ਮੁੱਖ ਨੁਕਤੇ ਬਹੁਤ ਸੰਖੇਪ 'ਚ ਇੱਥੇ ਸਾਂਝੇ ਕੀਤੇ ਜਾ ਰਹੇ ਹਨ।

ਤੁਲਨਾਤਮਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ 'ਬਸਤੀਵਾਦੀ ਬੋਝ' ਨੂੰ ਲਾਹੁਣ ਦੇ ਭਗਵੇ ਦਾਅਵੇ ਨਿਰਾ ਝੂਠ ਹਨ। ਤਿੰਨਾਂ ਹੀ ਬਿੱਲਾਂ ਦੇ ਜ਼ਿਆਦਾਤਰ ਸੈਕਸ਼ਨ ਹੂਬਹੂ ਪੁਰਾਣੇ ਕਾਨੂੰਨਾਂ ਵਾਲੇ ਰੱਖ ਲਏ ਗਏ ਹਨ। ਜਦਕਿ ਜੋ ਤਬਦੀਲੀਆਂ ਤੇ ਵਾਧੇ ਕੀਤੇ ਗਏ ਹਨ ਉਹ ਸਾਡੇ ਲੋਕਾਂ ਦੇ ਹਿਤਾਂ ਅਤੇ ਜਮਹੂਰੀ ਹੱਕਾਂ ਦੇ ਨਜ਼ਰੀਏ ਤੋਂ ਬੇਹੱਦ ਖ਼ਤਰਨਾਕ ਹਨ। ਪਹਿਲਾਂ ਦੀ ਤਰ੍ਹਾਂ ਇਨ੍ਹਾਂ ਬਿੱਲਾਂ ਵਿਚ ਵੀ ਸੰਗੀਨ ਜੁਰਮਾਂ ਨੂੰ ਸਪਸ਼ਟ ਤੌਰ 'ਤੇ ਪ੍ਰੀਭਾਸ਼ਤ ਨਹੀਂ ਕੀਤਾ ਗਿਆ। ਇਨ੍ਹਾਂ ਨੂੰ ਇਸ ਤਰੀਕੇ ਨਾਲ ਜਾਣ-ਬੁੱਝ ਕੇ ਗੋਲ-ਮੋਲ ਤੇ ਅਸਪਸ਼ਟ ਰੱਖਿਆ ਗਿਆ ਹੈ ਕਿ ਕਿਸੇ ਵੀ 'ਅਣਚਾਹੇ' ਵਿਅਕਤੀ ਨੂੰ ਜੇਲ੍ਹ ਵਿਚ ਸੁੱਟਣ ਲਈ ਸਰਕਾਰ ਕਿਸੇ ਵੀ ਸਰਗਰਮੀ ਨੂੰ ਬਹਾਨਾ ਬਣਾ ਸਕਦੀ ਹੈ। ਅਮਿਤ ਸ਼ਾਹ ਨੇ ਪੇਸ਼ ਤਾਂ ਇੰਝ ਕੀਤਾ ਕਿ ਰਾਜਧ੍ਰੋਹ ਕਾਨੂੰਨ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਜਾ ਰਿਹਾ ਹੈ। ਹਕੀਕਤ ਇਹ ਹੈ ਕਿ ਸਿਰਫ਼ ਰਾਜਧ੍ਰੋਹ ਸ਼ਬਦ ਹਟਾਇਆ ਗਿਆ ਹੈ ਅਤੇ ਇਸ ਦੇ ਤੱਤ ਨੂੰ ਨਵੇਂ ਸ਼ਬਦਾਂ ਦਾ ਮੁਲੰਮਾ ਚਾੜ੍ਹ ਦਿੱਤਾ ਗਿਆ ਹੈ।

ਸੈਕਸ਼ਨ 150 ਵਿਚ ਭਾਰਤ ਦੀ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਲਈ ਖ਼ਤਰਾ ਬਣਨ ਵਾਲੀਆਂ ਕਾਰਵਾਈਆਂ ਬਾਰੇ ਜੋ ਕਾਨੂੰਨੀ ਵਿਵਸਥਾ ਕੀਤੀ ਗਈ ਹੈ ਉਹ ਰਾਜਧ੍ਰੋਹ ਤੋਂ ਵੀ ਜ਼ਿਆਦਾ ਜਾਬਰ ਹੈ। ਲਾਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਇਸ ਜੁਰਮ ਦੀ ਘੱਟੋਘੱਟ ਸਜ਼ਾ ਵੀ ਤਿੰਨ ਸਾਲ ਤੋਂ ਵਧਾ 7 ਸਾਲ ਕਰ ਦਿੱਤੀ ਗਈ ਹੈ। ਪ੍ਰੀਭਾਸ਼ਤ ਸਿਰਫ਼ ਐਨਾ ਕੁ ਕੀਤਾ ਗਿਆ ਹੈ ਕਿ "ਵੱਖਵਾਦੀ ਸਰਗਰਮੀ, ਹਥਿਆਰਬੰਦ ਬਗ਼ਾਵਤ, ਭੰਨਤੋੜੂ ਸਰਗਰਮੀ ਜਾਂ ਅਜਿਹੀ ਸਰਗਰਮੀ ਜੋ ਭਾਰਤ ਦੀ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਲਈ ਖ਼ਤਰਾ ਬਣਦੀ ਹੋਵੇ" ਵਿਚ ਸ਼ਾਮਿਲ ਹੋਣਾ ਜਾਂ ਉਸ ਲਈ ਉਕਸਾਉਣਾ ਜੁਰਮ ਹੈ ਜਿਸ ਲਈ ਸੱਤ ਸਾਲ ਦੀ ਕੈਦ ਜਾਂ ਉਮਰਕੈਦ ਦੀ ਸਜ਼ਾ ਹੋਵੇਗੀ। ਉਪਰੋਕਤ ਕਾਰਵਾਈਆਂ ਲਈ ਉਕਸਾਉਣ ਦਾ ਘੇਰਾ ਐਨਾ ਮੋਕਲਾ ਹੈ ਕਿ ਐਸੀ ਕਿਸੇ ਸਰਗਰਮੀ ਦੌਰਾਨ ਕਿਸੇ ਵਿਅਕਤੀ ਦੀ ਸਰੀਰਕ ਤੌਰ 'ਤੇ ਮੌਜੂਦਗੀ ਨੂੰ ਹੀ ਨਹੀਂ ਸਗੋਂ ਆਨਲਾਈਨ ਲਿਖਣ ਜਾਂ ਸਿਰਫ਼ ਆਰਥਕ ਸਹਾਇਤਾ ਕਰਨ ਵਾਲੇ ਨੂੰ ਵੀ ਸਰਗਰਮੀ ਲਈ ਉਕਸਾਉਣ 'ਚ ਸ਼ਾਮਿਲ ਮੰਨਿਆ ਜਾ ਸਕੇਗਾ। ਵੱਖਵਾਦ ਜਾਂ ਹਥਿਆਰਬੰਦ ਬਗ਼ਾਵਤ ਤੋਂ ਇਲਾਵਾ ਹੋਰ ਕਿਸ ਸਰਗਰਮੀ ਨੂੰ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਲਈ ਖ਼ਤਰਾ ਬਣਨ ਵਾਲੀ ਅਤੇ ਕਿਸ ਨੂੰ ਭੰਨਤੋੜ ਦੀ ਕਾਰਵਾਈ ਮੰਨਿਆ ਜਾਵੇਗਾ, ਇਹ ਤੈਅ ਕਰਨ ਦਾ ਕੰਮ ਹਕੂਮਤ ਅਤੇ ਪੁਲਿਸ/ਜਾਂਚ ਏਜੰਸੀਆਂ ਦੀ ਮਨ ਮਰਜ਼ੀ ਜਾਂ ਜੱਜਾਂ ਦੇ ਵਿਵੇਕ ਉੱਪਰ ਖੁੱਲ੍ਹਾ ਛੱਡ ਦਿੱਤਾ ਗਿਆ ਹੈ। ਪੁਲਿਸ, ਜਾਂਚ ਏਜੰਸੀਆਂ ਸਮੇਤ ਰਾਜ ਦੀਆਂ ਵੱਖ-ਵੱਖ ਸੰਸਥਾਵਾਂ ਵਿਚ ਸੰਘ ਬਰਗੇਡ ਦੀ ਐਨੀ ਡੂੰਘੀ ਘੁਸਪੈਠ ਹੈ ਕਿ 'ਰਾਜਧ੍ਰੋਹ' ਦਾ ਕੇਸ ਕਿਸ ਵਿਰੁੱਧ ਦਰਜ ਕਰਨਾ ਹੈ ਅਤੇ ਕਿਸ ਵਿਰੁੱਧ ਦਰਜ ਨਹੀਂ ਕਰਨਾ, ਇਹ ਉਨ੍ਹਾਂ ਦੇ ਆਦੇਸ਼ਾਂ 'ਤੇ ਹੁੰਦਾ ਹੈ। ਬਜਰੰਗ ਦਲ ਜਾਂ ਹੋਰ ਹਿੰਦੂਤਵ ਗਰੁੱਪਾਂ ਦੇ ਆਗੂ ਥਾਣਿਆਂ 'ਚ ਜਾ ਕੇ ਪੁਲਿਸ ਅਧਿਕਾਰੀਆਂ ਨੂੰ ਆਦੇਸ਼ ਦਿੰਦੇ ਹਨ ਕਿ ਫਲਾਣੀ ਸੋਸ਼ਲ ਮੀਡੀਆ ਪੋਸਟ ਜਾਂ ਕ੍ਰਿਕਟਰ ਮੈਚ ਵਿਚ ਪਾਕਿਸਤਾਨ ਦੀ ਟੀਮ ਦੀ ਤਾਰੀਫ਼ ਜਾਂ ਕਲਾਸ ਰੂਮ 'ਚ ਲੈਕਚਰ ਵਿਚ ਕਹੀ ਫਲਾਣੀ ਗੱਲ ਦੇ ਆਧਾਰ 'ਤੇ ਰਾਜਧ੍ਰੋਹ ਤੇ ਫਲਾਣੀ ਫਲਾਣੀ ਧਾਰਾ ਲਾ ਕੇ ਕੇਸ ਦਰਜ ਕਰੋ। ਇਹੀ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਨੂੰ ਖ਼ਤਰੇ ਦੇ ਨਾਂ ਹੇਠ ਹੋਵੇਗਾ।

ਇਸੇ ਤਰ੍ਹਾਂ, ਭਾਰਤੀ ਨਿਆਏ ਸੰਹਿਤਾ ਬਿੱਲ ਦੀ ਧਾਰਾ 111 'ਚ ਪਹਿਲੀ ਵਾਰ ਦਹਿਸ਼ਤਵਾਦੀ ਸਰਗਰਮੀ ਦੀ ਪ੍ਰੀਭਾਸ਼ਾ ਵੀ ਜੋੜ ਦਿੱਤੀ ਗਈ ਹੈ। ਇਹ ਕਾਨੂੰਨੀ ਵਿਵਸਥਾ ਐਨੀ ਮੋਕਲੀ ਹੈ ਕਿ ਇਸ ਨੂੰ ਲੋਕਾਂ ਦੇ ਖਾੜਕੂ ਘੋਲਾਂ, ਰੈਲੀਆਂ, ਇਕੱਠਾਂ ਨੂੰ ਕੁਚਲਣ ਅਤੇ ਅੰਦੋਲਨਕਾਰੀਆਂ ਤੇ ਆਗੂ ਵਿਅਕਤੀਆਂ ਨੂੰ ਦਹਿਸ਼ਤਵਾਦੀ ਕਰਾਰ ਦੇ ਕੇ ਉਮਰ ਕੈਦ ਤਹਿਤ ਜੇਲ੍ਹਾਂ ਵਿਚ ਡੱਕਣ ਲਈ ਬਹੁਤ ਸੌਖਿਆਂ ਹੀ ਵਰਤਿਆ ਜਾ ਸਕਦਾ ਹੈ। ਜਿਵੇਂ ਕਿ ਹੁਣੇ ਜਹੇ ਨਿਆਮਗਿਰੀ (ਉੜੀਸਾ) ਦੇ ਕਾਰਪੋਰੇਟ ਪ੍ਰੋਜੈਕਟਾਂ ਵਿਰੋਧੀ ਆਦਿਵਾਸੀ ਸੰਘਰਸ਼ ਨੂੰ ਦਬਾਉਣ ਲਈ ਪੂਰੇ ਪਿੰਡ ਦੇ ਲੋਕਾਂ ਉੱਪਰ ਯੂਏਪੀਏ ਲਗਾ ਕੇ ਕੀਤਾ ਗਿਆ ਹੈ। ਇਸ ਬਿੱਲ ਰਾਹੀਂ ਦਹਿਸ਼ਤਵਾਦੀ ਵਿਅਕਤੀ (ਸਰਕਾਰ ਜਾਂ ਪੁਲਿਸ ਅਨਸਾਰ) ਦੀ ਕਿਸੇ ਵੀ ਰੂਪ 'ਚ ਕਥਿਤ ਦਹਿਸ਼ਤਵਾਦੀ ਸਰਗਰਮੀ ਨਾਲ ਸੰਬੰਧਤ ਜਾਇਦਾਦ ਨੂੰ ਜ਼ਬਤ ਕਰਨ ਦਾ ਅਧਿਕਾਰ ਵੀ ਰਾਜ ਨੂੰ ਦੇ ਦਿੱਤਾ ਗਿਆ ਹੈ। ਦਰਅਸਲ, ਇਹ ਬੇਹੱਦ ਬਦਨਾਮ ਕਾਲੇ ਕਾਨੂੰਨ ਯੂ.ਏ.ਪੀ.ਏ. ਦਾ ਹੀ ਬਦਲਿਆ ਹੋਇਆ ਰੂਪ ਹੈ। ਇਸ ਨੂੰ ਕਾਨੂੰਨਾਂ ਦਾ ਹਿੱਸਾ ਬਣਾ ਲੈਣ ਤੋਂ ਬਾਦ ਹਕੂਮਤ ਨੂੰ ਯੂ.ਏ.ਪੀ.ਏ. ਵਰਗੇ ਕਾਨੂੰਨ ਲਾਗੂ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਪਿਛਲੇ ਸਾਲ ਅਪਰਾਧਿਕ ਦੰਡ ਪ੍ਰਕਿਰਿਆ (ਸ਼ਨਾਖ਼ਤ) ਕਾਨੂੰਨ ਪਹਿਲਾਂ ਹੀ ਬਣਾ ਲਿਆ ਗਿਆ ਸੀ। ਇਹ ਕਾਨੂੰਨ ਪੁਲਿਸ ਅਤੇ ਜਾਂਚ ਏਜੰਸੀਆਂ ਨੂੰ ਨਾ ਸਿਰਫ਼ ਦੋਸ਼ੀਆਂ ਸਗੋਂ ਮਹਿਜ਼ ਗ੍ਰਿਫ਼ਤਾਰ ਕੀਤੇ ਵਿਅਕਤੀਆਂ (ਜਿਨ੍ਹਾਂ ਨੇ ਅਜੇ ਦੋਸ਼ੀ ਜਾਂ ਨਿਰਦੋਸ਼ ਸਾਬਤ ਹੋਣਾ ਹੈ) ਦਾ ਬਾਇਓਮੈਟਰਿਕ ਅਤੇ ਵਿਹਾਰਕ ਡੇਟਾ (ਜਿਵੇਂ ਫਿੰਗਰ ਪ੍ਰਿੰਟ, ਰੈਟਿਨਾ ਸਕੈਨ, ਲਿਖਾਈ, ਦਸਖ਼ਤ ਅਤੇ ਹੋਰ ਭੌਤਿਕ ਜਾਂ ਜੈਵਿਕ ਸੈਂਪਲ ਆਦਿ) ਲੈਣ ਦਾ ਅਧਿਕਾਰ ਦਿੰਦਾ ਹੈ ਅਤੇ ਇਸ ਡੇਟਾ ਨੂੰ 75 ਸਾਲਾਂ ਤੱਕ ਸੰਗ੍ਰਹਿ ਕਰਕੇ ਰੱਖਿਆ ਜਾ ਸਕਦਾ ਹੈ ਅਤੇ ਸੰਬੰਧਤ ਵਿਅਕਤੀਆਂ ਵਿਰੁੱਧ ਮਨਮਰਜ਼ੀ ਨਾਲ ਵਰਤਿਆ ਜਾ ਸਕਦਾ ਹੈ।

ਸੀਆਰਪੀਸੀ ਦੀ ਥਾਂ ਬਣਾਈ ਗਈ 'ਨਾਗਰਿਕ ਸੁਰੱਕਸ਼ਾ ਸੰਹਿਤਾ' ਨਿਰਪੱਖ ਸੁਣਾਈ ਤੋਂ ਬਿਨਾਂ ਸਜ਼ਾ ਨਾ ਦੇਣ ਦੇ ਕੁਦਰਤੀ ਨਿਆਂ ਦੇ ਸਿਧਾਂਤ ਦਾ ਨਿਖੇਧ ਹੈ। ਇਹ ਦੋਸ਼ੀ ਦੀ ਗ਼ੈਰਹਾਜ਼ਰੀ ਦੇ ਬਾਵਜੂਦ ਮੁਕੱਦਮੇ ਦੀ ਮੁਕੰਮਲ ਕਾਰਵਾਈ ਚਲਾਉਣ ਅਤੇ ਪੂਰੀ ਕਰਨ ਦੀ ਵਿਵਸਥਾ ਹੈ ਜੋ ਯੂ.ਏ.ਪੀ.ਏ. ਤੋਂ ਲਈ ਗਈ ਹੈ। ਇਸ ਵਿਚ ਸਮੁੱਚੇ ਮੁਕੱਦਮੇ ਦੇ ਅਮਲ ਨੂੰ ਆਨਲਾਈਨ (ਵੀਡੀਓ ਕਾਨਫਰੰਸਿੰਗ) ਜ਼ਰੀਏ ਚਲਾਉਣ ਦਾ ਬਦਲ ਵੀ ਜੋੜ ਲਿਆ ਗਿਆ ਹੈ ਜਿਸ ਵਿਚ ਗਵਾਹੀਆਂ ਦਾ ਅਮਲ ਵੀ ਸ਼ਾਮਿਲ ਹੈ। ਇਕ ਹੋਰ ਬਹੁਤ ਹੀ ਖ਼ਤਰਨਾਕ ਵਿਵਸਥਾ ਪੁਲਿਸ ਹਿਰਾਸਤ ਦੀ ਸਮਾਂ-ਹੱਦ ਵਧਾਉਣਾ



ਹੈ। ਇਹ ਜੱਗ ਜ਼ਾਹਿਰ ਹੈ ਕਿ ਪੁਲਿਸ ਹਿਰਾਸਤ ਦੌਰਾਨ ਮੁਲਜ਼ਮ ਨੂੰ ਤਸੀਹੇ ਦੇ ਕੇ ਅਤੇ ਬੇਕਿਰਕੀ ਨਾਲ ਤਸ਼ੱਦਦ ਕਰਕੇ ਜੁਰਮ ਦਾ ਇਕਬਾਲ ਕਰਾਇਆ ਜਾਂਦਾ ਹੈ ਜਾਂ ਸਾਦੇ ਕਾਗਜ਼ਾਂ ਉੱਪਰ ਦਸਖ਼ਤ ਕਰਵਾ ਲਏ ਜਾਂਦੇ ਹਨ ਜਿਨ੍ਹਾਂ ਉੱਪਰ ਪੁਲਿਸ ਕੁਝ ਵੀ ਲਿਖ ਸਕਦੀ ਹੈ। ਹੁਣ ਤੱਕ ਪੁਲਿਸ ਹਿਰਾਸਤ ਦੀ ਸਮਾਂ-ਸੀਮਾ 15 ਦਿਨ ਸੀ ਜਿਸ ਨੂੰ ਹੁਣ ਜੁਰਮ ਮੁਤਾਬਿਕ 60 ਤੋਂ 90 ਦਿਨ ਤੱਕ ਵਧਾਉਣ ਦੀ ਵਿਵਸਥਾ ਕਰ ਦਿੱਤੀ ਗਈ ਹੈ। ਇਹ ਨਾਗਰਿਕ ਦੀ ਸੁਰੱਖਿਆ ਕਰਨ ਦੀ ਬਜਾਏ ਯੂਏਪੀਏ ਵਰਗੇ ਕਾਨੂੰਨਾਂ ਦੀ ਤਰਜ਼ 'ਤੇ ਪੁਲਿਸ ਦੀ ਹਿਰਾਸਤ ਵਿਚ ਨਾਗਰਿਕਾਂ ਨੂੰ ਹੋਰ ਅਸੁਰੱਖਿਅਤ ਬਣਾਉਂਦੀ ਹੈ ਅਤੇ ਪੁਲਿਸ ਨੂੰ ਹੋਰ ਜ਼ਿਆਦਾ ਮਨਮਾਨੀਆਂ ਦੀ ਖੁੱਲ੍ਹ ਦਿੰਦੀ ਹੈ।

ਨਾਗਰਿਕ ਸੁਰੱਕਸ਼ਾ ਸੰਹਿਤਾ' ਵਿਚਲੀਆਂ ਹੋਰ ਤਜਵੀਜ਼ਾਂ ਵੀ ਇਹੀ ਪ੍ਰਭਾਵ ਦਿੰਦੀਆਂ ਹਨ ਜਿਵੇਂ ਮਹਿਜ਼ ਸਮਾਂ-ਸੀਮਾ ਨਿਸ਼ਚਿਤ ਕਰਨ ਨਾਲ ਹੀ ਨਿਆਂ ਪ੍ਰਕਿਰਿਆ 'ਚ ਬਹੁਤ ਵੱਡੀ ਤਬਦੀਲੀ ਹੋ ਜਾਵੇਗੀ। ਮੌਜੂਦਾ ਸੀਆਰਪੀਸੀ ਵਿਚ ਵੀ ਹਵਾਲਾਤੀ ਦੇ ਰੂਪ 'ਚ ਦੋਸ਼ੀ ਨੂੰ ਜੇਲ੍ਹ ਵਿਚ ਰੱਖਣ ਦੀ ਸਮਾਂ-ਸੀਮਾ ਤੈਅ ਹੈ ਜੋ ਵੱਧ ਤੋਂ ਵੱਧ 60 ਦਿਨ ਤੋਂ 90 ਦਿਨ ਹੈ, ਜਿਸ ਤੋਂ ਬਾਦ ਉਸ ਨੂੰ ਜ਼ਮਾਨਤ ਦਾ ਹੱਕ ਮਿਲ ਜਾਂਦਾ ਹੈ। ਇਸ ਦੇ ਬਾਵਜੂਦ ਅਦਾਲਤੀ ਪ੍ਰਕਿਰਿਆ ਦੇ ਹਾਲਾਤ ਇਹ ਹਨ ਕਿ ਜੇਲ੍ਹਾਂ ਵਿਚ ਬੰਦ ਕੁਲ ਕੈਦੀਆਂ ਵਿੱਚੋਂ 77% ਵਿਚਾਰ-ਅਧੀਨ ਕੈਦੀ ਹਨ। ਉਹ ਕਈ ਕਈ ਸਾਲਾਂ ਤੋਂ ਸਿਰਫ਼ ਇਸੇ ਕਰਕੇ ਜੇਲ੍ਹਾਂ ਵਿਚ ਬੰਦ ਹਨ ਕਿ ਨਿਆਂ ਪ੍ਰਕਿਰਿਆ ਉਨ੍ਹਾਂ ਉੱਪਰ ਲਗਾਏ ਦੋਸ਼ਾਂ ਬਾਬਤ ਕੋਈ ਫ਼ੈਸਲਾ ਨਹੀਂ ਲੈ ਸਕੀ। ਬਹੁਤ ਸਾਰੇ ਵਿਚਾਰ-ਅਧੀਨ ਕੈਦੀਆਂ ਨੂੰ ਅਦਾਲਤਾਂ 10-10, 20-20 ਸਾਲ ਤੱਕ ਬਿਨਾਂ ਜ਼ਮਾਨਤ ਜੇਲ੍ਹ ਵਿਚ ਰੱਖਣ ਤੋਂ ਬਾਅਦ ਬੇਕਸੂਰ ਕਰਾਰ ਦੇ ਕੇ ਰਿਹਾਅ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ। ਕਾਨੂੰਨੀ ਪੈਰਵੀ ਲਈ ਜ਼ਰੂਰੀ ਆਰਥਕ ਵਸੀਲਿਆਂ ਦੀ ਅਣਹੋਂਦ 'ਚ ਨਿਤਾਣੇ ਤੇ ਗ਼ਰੀਬ ਲੋਕ ਬੇਕਸੂਰ ਹੀ ਜੇਲ੍ਹਾਂ ਵਿਚ ਸੜ ਰਹੇ ਹਨ ਜਦਕਿ ਧਨਾਢ ਪੈਸੇ ਅਤੇ ਰਾਜਸੀ ਰਸੂਖ਼ ਦੇ ਜ਼ੋਰ ਸੰਗੀਨ ਜੁਰਮਾਂ ਦੇ ਬਾਵਜੂਦ ਰਿਹਾਅ ਹੋ ਜਾਂਦੇ ਹਨ। ਨਿਆਂ ਪ੍ਰਣਾਲੀ ਵਿਚ ਮੂਲ ਢਾਂਚਾਗਤ ਤਬਦੀਲੀਆਂ ਤੋਂ ਬਿਨਾਂ ਅਜਿਹੇ 'ਸੁਧਾਰ' ਕੁਦਰਤੀ ਨਿਆਂ ਨਹੀਂ ਦਿਵਾ ਸਕਦੇ। ਜਦੋਂ ਹੁਕਮਰਾਨ ਧਿਰ ਦੀ ਨੀਅਤ ਹੀ ਖੋਟੀ ਹੋਵੇ, ਉਸ ਹਾਲਤ ਵਿਚ ਤਾਂ ਅਜਿਹੇ 'ਸੁਧਾਰਾਂ' ਦੀ ਮਨਸ਼ਾ ਹੀ ਸਵਾਲਾਂ ਦੇ ਘੇਰੇ 'ਚ ਹੈ।

ਨਿਆਂ ਸੰਹਿਤਾ ਵਿਚ ਹਜੂਮੀ ਹਿੰਸਾ, ਨਫ਼ਰਤ ਦੇ ਆਧਾਰ 'ਤੇ ਕੀਤੇ ਗਏ ਜੁਰਮ ਵੀ ਜੋੜੇ ਗਏ ਹਨ। ਇਹ ਸਿਰਫ਼ ਆਰ.ਐੱਸ.ਐੱਸ.-ਭਾਜਪਾ ਦੇ ਰਾਜ ਵਿਚ ਘੱਟਗਿਣਤੀਆਂ ਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਵਿਰੁੱਧ ਵਧ ਰਹੇ ਘਿਣਾਉਣੇ ਜੁਰਮਾਂ ਵਿਰੁੱਧ ਕੁਲ ਆਲਮ 'ਚ ਉੱਠ ਰਹੀ ਆਵਾਜ਼ ਦੇ ਦਬਾਅ ਹੇਠ ਰਚਿਆ ਨਾਟਕ ਹੈ ਤਾਂ ਜੋ ਇਹ ਕਿਹਾ ਜਾ ਸਕੇ ਕਿ ਦੇਖੋ ਅਸੀਂ ਤਾਂ ਇਨ੍ਹਾਂ ਜੁਰਮਾਂ ਨੂੰ ਰੋਕਣ ਲਈ ਪੂਰੀ ਗੰਭੀਰਤਾ ਨਾਲ ਕਾਨੂੰਨੀ ਕਦਮ ਚੁੱਕ ਰਹੇ ਹਾਂ। ਇਸ ਦੀ ਇਕ ਵਜ੍ਹਾ ਸੁਪਰੀਮ ਕੋਰਟ ਵਿਚ ਐਸੇ ਕਾਨੂੰਨ ਬਣਾਉਣ ਦਾ ਦਬਾਅ ਵੀ ਹੋ ਸਕਦਾ ਹੈ। ਜਦਕਿ ਹਕੀਕਤ ਇਹ ਹੈ ਕਿ ਇਹ ਖ਼ਾਸ ਤਰ੍ਹਾਂ ਦੀ ਹਿੰਸਾ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਰਾਜਨੀਤਕ ਏਜੰਡੇ ਤਹਿਤ ਪੂਰੀ ਤਰ੍ਹਾਂ ਗਿਣ-ਮਿਥ ਕੇ ਅਤੇ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਨਾਲ ਕਰਵਾਈ ਜਾ ਰਹੀ ਹੈ। ਜੇ ਹੁਕਮਰਾਨ ਧਿਰ ਚਾਹੇ ਤਾਂ ਇਹ ਤੁਰੰਤ ਬੰਦ ਹੋ ਸਕਦੀ ਹੈ, ਇਸ ਲਈ ਕਿਸੇ ਕਾਨੂੰਨ ਦੀ ਜ਼ਰੂਰਤ ਬਿਲਕੁਲ ਨਹੀਂ ਹੈ। ਜਿੱਥੋਂ ਤੱਕ 'ਧੋਖੇਬਾਜ਼ ਤਰੀਕਿਆਂ' ਅਰਥਾਤ ਪਛਾਣ ਲੁਕੋ ਕੇ ਸਰੀਰਕ ਸੰਬੰਧ ਬਣਾਉਣ ਬਾਰੇ ਸ਼ਾਮਿਲ ਕੀਤੀ ਕਾਨੂੰਨੀ ਵਿਵਸਥਾ ਦਾ ਸਵਾਲ ਹੈ, ਇਹ 'ਲਵ-ਜਹਾਦ' ਦੇ ਫਾਸ਼ੀਵਾਦੀ ਹਮਲੇ ਨੂੰ ਤੇਜ਼ ਕਰਨ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਵਿਆਹ ਕਰਾਉਣ ਵਾਲਿਆਂ, ਖ਼ਾਸ ਕਰਕੇ ਘੱਟਗਿਣਤੀ ਲੋਕਾਂ ਨੂੰ ਕਾਨੂੰਨੀ ਰੂਪ 'ਚ ਸਤਾਉਣ ਦੇ ਭਗਵੇ ਕਾਨੂੰਨੀ ਸੰਦ ਤੋਂ ਸਿਵਾਏ ਹੋਰ ਕੁਝ ਨਹੀਂ ਹੈ।

ਇਸੇ ਤਰ੍ਹਾਂ 'ਜਥੇਬੰਦ ਜੁਰਮ', 'ਨੀਮ-ਜਥੇਬੰਦ ਜੁਰਮ', ਜਾਤ-ਨਸਲ-ਲਿੰਗ-ਭਾਸ਼ਾ-ਵਿਅਕਤੀਗਤ ਅਕੀਦੇ ਦੇ ਆਧਾਰ 'ਤੇ 'ਵਿਅਕਤੀਆਂ ਦੇ ਸਮੂਹ ਵਲੋਂ ਕਤਲ' ਆਦਿ ਲਈ ਵਿਸ਼ੇਸ਼ ਸਜ਼ਾਵਾਂ ਜੋੜੀਆਂ ਗਈਆਂ ਹਨ। 'ਨਾਬਾਲਗ ਨਾਲ ਸਮੂਹਿਕ ਜਬਰ-ਜਨਾਹ ਮਾਮਲੇ 'ਚ ਮੌਤ ਦੀ ਸਜ਼ਾ' ਦੇਣ ਲਈ ਨਾਬਾਲਗ ਦੀ ਉਮਰ ਵੀ 12 ਸਾਲ ਤੋਂ ਘੱਟ ਤੋਂ ਵਧਾ ਕੇ 18 ਸਾਲ ਤੋਂ ਘੱਟ ਕਰ ਦਿੱਤੀ ਗਈ ਹੈ। ਕੁਲ-ਮਿਲਾ ਕੇ ਜੁਰਮਾਂ ਦੀ ਜੜ੍ਹ ਨਾਬਰਾਬਰੀ ਤੇ ਬੇਇਨਸਾਫ਼ੀ ਵਾਲੇ ਸਮਾਜੀ ਹਾਲਾਤਾਂ ਅਤੇ ਪਿਛਾਂਹਖਿੱਚੂ ਮਾਨਸਿਕਤਾ ਨੂੰ ਦੂਰ ਕਰਨ ਲਈ ਗੰਭੀਰ ਵਿਚਾਰ-ਚਰਚਾ ਕਰਨ ਦੀ ਬਜਾਏ ਅਤੇ ਅਸਲ ਕਾਰਨਾਂ ਨੂੰ ਮੁਖ਼ਾਤਿਬ ਹੋਣ ਦੀ ਬਜਾਏ ਹੁਕਮਰਾਨ ਧਿਰ ਦੀ ਕਾਨੂੰਨੀ ਰੱਦੋ-ਬਦਲ ਦੀ ਧੁੱਸ ਸਖ਼ਤ ਕਾਨੂੰਨਾਂ, ਸਖ਼ਤ ਸਜ਼ਾਵਾਂ ਉੱਪਰ ਕੇਂਦਰਤ ਹੈ। ਇਹ ਧੁੱਸ ਵੱਖ-ਵੱਖ ਸਖ਼ਤ ਕਾਨੂੰਨਾਂ ਦੇ ਮਾਮਲੇ 'ਚ ਪਹਿਲਾਂ ਹੀ ਵਾਰ-ਵਾਰ ਗ਼ਲਤ ਸਾਬਤ ਹੋ ਚੁੱਕੀ ਹੈ। ਇਸ ਕਵਾਇਦ ਨੂੰ ਕੋਈ ਵੀ ਰੂਪ ਦਿੱਤਾ ਜਾਵੇ, ਇਸ ਦਾ ਅਸਲ ਮਨੋਰਥ ਨਿਤਾਣੇ ਅਤੇ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਹਿੱਸਿਆਂ ਨੂੰ ਜਾਬਰ ਕਾਨੂੰਨੀ ਢਾਂਚੇ ਰਾਹੀਂ ਹੋਰ ਵੀ ਨਿਤਾਣੇ ਅਤੇ ਬੇਵੱਸ ਬਣਾਉਣ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਫਾਸ਼ੀਵਾਦੀ ਹੁਕਮਰਾਨ ਲਫ਼ਾਜ਼ੀ ਰਾਹੀਂ ਆਪਣੇ ਅਸਲ ਮਨਸ਼ਿਆਂ ਨੂੰ ਲੁਕੋਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਜਾਬਰ ਕਾਨੂੰਨੀ ਕਵਾਇਦ ਵਿਰੁੱਧ ਜ਼ੋਰਦਾਰ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ।

# ਔਰਤਾਂ ਅਜੋਕੇ ਦੌਰ 'ਚ ਵਾਰ ਵਾਰ ਗੈਰ ਮਾਨਵੀ ਢੰਗਾਂ ਨਾਲ ਸੰਕਟਗ੍ਰਸਤ

ਨਰਿੰਦਰ ਸੋਹਲ
9464113255




*ਦੁਨੀਆ ਭਰ ਦਾ ਇਤਿਹਾਸ ਭਰਿਆ ਪਿਆ ਹੈ ਕਿ ਜਿਸ ਪੱਧਰ 'ਤੇ ਔਰਤਾਂ ਨੇ ਆਪਣੀ ਕਿਰਤ ਨਾਲ ਘਰ ਪਰਿਵਾਰ ਤੋਂ ਲੈ ਕੇ ਸਮਾਜ ਤੱਕ ਨੂੰ ਵਿਕਸਿਤ ਕਰਨ ਵਿਚ ਯੋਗਦਾਨ ਪਾਇਆ ਹੈ ਅਤੇ ਭਵਿੱਖ ਦੀਆਂ ਸਦੀਆਂ ਵੀ ਇਸ ਦਿਸ਼ਾ ਵੱਲ ਸੰਕੇਤ ਦੇ ਰਹੀਆਂ ਹਨ/ਸਨ। ਪ੍ਰੰਤੂ ਜੋ ਗੈਰ ਮਾਨਵੀ ਘਟਨਕ੍ਰਮ ਮਨੀਪੁਰ ਦੇ ਖੇਤਰ ਵਿਚ ਵਾਪਰਿਆ ਉਹ ਅਕਹਿ ਅਤੇ ਅਸਹਿ ਹੈ। - ਸੰਪਾਦਕ*

ਔਰਤ ਜਨਮਦਾਤੀ ਹੈ, ਸੰਸਾਰ ਨੂੰ ਚਲਦਾ ਰੱਖਣ ਲਈ ਆਪਣੀ ਜ਼ਿੰਦਗੀ ਤੱਕ ਦਾਅ ਉੱਤੇ ਲਾ ਦਿੰਦੀ ਹੈ। ਪਰ ਮਰਦ ਜਿਨ੍ਹਾਂ ਅੰਗਾਂ ਦੀ ਪੈਦਾਇਸ਼ ਹੁੰਦਾ, ਉਸਦਾ ਹੀ ਬੇਰਹਿਮੀ ਨਾਲ ਨਿਰਾਦਰ ਕਰਦਾ। ਅਜਿਹਾ ਹੀ ਵਾਪਰਿਆ ਮਨੀਪੁਰ ਵਿੱਚ, ਜਿਥੇ ਹਜੂਮ ਵੱਲੋਂ ਦੋ ਔਰਤਾਂ ਨੂੰ ਨੰਗਾ ਕਰਕੇ ਸੜਕਾਂ ਉੱਤੇ ਘੁਮਾਉਣ ਦੀ ਇੱਕ ਵੀਡੀਓ ਸਾਹਮਣੇ ਆਈ ਹੈ (ਇਹਨਾਂ ਵਿਚੋਂ ਇੱਕ ਕਾਰਗਿਲ ਦੀ ਜੰਗ ਲੜਣ ਵਾਲੇ ਸਾਬਕਾ ਫੌਜੀ ਦੀ ਪਤਨੀ ਸੀ) ਭੂਤਰੀ ਹਿੰਸਕ ਭੀੜ ਉਹਨਾਂ ਦੇ ਨਾਜ਼ੁਕ ਅੰਗਾਂ ਨਾਲ ਛੇੜਛਾੜ ਕਰਦੀ ਵੀ ਨਜ਼ਰ ਆਉਂਦੀ ਹੈ। ਜੋ ਵੇਖ ਕੇ ਲੂ-ਕੰਢੇ ਹੀ ਖੜੇ ਨਹੀਂ ਹੁੰਦੇ ਸਗੋਂ ਮਨ ਗੁੱਸੇ ਨਾਲ? ਭਰ ਜਾਂਦਾ ਹੈ। ਇਸ ਘਟਨਾ ਨੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ। ਅਫਸੋਸ ਆਪਣੇ ਆਪ ਨੂੰ ਸੱਭਿਅਕ ਅਖਵਾਉਣ ਵਾਲਾ ਮਨੁੱਖ, ਕਿੰਨੀ ਅਣਮਨੁੱਖਤਾ ਨਾਲ ਭਰਿਆ ਪਿਆ। 4 ਮਈ ਤੋਂ ਲੈਕੇ ਵੀਡੀਓ ਸਾਹਮਣੇ ਆਉਣ ਤੱਕ ਦੋਸ਼ੀਆਂ ਖਿਲਾਫ ਕਿਸੇ ਤਰਾਂ ਦੀ ਕੋਈ ਕਨੂੰਨੀ ਕਾਰਵਾਈ ਨਹੀਂ ਕੀਤੀ ਗਈ। ਇਸ ਅਪਰਾਧ ਵਿਰੁੱਧ ਨਾ ਤਾਂ ਪੁਲੀਸ ਪ੍ਰਸ਼ਾਸਨ ਵੱਲੋਂ ਕੋਈ ਕਨੂੰਨੀ ਕਾਰਵਾਈ ਕੀਤੀ ਗਈ ਅਤੇ ਨਾ ਹੀ ਮੀਡੀਆ ਵੱਲੋਂ ਇਸ ਮਸਲੇ ਨੂੰ ਸਾਹਮਣੇ ਲਿਆਂਦਾ ਗਿਆ। ਪਰ ਜਦੋਂ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ,ਚਾਰੇ ਪਾਸੇ ਥੂ-ਥੂ ਹੋਣੀ ਸ਼ੁਰੂ ਹੋ ਗਈ। ਸਰਵਉੱਚ ਅਦਾਲਤ ਵੱਲੋਂ ਝਾੜ ਪਾਉਣ ਬਾਅਦ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੇ ਮਗਰਮੱਛ ਵਾਲੇ ਹੰਝੂ ਵਹਾਉਣੇ ਸ਼ੁਰੂ ਕਰ ਦਿੱਤੇ ਤੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਗੱਲ ਵੀ ਕਰਨੀ ਪਈ। ਜਦਕਿ ਪਹਿਲਾਂ ਮੁੱਖ ਮੰਤਰੀ ਨੇ ਸ਼ਰਮਿੰਦਗੀ ਮਹਿਸੂਸ ਕਰਨ ਦੀ ਥਾਂ ਕਿਹਾ ਕਿ ਇਹੋ ਜਿਹੀਆਂ ਸੈਂਕੜੇ ਘਟਨਾਵਾਂ ਹੁੰਦੀਆਂ ਹਨ। ਪ੍ਰਧਾਨ ਮੰਤਰੀ ਨੇ ਤਾਂ ਮੋਨ ਧਾਰੀ ਰੱਖਿਆ ਸੀ ਕਿਉਂਕਿ ਸੱਤਾ ਲਈ ਇਹ ਸਭ ਰਾਸ ਜੋ ਆਉਂਦਾ। ਸੂਬਾ ਸਰਕਾਰ ਅਤੇ ਕੌਮੀ ਮਹਿਲਾ ਕਮਿਸ਼ਨ ਵਲੋਂ ਇਸ ਘਟਨਾ ਦੀ ਜਾਣਕਾਰੀ ਹੋਣ ਦੇ ਬਾਵਜੂਦ ਵੀ ਦੋ ਮਹੀਨੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਜੋ ਮਿਲੀਭੁਗਤ ਵੱਲ ਇਸ਼ਾਰਾ ਕਰਦੀ ਹੈ। ਇਹ ਘਟਨਾ ਤਾਂ ਸੈਂਕੜੇ ਘਟਨਾਵਾਂ ਵਿਚੋਂ ਸਿਰਫ਼ ਇੱਕ ਹੈ ਜੋ ਤਿੰਨ ਮਈ ਤੋਂ ਬਾਅਦ ਮਨੀਪੁਰ ਵਿਚ ਵਾਪਰੀਆਂ। ਤਿੰਨ ਮਹੀਨਿਆਂ ਤੋਂ ਮਨੀਪੁਰ ਫਿਰਕੂ ਹਿੰਸਾ ਦੀ ਅੱਗ ਵਿੱਚ ਲਟ-ਲਟ ਬਲ਼ ਰਿਹਾ ਹੈ। ਜੋ ਦੋ ਭਾਈਚਾਰਿਆਂ ਮੈਤੇਈ ਤੇ ਕੁਕੀਆਂ ਵਿਚਾਲੇ ਭੜਕੀ ਹੈ ਜਾਂ ਕਹਿ ਲਓ ਜਾਣਬੁੱਝ ਕੇ ਭੜਕਾਈ ਗਈ ਹੈ।

ਅਸਲ ਵਿੱਚ ਕੂਕੀ ਤੇ ਹੋਰਾਂ ਕਬੀਲਿਆਂ ਦੇ ਲੋਕਾਂ ਨੂੰ ਲੱਗਦਾ ਹੈ ਕਿ ਮੈਤੇਈਆਂ ਨੂੰ ਅਨੁਸੂਚਿਤ ਕਬੀਲਿਆਂ ਦਾ ਦਰਜਾ ਮਿਲ਼ਣ ਨਾਲ਼ ਉਹਨਾਂ ਦੀ ਆਰਥਕ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਪਰ ਦੂਜੇ ਪਾਸੇ ਭਾਜਪਾ ਦੀ ਸੂਬਾ ਸਰਕਾਰ ਮੈਤੇਈਆਂ ਨੂੰ ਇਹ ਦਰਜਾ ਦਵਾਉਣ ਲਈ ਪੱਬਾਂ ਭਾਰ ਹੋਈ ਪਈ ਸੀ। ਇਸ ਲਈ ਕਬੀਲਾਈ ਲੋਕ ਜੋ ਮੁੱਖ ਤੌਰ ਉੱਤੇ ਇਸਾਈ ਤੇ ਹੋਰਾਂ ਧਰਮਾਂ ਵਿੱਚੋਂ ਆਉਂਦੇ ਹਨ, ਉਹਨਾਂ ਵਿਰੁੱਧ ਜੋਰ-ਸ਼ੋਰ ਨਾਲ਼ ਇਹ ਨਫਰਤੀ ਪ੍ਰਚਾਰ ਕੀਤਾ ਗਿਆ ਕਿ ਮਿਆਂਮਾਰ ਤੋਂ ਆਉਣ ਵਾਲ਼ੇ ਕੁਕੀ ਜਲਦ ਹੀ ਮੈਤੇਈਆਂ ਦੀਆਂ ਜਮੀਨਾਂ, ਨੌਕਰੀਆਂ ਤੇ ਆਰਥਕ ਵਸੀਲਿਆਂ ਉੱਤੇ ਕੰਟਰੋਲ ਹਾਸਲ ਕਰ ਲੈਣਗੇ। ਇਸ ਪੂਰੇ ਮਸਲੇ ਨੂੰ ਜਾਣਬੁੱਝ ਕੇ ਫਿਰਕੂ ਰੰਗਤ ਦੇਣ ਲਈ ਅੱਡੀ ਚੋਟੀ ਦਾ ਜੋਰ ਲਗਾਇਆ ਗਿਆ। ਵੈਸੇ ਮਨੀਪੁਰ ਦੇ ਅਰਥਚਾਰੇ ਤੇ ਸਿਆਸਤ ਉੱਤੇ ਮੈਤੇਈ ਸਰਮਾਏਦਾਰਾਂ ਦਾ ਹੀ ਦਬਦਬਾ ਹੈ। ਵਧੇਰੇ ਵਿਧਾਇਕ ਮੈਤੇਈ ਭਾਈਚਾਰੇ ਨਾਲ਼ ਹੀ ਸਬੰਧ ਰੱਖਦੇ ਹਨ। 2022 ਨੂੰ ਮੁੜ ਸੱਤ ?ਹਾ ਵਿੱਚ ਆਉਣ ਤੋਂ ਬਾਅਦ ਬੀਰੇਨ ਸਿੰਘ ਦੀ ਸਰਕਾਰ ਨੇ ਕਈ ਅਜਿਹੇ ਕਦਮ ਚੁੱਕੇ ਹਨ ਜਿਸ ਨਾਲ਼ ਕੁਕੀਆਂ ਵਿੱਚ ਇਸ ਭਾਵਨਾ ਨੇ ਜੋਰ ਫੜਿਆ ਹੈ ਕਿ ਸਰਕਾਰ ਵੱਲੋਂ ਉਹਨਾਂ ਨਾਲ਼ ਵਿਤਕਰੇ ਦੀ ਨੀਤੀ ਅਪਣਾਈ ਜਾ ਰਹੀ ਹੈ। ਪਿਛਲੇ ਸਮਿਆਂ ਵਿੱਚ ਇਹ ਰੋਸ ਹੋਰ ਵੀ ਵਧੇਰੇ ਤਿੱਖਾ ਹੋਇਆ ਹੈ ਜਦ ਭਾਜਪਾ ਸਰਕਾਰ ਨੇ ਆਪਣੇ ਮੈਤੇਈ ਹਾਕਮਾਂ ਲਈ ਕੁਕੀ ਕਬੀਲੇ ਦੀ ਜਮੀਨ ਹੜੱਪਣ ਦੇ ਯਤਨ ਤੇਜ ਕੀਤੇ ਹਨ। ਮੈਤੇਈਆਂ ਨੂੰ ਪਹਾੜੀ ਇਲਾਕੇ ਵਿੱਚ ਸੰਵਿਧਾਨਕ ਤੌਰ 'ਤੇ ਜਮੀਨ ਖਰੀਦਣ ਦੀ ਮਨਾਹੀ ਹੈ ਪਰ ਭਾਜਪਾ ਸਰਕਾਰ ਰਾਖਵੇਂ ਜੰਗਲ਼ ਵਧਾਉਣ, ਨਸ਼ਾ ਤਸਕਰਾਂ ਉੱਤੇ ਕਾਬੂ ਪਾਉਣ ਦੇ ਨਾਂਅ ਉੱਤੇ ਕੁਕੀਆਂ ਦੀ ਜਮੀਨ ਹੜੱਪ ਕੇ, ਉਹਨਾਂ ਨੂੰ ਉਜਾੜ ਕੇ ਮੈਤੇਈ ਸਰਮਾਏਦਾਰਾਂ ਦਾ ਮਨੀਪੁਰ ਦੇ ਆਰਥਕ ਵਸੀਲਿਆਂ ਉੱਤੇ ਕੰਟਰੋਲ ਵਧਾਉਣ ਦੇ ਹੱਕ ਵਿੱਚ ਭੁਗਤ ਰਹੀ ਹੈ। ਕੁਕੀਆਂ ਵੱਲੋਂ ਜਦੋਂ ਅਜਿਹੇ ਕਦਮਾਂ ਦਾ ਵਿਰੋਧ ਸ਼ੁਰੂ ਕੀਤਾ ਗਿਆ ਤਾਂ ਸਰਕਾਰ ਨੇ ਉਹਨਾਂ ਉੱਤੇ ਦਹਿਸ਼ਤਗਰਦ, ਦੂਜੇ ਮੁਲਕ ਤੋਂ ਆਕੇ ਹਿੰਸਾ ਭੜਕਾਉਣ ਵਾਲ਼ੇ (ਕੁਕੀਆਂ ਦਾ ਇੱਕ ਹਿੱਸਾ ਮਿਆਂਮਾਰ ਵਿੱਚ ਵੀ ਵਸਦਾ ਹੈ) ਨਸ਼ਾ ਤਸਕਰ ਆਦਿ ਦੇ ਠੱਪੇ ਜੜੇ ਤੇ ਧਾਰਾ 144 ਲਗਾਉਣ ਦੇ ਨਾਲ ਨਾਲ਼ ਇੰਟਰਨੈੱਟ ਸੇਵਾਵਾਂ ਵੀ ਬਹੁਤੀ ਥਾਵੇਂ ਮੁਕੰਮਲ ਰੂਪ ਵਿੱਚ ਬੰਦ ਕਰ ਦਿੱਤੀਆਂ।

ਲਗਾਤਾਰ ਹਿੰਸਕ ਘਟਨਾਵਾਂ ਵਾਪਰਦੀਆਂ ਰਹੀਆਂ ਪਰ ਸੂਬਾ ਸਰਕਾਰ ਅਤੇ ਪੁਲੀਸ ਹਿੰਸਾ 'ਤੇ ਕਾਬੂ ਪਾਉਣ ਵਿਚ ਅਸਫਲ ਰਹੀਆਂ। ਇਹ ਉਦੋਂ ਹੀ ਵਾਪਰਦਾ ਜਦੋਂ ਉਨ੍ਹਾਂ ਵਿਚਲੇ ਕੁੱਝ ਤੱਤ ਹਿੰਸਾ ਕਰਨ ਵਾਲਿਆਂ ਦੀ ਹਮਾਇਤ ਕਰ ਰਹੇ ਹੋਣ। ਇਸ ਦੌਰਾਨ ਪੁਲਿਸ ਦੇ ਅਸਲਾਖਾਨਿਆਂ 'ਚੋਂ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰ ਲੁੱਟੇ ਗਏ। ਅੰਦਰੂਨੀ ਸੁਰੱਖਿਆ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਹਥਿਆਰ ਲੁੱਟੇ ਨਹੀਂ ਗਏ ਸਗੋਂ ਇਕ ਖ਼ਾਸ ਭਾਈਚਾਰੇ ਦੇ ਲੋਕਾਂ ਵਿੱਚ ਵੰਡੇ ਗਏ। ਅਜਿਹੇ ਸਮੇਂ ਸੱਤਾਧਾਰੀ ਧਿਰਾਂ ਚੁੱਪ ਰਹਿੰਦੀਆਂ ਹਨ,ਹਿੰਸਾ ਨੂੰ ਜਾਣਬੁੱਝ ਕੇ ਵਧਣ ਦਿੱਤਾ ਜਾਂਦਾ ਹੈ ਤਾਂ ਕਿ ਨਿਸ਼ਾਨੇ 'ਤੇ ਲਏ ਭਾਈਚਾਰੇ ਦੇ ਲੋਕਾਂ ਨੂੰ ਸਬਕ ਸਿਖਾਇਆ ਜਾ ਸਕੇ। ਘੱਟਗਿਣਤੀਆਂ, ਆਦਿਵਾਸੀ ਕਬੀਲਿਆਂ ਤੇ ਭਾਈਚਾਰਿਆਂ ਦੀ ਹੱਕ ਸੱਚ ਦੀ ਅਵਾਜ ਨੂੰ ਦਰੜਨ ਲਈ ਵਿਰੋਧੀ ਭਾਈਚਾਰੇ ਨਾਲ? ਸਬੰਧਿਤ ਔਰਤਾਂ ਉੱਤੇ ਜਿਣਸੀ ਹਿੰਸਾ ਨੂੰ ਹਵਾ ਦਿੱਤੀ ਜਾਂਦੀ। ਮਣੀਪੁਰ ਦੀ ਘਟਨਾ ਵਿੱਚ ਦੋਵੇਂ ਔਰਤਾਂ ਕੂਕੀ ਭਾਈਚਾਰੇ ਨਾਲ? ਸਬੰਧਿਤ ਹਨ। ਭੀੜ ਨੂੰ ਸ਼ਹਿ ਦੇਕੇ ਹੀ ਇਹਨਾਂ ਔਰਤਾਂ ਨਾਲ? ਇਸ ਜਾਲਮਾਨਾ ਹਰਕਤ ਨੂੰ ਅੰਜਾਮ ਦਿੱਤਾ ਗਿਆ। ਔਰਤ ਦੀ ਬੇਪਤੀ ਇਕ ਔਰਤ ਹੋਣ ਵਜੋਂ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਕਰਕੇ ਦੋਸ਼ੀ ਜਤਾਉਂਦੇ ਹਨ ਕਿ ਉਨ੍ਹਾਂ ਨੇ ਵਿਰੋਧੀ ਭਾਈਚਾਰੇ ਦੇ ਲੋਕਾਂ ਦੀ ਸਮੂਹਿਕ ਬੇਪਤੀ ਕੀਤੀ ਹੈ। ਉਸ ਬੇਪਤੀ ਨੂੰ ਔਰਤਾਂ ਦੇ ਜਿਸਮਾਂ ਉਤੇ ਉੱਕਰ ਦਿੱਤਾ ਜਾਂਦਾ ਹੈ ਅਜਿਹਾ ਕਰਨ ਵਾਲੇ ਨਾਮਰਦਾ ਲਈ ਔਰਤ ਦਾ ਸਰੀਰ ਹੀ ਜੰਗ ਦਾ ਮੈਦਾਨ ਬਣ ਜਾਂਦਾ ਹੈ।

ਫਿਰਕੂ, ਫਾਸ਼ੀ ਨਫਰਤੀ ਸਿਆਸਤ ਦਾ ਸੌਖਾ ਨਿਸ਼ਾਨਾ ਔਰਤਾਂ ਹੀ ਬਣਦੀਆਂ ਆਈਆਂ ਹਨ। ਇਹ ਘਟਨਾ ਪਹਿਲੀ ਨਹੀਂ 1947 ਦੇਸ਼ ਦੀ ਵੰਡ, 1984 ਦਿੱਲੀ ਅਤੇ 2002 ਗੁਜਰਾਤ ਦੰਗਿਆਂ ਸਮੇਂ ਵੀ ਅਜਿਹਾ ਹੀ ਵਾਪਰਿਆ ਸੀ। ਪਰ ਹਮੇਸ਼ਾ ਹਕੂਮਤ ਵੱਲੋਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਤੋਂ ਪਾਸਾ ਵੱਟੀ ਰੱਖਿਆ ਜਾਂਦਾ ਰਿਹਾ ਹੈ। ਆਮ ਲੋਕਾਂ ਤੇ ਪੀੜਤਾਂ ਦੇ ਲੰਮਾ ਸਮਾਂ ਸੰਘਰਸ਼ ਕਰਨ ਤੋਂ ਬਾਅਦ ਹੀ ਕੁੱਝ ਦੋਸ਼ੀਆਂ ਨੂੰ ਸਜ਼ਾ ਮਿਲਦੀ ਹੈ। ਗੁਜਰਾਤ ਦੀ ਮੁਸਲਿਮ ਔਰਤ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਪਿਛਲੇ ਸਾਲ ਅਜ਼ਾਦੀ ਦੇ ਜਸ਼ਨਾਂ ਸਮੇਂ 'ਚੰਗੇ ਚਰਿੱਤਰ' ਦਾ ਸਰਟੀਫਿਕੇਟ ਦੇਕੇ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਅਜ਼ਾਦ ਕਰ ਦਿੱਤਾ ਗਿਆ। ਜੇਲ੍ਹ ਤੋਂ ਬਾਹਰ ਆਉਣ ਸਮੇਂ ਦੋਸ਼ੀਆਂ ਦਾ ਹਾਰ ਪਾਕੇ ਜਿਵੇਂ ਸਵਾਗਤ ਕੀਤਾ ਗਿਆ,ਇਹ ਦੋਸ਼ੀਆਂ ਨੂੰ ਹਲਾਸ਼ੇਰੀ ਦੇਣ ਬਰਾਬਰ ਹੀ ਸੀ ਕਿ ਜੋ ਮਰਜ਼ੀ ਕਰੋ, ਸਾਡਾ ਹੱਥ ਤੁਹਾਡੀ ਪਿਠ 'ਤੇ ਹੈ। ਕੀ ਇਨਸਾਫ਼ ਲੈਣ ਲਈ ਹਰ ਪੀੜਤ ਔਰਤ ਨੂੰ ਫੂਲਣ ਦੇਵੀ ਬਣਨਾ ਪਵੇਗਾ? ਹਾਂ ਉਹੀ ਫੂਲਣ ਦੇਵੀ ਜਿਸਦੀ ਪਿੰਡ ਦੇ ਵੀਹ ਇੱਜ਼ਤਦਾਰ ਚੌਧਰੀਆਂ ਵੱਲੋਂ ਸ਼ਰੇਆਮ ਇੱਜ਼ਤ ਲੁੱਟੀ ਗਈ ਤੇ ਸਾਰੇ ਪਿੰਡ ਵਿੱਚ ਨੰਗੀ ਘੁਮਾਇਆ ਗਿਆ। ਉਸਦੇ ਪਿਤਾ ਤੇ ਭਰਾ ਨੂੰ ਕਤਲ ਕਰ ਦਿੱਤਾ ਗਿਆ। ਫੂਲਣ ਦੇਵੀ ਦੇ ਅੰਦਰ ਬਦਲੇ ਦੀ ਅੱਗ ਭੜਕ ਉੱਠੀ ਤੇ ਉਹ ਡਾਕੂਆਂ ਨਾਲ ਜਾ ਰਲੀ। ਅਖੀਰ ਉਸਨੇ ਬਲਾਤਕਾਰੀ ਚੌਧਰੀਆਂ ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ ਸੀ। ਜਿਸ ਕਾਰਨ ਉਸਨੂੰ ਜੇਲ੍ਹ ਵੀ ਕੱਟਣੀ ਪਈ ਪਰ ਆਪਣੀ ਅੰਦਰਲੀ ਬਦਲੇ ਦੀ ਅੱਗ ਨੂੰ ਸ਼ਾਂਤ ਜ਼ਰੂਰ ਕਰ ਲਿਆ ਸੀ।

ਹੁਣ ਮਨੀਪੁਰ 'ਚ ਵਾਪਰੇ ਕਹਿਰ ਸੰਬੰਧੀ 42 ਸਾਲਾਂ ਪੀੜਤ ਔਰਤ ਨੇ ਜੋ ਬਿਆਨ ਦਿੱਤਾ, ਉਹ ਗਹਿਰਾ ਦਰਦ ਦੇਣ ਅਤੇ ਸ਼ਰਮਸ਼ਾਰ ਕਰਨ ਵਾਲਾ ਹੈ। ਉਸ ਅਨੁਸਾਰ ਪਿੰਡ ਦੇ ਕੁੱਝ ਲੋਕ ਦਹਿਸ਼ਤੀ ਟੋਲੇ ਹੱਥੋਂ ਆਪਣੀ ਇੱਜਤ ਆਬਰੂ ਤੇ ਜਾਨ ਬਚਾਉਣ ਲਈ ਲੁਕੇ ਹੋਏ ਸਨ। ਪਰ ਦਹਿਸ਼ਤਗਰਦੀ ਟੋਲੇ ਲਲਕਾਰੇ ਮਾਰਦੇ ਆ ਗਏ। ਇਸ ਦੌਰਾਨ ਪੀੜਤਾਂ ਨੇ ਪੁਲਿਸ ਕੋਲੋਂ ਮਦਦ ਦੀ ਆਸ ਕੀਤੀ ਪਰ ਪੁਲਿਸ ਨੇ ਉਹਨਾਂ ਨੂੰ ਬਚਾਉਣ ਦੀ ਥਾਂ ਦਰਿੰਦਿਆਂ ਦੇ ਹਵਾਲੇ ਕਰ ਦਿੱਤਾ। ਦੋਸ਼ੀਆਂ ਨੇ ਔਰਤਾਂ ਨੂੰ ਨਿਰਵਸਤਰ ਕਰਕੇ ਆਪਣੇ ਅੱਗੇ ਲਾ ਲਿਆ। ਇਹਨਾਂ ਵਿੱਚ ਇਕ 21 ਸਾਲਾਂ ਦੀ ਮੁਟਿਆਰ ਵੀ ਸੀ। ਜਦੋਂ ਉਸਦੇ ਭਰਾ ਤੇ ਬਾਪ ਉਸਨੂੰ ਬਚਾਉਣ ਲਈ ਨਫ਼ਰਤ ਦੀ ਅੱਗ ਵਿੱਚ ਕੁਦ ਪਏ ਤਾਂ ਭੀੜ ਨੇ ਉਹਨਾਂ ਨੂੰ ਕੁਟ ਕੁਟ ਕੇ ਮਾਰ ਦਿਤਾ। ਫਿਰ ਔਰਤਾਂ ਦੇ ਅੰਗਾਂ ਨਾਲ ਜੋ ਹੋਇਆ ਕਿਸੇ ਦੁਸ਼ਮਣ ਦੀ ਧੀ ਨਾਲ ਵੀ ਕਦੇ ਨਾ ਹੋਵੇ। ਅਫਸੋਸ ਬੇਹੱਦ ਅਫਸੋਸ ਕਿ ਨੌਜਵਾਨ ਬੇਟੀ ਨੂੰ ਨੋਚਣ ਲਈ ਉਸ ਦੇ ਦਾਦਿਆਂ ਪੜਦਾਦਿਆਂ ਵਰਗੇ ਕਤਾਰ 'ਚ ਖੜੇ, ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਓ ਹੋ ਬੇਹੱਦ ਸ਼ਰਮਨਾਕ ਬੇਸ਼ਰਮੋਂ ਉਸ ਧੀ ਵਿੱਚੋਂ ਤੁਹਾਨੂੰ ਆਪਣੇ ਪਰਿਵਾਰ ਦੀਆਂ ਧੀਆਂ ਭੈਣਾਂ ਨਜ਼ਰ ਕਿਉਂ ਨਹੀਂ ਆਈਆਂ? ਜੇ ਸਾਡਾ ਇਹ ਪੜ ਸੁਣ ਕੇ ਦਿਲ ਰੋ ਉੱਠਿਆ ਤੇ ਜਿੰਨਾ ਨੇ ਸਭ ਕੁੱਝ ਆਪਣੇ ਪਿੰਡੇ ਹੰਢਾਇਆ ਕੀ ਬੀਤੀ ਹੋਵੇਗੀ? ਔਰਤ ਨੂੰ ਦੇਵੀ ਕਹਿਣ ਵਾਲਿਓ ਦੱਸੋ ਉਹ ਸਿਰਫ ਔਰਤ ਹੋਣ ਦੀ ਸਜ਼ਾ ਕਦੋਂ ਤੱਕ ਭੁਗਤਦੀਆਂ ਰਹਿਣਗੀਆਂ? ਕਦੋਂ ਤੱਕ ਔਰਤਾਂ ਦੇ ਜਿਸਮ ਜੰਗ ਦੇ ਮੈਦਾਨ ਬਣਦੇ ਰਹਿਣਗੇ?

.ਗ਼ਦਰ

# ਜੀਵਨ ਦੇ ਸੰਘਰਸ਼ ਦੀ ਦਾਸਤਾਨ


ਬੂਟਾ ਸਿੰਘ
ਮਹਿਮੂਦਪੁਰ
94634-74342

6 ਅਗਸਤ ਨੂੰ ਇਨਕਲਾਬੀ ਗਾਇਕ ਅਤੇ ਬਹੁਪੱਖੀ ਲੋਕ ਕਲਾਕਾਰ ਗ਼ਦਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੀ 74 ਸਾਲ ਦੀ ਜ਼ਿੰਦਗੀ ਦਾ ਵੱਡਾ ਹਿੱਸਾ ਇਨਕਲਾਬੀ ਗੀਤਾਂ ਤੇ ਪੇਸ਼ਕਾਰੀਆਂ ਰਾਹੀਂ ਦੱਬੇ-ਕੁਚਲੇ ਅਵਾਮ ਨੂੰ ਸੰਘਰਸ਼ਾਂ ਲਈ ਪ੍ਰੇਰਨ ਤੇ ਉਭਾਰਨ ਦੇ ਲੇਖੇ ਲਾਇਆ।

1949 'ਚ ਮੇਡਕ ਜ਼ਿਲ੍ਹੇ ਦੇ ਇਕ ਦਲਿਤ ਪਰਿਵਾਰ 'ਚ ਜਨਮੇ ਗੁਮਡੀ ਵਿਠਲ ਰਾਓ ਤੇਲੰਗਾਨਾ ਦੀ ਉਸ ਨੌਜਵਾਨ ਪੀੜ੍ਹੀ 'ਚੋਂ ਸਨ ਜੋ ਉਸ ਸਮੇਂ ਅਣਵੰਡੇ ਆਂਧਰਾ ਪ੍ਰਦੇਸ਼ 'ਚ ਨਕਸਲੀ ਲਹਿਰ ਦੇ ਜ਼ਬਰਦਸਤ ਇਨਕਲਾਬੀ ਉਭਾਰ ਤੋਂ ਪ੍ਰਭਾਵਿਤ ਹੋਏ ਅਤੇ ਜਿਨ੍ਹਾਂ ਨੇ ਦੂਰ-ਦਰਾਜ ਜੰਗਲਾਂ-ਪਹਾੜਾਂ ਨੂੰ ਆਪਣੀ ਇਨਕਲਾਬੀ ਕਰਮ-ਭੂਮੀ ਬਣਾਇਆ। ਉਹ ਆਪਣੇ ਭਵਿੱਖ ਦੇ ਸੁਪਨੇ, ਨੌਕਰੀਆਂ ਅਤੇ ਸਭ ਕੁਝ ਦਾਅ 'ਤੇ ਲਾ ਕੇ ਦੱਬੇ-ਕੁਚਲੇ ਲੋਕਾਂ ਨੂੰ ਇਨਕਲਾਬ ਦੇ ਝੰਡੇ ਹੇਠ ਲਾਮਬੰਦ ਕਰਨ 'ਚ ਜੁੱਟ ਗਏ ਅਤੇ ਅੱਜ ਵੀ ਆਪਣੇ ਅਕੀਦੇ ਉੱਪਰ ਅਡੋਲ ਹਨ। 1913-15 ਦੇ ਗ਼ਦਰੀ ਇਨਕਲਾਬੀਆਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਨੌਜਵਾਨ ਗੁਮਡੀ ਵਿਠਲ ਰਾਓ ਨੇ ਆਪਣਾ ਨਵਾਂ ਨਾਮ ਗ਼ਦਰ ਰੱਖ ਲਿਆ। ਰਵਾਇਤੀ ਚਿੱਟੀ ਧੋਤੀ, ਗਲ 'ਚ ਲਾਲ ਪਰਨਾ, ਮੋਢੇ 'ਤੇ ਕਾਲੀ ਕੰਬਲੀ, ਪੈਰਾਂ 'ਚ ਘੁੰਗਰੂ, ਹੱਥ 'ਚ ਡਫਲੀ, ਸੋਟਾ ਤੇ ਲਾਲ ਝੰਡਾ ਉਸ ਦੀ ਖ਼ਾਸ ਪਛਾਣ ਬਣ ਗਏ। ਤੇਲੰਗਾਨਾ ਦੇ ਲੋਕ ਗੀਤਾਂ ਨੂੰ ਇਨਕਲਾਬੀ ਰੰਗ 'ਚ ਰੰਗ ਕੇ ਗ਼ਦਰ ਦੇ ਲਿਖੇ ਗੀਤ ਤੇ ਗੀਤ-ਨਾਟ ਨਵੇਂ ਯੁਗ ਦੇ ਲੋਕ ਗੀਤ ਬਣ ਗਏ। ਜਿੱਥੇ ਵੀ ਗ਼ਦਰ ਜਾਂਦਾ, ਹਜ਼ਾਰਾਂ ਲੋਕਾਂ ਦੀ ਆਵਾਜ਼ ਉਸ ਦੇ ਗੀਤਾਂ ਉੱਪਰ ਝੂਮ ਕੇ ਉਸ ਦੇ ਨਾਲ ਨੱਚਣ ਗਾਉਣ ਲੱਗ ਜਾਂਦੀ। ਗ਼ਦਰ ਨੇ 'ਮਾ ਭੂਮੀ', 'ਰੰਗੁਲਾ ਕਲਾ' ਸਮੇਤ ਕੁਝ ਫਿਲਮਾਂ 'ਚ ਵੀ ਕੰਮ ਕੀਤਾ। 'ਅਰੇ ਰਿਕਸ਼ਾ' 'ਚ ਗਾਏ ਗੀਤ 'ਨੀ ਪਦਮ ਪਾਈ ਪੁਟੂਮਾਚਨਾਈ' ਨੂੰ ਨੰਦੀ ਪੁਰਸਕਾਰ ਵੀ ਮਿਲਿਆ। ਦੰਡਕਾਰਣੀਆ ਲਹਿਰ ਬਾਰੇ ਫਿਲਮ 'ਦੰਡਕਾਰਣੀਅਮ' ਵਿਚ ਵੀ ਉਸ ਦੇ ਮਕਬੂਲ ਗੀਤ ਹਨ।

ਨਕਸਲੀ ਪਾਰਟੀ ਦੀ 1972 'ਚ ਬਣਾਈ 'ਜਨ ਨਾਟਯਾ ਮੰਡਲੀ' ਪਿੰਡ-ਪਿੰਡ, ਗਲੀ-ਗਲੀ ਦੱਬੇ-ਕੁਚਲੇ ਅਵਾਮ ਨੂੰ ਗੀਤਾਂ ਰਾਹੀਂ ਜਗਾ ਰਹੀ ਸੀ। ਜਨ ਨਾਟਯ ਮੰਡਲੀ' ਦੇ ਗੀਤ ਲੋਕਾਂ ਦੇ ਦੁੱਖਾਂ-ਦਰਦਾਂ ਤੇ ਲੋਕ ਮੁੱਦਿਆਂ ਨੂੰ ਜ਼ੁਬਾਨ ਦੇਣ ਦਾ ਮੁੱਖ ਹਥਿਆਰ ਬਣ ਗਏ। ਐਸੀ ਹੀ ਇਕ ਜੋਸ਼ੀਲੀ ਆਵਾਜ਼ 23 ਸਾਲ ਦੇ ਨੌਜਵਾਨ ਕਲਾਕਾਰ ਪੀ.ਸ਼ੰਕਰ ਨੂੰ ਕਤਲ ਕਰ ਦਿੱਤੇ ਜਾਣ ਨਾਲ ਗੀਤਾਂ ਦੀ ਗੂੰਜ ਹੋਰ ਵੀ ਰੋਹਲੀ ਹੋ ਗਈ। ਗ਼ਦਰ ਦੀ ਬੇਜੋੜ ਗਾਇਣ ਕਲਾ ਅਤੇ ਗੀਤ ਦੀ ਤਾਕਤ ਉੱਪਰ ਉਸ ਦੀ ਲਾਸਾਨੀ ਪਕੜ ਨੇ ਇਸ ਨੂੰ ਵਿਸ਼ਾਲ ਸਭਿਆਚਾਰਕ ਕਾਫ਼ਲੇ 'ਚ ਬਦਲ ਦਿੱਤਾ।

1969 'ਚ ਵੱਖਰਾ ਤੇਲੰਗਾਨਾ ਰਾਜ ਬਣਾਏ ਜਾਣ ਲਈ ਲੋਕ ਅੰਦੋਲਨ ਸੱਤਾ ਦੀ ਖ਼ੂੰਖ਼ਾਰ ਤਾਕਤ ਨਾਲ ਕੁਚਲ ਦਿੱਤਾ ਗਿਆ ਸੀ। ਆਂਧਰਾ ਦੇ ਰਾਜਨੀਤਕ ਗ਼ਲਬੇ ਤੇ ਸਭਿਆਚਾਰਕ ਧੌਂਸ ਨੇ ਤੇਲੰਗਾਨਾ ਦੇ ਸਭਿਆਚਾਰ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਸੀ ਅਤੇ ਦੱਬੇ-ਕੁਚਲੇ ਲੋਕਾਂ ਵਿਰੁੱਧ ਜਾਤ-ਹੰਕਾਰੀ ਜਗੀਰੂ ਜਬਰ ਵੀ ਪੂਰੇ ਜ਼ੋਰਾਂ 'ਤੇ ਸੀ। ਰਾਜਕੀ ਪੁਸ਼ਤ-ਪਨਾਹੀ ਵਾਲਾ ਸਮਾਜੀ ਤੇ ਰਾਜਸੀ ਦਾਬਾ ਅਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੀ ਆਰਥਕ ਬਦਹਾਲੀ ਕਾਰਨ ਤੇਲੰਗਾਨਾ 'ਚ ਨਕਸਲੀ ਲਹਿਰ ਨੂੰ ਹੁੰਗਾਰਾ ਦੇਣ ਲਈ ਹਾਲਾਤ ਬੇਹੱਦ ਸਾਜ਼ਗਰ ਸਨ। ਸ੍ਰੀਕਾਕੁਲਮ ਦੇ ਜੰਗਲਾਂ 'ਚ ਨਕਸਲੀ ਅਗਵਾਈ ਹੇਠ ਆਦਿਵਾਸੀ ਵਿਦ੍ਰੋਹ ਨੂੰ ਬੇਤਹਾਸ਼ਾ ਜਬਰ ਨਾਲ ਕੁਚਲਿਆ ਜਾ ਰਿਹਾ ਸੀ। ਤੇਲੰਗਾਨਾ ਕੋਲ ਹੈਦਰਾਬਾਦ ਦੇ ਨਿਜ਼ਾਮ ਵਿਰੁੱਧ 1946-51 ਦੇ ਹਥਿਆਰਬੰਦ ਕਿਸਾਨ ਸੰਘਰਸ਼ ਦੀ ਸ਼ਾਨਾਮੱਤੀ ਵਿਰਾਸਤ ਸੀ ਜੋ ਪਿੰਡਾਂ 'ਚ ਰਹਿ ਗਏ ਕਮਿਊਨਿਸਟਾਂ ਵੱਲੋਂ ਅਗਲੀਆਂ ਪੀੜ੍ਹੀਆਂ ਨੂੰ ਦਿੱਤੀ ਜਾ ਰਹੀ ਸੀ। ਤੇਲਗੂ ਸਾਹਿਤ ਦੇ ਪਿੜ ਅੰਦਰ ਨਕਸਲਬਾੜੀ ਅਤੇ ਸ੍ਰੀਕਾਕੁਲਮ ਲਹਿਰਾਂ ਦੇ ਪ੍ਰਭਾਵ ਹੇਠ ਇਨਕਲਾਬੀ ਕਵੀ ਵਰਾਵਰਾ ਰਾਓ ਤੇ ਹੋਰ ਲੇਖਕਾਂ-ਬੁੱਧੀਜੀਵੀਆਂ ਦੀ ਅਗਵਾਈ ਹੇਠ ਇਨਕਲਾਬੀ ਸਾਹਿਤ ਦੀ ਜ਼ਬਰਦਸਤ ਧਾਰਾ ਪੂਰੇ ਜ਼ੋਰਾਂ 'ਤੇ ਸੀ। ਇਨਕਲਾਬੀ ਲਹਿਰ ਦੇ ਵਧ ਰਹੇ ਉਭਾਰ ਨੂੰ ਰੋਕਣ ਲਈ ਤੇਲੰਗਾਨਾ ਦੀ ਜਗੀਰੂ ਜਮਾਤ ਆਂਧਰਾ ਦੀ ਹੁਕਮਰਾਨ ਜਮਾਤ ਨਾਲ ਮਿਲ ਕੇ ਲੋਕ ਸੰਘਰਸ਼ਾਂ ਨੂੰ ਬੇਕਿਰਕੀ ਨਾਲ ਕੁਚਲ ਰਹੀ ਸੀ। ਇਹ ਪਿਛੋਕੜ ਸੀ ਜਦੋਂ ਗ਼ਦਰ ਨੇ ਇਨਕਲਾਬੀ ਰਾਜਨੀਤਕ ਤੇ ਸੱਭਿਆਚਾਰ ਦਾ ਮੋਰਚਾ ਮੱਲਿਆ, ਜਦੋਂ ਉਹ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਤੋਂ ਬਾਦ ਤੇ ਬੈਂਕ ਦੀ ਨੌਕਰੀ ਛੱਡ ਕੇ ਨਕਸਲੀ ਲਹਿਰ 'ਚ ਸ਼ਾਮਲ ਹੋਏ। ਉਨ੍ਹਾਂ ਨੇ ਲੋਕ ਗੀਤਾਂ ਨੂੰ ਅਵਾਮ ਨੂੰ ਇਨਕਲਾਬੀ ਰਾਜਨੀਤਕ ਚੇਤਨਾ ਦੇਣ ਦੇ ਐਸੇ ਹਥਿਆਰ ਵਿਚ ਬਦਲ ਦਿੱਤਾ ਜਿਸ ਨੂੰ ਹਕੂਮਤ ਹਥਿਆਰਬੰਦ ਛਾਪਾਮਾਰਾਂ ਤੋਂ ਵੀ ਵਧੇਰੇ ਖ਼ਤਰਨਾਕ ਸਮਝਦੀ ਹੈ। ਪ੍ਰੋਫੈਸਰ ਵਰਾਵਰਾ ਰਾਓ ਗ਼ਦਰ ਦੀ ਇਸ ਇਨਕਲਾਬੀ ਕਾਇਆਪਲਟੀ ਬਾਰੇ ਕਹਿੰਦੇ ਹਨ, 'ਗ਼ਦਰ ਨੇ ਲੋਕਾਂ ਦੇ ਇਨਕਲਾਬੀ ਗੀਤਾਂ ਦੀ ਵਿਰਾਸਤ ਨੂੰ ਅੰਗੀਕਾਰ ਕੀਤਾ, ਉਸ ਦਾ ਅਨਿੱਖੜਵਾਂ ਅੰਗ ਬਣ ਗਏ ਅਤੇ ਉਨ੍ਹਾਂ ਦੀ ਬੋਲੀ ਤੇ ਪਹਿਰਾਵੇ ਨੂੰ ਆਪਣਾ ਹਿੱਸਾ ਬਣਾ ਲਿਆ।'

ਜਦੋਂ ਇਨਕਲਾਬੀ ਲਹਿਰ ਉੱਪਰ ਜਬਰ ਤਿੱਖਾ ਹੋ ਗਿਆ ਅਤੇ ਜਨ ਨਾਟਯਾ ਮੰਡਲੀ ਸਮੇਤ ਜਨਤਕ ਜਥੇਬੰਦੀਆਂ ਉੱਪਰ ਪਾਬੰਦੀ ਲਗਾ ਦਿੱਤੀ ਗਈ ਤਾਂ ਗ਼ਦਰ ਦੀ ਅਗਵਾਈ ਹੇਠ 'ਜਨ ਨਾਟਯਾ ਮੰਡਲੀ' ਰੂਪੋਸ਼ ਹੋ ਕੇ ਤੇਲੰਗਾਨਾ ਦੇ ਜੰਗਲਾਂ ਤੇ ਖੇਤਾਂ 'ਚ ਇਨਕਲਾਬ ਦਾ ਹੋਕਾ ਦਿੰਦੀ ਰਹੀ। ਗ਼ਦਰ ਨੇ ਜਿੱਥੇ ਸੈਂਕੜੇ ਕੁਲ-ਵਕਤੀ ਸੱਭਿਆਚਾਰਕ ਕਾਮੇ ਪੈਦਾ ਕੀਤੇ ਉੱਥੇ ਉਸ ਦੇ ਗੀਤ ਹਜ਼ਾਰਾਂ ਨੌਜਵਾਨਾਂ ਨੂੰ ਲਹਿਰ ਵਿਚ ਖਿੱਚ ਲਿਆਏ।

1980ਵਿਆਂ ਅਤੇ 1990ਵਿਆਂ ਦੇ ਦਹਾਕੇ ਪੀਪਲਜ਼ ਵਾਰ ਗਰੁੱਪ ਦੀ ਅਗਵਾਈ ਹੇਠ ਉੱਤਰੀ ਤੇਲੰਗਾਨਾ ਵਿਚ ਲਾਸਾਨੀ ਇਨਕਲਾਬੀ ਚੜ੍ਹਤ ਦਾ ਸਮਾਂ ਸੀ। ਕਾਲਜਾਂ, ਯੂਨੀਵਰਸਿਟੀਆਂ 'ਚ ਇਨਕਲਾਬੀ ਵਿਦਿਆਰਥੀ ਲਹਿਰ ਬੁਲੰਦੀ 'ਤੇ ਸੀ। ਦਹਿ-ਹਜ਼ਾਰਾਂ ਨੌਜਵਾਨ ਵਿਦਿਆਰਥੀ ਪੜ੍ਹਾਈ ਛੱਡ ਕੇ ਇਨਕਲਾਬ ਦਾ ਸੁਪਨਾ ਅੱਖਾਂ 'ਚ ਸੰਜੋਈ 'ਪਿੰਡਾਂ ਨੂੰ ਚੱਲੋ' ਮੁਹਿੰਮ ਦੇ ਸੱਦੇ ਨੂੰ ਹੁੰਗਾਰਾ ਦਿੰਦੇ ਹੋਏ ਇਨਕਲਾਬੀ ਸਫ਼ਾਂ 'ਚ ਸ਼ਾਮਿਲ ਹੋ ਰਹੇ ਸਨ। ਸਮਾਂਤਰ ਮੁਕਾਮੀ ਸੱਭਿਆਚਾਰ ਭਾਰੂ ਆਂਧਰਾ ਸੱਭਿਆਚਾਰ ਨੂੰ ਟੱਕਰ ਦੇ ਰਿਹਾ ਸੀ। ਦਲਿਤਾਂ ਉੱਪਰ ਜਬਰ ਦੇ ਹੌਲਨਾਕ ਕਾਂਡ ਸਟੇਟ ਵਿਰੁੱਧ ਲੋਕਾਂ ਦੇ ਗੁੱਸੇ ਨੂੰ ਹੋਰ ਜ਼ਰਬਾਂ ਦੇ ਰਹੇ ਸਨ। ਇਨ੍ਹਾਂ ਸਮਿਆਂ 'ਚ ਗ਼ਦਰ ਨੇ ਲੋਕ ਵੇਦਨਾ, ਲੋਕ ਸਰੋਕਾਰਾਂ ਨੂੰ ਗੀਤਾਂ ਦੀ ਜ਼ੁਬਾਨ ਦਿੱਤੀ। 'ਜਨ ਨਾਟਯਾ ਮੰਡਲੀ' ਦੀਆਂ ਟੀਮਾਂ ਦੀ ਜ਼ੁਬਾਨੀ ਅਤੇ ਟੇਪ ਰਿਕਾਰਡਰਾਂ ਰਾਹੀਂ ਗ਼ਦਰ ਦੇ ਗੀਤ ਲਹਿਰਾਂ ਬਣਕੇ ਤੇਲੰਗਾਨਾ ਤੇ ਆਂਧਰਾ ਦੇ ਦੂਰ-ਦਰਾਜ ਇਲਾਕਿਆਂ 'ਚ ਗੂੰਜ ਉੱਠੇ। ਉਸ ਦੇ ਗੀਤਾਂ ਦੀਆਂ 30 ਟੇਪਾਂ ਦੀ ਰਿਕਾਰਡ ਤੋੜ ਵਿਕਰੀ ਹੋਈ। ਹਿੰਦੀ ਤੇ ਹੋਰ ਭਾਸ਼ਾਵਾਂ 'ਚ ਵੀ ਉਸ ਦੇ ਗੀਤ ਬਹੁਤ ਮਕਬੂਲ ਹੋਏ।


1980ਵਿਆਂ ਦੇ ਦਹਾਕੇ 'ਚ ਗ਼ਦਰ ਦੀ ਜ਼ਿੰਦਗੀ ਦਾ ਇਕੋਇਕ ਭਾਵ ਸੀ ਗੀਤ, ਗੀਤ ਤੇ ਗੀਤ: ਖ਼ੂਨ-ਪਸੀਨਾ ਵਹਾ ਰਹੇ ਮਜ਼ਦੂਰ ਬਾਰੇ ਗੀਤ, ਖੇਤਾਂ ਬਾਰੇ ਗੀਤ, ਜਨਮ ਬਾਰੇ ਗੀਤ, ਮੌਤ ਬਾਰੇ ਗੀਤ, ਸ਼ਹੀਦ ਦੀ ਸ਼ਹਾਦਤ ਬਾਰੇ ਗੀਤ, ਪਿਆਰ ਬਾਰੇ ਗੀਤ। ਉਸ ਦੇ ਆਪਣੇ ਸ਼ਬਦਾਂ 'ਚ, 'ਕਿਰਤ ਹੀ ਗੀਤ ਹੈ, ਕਿਰਤ 'ਚ ਲੈਅ ਹੈ। ਜਿਸ ਨੂੰ ਕੰਮ ਕਰਨਾ ਨਹੀਂ ਆਉਂਦਾ, ਉਹ ਕੰਮ ਵਿਗਾੜ ਦੇਵੇਗਾ। ਕਿਰਤ 'ਚ ਨਿਖ਼ਾਰ ਆਉਂਦਾ ਹੈ ਤਾਂ ਲੈਅ 'ਚ ਨਿਖ਼ਾਰ ਆਉਂਦਾ ਹੈ, ਗੀਤਾਂ 'ਚ ਨਿਖ਼ਾਰ ਆਉਂਦਾ ਹੈ। ਲੋਕ ਆਪਣੇ ਰੋਜ਼ਮਰਾ ਕੰਮਕਾਰ ਰਾਹੀਂ ਗੀਤ ਨੂੰ ਨਿਖ਼ਾਰਦੇ ਹਨ।'

ਉੱਤਰੀ ਤੇਲੰਗਾਨਾ 'ਚ ਨਕਸਲੀਆਂ ਦੀ ਸਮਾਂਤਰ ਸੱਤਾ ਨੇ ਪਿੰਡਾਂ 'ਚ ਹਕੂਮਤੀ ਮਸ਼ੀਨਰੀ ਇਕ ਤਰ੍ਹਾਂ ਨਾਲ ਨਕਾਰਾ ਕਰ ਦਿੱਤੀ ਸੀ। ਬੌਖਲਾਈ ਹਕੂਮਤ 'ਘੇਰੋ ਤੇ ਕੁਚਲੋ' ਮੁਹਿੰਮਾਂ ਰਾਹੀਂ ਬੇਕਿਰਕ ਜਬਰ, ਝੂਠੇ ਕੇਸਾਂ 'ਚ ਜੇਲ੍ਹਬੰਦੀ ਅਤੇ ਝੂਠੇ ਪੁਲਿਸ ਮੁਕਾਬਲਿਆਂ 'ਚ ਇਨਕਲਾਬੀਆਂ ਦਾ ਕਤਲੇਆਮ ਕਰ ਰਹੀ ਸੀ। ਇਸ ਦੇ ਨਾਲ-ਨਾਲ ਗਰੇ-ਹਾਊਂਡਜ਼ ਤੇ ਹੋਰ ਨਾਵਾਂ ਹੇਠ ਗ਼ੈਰਕਾਨੂੰਨੀ ਕਾਤਲ ਗਰੋਹ ਬਣਾ ਕੇ ਮਨੁੱਖੀ ਹੱਕਾਂ ਦੇ ਕਾਰਕੁਨਾਂ, ਲੇਖਕਾਂ ਤੇ ਕਲਾਕਾਰਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ ਗਿਆ। ਲੋਕਾਂ ਦੇ ਬੇਹੱਦ ਹਰਮਨਪਿਆਰੇ ਡਾ. ਰਾਮਾਨਾਥਨ ਕਲੀਨਿਕ ਵਿਚ ਗੋਲੀਆਂ ਮਾਰ ਕੇ ਮਾਰ ਦਿੱਤੇ ਗਏ। ਫਿਰ ਆਜ਼ਮ ਅਲੀ ਅਤੇ ਟੀ.ਪੁਰਸ਼ੋਤਮ ਵੀ ਮਾਰ ਦਿੱਤੇ ਗਏ। ਇਹ ਸਾਰੇ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ ਦੇ ਆਗੂ ਸਨ। ਵਰਾਵਰਾ ਰਾਓ ਉੱਪਰ ਕਈ ਕਾਤਲਾਨਾ ਹਮਲੇ ਹੋਏ। ਇਸੇ ਸਿਲਸਿਲੇ 'ਚ ਅਪ੍ਰੈਲ 1997 'ਚ 'ਗਰੀਨ ਟਾਈਗਰਜ਼' ਵੱਲੋਂ ਗ਼ਦਰ ਨੂੰ ਸਿਕੰਦਰਾਬਾਦ ਵਿਚ ਉਸ ਦੇ ਘਰ ਦੇ ਅੰਦਰ ਗੋਲੀਆਂ ਮਾਰ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਹਕੂਮਤ ਦੀ ਇਸ ਬੌਖਲਾਹਟ ਦੀ ਇਕ ਵੱਡੀ ਵਜ੍ਹਾ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਸ਼ਹਿਰੀ ਆਜ਼ਾਦੀਆਂ ਦੇ ਕਾਰਕੁਨਾਂ ਵੱਲੋਂ ਉਠਾਈ ਜਾ ਰਹੀ ਆਵਾਜ਼ ਸੀ। ਦੂਜੀ ਵਜ੍ਹਾ, ਮੁਕਾਬਲਿਆਂ 'ਚ ਮਾਰੇ ਜਾ ਰਹੇ ਇਨਕਲਾਬੀਆਂ ਦੀਆਂ ਲਾਸ਼ਾਂ ਅੰਤਮ ਸਸਕਾਰ ਲਈ ਉਨ੍ਹਾਂ ਦੇ ਵਾਰਿਸਾਂ ਨੂੰ ਦਿਵਾਉਣ ਲਈ ਹੋ ਰਹੇ ਵਿਸ਼ਾਲ ਇਕੱਠ ਸਨ ਜਿਨ੍ਹਾਂ ਵਿਚ ਵਰਾਵਰਾ ਰਾਓ ਤੇ ਗ਼ਦਰ ਦੀ ਮਿਕਨਾਤੀਸੀ ਸ਼ਖ਼ਸੀਅਤ ਦੀ ਵੱਡੀ ਭੂਮਿਕਾ ਸੀ। ਗ਼ਦਰ ਦੀ ਜਾਨ ਤਾਂ ਬਚ ਗਈ ਪਰ ਰੀੜ੍ਹ ਦੀ ਹੱਡੀ 'ਚ ਲੱਗੀ ਇਕ ਗੋਲੀ ਕੱਢੀ ਨਾ ਜਾ ਸਕੀ।

ਜਦੋਂ 2004 'ਚ ਸਿਵਲ ਸੁਸਾਇਟੀ ਦੇ ਦਬਾਅ ਹੇਠ ਸਰਕਾਰ ਨੂੰ ਪਹਿਲੀ ਵਾਰ ਰੂਪੋਸ਼ ਨਕਸਲੀ ਆਗੂਆਂ ਨਾਲ ਗੱਲਬਾਤ ਕਰਨੀ ਪਈ ਤਾਂ ਉਸ ਵਿਚ ਨਕਸਲੀ ਧਿਰ ਦੇ ਏਲਚੀਆਂ ਵੱਜੋਂ ਵਰਾਵਰਾ ਰਾਓ, ਗ਼ਦਰ ਅਤੇ ਲੇਖਕ ਕਲਿਆਣ ਰਾਓ ਨੇ ਗੱਲਬਾਤ ਕੀਤੀ ਜਦੋ ਇਨਕਲਾਬੀ ਲਹਿਰ 'ਚ ਉਸ ਦੀ ਮਕਬੂਲੀਅਤ ਦਾ ਸਬੂਤ ਸੀ। ਗੱਲਬਾਤ ਦੌਰਾਨ ਰੂਪੋਸ਼ ਇਨਕਲਾਬੀਆਂ ਦੀ ਸ਼ਨਾਖ਼ਤ ਅਤੇ ਨਿਸ਼ਾਨਦੇਹੀ ਦੇ ਆਧਾਰ 'ਤੇ ਅਗਲੇ ਸਾਲਾਂ 'ਚ ਵਿਸ਼ਵਾਸਘਾਤੀ ਹਕੂਮਤ ਨੇ ਵੱਡੇ ਪੈਮਾਨੇ 'ਤੇ ਕਤਲੇਆਮ ਕੀਤਾ ਅਤੇ ਤੇਲੰਗਾਨਾ ਵਿਚ ਇਨਕਲਾਬੀ ਲਹਿਰ ਨੂੰ ਬੇਕਿਰਕੀ ਨਾਲ ਕੁਚਲ ਦਿੱਤਾ।

ਦਹਾਕਿਆਂ ਤੱਕ ਨਿਧੜਕ ਕੁਲ-ਵਕਤੀ ਭੂਮਿਕਾ ਨਿਭਾਉਣ ਤੋਂ ਬਾਦ 2010 'ਚ ਗ਼ਦਰ ਨੇ ਨਕਸਲੀ/ਮਾਓਵਾਦੀ ਲਹਿਰ ਦੂਰੀ ਬਣਾ ਲਈ ਅਤੇ ਉਸ ਦਾ ਝੁਕਾਅ ਵੱਖਰਾ ਰਾਜ ਬਣਾਏ ਜਾਣ ਤੇ ਸਮਾਜੀ ਨਿਆਂ ਦੇ ਸਵਾਲਾਂ ਵੱਲ ਹੋ ਗਿਆ। ਇਸ ਦੀ ਵਜ੍ਹਾ ਜਾਤਪਾਤ ਵਰਗੇ ਸਵਾਲਾਂ ਉੱਪਰ ਮੱਤਭੇਦ ਅਤੇ ਲਹਿਰ ਤੋਂ ਮੋਹ-ਭੰਗ ਹੋਣਾ ਸੀ। ਫਿਰ ਉਸਨੇ 'ਤੇਲੰਗਾਨਾ ਪਰਜਾ ਫਰੰਟ' ਬਣਾ ਕੇ ਵੱਖਰੇ ਤੇਲੰਗਾਨਾ ਲਈ ਲਹਿਰ ਵਿਚ ਵੱਡੀ ਭੂਮਿਕਾ ਨਿਭਾਈ। ਅਗਲੇ ਸਾਲਾਂ 'ਚ ਉਸ ਨੇ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਪਾਰਟੀਆਂ ਬਣਾਈਆਂ ਪਰ ਕਿਤੇ ਵੀ ਉਸ ਨੂੰ ਉਹ ਚੀਜ਼ ਹਾਸਲ ਨਾ ਹੋਈ ਜਿਸ ਲਈ ਉਸ ਦਾ ਮਨ ਭਟਕ ਰਿਹਾ ਸੀ

ਜਦੋਂ 2014 'ਚ ਲੋਕ ਦਬਾਅ ਹੇਠ ਵੱਖਰਾ ਤੇਲੰਗਾਨਾ ਬਣਾਇਆ ਗਿਆ ਤਾਂ ਸੱਤਾ ਪੁਰਾਣੀ ਜਾਤ-ਹੰਕਾਰੀ ਹਾਕਮ ਜਮਾਤ ਨੇ ਹਥਿਆ ਲਈ ਅਤੇ ਜੂਝ ਮਰਨ ਤੇ ਕੁਰਬਾਨੀਆਂ ਕਰਨ ਵਾਲੇ ਅਵਾਮ ਇਕ ਵਾਰ ਫਿਰ ਹਾਸ਼ੀਏ 'ਤੇ ਧੱਕ ਦਿੱਤੇ ਗਏ। ਇਹ ਅਵਾਮ ਦੇ ਖ਼ਵਾਬਾਂ ਦਾ ਜਮਹੂਰੀ ਤੇਲੰਗਾਨਾ ਨਹੀਂ ਸੀ। ਇਸੇ ਮਾਯੂਸੀ ਦੇ ਆਲਮ 'ਚ ਗ਼ਦਰ ਦਾ ਝੁਕਾਅ ਹਾਕਮ ਜਮਾਤੀ ਸਿਆਸਤ ਵੱਲ ਹੋ ਗਿਆ ਅਤੇ 2018 ਦੀਆਂ ਚੋਣਾਂ 'ਚ ਉਸ ਨੇ ਪਹਿਲੀ ਵਾਰ ਚੋਣ ਸਿਆਸਤ 'ਚ ਹਿੱਸਾ ਲਿਆ ਜਿਸ ਦੇ ਬਾਈਕਾਟ ਲਈ ਉਹ ਦਹਾਕਿਆਂ ਤੋਂ ਪੁਰਜ਼ੋਰ ਲਾਮਬੰਦੀ ਕਰਦਾ ਰਿਹਾ ਸੀ। ਉਸ ਨੇ ਕਿਹਾ, "ਦੁਨੀਆ 'ਚ ਲੋਕਾਂ ਨੂੰ ਅੰਤਿਮ ਸੰਘਰਸ਼ ਲਾਲ ਝੰਡੇ ਹੇਠ ਕਰਨਾ ਪਵੇਗਾ। ਵਿਚਕਾਰਲੇ ਦੌਰ ਵਿਚ ਉਨ੍ਹਾਂ ਨੂੰ ਅੰਬੇਡਕਰ ਦਾ ਰਾਹ ਅਖ਼ਤਿਆਰ ਕਰਨਾ ਪਵੇਗਾ... ਲੋਕਾਂ ਦੀ, ਨਾ ਕਿ ਕਿਸੇ ਪਾਰਟੀ ਦੀ, ਰੱਖਿਆਤਮਕ ਰਣਨੀਤੀ ਵੋਟ ਹੈ। ਮੈਂ ਸੰਵਿਧਾਨ ਅਤੇ ਭਾਰਤ ਬਚਾਓ, ਧਰਮਨਿਰਪੱਖਤਾ ਦੇ ਨਾਅਰੇ ਅਖ਼ਤਿਆਰ ਕੀਤੇ ਹਨ ਅਤੇ ਮੈਂ ਬਤੌਰ ਇਕ ਕਵੀ ਕੋਨੇ-ਕੋਨੇ 'ਚ ਜਾ ਸਕਦਾ ਹਾਂ। ਮੈਂ ਹਥਿਆਰਾਂ ਬਾਰੇ ਗਾਉਂਦਾ ਸੀ ਤਾਂ ਪਹੁੰਚ ਸਿਰਫ਼ ਥੋੜ੍ਹੇ ਲੋਕਾਂ ਤੱਕ ਹੀ ਹੁੰਦੀ ਸੀ।" ਬੇਸ਼ੱਕ ਉਸ ਦਾ ਕਹਿਣਾ ਸੀ ਕਿ ਉਹ ਹਰ ਮੰਚ ਤੋਂ ਉਨ੍ਹਾਂ ਹੀ ਮੁੱਦਿਆਂ ਨੂੰ ਉਠਾਉਣ ਦੇ ਉਦੇਸ਼ ਨਾਲ ਇਨ੍ਹਾਂ ਪਾਰਟੀਆਂ 'ਚ ਜਾ ਰਿਹਾ ਹੈ ਜਿਨ੍ਹਾਂ ਮੁੱਦਿਆਂ ਲਈ ਉਹ ਹਮੇਸ਼ਾ ਲੜਦਾ ਰਿਹਾ ਹੈ, ਪਰ ਇਸ ਸਮੇਂ ਦੇ ਉਸ ਦੇ ਵਿਵਾਦਪੂਰਨ ਬਿਆਨਾਂ, ਰਾਜਨੀਤਕ ਪੁਜੀਸ਼ਨਾਂ ਅਤੇ ਕਾਂਗਰਸ ਤੇ ਹੋਰ ਪਾਰਟੀਆਂ ਨਾਲ ਉਸ ਦੀ ਨੇੜਤਾ ਦਾ ਹਾਕਮ ਜਮਾਤ ਨੇ ਇਨਕਲਾਬੀ ਲਹਿਰ ਨੂੰ ਭੰਡਣ ਲਈ ਰੱਜ ਕੇ ਲਾਹਾ ਲਿਆ। ਜਦੋਂ ਉਸ ਦੀ ਮੌਤ ਹੋਈ ਤਾਂ ਮੀਡੀਆ ਵਿਚ ਰਾਹੁਲ ਗਾਂਧੀ ਨਾਲ ਉਸ ਦੀ ਤਸਵੀਰ ਵੀ ਕਾਫ਼ੀ ਚਰਚਿਤ ਹੋਈ। ਵਜ੍ਹਾ ਇਹ ਹੈ ਕਿ ਗ਼ਦਰ ਮਹਿਜ਼ ਇਕ ਨਾਮ ਨਹੀਂ ਹੈ, ਇਸ ਦਾ ਮਹੱਤਵ ਰਾਹੁਲ ਗਾਂਧੀ ਵਰਗੇ ਸਿਆਸਤਦਾਨ ਬਖ਼ੂਬੀ ਜਾਣਦੇ ਹਨ। ਇਸ ਦਾ ਦੂਜਾ ਪਾਸਾ ਇਹ ਹੈ ਕਿ ਉਸ ਦੇ ਪਿੱਛੇ ਜੋ ਸ਼ਾਨਾਮੱਤੀ ਵਿਰਾਸਤ, ਜੋ ਅਵਾਮ ਹੈ ਉਹ ਬਹੁਤ ਪਿੱਛੇ ਰਹਿ ਗਏ ਹਨ। ਇਹ ਹਕੀਕਤ ਗ਼ਦਰ ਨੂੰ ਪਤਾ ਸੀ।


ਇਨਕਲਾਬੀ ਕਵੀ .ਗ਼ਦਰ ਤੇ ਵਰਵਰਾ ਰਾਓ

ਹਸਪਤਾਲ 'ਚ ਦਾਖ਼ਲ ਹੋਣ ਵੇਲੇ ਉਸ ਨੂੰ ਆਪਣੀ ਗੰਭੀਰ ਬੀਮਾਰੀ ਦਾ ਅਹਿਸਾਸ ਸੀ। ਮੌਤ ਤੋਂ ਚਾਰ ਦਿਨ ਪਹਿਲਾਂ ਉਸ ਵੱਲੋਂ ਲਿਖੀ ਚਿੱਠੀ 'ਚ ਇਹ ਅਹਿਸਾਸ ਵੀ ਝਲਕਦਾ ਹੈ ਅਤੇ ਇਕ ਆਸ਼ਾਵਾਦ ਵੀ ਹੈ: "ਮੇਰਾ ਨਾਮ ਗੁਮਾਡੀ ਵਿਠਲ ਰਾਓ ਹੈ। ਗ਼ਦਰ ਮੇਰੇ ਗੀਤਾਂ ਦਾ ਨਾਮ ਹੈ। ਮੇਰੀ ਜ਼ਿੰਦਗੀ ਨਿਆਂ ਲਈ ਲਗਾਤਾਰ ਸੰਘਰਸ਼ ਕਰਦਿਆਂ ਗੁਜ਼ਰੀ। ਮੈਂ 74 ਸਾਲ ਦਾ ਹੋ ਗਿਆ ਹਾਂ। ਮੇਰੀ ਰੀੜ ਦੀ ਹੱਡੀ 'ਚ ਫਸੀ ਗੋਲੀ ਨੂੰ 25 ਸਾਲ ਹੋ ਗਏ। ਮੇਰਾ ਦਿਲ ਧੜਕਣੋਂ ਨਹੀਂ ਰੁਕੇਗਾ। ਪਰ ਕੁਝ ਕਾਰਨਾਂ ਕਰਕੇ ਦਿਲ ਨੂੰ ਤਕਲੀਫ਼ ਹੁੰਦੀ ਹੈ। ਹਾਲ ਹੀ ਵਿਚ ਮੈਂ ਅਪੋਲੋ ਹਸਪਤਾਲ 'ਚ ਭਰਤੀ ਹੋਇਆ। ਮੈਂ 20 ਜੁਲਾਈ ਤੋਂ ਲੈ ਕੇ ਕਈ ਤਰ੍ਹਾਂ ਦੇ ਟੈਸਟਾਂ ਅਤੇ ਇਲਾਜ 'ਚੋਂ ਗੁਜ਼ਰਿਆ। ਦਿਲ ਦੇ ਮਾਹਰ ਮੇਰੇ ਇਲਾਜ 'ਚ ਜੁਟੇ ਹੋਏ ਹਨ। ਮੈਂ ਲੋਕਾਂ ਨੂੰ ਹਾਜ਼ਰ-ਨਾਜ਼ਰ ਮੰਨਕੇ ਵਾਅਦਾ ਕਰ ਰਿਹਾ ਹਾਂ ਮੈਂ ਪੂਰੀ ਤਰ੍ਹਾਂ ਤੰਦਰੁਸਤ ਹੋ ਕੇ ਤੁਹਾਡੇ ਦਰਮਿਆਨ ਆਵਾਂਗਾ। ਇਕ ਵਾਰ ਫਿਰ ਸੱਭਿਆਚਾਰਕ ਲਹਿਰ ਸ਼ੁਰੂ ਕਰਾਂਗਾ ਅਤੇ ਲੋਕਾਂ ਦਾ ਕਰਜ਼ਾ ਲਾਹਾਂਗਾ।' ਉਸ ਨੂੰ ਇਹ ਮੌਕਾ ਨਾ ਮਿਲਿਆ ਅਤੇ ਲੋਕਾਂ ਦਾ ਕਲਾਕਾਰ ਇਸ ਅਧੂਰੇ ਸੁਪਨੇ ਦੀ ਟੀਸ ਦਿਲ 'ਚ ਲੈ ਕੇ ਚਲ ਵਸਿਆ।

ਬੇਸ਼ੱਕ ਗ਼ਦਰ ਆਖ਼ਰੀ ਸਾਲਾਂ 'ਚ ਇਨਕਲਾਬੀ ਲੋਕ ਲਹਿਰ ਤੋਂ ਨਿੱਖੜ ਗਏ। ਪਰ ਕਮਿਊਨਿਸਟ ਇਨਕਲਾਬੀ ਲਹਿਰ 'ਚ ਸੱਭਿਆਚਾਰਕ ਮੁਹਾਜ਼ ਉੱਪਰ ਉਨ੍ਹਾਂ ਦੀ ਦੇਣ ਦਾ ਕੋਈ ਸਾਨੀ ਨਹੀਂ ਹੈ। ਉਨ੍ਹਾਂ ਨੇ ਲੋਕਾਂ ਦੇ ਗੀਤ ਲੋਕ ਵੇਦਨਾ ਨੂੰ ਵਿਦ੍ਰੋਹ ਦੀ ਸਮੂਹਿਕ ਆਵਾਜ਼ ਦਾ ਰੂਪ ਦੇ ਕੇ ਮੁੜ ਉਨ੍ਹਾਂ ਦੀ ਝੋਲ਼ੀ 'ਚ ਪਾਏ। ਉਸ ਦੇ ਗੀਤਾਂ 'ਚ ਕਲਾ ਦੀ ਸਿਖ਼ਰ ਇਸ ਕਦਰ ਸੀ ਕਿ ਹੋਰ ਰਾਜਾਂ ਦੇ ਜੋ ਲੋਕ ਤੇਲਗੂ ਜ਼ੁਬਾਨ ਨਹੀਂ ਸੀ ਸਮਝਦੇ ਉਹ ਵੀ ਉਸ ਦੀ ਆਵਾਜ਼ ਦੇ ਜਾਦੂ ਤੇ ਗੀਤਾਂ ਦੀ ਲੈਅ ਉੱਪਰ ਆਪਮੁਹਾਰੇ ਨੱਚ ਉੱਠਦੇ ਸਨ। ਕਰਮਚੇਡੂ ਵਰਗੇ ਖ਼ੌਫ਼ਨਾਕ ਜਾਤਪਾਤੀ ਕਤਲੇਆਮਾਂ (1985) ਦੇ ਸਮਿਆਂ 'ਚ ਵੀ ਉਸ ਦੇ ਗੀਤਾਂ ਨੇ ਜਗੀਰੂ ਜਾਬਰਾਂ ਦੇ ਹਮਲੇ ਅੱਗੇ ਦਲਿਤਾਂ ਨੂੰ ਹਿੱਕਾਂ ਤਾਣਕੇ ਜੂਝਣ ਦਾ ਹੋਕਾ ਦਿੱਤਾ। ਜਦੋਂ ਸੱਤਾ ਦੀਆਂ ਅੱਗ ਉਗਲ਼ਦੀਆਂ ਬੰਦੂਕਾਂ ਪੁਲਿਸ ਮੁਕਾਬਲਿਆਂ 'ਚ ਇਨਕਲਾਬੀਆਂ ਦੇ ਸੱਥਰ ਵਿਛਾ ਰਹੀਆਂ ਸਨ ਉਦੋਂ ਵੀ ਰਾਜਕੀ ਦਹਿਸ਼ਤਵਾਦ ਦਾ ਜਵਾਬ ਗ਼ਦਰ ਦੇ ਗੀਤਾਂ ਨੇ ਜਾਬਰ ਪ੍ਰਬੰਧ ਨੂੰ ਹੋਰ ਗਰਜ਼ਵੀਂ ਲਲਕਾਰ ਬਣਕੇ ਦਿੱਤਾ।

ਇਹ ਅਮਿੱਟ ਪੈੜਾਂ ਪਾਉਣ ਵਾਲਾ ਗ਼ਦਰ ਅੱਜ ਭਾਵੇਂ ਜਿਸਮਾਨੀ ਤੌਰ 'ਤੇ ਨਹੀਂ ਰਿਹਾ ਪਰ ਜਿਸ ਵਿਸ਼ਾਲ ਇਨਕਲਾਬੀ ਲੋਕ ਸੱਭਿਆਚਾਰਕ ਲਹਿਰ ਨੂੰ ਉਸਾਰਨ ਲਈ ਉਸ ਨੇ ਦਿਨ-ਰਾਤ ਇਕ ਕਰ ਦਿੱਤਾ ਸੀ, ਉਹ ਮੁਲਕ ਦੇ ਜੰਗਲਾਂ-ਪਹਾੜਾਂ ਦੀਆਂ ਵਿਸ਼ਾਲ ਪੱਟੀਆਂ ਅੰਦਰ ਇਨਕਲਾਬੀ ਤਰਜ਼ੇ-ਜ਼ਿੰਦਗੀ ਦੀ ਕਾਇਆਪਲਟੀ ਕਰਨ 'ਚ ਮਸਰੂਫ਼ ਯੁਗ-ਪਲਟਾਊ ਸੱਭਿਆਚਾਰਕ ਤਾਕਤ ਬਣ ਚੁੱਕੀ ਹੈ। ਬੇਸ਼ੁਮਾਰ ਇਨਕਲਾਬੀ ਸੱਭਿਆਚਾਰਕ ਟੋਲੀਆਂ ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਵਿਸ਼ਾਲ ਖੇਤਰਾਂ ਅੰਦਰ ਸਰਗਰਮ ਹਨ ਜਿਨ੍ਹਾਂ ਦਾ ਲੋਕਾਂ ਨਾਲ ਮੱਛੀ ਤੇ ਪਾਣੀ ਵਾਲਾ ਰਿਸ਼ਤਾ ਹੈ ਅਤੇ ਜਿਨ੍ਹਾਂ ਨੇ ਯੁੱਧ ਦੇ ਮੈਦਾਨ 'ਚ ਸ਼ਹਾਦਤਾਂ ਦਾ ਸ਼ਾਨਦਾਰ ਇਤਿਹਾਸ ਸਿਰਜਿਆ ਹੈ। ਪਿਛਲੇ ਡੇਢ ਦਹਾਕੇ ਤੋਂ ਆਪਣੇ ਹੀ ਮੁਲਕ ਦੇ ਆਦਿਵਾਸੀਆਂ ਵਿਰੁੱਧ ਭਾਰਤੀ ਰਾਜ ਵੱਲੋਂ ਲੜੇ ਜਾ ਰਹੇ ਧਾੜਵੀ ਯੁੱਧ ਦੀ ਫਾਸ਼ੀਵਾਦੀ ਦਹਿਸ਼ਤ ਦੇ ਅੰਦਰ ਵੀ ਇਨਕਲਾਬੀ ਦਸਤਿਆਂ ਨਾਲ ਇਕਮਿੱਕ ਜੁਝਾਰੂ ਆਦਿਵਾਸੀਆਂ ਦੇ ਸਮੂਹਿਕ ਗਾਇਣ 'ਰੇਲਾ ਰੇ, ਰੇਲਾ ਰੇ, ਰੇਲਾ ਰੇ' ਦੀ ਗੂੰਜ ਰਾਤਾਂ ਦੇ ਹਨੇਰਿਆਂ ਦੀ ਹਿੱਕ ਚੀਰਦੀ ਸੁਣੀ ਜਾ ਸਕਦੀ ਹੈ।

ਗ਼ਦਰ ਦੀ ਹਸਤੀ ਇਸ ਸਮੂਹਿਕ ਗਾਇਣ ਤੋਂ ਵੱਖਰੀ ਨਹੀਂ ਹੈ। ਗੀਤ ਅਤੇ ਗ਼ਦਰ ਇੰਝ ਅਭੇਦ ਹਨ ਕਿ ਜਦੋਂ ਵੀ ਗੀਤ ਦੀ ਗੱਲ ਹੋਵੇਗੀ, ਗ਼ਦਰ ਦਾ ਨਾਮ ਅਤੇ ਪੇਸ਼ਕਾਰੀ ਮੁਦਰਾ 'ਚ ਉਸ ਦੀ ਤਸਵੀਰ ਆਪਮੁਹਾਰੇ ਅੱਖਾਂ ਅੱਗੇ ਆ ਜਾਇਆ ਕਰੇਗੀ।

26ਵਾਂ ਯਾਦਗਾਰੀ ਸਮਾਗਮ

# ਔਰਤ ਮੁਕਤੀ ਦਾ ਚਿੰਨ੍ਹ : ਕਿਰਨਜੀਤ ਕੌਰ ਦੀ ਯਾਦ 'ਚ

*ਜਬਰ ਜ਼ੁਲਮ ਦੇ ਖਿਲਾਫ਼ ਜਿਸ ਵੀ ਧਰਤੀ ਤੋਂ ਸੰਘਰਸ਼ ਉਭਰੇ ਹਨ ਅਤੇ ਲੋਕਾਂ ਨੇ ਲੜ ਕੇ ਜਿੱਤੇ ਹਨ ਮੁੜ ਸੰਘਰਸ਼ ਦੇ ਕਾਰਨਾਂ ਅਤੇ ਉਸ ਨਾਲ ਜੁੜੇ ਸਵਾਲ ਅਤੇ ਰਾਜਨੀਤੀ ਅਤੇ ਸਮਾਜਿਕ ਤਬਦੀਲੀ ਦੇ ਕਾਰਜ ਲਗਾਤਾਰ ਲੋਕ ਹਿਤਾਂ ਲਈ ਲੜਨ ਵਾਲੇ ਹਿੱਸਿਆਂ ਨੂੰ ਹੋਰ ਲੜਾਈਆਂ ਲਈ ਦਿਸ਼ਾ ਪ੍ਰਦਾਨ ਕਰਦੇ ਹਨ। ਇੰਝ ਦੀ ਹੀ ਇਕ ਪ੍ਰੰਪਰਾ ਮਹਿਲ ਕਲਾਂ ਖੇਤਰ ਵਿਚ ਬਣ ਗਈ ਹੈ ਜੋ ਹੁਣ ਪੰਜਾਬ ਦੇ ਸੰਘਰਸ਼ਾਂ ਦਾ ਇਤਿਹਾਸਮਈ ਕਦਮ ਬਣ ਗਿਆ ਹੈ। 'ਸਰੋਕਾਰਾਂ ਦੀ ਆਵਾਜ਼' ਇਨ੍ਹਾਂ ਆਵਾਜ਼ਾਂ ਦਾ ਹੀ ਇਕ ਹਿੱਸਾ ਹੈ। - ਸੰਪਾਦਕ*





**ਬਲਜਿੰਦਰ ਸਿੰਘ ਪਟਿਆਲਾ**

ਔਰਤ ਮੁਕਤੀ ਦਾ ਚਿੰਨ੍ਹ ਸ਼ਹੀਦ ਕਿਰਨਜੀਤ ਕੌਰ ਦਾ ਯਾਦਗਾਰੀ ਸਮਾਗਮ ਦਾਣਾ ਮੰਡੀ ਮਹਿਲਕਲਾਂ ਵਿੱਚ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਹਜਾਰਾਂ ਦੀ ਗਿਣਤੀ ਵਿੱਚ ਜੁਝਾਰੂ ਮਰਦ-ਔਰਤਾਂ, ਨੌਜਵਾਨਾਂ ਦੇ ਕਾਫਲੇ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਅਜਮੇਰ ਅਕਲੀਆਂ ਦੇ ਸ਼ਰਧਾਂਜਲੀ ਗੀਤ ਨਾਲ ਹੋਈ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਮਹਿਲਕਲਾਂ ਦੇ ਕਨਵੀਨਰ ਨਰਾਇਣ ਦੱਤ ਨੇ 26 ਸਾਲ ਤੋਂ ਮਹਿਲਕਲਾਂ-ਬਰਨਾਲਾ ਸਮੇਤ ਸਮੁੱਚੇ ਪੰਜਾਬ ਦੀ ਧਰਤੀ ਦੇ ਜੁਝਾਰੂ ਵਾਰਸਾਂ ਵੱਲੋਂ ਐਕਸ਼ਨ ਕਮੇਟੀ ਹੁਣ ਯਾਦਗਾਰ ਕਮੇਟੀ ਦੀ ਢਾਲ ਤੇ ਤਲਵਾਰ ਬਣਨ ਲਈ ਜੈ-ਜੈ ਕਾਰ ਆਖਦਿਆਂ ਇਨਕਲਾਬੀ ਸਲਾਮ ਭੇਟ ਕੀਤੀ। ਉਨ੍ਹਾਂ ਕਿਹਾ ਕਿ ਇਸ ਘੋਲ ਦੇ ਵਿਗਿਆਨ ਨੇ ਬੀਤੇ ਇਤਿਹਾਸ ਦੇ ਸੰਗਰਾਮੀ ਜੂਝ ਮਰਨ ਦੇ ਕੁਰਬਾਨੀ ਭਰੇ ਵਿਰਸੇ ਤੋਂ ਸੇਧ ਹਾਸਲ ਕਰਦਿਆਂ ਮੌਜੂਦਾ ਦੌਰ ਅੰਦਰ ਵੱਡੀਆਂ ਚੁਣੌਤੀਆਂ ਦਾ ਟਾਕਰਾ ਕਰਦਿਆਂ ਜਬਰ ਅਤੇ ਟਾਕਰੇ ਦੀ ਵਿਰਾਸਤ ਰਾਹੀਂ ਆਪਣੇ ਹੱਥੀਂ ਇਤਿਹਾਸਕ ਜਿੱਤਾਂ ਜਿੱਤਣ ਨਵੀਂ ਮਿਸਾਲ ਕਾਇਮ ਕੀਤੀ ਹੈ। ਇਸ ਸਮੇਂ ਵਿਸ਼ੇਸ਼ ਤੌਰਤੇ ਸਮਾਗਮ ਵਿੱਚ ਸ਼ਾਮਲ ਹੋਈ ਔਰਤ ਹੱਕਾਂ ਸਮੇਤ ਸਮਾਜਿਕ ਸਰੋਕਾਰਾਂ ਉੱਪਰ ਖੋਜ ਭਰਪੂਰ ਕੰਮ ਕਰਨ ਵਾਲੀ ਭਾਅ ਜੀ ਗੁਰਸ਼ਰਨ ਸਿੰਘ ਦੀ ਬੇਟੀ ਡਾ. ਨਵਸ਼ਰਨ ਨੇ ਸ਼ਹੀਦ ਕਿਰਨਜੀਤ ਦੀ ਸ਼ਹਾਦਤ ਤੋਂ ਪ੍ਰੇਰਨਾ ਹਾਸਲ ਕਰਕੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦੀਆਂ ਔਰਤਾਂ ਨੂੰ ਮਹਿਲਕਲਾਂ ਲੋਕ ਘੋਲ ਤੋਂ ਚੇਤਨਾ ਦੀ ਲੋਅ ਹਾਸਲ ਕਰਕੇ ਸੰਘਰਸ਼ਾਂ ਦਾ ਅਹਿਮ ਹਿੱਸਾ ਬਨਣ ਲਈ ਸੰਗਰਾਮੀ ਮੁਬਾਰਕ ਦਿੱਤੀ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨ੍ਹਾਂ ਦੋਸ਼ੀਆਂ ਨੂੰ ਮਿਸਾਲੀ ਸਜਾਵਾਂ ਦਿਵਾਉਣ, ਮਹਿਲਕਲਾਂ ਐਕਸ਼ਨ ਕਮੇਟੀ ਦੇ ਇੱਕ ਅਹਿਮ ਆਗੂ ਦੀ ਸਜਾ ਰੱਦ ਕਰਾਉਣਾ ਸੰਭਵ ਹੀ ਨਹੀਂ ਸੀ। ਪਰ ਅੱਜ ਵੀ ਮਨੀਪੁਰ ਅੰਦਰ ਵਾਪਰੀਆਂ ਸ਼ਰਮਨਾਕ ਘਟਨਾਵਾਂ ਨੇ ਵੱਡੇ ਸਵਾਲ ਖੜੇ ਕੀਤੇ ਹਨ। ਮਨੂੰ ਵਾਦੀ ਮੋਦੀ ਹਕੂਮਤ ਦੀ ਸ਼ਹਿਤੇ ਹਜੂਮੀ ਹਿੰਸਾ ਵੱਲੋਂ ਔਰਤਾਂ ਨੂੰ ਜਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਦੋ ਔਰਤਾਂ ਨੂੰ ਸ਼ਰੇਆਮ ਨਿਰਵਸਤਰ ਕਰਕੇ ਘੁਮਾਉਣ ਤੋਂ ਬਾਅਦ ਮਨੀਪੁਰ ਦੇ ਮੁੱਖ ਮੰਤਰੀ ਸਮੇਤ ਬੀਜੇਪੀ ਲਾਣਾ ਸਾਜਿਸ਼ੀ ਚੁੱਪ ਧਾਰੀ ਬੈਠਾ ਹੈ। ਜਿਸ ਤੋਂ ਹਾਕਮਾਂ ਦੀ ਔਰਤਾਂ ਵਿਰੋਧੀ ਮਾਨਸਿਕਤਾ ਜੱਗ ਜਾਹਰ ਹੁੰਦੀ ਹੈ। ਇਸ ਸਮੇਂ ਖੋਜਾਰਥੀ ਅਤੇ ਜਮਹੂਰੀ ਲਹਿਰ ਦੀ ਕਾਰਕਨਾਂ ਨਤਾਸ਼ਾ ਨਰਵਾਲ ਅਤੇ ਦਿਵਿਆਂਗਨਾ ਕਲਿਤਾ ਨੇ ਕਿਹਾ ਕਿ ਔਰਤਾਂ ਉੱਤੇ ਜਬਰ ਦਾ ਜਿੰਮੇਵਾਰ ਲੁਟੇਰਾ ਅਤੇ ਜਾਬਰ ਰਾਜ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਔਰਤਾਂ ਦੀ ਮੁਕਤੀ ਸੰਭਵ ਵੀ ਨਹੀਂ ਹੈ। ਇਸ ਲਈ ਔਰਤਾਂ ਨੂੰ ਚੇਤੰਨ ਅਗਵਾਈ ਅਧੀਨ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣਾ ਹੋਵੇਗਾ। ਇਨਕਲਾਬੀ ਕੇਂਦਰ, ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਕਿਹਾ ਕਿ ਭਾਵੇਂ ਅਸੀਂ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਖਿਲਾਫ ਵੱਡੀ ਕੜਾਈ ਜਿੱਤ ਲਈ ਹੈ। ਪਰ ਇਹ ਅੰਤਿਮ ਜਿੱਤ ਨਹੀ ਹੈ। ਅੱਜ ਵੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ 37% ਨੁਮਾਇੰਦਿਆਂ ਦਾ ਅਪਰਾਧਿਕ ਪਿਛੋਕੜ ਹੈ। ਇਸੇ ਕਰਕੇ ਔਰਤਾਂ ਉੱਪਰ ਜਬਰ ਜੁਲਮ ਲਗਾਤਾਰ ਵਧ ਰਿਹਾ ਹੈ। ਅਜਿਹੀ ਹਾਲਤ ਵਿੱਚ ਅਸੀਂ ਆਸ ਨਹੀਂ ਕਰ ਸਕਦੇ ਕਿ ਇਹ ਲੋਕ ਔਰਤਾਂ ਉੱਤੇ ਜਬਰ ਨੂੰ ਰੋਕਣਗੇ। ਭਾਰਤੀ ਮਾਰਕਸਵਾਦੀ ਇਨਕਲਾਬੀ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਮਹਿਲਕਲਾਂ ਦੀ ਧਰਤੀ ਦੇ ਵਾਰਸਾਂ ਵੱਲੋਂ ਸ਼ੁਰੂ ਕੀਤੀ ਸਾਂਝੇ ਸੰਘਰਸ਼ਾਂ ਦੀ ਵਿਰਾਸਤ ਦੀ ਗੂੰਜ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਵੀ ਗੂੰਜਦੀ ਰਹੀ ਹੈ। ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੋਕ ਵਿਰੋਧੀ ਨੀਤੀ ਦੀ ਚੀਰਫਾੜ ਕਰਦਿਆਂ ਕਿਹਾ ਕਿ ਰਾਜ ਗੱਦੀ ਉੱਪਰ ਕਾਬਜ ਹਾਕਮ ਮੁਲਕ ਦੇ ਜਲ, ਜੰਗਲ, ਜ਼ਮੀਨ ਸਮੇਤ ਮੁਲਕ ਦੇ ਕੁਦਰਤੀ ਸ੍ਰੋਤ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਹਨ। ਮੋਦੀ ਹਕੂਮਤ ਦੀ ਇਸ ਲੋਕ ਵਿਰੋਧੀ ਨੀਤੀ ਨੂੰ ਪੁੱਠਾ ਗੇੜਾ ਦੇਣ ਲਈ ਮਹਿਲਕਲਾਂ ਵਰਗੇ ਸਾਂਝੇ ਲੋਕ ਸੰਘਰਸ਼ਾਂ ਦੀ ਵਿਰਾਸਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਭਾਰਤੀ ਕਿਸਾਨ ਯੂਨੀਅਤ ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀ ਜਾ ਰਹੀ ਕਿਸਾਨ-ਲੋਕ ਵਿਰੋਧੀ ਨੀਤੀ ਖਿਲਾਫ ਮਹਿਲਕਲਾਂ ਦੀ ਲੋਕ ਸ਼ਕਤੀ ਤੋਂ ਪ੍ਰੇਰਨਾ ਹਾਸਲ ਕਰਕੇ ਸਾਂਝੇ ਇੱਕਜੁੱਟ ਸੰਘਰਸ਼ ਦੀ ਲੋੜ ਤੇ ਜੋਰ ਦਿੱਤਾ ਮੋਦੀ ਹਕੂਮਤ ਵੱਡੇ ਕਾਰਪੋਰੇਟ ਘਰਾਣਿਆਂ ਪੇਂਡੂ ਸੱਭਿਆਚਾਰ ਨੂੰ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਵਾਅਦਿਆਂ ਦੀ ਝੜੀ ਲਗਾਕੇ ਸੱਤਾ ਉੱਪਰ ਕਾਬਜ ਹੋਈ ਸੀ। ਪਰ ਅੱਜ ਤੱਕ ਖੇਤੀ ਨੀਤੀ ਤਾਂ ਕੀ ਲਾਗੂ ਕਰਨੀ ਸੀ। ਉਲਟਾ ਬਹੁਕੌਮੀ ਬੋਸਟਨ ਕੰਸਲਟਿੰਗ ਗਰੁੱਪ ਨੂੰ 5.65 ਕਰੋੜ ਰੁ. ਵਿੱਚ ਠੇਕਾ ਦੇ ਦਿੱਤਾ ਹੈ। ਐਕਸ਼ਨ ਕਮੇਟੀ ਮਹਿਲਕਲਾਂ ਦੇ ਮਰਹੂਮ ਕਨਵੀਨਰ ਭਗਵੰਤ ਸਿੰਘ ਮਹਿਲਕਲਾਂ ਦੀ ਜੀਵਨ ਸਾਥਣ ਪ੍ਰੇਮਪਾਲ ਕੌਰ ਨੇ ਸ਼ਹੀਦ ਕਿਰਨਜੀਤ ਕੌਰ ਦੀ ਜੂਝ ਮਰਨ ਦੀ ਭਾਵਨਾ ਨੂੰ ਅਮਰ ਕਰਾਰ ਦਿੱਤਾ। ਅੱਧ ਸੰਸਾਰ ਦੀਆਂ ਮਾਲਕ ਭੈਣਾਂ ਜਿਨ੍ਹਾਂ ਨੂੰ ਮਹਿਲਕਲਾਂ ਦੀ ਧਰਤੀ ਨੇ ਜਥੇਬੰਦ ਹੋਣ, ਸੰਘਰਸ਼ ਕਰਨ ਤੋਂ ਅੱਗੇ ਔਰਤ ਦੀ ਮੁਕੰਮਲ ਮੁਕਤੀ ਵਾਲਾ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣ ਦੀ ਲੋੜਤੇ ਜੋਰ ਦਿੱਤਾ। ਤਿਆਰੀ ਮੁਹਿੰਮ ਵੱਲੋਂ ਡੀਟੀਐੱਫ ਆਗੂ ਨਿਰਮਲ ਸਿੰਘ ਚੁਹਾਣਕੇ ਨੇ ਬਰਨਾਲਾ-ਇਲਾਕੇ ਦੀ ਵਿਉਂਤਬੱਧ ਪ੍ਰਚਾਰ ਮੁਹਿੰਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਹਰ ਪਿੰਡ, ਹਰ ਗਲੀ, ਹਰ ਮੁਹੱਲੇ, ਹਰ ਵਿੱਦਿਅਕ ਅਦਾਰੇ ਸਕੂਲਾਂ/ਕਾਲਜਾਂ ਵਿੱਚੋਂ ਮਹਿਲਕਲਾਂ ਲੋਕ ਘੋਲ ਦੇ 26 ਵੇਂ ਯਾਦਗਾਰੀ ਸਮਾਗਮ ਨੂੰ ਭਰਪੂਰ ਸਮਰਥਨ ਦੇਣ ਲਈ ਧੰਨਵਾਦ ਕੀਤਾ। ਸਮੁੱਚੇ ਜੁਝਾਰੂ ਕਾਫਲਿਆਂ ਲਈ ਲੰਗਰ ਦਾ ਪ੍ਰਬੰਧ ਭਾਕਿਯੂ ਏਕਤਾ ਡਕੌਂਦਾ ਦੇ ਆਗੂਆਂ ਗੁਰਦੇਵ ਮਾਂਗੇਵਾਲ, ਜਗਰਾਜ ਹਰਦਾਸਪੁਰਾ,ਨਾਨਕ ਸਿੰਘ ਅਮਲਾ ਸਿੰਘ ਵਾਲਾ, ਬਾਬੂ ਸਿੰਘ ਖੁੱਡੀ ਕਲਾਂ ਅਤੇ ਅਮਨਦੀਪ ਸਿੰਘ ਰਾਇਸਰ ਵੱਲੋਂ ਐਕਸ਼ਨ ਕਮਟੀ ਮੈਂਬਰ ਗੁਰਦੇਵ ਸਿੰਘ ਮਹਿਲ ਖੁਰਦ ਦੀ ਦੇਖਰੇਖ ਹੇਠ ਚਲਾਇਆ ਗਿਆ। ਵਲੰਟੀਅਰਾਂ ਦੀ ਜਿੰਮੇਵਾਰੀ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ ਅਤੇ ਕੁਲਵੀਰ ਔਲਖ ਦੀ ਅਗਵਾਈ ਵਿੱਚ ਟੀ.ਐੱਸ.ਯੂ ਦੇ ਸਾਥੀਆਂ ਨੇ ਅਮਰਜੀਤ ਕੁੱਕੂ ਦੀ ਦੇਖ-ਰੇਖ ਹੇਠ ਬਾਖ਼ੂਬੀ ਨਿਭਾਈ। ਜਗਰਾਜ ਹਰਦਾਸਪੁਰਾ ਨੇ 25 ਸਾਲ ਦੀ ਸਾਂਝੇ ਸੰਘਰਸ਼ਾਂ ਦੀ ਲਟ-ਲਟ ਕਰਕੇ ਬਲ ਰਹੀ ਮਸ਼ਾਲ ਨੂੰ ਹੋਰ ਵੱਧ ਚੇਤੰਨ ਸਰਗਰਮੀ ਰਾਹੀਂ ਲਗਾਤਾਰ ਜਾਰੀ ਰੱਖਣ ਦੀ ਲੋੜਤੇ ਜੋਰ ਦਿੱਤਾ। ਲੋਕ ਪੱਖੀ ਸਾਹਿਤ ਦੀਆਂ ਸਟਾਲਾਂ ਦਾ ਲੰਗਰ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਸਟੇਜ ਕਮੇਟੀ ਦੀ ਸਮੁੱਚੀ ਵਿਉਂਤਬੰਦੀ ਮਨਜੀਤ ਧਨੇਰ ਅਤੇ ਮਲਕੀਤ ਸਿੰਘ ਵਜੀਦਕੇ ਦੀ ਸੁੱਚੱਜੀ ਦੇਖ-ਰੇਖ ਹੇਠ ਚਲਾਉਂਦਿਆਂ ਗੁਰਮੀਤ ਸੁਖਪੁਰ ਨੇ ਸਟੇਜ ਦੇ ਫਰਜ ਅਦਾ ਕੀਤੇ। ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਦੀਆਂ ਪ੍ਰਵਾਸੀ ਮਜਦੂਰ ਨੌਜਵਾਨ ਧੀਆਂ ਨੇ ਉੱਠ ਨੀਂ ਕੁੜੀਏ, ਉੱਠ ਨੀਂ ਚਿੜੀਏ ਚੀਕ ਚਿਹਾੜਾ ਪਾ, ਜਿਹੜਾ ਤੇਰੇ ਰਾਹ ਨੂੰ ਰੋਕੇ, ਓਸੇ ਕੰਧ ਨੂੰ ਢਾਹ ਖੂਬਸੂਰਤ ਅੰਦਾਜ ਵਿੱਚ ਵਿੰਦਰ ਠੀਕਰੀਵਾਲਾ ਦੀ ਨਿਰਦੇਸ਼ਨਾ ਹੇਠ ਪੇਸ਼ ਕਰਕੇ ਨਵਾਂ ਜੋਸ਼ ਭਰ ਦਿੱਤਾ ਅਤੇ ਸਾਰਥਿਕ ਸੁਨੇਹਾ ਦਿੱਤਾ। ਇਸ ਸਮੇਂ ਗੁਰਦੀਪ ਸਿੰਘ ਰਾਮਪੁਰਾ, ਅੰਮ੍ਰਿਤਪਾਲ ਕੌਰ, ਅਮਰਜੀਤ ਕੌਰ, ਕੁਲਵੰਤ ਭਦੌੜ, ਸਾਹਿਬ ਸਿੰਘ ਬਡਬਰ, ਬਲਵੰਤ ਸਿੰਘ ਉਪਲੀ, ਅੰਗਰੇਜ ਸਿੰਘ ਮੁਹਾਲੀ, ਗੁਰਮੇਲ ਠੁੱਲੀਵਾਲ, ਨਿਰਮਲ ਚੁਹਾਣਕੇ, ਪਿਸ਼ੌਰਾ ਸਿੰਘ, ਪਰਮਜੀਤ ਕੌਰ ਜੋਧਪੁਰ, ਰਜਿੰਦਰਪਾਲ, ਸੁਖਵਿੰਦਰ ਸਿੰਘ, ਕਰਮਜੀਤ ਬੀਹਲਾ, ਖੁਸ਼ਮੰਦਰਪਾਲ, ਮਹਿਮਾ ਸਿੰਘ, ਹਰਪ੍ਰੀਤ ਸਿੰਘ, ਜਗਮੀਤ ਬੱਲਮਗੜ੍ਹ, ਡਾ. ਅਮਰਜੀਤ ਸਿੰਘ ਕਾਲਸਾਂ, ਡਾ. ਕੇਸਰ ਖਾਨ, ਡਾ. ਦਰਵਾਰ ਸਿੰਘ, ਡਾ ਜਸਵੰਤ ਸਿੰਘ, ਡਾ. ਨਿਰਭੈ ਸਿੰਘ, ਡਾ. ਬਾਰੂ ਮੁਹੰਮਦ ਤੋਂ ਇਲਾਵਾ ਬਹੁਤ ਸਾਰੇ ਆਗੂ ਵੀ ਹਾਜਰ ਸਨ।

**ਮਤੇ**

**ਔਰਤਾਂ ਉੱਤੇ ਵਧ ਰਹੇ ਜਬਰ ਨੂੰ ਗੰਭੀਰਤਾ ਨਾਲ ਲੈਂਦਿਆਂ, ਇਸ ਜਬਰ ਤੋਂ ਮੁਕੰਮਲ ਮੁਕਤੀ ਲਈ ਨਵਾਂ ਸਮਾਜ ਸਿਰਜਣ ਲਈ ਸੰਘਰਸ਼ ਜਾਰੀ ਰੱਖਣ, ਮੋਦੀ ਹਕੂਮਤ ਵੱਲੋਂ ਸਮੁੱਚੇ ਮੁਲਕ ਨੂੰ ਭਰਾ ਮਾਰ ਜੰਗ ਦੀ ਭੱਠੀ ਵਿੱਚ ਝੋਕਣ ਤੋਂ ਰੋਕਣ ਲਈ ਮਹਿਲਕਲਾਂ ਦੇ ਸਾਂਝੇ ਲੋਕ ਘੋਲ ਦੀ ਤਰਜ਼ ਤੇ ਥਾਂ-ਥਾਂ ਸਾਂਝੀਆਂ ਕਮੇਟੀਆਂ ਬਨਾਉਣ, ਆਰ.ਐੱਸ.ਐੱਸ ਦੀ ਅਗਵਾਈ ਵਾਲੀ ਮੋਦੀ ਹਕੂਮਤ ਵੱਲੋਂ ਨਾਜੀ ਹਿਟਲਰ ਅਤੇ ਮੁਸੋਲੀਨੀ ਦੀ ਤਰਜ਼ ਤੇ ਬੋਲੇ ਹੋਏ ਫ਼ਿਰਕੂ ਫਾਸ਼ੀ ਹੱਲੇ ਦੀ ਬੋਲੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ, ਭਗਵਾਧਾਰੀ ਆਰ.ਐੱਸ.ਐੱਸ ਵੱਲੋਂ ਘੱਟ ਗਿਣਤੀਆਂ (ਮੁਸਲਿਮ, ਸਿੱਖ, ਇਸਾਈ ਅਤੇ ਹੋਰ) ਅਤੇ ਦਲਿਤਾਂ ਨੂੰ ਦਬਾਉਣ ਕੁਚਲਣ, ਬੁਲਡੋਜਰੀ ਮੁਹਿੰਮ ਰਾਹੀਂ ਘਰ ਘਾਟ ਢਾਹ ਢਾਹੁਣ ਦੀ ਸਖਤ ਸ਼ਬਦਾਂ, ਮੋਦੀ ਹਕੂਮਤ ਵੱਲੋਂ ਆਰਥਿਕ ਸੁਧਾਰਾਂ ਦੇ ਨਾਂ ਹੇਠ ਜਨਤਕ ਖੇਤਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੱਡੇ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਨ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਲੋਕ ਵਿਰੋਧੀ ਨੀਤੀ ਵਾਪਸ ਲੈਣ, ਮੋਦੀ ਹਕੂਮਤ ਵਿਰੁੱਧ ਲਿਖਣ ਬੋਲਣ ਵਾਲੇ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਵਕੀਲ਼ਾਂ, ਲੇਖਕਾਂ, ਕਲਾਕਾਰਾਂ, ਪੱਤਰਕਾਰਾਂ ਨੂੰ ਸਾਲਾਂਬੱਧੀ ਸਮੇਂ ਦੇਸ਼ ਧ੍ਰੋਹ ਜਿਹੇ ਸੰਗੀਨ ਮੁਕੱਦਮਿਆਂ ਵਿੱਚ ਜੇਲ੍ਹੀਂ ਡੱਕਣ ਦੀ ਸਖ਼ਤ ਨਿਖੇਧੀ ਕਰਨ, ਸਜ਼ਾ ਪੂਰੀ ਕਰ ਚੁੱਕੇ ਸਾਰੇ ਸਿੱਖ ਕੈਦੀਆਂ ਅਤੇ ਸਿਆਸੀ ਕੈਦੀਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਨ, ਵਧ ਰਹੀ ਮਹਿੰਗਾਈ ਨੂੰ ਨੱਥ ਪਾਉਣ, ਕੇਂਦਰੀ ਅਤੇ ਸੂਬਾਈ ਸਰਕਾਰਾਂ ਦੀਆਂ ਰੁਜ਼ਗਾਰ ਰਹਿਤ ਸਨਅਤੀਕਰਨ ਕਰਕੇ 45 ਸਾਲਾਂ ਦੇ ਸਭ ਤੋਂ ਉੱਚੀ ਦਰ ਰਾਹੀਂ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸ ਰਹੇ ਬੇਰੁਜਗਾਰਾਂ ਨੂੰ ਰੁਜਗਾਰ ਦੇਣ, ਦਸ-ਦਸ ਸਾਲ ਤੋਂ ਵੀ ਵੱਧ ਸਮੇਂ ਤੋਂ ਵੱਖ-ਵੱਖ ਅਦਾਰਿਆਂ ਵਿੱਚ ਨਿਗੂਣੀਆਂ ਉਜਰਤਾਂ ਉੱਤੇ ਕੰਮ ਕਰਦੇ ਠੇਕੇਦਾਰੀ/ਆਊਟਸੋਰਸ ਕਾਮਿਆਂ ਨੂੰ ਬਿਨ੍ਹਾਂ ਸ਼ਰਤ ਤੁਰੰਤ ਰੈਗੂਲਰ ਕਰਨ, ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਵਾਪਿਸ ਲੈਣ, ਪਿੰਡ ਕੁੱਲਰੀਆਂ (ਮਾਨਸਾ) ਦੇ 60 ਸਾਲ ਤੋਂ ਵੀ ਵੱਧ ਸਮੇਂ ਤੋਂ ਕਾਬਜ਼ ਅਬਾਦਕਾਰ ਕਿਸਾਨਾਂ ਨੂੰ ਜਬਰ ਉਜਾੜਨਾ ਬੰਦ ਕਰਨ ਅਤੇ ਭਾਕਿਯੂ ਏਕਤਾ ਡਕੌਂਦਾ ਦੇ ਆਗੂਆਂ ਖਿਲ਼ਾਫ ਪੁਲਿਸ ਵੱਲੋਂ ਦਰਜ ਕੇਸ ਦੀ ਨਿਖੇਧੀ ਕਰਦਿਆਂ, ਅਬਾਦਕਾਰ ਕਿਸਾਨਾਂ ਦੇ ਸੰਘਰਸ਼ ਨਾਲ ਇੱਕਮੁੱਠਤਾ ਦਾ ਪ੍ਰਗਟਾਈ, ਫਸਲਾਂ ਤੋਂ ਬਾਅਦ ਨਸਲਾਂ ਬਚਾਉਣ ਲਈ ਨਸ਼ਿਆਂ ਖਿਲ਼ਾਫ ਲੜ੍ਹਾਈ ਜਾਰੀ ਰੱਖਣ ਦਾ ਐਲਾਨ ਕਰਨ, ਨਵਾਂ ਜੰਗਲ ਕਾਨੂੰਨ ਰੱਦ ਕਰਨ, ਪੰਜਾਬ ਵਿੱਚ ਕਿਸਾਨ, ਕੁਦਰਤ, ਸਮਾਜ ਪੱਖੀ ਖੇਤੀ ਨੀਤੀ ਜਲਦ ਤਿਆਰ ਆਦਿ ਮਤੇ ਅਕਾਸ਼ ਗੁੰਜਾਊ ਨਾਹਰਿਆਂ ਨਾਲ ਪਾਸ ਕੀਤੇ ਗਏ।**


**ਅਧਿਆਪਕ ਆਗੂ, ਪਲਸ ਮੰਚ ਦੇ ਸੂਬਾ ਆਗੂ, ਨਾਟਕਕਾਰ ਅਤੇ ਲੋਕ ਪੱਖੀ ਸਾਹਿਤ ਨੂੰ ਲੋਕਾਂ ਮਨਾਂ ਦਾ ਹਿੱਸਾ ਬਨਾਉਣ ਵਾਲੇ ਸਾਥੀ ਤਰਲੋਚਨ ਸਮਾਰਾਲਾ ਅਤੇ ਬੁੱਧੀਜੀਲੀ ਸਾਹਿਤਕਾਰ ਹਰਭਜਨ ਹੁੰਦਲ ਦੇ ਬੇਵਕਤੀ ਵਿਛੋੜੇ ਨੂੰ ਵੱਡਾ ਘਾਟਾ ਕਰਾਰ ਦਿੰਦਿਆਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।**

# ਨੌਵੀ ਸ਼੍ਰੇਣੀ ਦੀ ਕਿਤਾਬ ਵਿਚ ਛਪੇ ਲੇਖ ਨੂੰ ਬਦਲਣ ਦੀ ਮੰਗ

ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂਆਂ ਨੇ ਮੀਟਿੰਗ ਕਰਕੇ ਸਰਕਾਰ ਤੋ ਮੰਗ ਕੀਤੀ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਨੌਵੀਂ ਸ਼੍ਰੇਣੀ ਦੀ ਅੰਗਰੇਜ਼ੀ ਪੁਸਤਕ 'Main Course Book' ਵਿਚ ਛਪੇ ਸ਼ਹੀਦ ਊਧਮ ਸਿੰਘ ਬਾਰੇ ਲੇਖ ਪ੍ਰਮਾਨਿਤ ਤੱਥਾਂ ਤੇ ਅਧਾਰਤ ਨਾ ਹੋਣ ਕਰਕੇ ਇਸ ਨੂੰ ਬਦਲਿਆ ਜਾਵੇ।

ਮੰਚ ਦੇ ਆਗੂਆਂ ਨੇ ਕਿਹਾ ਕਿ ਬੱਚੇ ਸ਼ਹੀਦ ਊਧਮ ਸਿੰਘ ਜੀ ਦੀ ਜਿੰਦਗੀ ਬਾਰੇ ਗਲਤ ਹੀ ਪੜ੍ਹੀ ਜਾ ਰਹੇ ਨੇ ਜਿਹੜਾ ਠੀਕ ਨਹੀਂ। ਇਸ ਲੇਖ ਵਿਚ ਜਿਹੜਾ ਲਿਖਿਆ ਹੈ ਕਿ ਉਹਨਾਂ ਨੇ ਜਲ੍ਹਿਆਂਵਾਲੇ ਬਾਗ਼ ਦਾ ਬਦਲਾ ਲਿਆ, ਜਲ੍ਹਿਆਂਵਾਲੇ ਬਾਗ਼ ਦੇ ਕਤਲੇਆਮ ਲਈ ਮਾਈਕਲ ਉਡਵਾਇਰ ਦੋਸ਼ੀ ਸੀ, ਸ਼ਹੀਦ ਊਧਮ ਸਿੰਘ ਨੂੰ 30 ਜੁਲਾਈ ਨੂੰ ਫਾਂਸੀ ਦਿੱਤੀ ਗਈ, ਉਸ ਦਾ ਜਨਮ 18 ਦਸੰਬਰ ਨੂੰ ਹੋਇਆ, ਪੰਜ ਵਾਰ ਜੇਲ੍ਹ ਗਿਆ, 1937 ਵਿਚ ਇੰਗਲੈਂਡ ਗਿਆ, ਲੰਡਨ ਵਿਚ ਸਿਰਫ ਮਾਇਕਲ ਉਡਵਾਇਰ ਨੂੰ ਮਾਰਨ ਦਾ ਜ਼ਿਕਰ ਆਦਿ ਇਤਿਹਾਸਕ ਤੱਥਾਂ ਤੋ ਦੂਰ ਹੈ। ਸਹੀ ਤੱਥ ਹੋਰ ਨੇ। ਲੇਖ ਵਿਚ ਛਪੀ ਫੋਟੋ ਵੀ ਉਹਨਾਂ ਦੀ ਸ਼ਕਲ ਨਾਲ ਨਹੀ ਮਿਲਦੀ।

ਇਸ ਲੇਖ ਵਿਚ ਸ਼ਹੀਦ ਊਧਮ ਸਿੰਘ ਦੇ ਗ਼ਦਰ ਪਾਰਟੀ ਨਾਲ ਸਬੰਧ ਹੋਣ ਦੇ, ਚਿੱਠੀਆਂ ਵਿਚ ਭਗਤ ਸਿੰਘ ਨੂੰ ਦੋਸਤ ਦੱਸਣ ਦੇ ਅਦਾਲਤ ਵਿੱਚ ਲੈਕੇ ਗਏ ਅੱਠ ਪੇਜਾਂ ਜਿਸ ਵਿਚ ਉਸ ਨੇ ਦੇਸ਼ ਨੂੰ ਅਜ਼ਾਦ ਦੇਖਣ ਦੀ ਗੱਲ ਕੀਤੀ ਹੈ। ਮਜ਼ਦੂਰਾਂ ਕਿਸਾਨਾਂ ਦੀ ਗੱਲ ਕੀਤੀ ਹੈ, ਵਿੱਦਿਆ ਪ੍ਰਸਾਰ ਦੀ ਗੱਲ ਕੀਤੀ ਹੈ, ਅੰਗਰੇਜ਼ੀ ਜ਼ੁਲਮਾਂ ਦੀ ਗੱਲ ਕੀਤੀ ਹੈ ਬ੍ਰਿਟਿਸ਼ ਸਾਮਰਾਜੀ ਲੁੱਟ ਬਾਰੇ ਆਦਿ ਜ਼ਿਕਰ ਹੀ ਨਹੀ ਹੈ।




ਮੰਚ ਕੋਲ ਉਹਨਾਂ ਦੀ ਜ਼ਿੰਦਗੀ ਦੇ ਸਹੀ ਪ੍ਰਮਾਨਿਤ ਇਤਿਹਾਸਕ ਤੱਥ ਹਨ। ਸਾਡੇ ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਜੋ 17 ਕਿਤਾਬਾਂ ਦੇ ਲੇਖਕ ਨੇ ਉਨ੍ਹਾਂ ਨੇ ਸ਼ਹੀਦ ਊਧਮ ਸਿੰਘ ਜੀ ਦੀ ਜ਼ਿੰਦਗੀ ਬਾਰੇ ਖੋਜ ਕਰਕੇ ਪੰਜ ਕਿਤਾਬਾਂ ਲਿਖੀਆਂ ਨੇ।



ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਚਾਹੁੰਦਾ ਹੈ ਕਿ ਸਿੱਖਿਆ ਵਿਭਾਗ ਫੋਰੀ ਇਸ ਗੱਲਤ ਤੱਥਾਂ ਵਾਲੇ ਲੇਖ ਨੂੰ ਬਦਲੇ ਤੇ ਉਹਨਾਂ ਦੀ ਸਹੀ ਜ਼ਿੰਦਗੀ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾਵੇ ਜਿਸ ਕਰਕੇ ਉਹਨਾਂ ਨੇ ਆਪਣੀ ਅਨਮੋਲ ਜ਼ਿੰਦਗੀ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕੀਤੀ।

ਮੰਚ ਵੱਲੋ ਇਸ ਲੇਖ ਨੂੰ ਬਦਲਣ ਸੰਬੰਧੀ ਪੱਤਰ ਮੁੱਖ ਮੰਤਰੀ, ਸਿਖਿਆ ਮੰਤਰੀ ਤੇ ਸਿਖਿਆ ਬੋਰਡ ਦੇ ਅਧਿਕਾਰੀਆਂ ਨੂੰ ਵੀ ਲਿਖਿਆ ਹੈ।

**ਦਾਤਾ ਸਿੰਘ (ਪ੍ਰੈਸ ਸਕੱਤਰ)**
**ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ**

# ਪਾਸ਼ : ਲੜਨ ਵਾਲੇ ਹਿੱਸਿਆਂ ਦੀ ਪ੍ਰਤੀਨਿਧਤਾ ਸ਼ਬਦਾਂ ਅਤੇ ਕਲਮਾਂ ਨਾਲ ਕਰਨ ਦੀ ਦ੍ਰਿਸ਼ਟੀ ਪ੍ਰਦਾਨ ਕਰਨਾ ਸਾਡਾ ਫਰਜ਼ ਅਤੇ ਨਿਸ਼ਚਾ

**ਮੋਹਨ ਗਿੱਲ**

**ਖੇਤਾਂ ਦਾ ਪੁੱਤ : ਪਾਸ਼ (ਸੰਪਾਦਕ: ਡਾ. ਸੁਰਿੰਦਰ ਧੰਜਲ) ਪੁਸਤਕ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੀ ਸੋਲ੍ਹਵੀਂ ਪ੍ਰਕਾਸ਼ਨਾ ਹੈ। ਇਸ ਪੁਸਤਕ ਵਿਚ ਪਾਸ਼ ਦੀਆਂ ਕਿਰਤੀ-ਕਿਸਾਨਾਂ ਬਾਰੇ ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ।**

ਪਾਸ਼ ਦੀ ਸ਼ਾਇਰੀ ਅੰਬਰ ਦੀ ਨਹੀਂ, ਧਰਤੀ ਦੀ ਸ਼ਾਇਰੀ ਹੈ। ਉਸ ਦੀ ਸ਼ਾਇਰੀ ਵਿਚ ਇਸ ਧਰਤੀ 'ਤੇ ਵਸਦੇ ਹਰ ਵਸਨੀਕ ਦੇ ਸੰਘਰਸ਼, ਦੁੱਖ, ਭੁੱਖ ਦੇ ਨਾਲ ਨਾਲ ਸਮੇਂ ਦੀ ਕਾਬਜ਼ ਜਮਾਤ ਨੂੰ ਚਣੌਤੀ ਵੀ ਹੈ। ਉਹ ਇਕ ਆਮ ਵਿਅਕਤੀ ਦੇ ਸੁਫਨਿਆਂ ਦਾ ਮਰਨਾ ਨਹੀਂ, ਸਗੋਂ ਸਾਕਾਰ ਹੋਣਾ ਲੋਚਦਾ ਹੈ।

ਉਹ ਬਲ਼ਦਾਂ ਦੀ ਪਿੱਠ ਉੱਤੇ ਉੱਭਰੀਆਂ ਪਰਾਣੀਆਂ ਦੀਆਂ ਲਾਸਾਂ ਜਾਂ ਖੇਤਾਂ ਦੇ ਜਸ਼ਨ ਦੇ ਕਤਲ ਦੀ ਥਾਂ 'ਤੇ "ਅਲਸੀ ਦੇ ਫੁੱਲਾਂ ਦਾ ਰੁਮਕਦਾ ਹਾਸਾ, ਖੇਤਾਂ ਦਾ ਹੁਸਨ, ਸਿੱਟਿਆਂ ਦਾ ਤਾਜ, ਤ੍ਰੇਲ ਮਲ਼ ਮਲ਼ ਕੇ ਪਿੰਡਾ ਕੂਚਦੀ ਕਣਕ, ਕਣਕ ਦੇ ਮੁੱਖ 'ਤੇ ਆਉਂਦੀ ਸੰਗ, ਰਾਤੀਂ ਸੁੱਤੇ ਬ੍ਰਿਖਾਂ ਨੂੰ ਚੁੰਮਦਾ ਚੰਦ, ਧਰੇਕਾਂ ਦੇ ਫੁੱਲਾਂ 'ਤੇ ਗਾਉਂਦੀ ਮਹਿਕ, ਕਪਾਹ ਦੇ ਫੁੱਟ, ਚੋਰਾਂ ਵਾਂਗੂੰ ਗਿਟ-ਮਿਟ ਕਰਦੀਆਂ ਚਰ੍ਹੀਆਂ, ਸਰ੍ਹੋਂ ਦੇ ਫੁੱਲਾਂ 'ਤੇ ਢਲਦੀ ਤਰਕਾਲ਼, ਗੰਡ 'ਚ ਜੰਮਦੇ ਤੱਤੇ ਗੁੜ ਦੀ ਮਹਿਕ, ਸੁਹਾਗੀ ਹੋਈ ਵੱਤਰ ਭੋਂ ਦਾ ਚੰਨ ਦੀ ਚਾਨਣੀ 'ਚ ਚਮਕਣਾ, ਫੁੱਲਾਂ ਦਾ ਧਰਤੀ 'ਤੇ ਖਿੜ ਜਾਣਾ, ਗੀਤਾਂ ਭਰੀ ਹਵਾ, ਟੀਂਡਿਆਂ 'ਚੋਂ ਕਿਰੀਆਂ ਕਪਾਹਾਂ, ਮਹਿਕਦਾ ਹੋਇਆ ਧਨੀਆਂ ਅਤੇ ਕਮਾਦਾਂ ਦੀ ਸਰਸਰਾਹਟ ਵਿਚੋਂ ਪੈਦਾ ਹੋਇਆ ਸੰਗੀਤ" ਸਾਰੀ ਧਰਤ 'ਤੇ ਫੈਲਾਉਣਾ ਚਾਹੁੰਦਾ ਹੈ।

ਪਾਸ਼ ਦਾ ਜਨਮ: 9 ਸਤੰਬਰ 1950, ਕਤਲ: 23 ਮਾਰਚ 1988, ਉਮਰ: ਸੈਂਤੀ ਸਾਲ। ਕੁੱਲ ਸੈਂਤੀ ਸਾਲ ਦੀ ਉਮਰ ਵਿਚ ਪਾਸ਼ ਮਾਅਰਕੇ ਦਾ ਰਚਨਾਤਮਕ ਕਰਮ ਕਰ ਗਿਆ।

ਆਪਣੀ ਸ਼ਾਇਰੀ ਵਿਚ ਪਾਸ਼ ਫਸਲਾਂ, ਖੇਤਾਂ, ਬਲ਼ਦਾਂ, ਕਣਕਾਂ, ਕਪਾਹਾਂ, ਛੱਲੀਆਂ, ਕਿਸਾਨਾਂ, ਮਜ਼ਦੂਰਾਂ, ਕਿਰਤੀਆਂ, ਦਿਹਾੜੀਦਾਰਾਂ, ਖਾਦਾਂ, ਬੀਜਾਂ, ਝੋਨਿਆਂ, ਝੁੱਗੀਆਂ, ਕੁੱਲੀਆਂ, ਮਿੱਲ੍ਹਾਂ, ਰੁੱਖਾਂ, ਜੱਟਾਂ, ਖੇਤੀ, ਅੰਨ ਤੇ ਡੀਜ਼ਲ ਦਾ ਜ਼ਿਕਰ ਥਾਂ ਥਾਂ ਕਰਦਾ ਹੈ। ਉਹ ਤਾਂ ਸਾਫ ਸਪਸ਼ਟ ਕਹਿੰਦਾ ਹੈ:

"ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ"

ਉਸ ਨੇ ਛੰਦ ਮੁਕਤ ਆਜ਼ਾਦ ਕਵਿਤਾ ਜ਼ਿਆਦਾ ਲਿਖੀ ਹੈ ਪਰ ਉਸ ਨੇ ਗੀਤ, ਗ਼ਜ਼ਲ, ਬੋਲੀਆਂ ਤੇ ਦੋਹੇ ਵੀ ਲਿਖੇ ਹਨ। ਗ਼ਜ਼ਲ, ਦੋਹੇ ਵਿਚ ਉਸ ਨੇ ਅਰੂਜ਼ ਦੀ ਬੰਦਸ਼ ਨਾਲੋਂ ਵਿਚਾਰਾਂ ਤੇ ਰਵਾਨੀ ਨੂੰ ਪਹਿਲ ਦਿੱਤੀ ਹੈ। ਦੋਹੇ ਦੀ ਇਕ ਵੰਨਗੀ ਹਾਜ਼ਰ ਹੈ:

1. ਤੈਨੂੰ ਲੁਟਦੇ ਕਾਰਾਂ ਵਾਲੇ,
ਮੈਨੂੰ ਪਿੰਡ ਦੇ ਸ਼ਾਹ
ਆਪਾਂ ਦੋਵੇਂ ਰਲ਼ ਚੱਲੀਏ,
ਸਾਂਝੇ ਦੁਸ਼ਮਣ ਫਾਹ
2. ਕਣਕਾਂ 'ਚ ਬਾਥੂ ਐਂ ਖੜ੍ਹਾ
ਜਿਉਂ ਲੋਕਾਂ ਵਿਚ ਵਜ਼ੀਰ
ਬਾਥੂ ਬਾਥੂ ਜੜ੍ਹ ਤੋਂ ਵੱਢਿਆ
ਉੱਚੇ ਹੋਏ ਕਸੀਰ

ਉਹ ਕਹਿੰਦਾ ਹੈ:


"ਪੁੜੀਆਂ 'ਚ ਵਿਕਦੀ ਰਸਦ
ਕਿਸ ਤਰ੍ਹਾਂ ਡਕਾਰ ਜਾਂਦੀ ਹੈ
ਬੱਦਲਾਂ ਨੂੰ ਛੋਹਦੇ ਬੋਹਲ?"

"ਮੇਰਾ ਹਰ ਚਾਅ ਇਨ੍ਹਾਂ ਫਸਲਾਂ ਦੀ ਮੁਕਤੀ ਨਾਲ ਜੁੜਿਆ ਹੈ
ਤੇਰੀ ਮੁਸਕਾਨ ਦੀ ਗਾਥਾ ਹੈ ਹਰ ਕਿਰਸਾਨ ਦੀ ਗਾਥਾ
ਮੇਰੀ ਕਿਸਮਤ ਹੈ ਬੱਸ ਹੁਣ ਬਦਲਦੇ ਹੋਏ ਵਕਤ ਦੀ ਕਿਸਮਤ
ਮੇਰੀ ਗਾਥਾ ਹੈ ਬੱਸ ਹੁਣ ਲਿਸ਼ਕਦੀ ਕਿਰਪਾਨ ਦੀ ਗਾਥਾ"

ਸੰਪਾਦਨਾ:

ਸਭ ਤੋਂ ਪਹਿਲਾਂ ਇਸ ਪੁਸਤਕ ਦੇ ਸੰਪਾਦਕ, ਡਾ. ਸੁਰਿੰਦਰ ਧੰਜਲ ਦੀ ਗੱਲ ਕਰਦੇ ਹਾਂ। ਉਸ ਦਾ ਸੰਪਾਦਨ ਦਾ ਤਜੁਰਬਾ ਤਕਰੀਬਨ ਅੱਧੀ ਸਦੀ ਤਕ ਫੈਲਿਆ ਹੋਇਆ ਹੈ। ਜਿੱਥੇ ਉਸ ਨੇ 'ਵਤਨੋਂ ਦੂਰ' ਵਰਗੇ ਸਾਹਿਤਕ ਪਰਚੇ ਦੀ ਕਨੇਡਾ ਵਿਚ ਰਹਿ ਕੇ ਸੰਪਾਦਨਾ ਕੀਤੀ, ਉੱਥੇ ਉਸ ਦੇ ਸਿਦਕ, ਸਿਰੜ ਦੀ ਮਿਸਾਲ ਕਿ ਸਾਰੇ ਦਾ ਸਾਰਾ ਪਰਚਾ ਹੱਥੀਂ ਲਿਖਣਾ, ਛਪਵਾਉਣਾ ਤੇ ਵੰਡਣਾ ਵੀ ਹੈ। ਇਸ ਲੰਬੇ ਤਜੁਰਬੇ ਕਾਰਨ ਉਸ ਦੀ ਸੰਪਾਦਕੀ ਅੱਖ ਬੜੀ ਪਾਰਖੂ ਅਤੇ ਵਿਸ਼ਾ ਕੇਂਦਰਤ ਹੈ।

ਇਸ ਪੁਸਤਕ ਦੀ ਸੰਪਾਦਨਾ ਤੋਂ ਪਹਿਲਾਂ ਵੀ ਉਹ ਪਾਸ਼ ਨਾਲ ਸਬੰਧਤ ਤਿੰਨ ਚਾਰ ਪੁਸਤਕਾਂ ਸੰਪਾਦਤ ਕਰ ਚੁੱਕਾ ਹੈ।



ਪਾਸ਼ ਦੇ ਜੀਵਨ ਕਾਲ ਵਿਚ ਉਸ ਦੇ ਤਿੰਨ ਕਾਵਿ ਸੰਗ੍ਰਹਿ ਛਪੇ ਸਨ;

1. ਲੋਹ ਕਥਾ (1970)
2. ਉਡਦੇ ਬਾਜਾਂ ਮਗਰ (1974)
3. ਸਾਡੇ ਸਮਿਆਂ ਵਿਚ (1978)

ਇਸ ਤੋਂ ਬਾਅਦ ਪਾਸ਼ ਦੀਆਂ ਚਿੱਠੀਆਂ ਜਾਂ ਡਾਇਰੀਆਂ ਵਿਚੋਂ ਪ੍ਰਾਪਤ ਪਾਸ਼ ਦੀਆਂ ਕਵਿਤਾਵਾਂ, 'ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ' ਵਲੋਂ; 'ਵਰਤਮਾਨ ਦੇ ਰੁਬਰੂ', 'ਖਿੱਲਰੇ ਹੋਏ ਵਰਕੇ', 'ਪਾਸ਼ ਦੀਆਂ ਚਿੱਠੀਆਂ', 'ਪਾਸ਼ ਕਾਵਿ' ਤੇ 'ਪਾਸ਼ ਤਾਂ ਸੂਰਜ ਸੀ' ਪੁਸਤਕਾਂ ਵਿਚ ਛਪਵਾਈਆਂ ਗਈਆਂ। 'ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ' ਵਲੋਂ ਕੀਤੇ ਇਸ ਕੰਮ ਲਈ ਡਾ. ਸੁਰਿੰਦਰ ਧੰਜਲ ਦਾ ਵਿਸ਼ੇਸ਼ ਯੋਗਦਾਨ ਹੈ।

ਖੇਤਾਂ ਦਾ ਪੁੱਤ : ਪਾਸ਼ ਪੁਸਤਕ ਵਿਚ ਸੰਪਾਦਕ ਡਾ. ਸੁਰਿੰਦਰ ਧੰਜਲ ਨੇ ਪਾਸ਼ ਦੀਆਂ ਸਾਰੀਆਂ ਪੁਸਤਕਾਂ ਵਿਚੋਂ ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ, ਵਿਸ਼ੇਸ ਤੌਰ 'ਤੇ ਕਿਰਸਾਨੀ, ਮਿੱਟੀ, ਫਸਲਾਂ, ਬੋਹਲਾਂ, ਗੰਡ ਵਿਚ ਪਏ ਗੁੜ ਦੀ ਮਹਿਕ ਸ਼ਾਮਲ ਹਨ। ਇਸ ਦੇ ਨਾਲ ਨਾਲ ਕਿਰਸਾਨ ਤੇ ਕਾਮੇ ਦਾ ਮੁੜ੍ਹਕਾ ਵੀ ਸ਼ਾਮਲ ਹੈ। ਸੁਫਨੇ, ਸੁਫਨਿਆਂ ਦਾ ਕਤਲ ਅਤੇ ਸੁਫਨਿਆਂ ਦੇ ਕਾਤਲ ਲਈ ਲਿਸ਼ਕਦੀ ਕਿਰਪਾਨ ਵਰਗੀ ਗਾਥਾ ਦੀ ਗੱਲ ਕੀਤੀ ਹੈ।

ਇਸ ਪੁਸਤਕ ਨੂੰ ਪੜ੍ਹਿਆਂ, ਵਾਚਿਆਂ ਇਹ ਗੱਲ ਸਾਫ ਜਾਹਰ ਹੈ ਕਿ ਸੰਪਾਦਕ ਨੇ ਵਿਸ਼ੇਸ਼ ਤੌਰ 'ਤੇ ਉਹ ਕਵਿਤਾਵਾਂ ਚੁਣੀਆਂ ਹਨ ਜੋ ਸਿੱਧਾ ਕਿਸਾਨ ਦੀ ਫਸਲ ਦੀ ਲੁੱਟ ਖਸੁੱਟ ਤੇ ਲੁੱਟ ਦੇ ਖਿਲਾਫ ਡਟ ਕੇ ਖੜ੍ਹਨ ਦੀ ਗੱਲ ਕਰਦੀਆਂ ਹਨ। ਕੁਝ ਵੰਨਗੀਆਂ:

"ਭਾਰਤ ਦੇ ਅਰਥ ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ।
ਜਿੱਥੇ ਅੰਨ ਉਗਦਾ ਹੈ
ਜਿੱਥੇ ਸੰਨ੍ਹਾਂ ਲਗਦੀਆਂ ਹਨ"

"ਜਿਨ੍ਹਾਂ ਨੇ ਤੱਕੀਆਂ ਹਨ
ਕੋਠਿਆਂ 'ਤੇ ਸੁਕਦੀਆਂ
ਸੁਨਹਿਰੀ ਛੱਲੀਆਂ
ਤੇ ਨਹੀਂ ਤੱਕੇ
ਮੰਡੀ 'ਚ ਸੁਕਦੇ ਭਾਅ
ਉਹ ਕਦੇ ਨਹੀਂ ਸਮਝ ਸਕਣ ਲੱਗੇ
ਕਿ ਕਿਵੇਂ ਦੁਸ਼ਮਣੀ ਹੈ
ਦਿੱਲੀ ਦੀ ਉਸ ਹੁਕਮਰਾਨ ਔਰਤ ਦੀ
ਉਸ ਪੈਰੋਂ ਨੰਗੀ ਸੁਹਣੀ ਕੁੜੀ ਨਾਲ਼।"

ਇਸ ਪੁਸਤਕ ਵਿਚ ਬੜੀ ਤਰਤੀਬ ਵਿਚ ਕਿਸਾਨ ਦੀ, ਮਜ਼ਦੂਰ ਦੀ ਲੁੱਟ ਅਤੇ ਸੁਫਨਿਆਂ ਦੇ ਕਤਲ ਤੇ ਕਾਤਲ ਨਾਲ ਲੋਹਾ ਲੈਣ ਦੀ ਗਾਥਾ ਪਰੋਈ ਗਈ ਹੈ, ਜਿਸ ਲਈ ਮੈਂ ਸੰਪਾਦਕ ਦੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਦੀ ਸ਼ਲਾਘਾ ਕਰਦਾ ਹਾਂ।

ਇਸ ਪੁਸਤਕ ਦੇ ਸਮਰਪਣ ਦਾ ਵਿਸ਼ੇਸ਼ ਜ਼ਿਕਰ ਕਰਨਾ ਚਾਹਵਾਂਗਾ।

ਸਮਰਪਣ:

ਮੇਰਾ ਲਹੂ ਤੇ ਮੁੜ੍ਹਕਾ ਮਿੱਟੀ ਵਿੱਚ ਡੁੱਲ ਗਿਆ ਹੈ
ਮੈਂ ਮਿੱਟੀ ਵਿੱਚ ਦੱਬੇ ਜਾਣ 'ਤੇ ਵੀ ਉੱਗ ਆਵਾਂਗਾ
(ਪਾਸ਼, 'ਯੁੱਗ ਪਲਟਾਵਾ', ਲੋਹ ਕਥਾ, ਸਫਾ 25)

ਭਾਰਤੀ ਕਿਸਾਨ ਅੰਦੋਲਨ ਵਿੱਚ
ਪੰਜਾਬ, ਹਰਿਆਣਾ, ਉੱਤਰਾਖੰਡ, ਯੂ.ਪੀ., ਲਖੀਮਪੁਰ ਖੀਰੀ
ਅਤੇ ਭਾਰਤ ਦੇ ਬਾਕੀ ਹਿੱਸਿਆਂ ਦੇ
ਸੱਤ ਸੌ ਤੋਂ ਵੱਧ ਕਿਰਤੀ-ਕਿਸਾਨਾਂ ਦੇ
ਡੁੱਲ੍ਹੇ ਲਹੂ ਅਤੇ ਮੁੜ੍ਹਕੇ
ਦੀ
ਇੱਕ ਇੱਕ ਬੂੰਦ ਦੇ ਨਾਂ

ਪਾਸ਼ ਦੀਆਂ ਕਵਿਤਾਵਾਂ ਵਿਚਲੀ ਵਿਸ਼ਵ ਵਿਆਪੀ ਸੋਚ ਤੋਂ ਤਾਂ ਅਸੀਂ ਪਹਿਲਾਂ ਹੀ ਵਾਕਫ਼ ਸਾਂ ਪਰ ਧੰਜਲ ਦੇ ਇਸ ਸਮਰਪਣ ਨੇ ਪਾਸ਼ ਦੀ ਸੋਚ ਦਾ ਕਿਸਾਨੀ ਪ੍ਰਤੀ ਜਿਸ ਸ਼ਿੱਦਤ ਨਾਲ ਪ੍ਰਗਟਾਵਾ ਕੀਤਾ ਹੈ, ਉਸ ਲਈ ਇਹ ਸਮਰਪਣ ਪੂਰਾ ਮੁੱਲਵਾਨ ਹੈ।

ਵੇਲੇ ਦੀ ਨਮਾਜ਼:

ਇਹ ਪੁਸਤਕ 2021 ਵਿਚ ਛਪਦੀ ਹੈ, ਜਦ ਕਿਸਾਨੀ ਸੰਘਰਸ਼ ਦਿੱਲੀ ਦੇ ਬਾਰਡਰ 'ਤੇ ਜ਼ੋਰਾਂ 'ਤੇ ਸੀ। ਉਸ ਸੰਘਰਸ਼ ਵਿਚ ਬਹੁਤ ਉਤਰਾਅ ਚੜ੍ਹਾਅ ਆਏ ਪਰ ਹਰ ਘਟਨਾ ਦੁਰਘਟਨਾ ਤੋਂ ਬਾਅਦ ਇਹ ਸੰਘਰਸ਼ ਹੋਰ ਤਿੱਖਾ ਹੋਇਆ ਅਤੇ ਦੇਸ਼ ਦੀ ਸਰਕਾਰ ਨੂੰ ਇਸ ਏਕੇ, ਸੰਘਰਸ਼ਮਈ ਅੰਦੋਲਨ ਅੱਗੇ ਗੋਡੇ ਟੇਕਣੇ ਪਏ। ਤਿੰਨੇ ਕਾਨੂੰਨ ਵਾਪਸ ਲੈਣੇ ਪਏ।

ਇਹ ਪੁਸਤਕ ਉਸ ਸਮੇਂ ਛਪੀ ਜਦ ਸੰਘਰਸ਼ ਜ਼ੋਰਾਂ 'ਤੇ ਸੀ। ਇਸ ਪੁਸਤਕ ਦੀਆਂ 5000 ਕਾਪੀਆਂ ਸੰਘਰਸ਼ ਸਥਲ 'ਤੇ ਵੰਡੀਆਂ ਗਈਆਂ। ਮੈਂ ਸਮਝਦਾ ਹਾਂ ਕਿ ਉਸ ਸੰਘਰਸ਼ ਦੀ ਕਾਮਯਾਬੀ ਵਿਚ ਇਸ ਪੁਸਤਕ ਦਾ ਵੀ ਆਪਣਾ ਵਿਲੱਖਣ ਯੋਗਦਾਨ ਹੈ। ਇਸ ਦੀ ਸ਼ਲਾਘਾ ਕਰਨੀ ਬਣਦੀ ਹੈ। ਇਹ ਪੁਸਤਕ, ਉਸ ਸਮੇਂ ਹਥੌੜਾ ਮਾਰਦੀ ਹੈ ਜਦ ਲੋਹਾ ਗਰਮ ਸੀ। ਇਸ ਲਈ ਇਹ ਪੁਸਤਕ ਵੇਲੇ ਸਿਰ ਪੜ੍ਹੀ ਗਈ ਨਮਾਜ਼ ਹੈ।

ਮੇਰੀ ਸੋਚ ਮੁਤਾਬਕ ਪਾਸ਼ ਦੀਆਂ ਕਵਿਤਾਵਾਂ ਦੀ ਵਿਲੱਖਣਤਾ ਕਰਕੇ, ਧੰਜਲ ਦੀ ਸੰਪਾਦਨ ਕਲਾ ਕਰਕੇ ਅਤੇ ਭਾਰਤੀ ਕਿਸਾਨ ਅੰਦੋਲਨ ਵਿਚ ਵੇਲੇ ਸਿਰ ਨਿਭਾਏ ਰੋਲ ਕਰਕੇ ਇਹ ਪੁਸਤਕ ਲੰਮਾ ਸਮਾਂ ਚੇਤਿਆਂ ਵਿਚ ਜੀਵਤ ਰਹੇਗੀ। ਮੈਂ ਇਸ ਪੁਸਤਕ ਨੂੰ ਜੀਅ ਆਇਆਂ ਕਹਿੰਦਿਆਂ ਇਸ ਦੀ ਸ਼ਲਾਘਾ ਕਰਦਾ ਹਾਂ।

(+1 778 908 0914; **ਸਰ੍ਹੀ, ਬੀ ਸੀ, ਕੈਨੇਡਾ**)

# ਮਸ਼ਾਲੀ ਸੰਘਰਸ਼ ਦੀਆਂ ਪੈੜਾਂ

ਕਿਸਾਨ ਅੰਦੋਲਨ ਅਤੇ ਮੌਜੂਦਾ ਦੌਰ ਵਿੱਚ ਪਹਿਲਵਾਨ ਖਿਡਾਰੀਆਂ ਦੇ ਸਰੀਰਕ ਸ਼ੋਸ਼ਣ ਦੇ ਜਿੰਮੇਵਾਰ, ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਬੀਜੇਪੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਸਰਨ ਸਿੰਘ ਖਿਲ਼ਾਫ ਚੱਲੇ ਸੰਘਰਸ਼ ਵਿੱਚ 26 ਸਾਲ ਤੋਂ ਸਾਂਝੇ ਲੋਕ ਘੋਲਾਂ ਦੀ ਵਿਰਾਸਤ ਨੂੰ ਪ੍ਰਣਾਏ ਇਸ ਵਿਚਾਰ ਨੇ ਕਿਸੇ ਨਾ ਕਿਸੇ ਰੂਪ 'ਚ ਸੁਚੇਤ ਆਗੂ ਭੂਮਿਕਾ ਨਿਭਾਈ ਹੈ।

ਜਬਰ ਅਤੇ ਟਾਕਰੇ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਆਦਿ ਭਾਈਚਾਰੇ ਤੋਂ ਬਾਅਦ ਗੁਲਾਮਦਾਰੀ ਯੁੱਗ ਤੋਂ ਲੈਕੇ ਮੌਜੂਦਾ ਸਾਮਰਾਜੀ ਸਰਮਾਏਦਾਰੀ ਪ੍ਰਬੰਧ ਤੱਕ ਲੁੱਟ, ਜ਼ਬਰ ਅਤੇ ਦਾਬੇ ਦਾ ਸਬੰਧ ਬਰਕਰਾਰ ਰਹਿ ਰਿਹਾ ਹੈ। ਭਾਰਤ ਅੰਦਰ ਜਯੋਤਿਬਾ ਫੂਲੇ, ਫਾਤਿਮਾ ਸ਼ੇਖ ਜਿਹੀਆਂ ਔਰਤਾਂ ਨੇ ਨਾਰੀ ਜਗਤ ਨੂੰ ਪੜ੍ਹਨ, ਲਿਖਣ, ਹੱਕਾਂ ਲਈ ਸੰਘਰਸ਼ ਕਰਨ ਦੀ ਜਾਗ ਲਾਈ। ਹਾਲਾਂਕਿ ਇਨ੍ਹਾਂ ਨੂੰ ਮਰਦ ਪ੍ਰਧਾਨ ਸਮਾਜ ਅਤੇ ਮਨੂੰਵਾਦ ਦੇ ਪੈਰੋਕਾਰਾਂ ਉੱਚ ਸਵਰਨ ਜਾਤੀਆਂ ਵੱਲੋਂ ਇਨ੍ਹਾਂ ਦੇ ਇਸ ਰਾਹ ਵਿੱਚ ਪਾਏ ਜਾਂਦੇ ਅੜਿੱਕਿਆਂ ਕਾਰਨ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸੰਸਾਰ ਪੱਧਰ ਤੇ ਇਤਿਹਾਸ ਵਿੱਚ ਰੂਸ ਅਤੇ ਚੀਨ ਦੇ ਇਨਕਲਾਬਾਂ ਦੇ ਇਤਿਹਾਸ ਨੇ ਨਵੇਂ ਲੋਕ ਪੱਖੀ ਰਾਜਾਂ ਦੀ ਬੁਨਿਆਦ ਰੱਖੀ। ਇਨ੍ਹਾਂ ਨਵੇਂ ਲੋਕ ਪੱਖੀ ਰਾਜਾਂ ਦੀ ਸਥਾਪਨਾ ਵਿੱਚ ਲੱਖਾਂ ਲੋਕਾਂ ਅਤੇ ਵਿਗਿਆਨਕ ਵਿਚਾਰਧਾਰਾ ਦਾ ਅਹਿਮ ਰੋਲ ਸੀ/ਹੈ। ਇਨ੍ਹਾਂ ਇਨਕਲਾਬਾਂ ਦੌਰਾਨ ਹੀ ਔਰਤਾਂ ਦੀ ਮੁਕਤੀ ਦੇ ਸਵਾਲ ਨੂੰ ਸੰਬੋਧਿਤ ਹੋਕੇ ਉਨ੍ਹਾਂ ਨੂੰ ਬਹੁਤ ਸਾਰੀਆਂ ਪ੍ਰੀਵਾਰਿਕ ਜਿੰਮੇਵਾਰੀਆਂ ਜੋ ਉਨ੍ਹਾਂ ਨੂੰ ਘਰ ਵਿੱਚ ਕੈਦ ਰਹਿਣ ਲਈ ਮਜਬੂਰ ਕਰਦੀਆਂ ਸਨ, ਤੋਂ ਮੁਕਤ ਕਰਵਾਇਆ ਗਿਆ। ਇੱਥੋਂ ਤੱਕ ਕਿ ਇਨਕਲਾਬ ਦੇ ਵਿਗਿਆਨ ਦਾ ਹਿੱਸਾ ਬਨਾਉਣ ਲਈ ਚੇਤੰਨ ਉਪਰਾਲੇ ਕੀਤੇ ਗਏ। ਵੱਡੀ ਗਿਣਤੀ ਵਿੱਚ ਔਰਤਾਂ ਨੂੰ ਸਮਾਜਿਕ ਸਬੰਧਾਂ,ਪ੍ਰਬੰਧਾਂ, ਵਿਚਾਰਾਂ ਅਤੇ ਆਰਥਿਕ ਨਾਂ ਬਰਾਬਾਰੀ ਨੂੰ ਖਤਮ ਕਰਨ ਵੱਲ ਮਿਸਾਲੀ ਪੁਲਾਂਘਾਂ ਪੁੱਟੀਆਂ ਗਈਆਂ।

ਲੁੱਟ, ਜਬਰ ਅਤੇ ਦਾਬੇ ਵਾਲੇ ਇਸ ਪ੍ਰਬੰਧ ਵਿੱਚ ਔਰਤਾਂ ਨੂੰ ਦੋਹਰੇ ਮਰਦ ਪ੍ਰਧਾਨ ਦਾਬੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸੇ ਕਰਕੇ ਪਿੱਤਰਸੱਤਾ ਤੋਂ ਅੱਗੇ ਮਨੂੰਵਾਦੀ ਵਿਚਾਰਾਂ ਨੂੰ ਪ੍ਰਣਾਏ ਰਾਜਭਾਗ ਦੀਆਂ ਨੀਤੀਆਂ

**(ਸਫ਼ਾ 5 ਦੀ ਬਾਕੀ)**

ਵੱਲੋਂ ਔਰਤਾਂ ਨੂੰ ਘਰਾਂ ਦੀ ਚਾਰਦੀਵਾਰੀ ਅੰਦਰ ਕੈਦ ਰੱਖਣ, ਭੋਗ ਵਿਲਾਸ ਦੀ ਵਸਤੂ ਸਮਝਣ, ਬੱਚੇ ਜੰਮਣ ਵਾਲੀ ਮਸ਼ੀਨ ਅਤੇ ਮੌਜੂਦਾ ਸਾਮਰਾਜੀ ਸਰਮਾਏਦਾਰੀ ਪ੍ਰਬੰਧ ਵਿੱਚ ਮੰਡੀ ਵਿੱਚ ਮਾਲ ਵੇਚਣ ਵਾਲੀ ਵਸਤ ਤੱਕ ਸੀਮਤ ਕਰਕੇ ਵੇਖਿਆ ਜਾ ਰਿਹਾ ਹੈ। ਇਸੇ ਕਰਕੇ ਔਰਤਾਂ ਉੱਪਰ ਜਬਰ, ਜ਼ੁਲਮ ਇੱਕ ਵਰਤਾਰੇ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਮਨੀਪੁਰ ਵਿੱਚ ਹਜੂਮੀ ਹਿੰਸਾ ਵੱਲੋਂ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਵਾਲੀਆਂ ਵਾਪਰੀਆਂ ਸ਼ਰਮਨਾਕ, ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਨੇ ਇੱਕ ਵਾਰ ਫੇਰ ਵੱਡੇ ਸਵਾਲ ਖੜੇ ਕੀਤੇ ਹਨ। ਆਰ.ਐੱਸ.ਐੱਸ ਦੀ ਮਨੂੰਵਾਦੀ ਸੋਚ ਦਾ ਸਦੀਆਂ ਤੋਂ ਔਰਤਾਂ ਨੂੰ ਪਛੜਿਆਂ ਰੱਖਣ ਦੀ ਨੀਤੀ ਦਾ ਕਰੂਰ ਚਿਹਰਾ ਸਾਹਮਣੇ ਆਇਆ ਹੈ। ਭਾਜਪਾ ਦੀ ਹਕੂਮਤ ਮੁਲਕ ਦੇ ਸਮੁੱਚੇ ਕੁਦਰਤੀ ਮਾਲ ਖਜਾਨਿਆਂ ਨੂੰ ਕੌਡੀਆਂ ਦੇ ਭਾਅ ਵੱਡੇ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ (ਅਡਾਨੀ-ਅੰਬਾਨੀ) ਦੇ ਹਵਾਲੇ ਕਰ ਰਹੀ ਹੈ। ਫਾਸ਼ੀ ਹੱਲੇ ਨੂੰ ਤੇਜ ਕਰਕੇ ਲੋਕਾਈ ਦੇ ਪੱਖ ਦੀ ਗੱਲ ਕਰਨ ਵਾਲੇ ਬੁੱਧੀਜੀਵੀਆਂ, ਦਲਿਤ ਚਿੰਤਕਾਂ, ਸਮਾਜਿਕ ਕਾਰਕੁਨਾਂ, ਵਿਦਿਆਰਥੀਆਂ ਨੂੰ ਯੂ.ਏ.ਪੀ.ਏ ਵਰਗੇ ਬਦਨਾਮ ਕਾਨੂੰਨ ਰਾਹੀਂ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਵਿੱਚ ਡੱਕ ਰਹੀ ਹੈ।

ਸਿਆਸੀ ਆਰਥਿਕ ਪ੍ਰਬੰਧ ਨੇ ਦਿਖਾਵੇ ਵਜੋਂ ਔਰਤਾਂ ਦੇ ਹੱਕ ਵਿੱਚ ਅਨੇਕਾਂ ਕਾਨੂੰਨ ਬਣਾਏ ਹੋਏ ਹਨ। ਪਰ ਕੌੜੀ ਅਤੇ ਅਸਲ ਸੱਚਾਈ ਇਹ ਹੈ ਕਿ ਅੱਜ ਵੀ ਇਸ ਪ੍ਰਬੰਧ ਅੰਦਰ ਔਰਤਾਂ ਨੂੰ ਸਮਾਜਿਕ ਸਬੰਧਾਂ, ਪ੍ਰਬੰਧਾਂ, ਵਿਚਾਰਾਂ ਵਿੱਚ ਗੈਰਬਰਾਬਰਤਾ, ਆਰਥਿਕ ਗੈਰਬਰਾਬਰਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵਰਤਾਰਾ ਭਾਰਤ ਵਰਗੇ ਪਛੜੇ ਮੁਲਕਾਂ ਸਮੇਤ ਸੰਸਾਰ ਦੇ ਹਰ ਕੋਨੇ ਵਿੱਚ ਵਾਪਰ ਰਿਹਾ ਹੈ। ਹਰ ਆਏ ਦਿਨ ਵਾਪਰ ਰਹੀਆਂ ਅਤਿ ਦਰਦਨਾਕ ਘਟਨਾਵਾਂ ਇਸ ਗੱਲ ਨੂੰ ਜ਼ਾਹਰ ਕਰਦੀਆਂ ਹਨ ਕਿ ਔਰਤਾਂ ਉੱਪਰ ਜ਼ੁਲਮ ਇਸ ਪ੍ਰਬੰਧ ਦੀ ਦੇਣ ਹੈ। ਔਰਤਾਂ ਉੱਪਰ ਜ਼ਬਰ ਇਸ ਢਾਂਚੇ ਦੀ ਖੁਰਾਕ ਹੈ। ਜਦ ਵੀ ਔਰਤਾਂ ਖਿਲਾਫ ਜ਼ਬਰ ਦੀ ਘਟਨਾ ਵਾਪਰਦੀ ਹੈ ਤਾਂ ਮਰਦ ਪ੍ਰਧਾਨ ਸਮਾਜ ਅੰਦਰ ਔਰਤ ਨੂੰ ਹੀ ਹਰ ਪੱਧਰ'ਤੇ ਜਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਮ ਤੌਰ 'ਤੇ ਸਥਾਨਕ ਪੱਧਰ ਤੇ ਵਿਰੋਧ ਦਰਜ ਹੁੰਦਾ ਹੈ ਪਰ ਉਹ ਲੋਕ ਔਰਤਾਂ ਉੱਪਰ ਹੁੰਦੇ ਜੁਲਮ ਨੂੰ ਪ੍ਰਬੰਧ ਦੇ ਸੰਕਟ ਵਜੋਂ ਵੇਖਣ ਵਿੱਚ ਸਫਲ ਨਹੀਂ ਰਹਿੰਦੇ।

ਔਰਤ ਮੁਕਤੀ ਦਾ ਚਿੰਨ੍ਹ ਬਣੀ ਸ਼ਹੀਦ ਕਿਰਨਜੀਤ ਦੀ ਸ਼ਹਾਦਤ ਮੌਕੇ ਮਹਿਜ ਉਸ ਨੂੰ ਯਾਦ ਕਰਨਾ ਨਹੀਂ ਕੀਤਾ ਜਾਂਦਾ ਸਗੋਂ ਅਰਥ ਭਰਪੂਰ ਜਿੰਦਗੀ ਜਿਉਣ ਦਾ ਪੈਗਾਮ ਹਾਸਲ ਕਰਨਾ ਵੀ ਹੁੰਦਾ ਹੈ। ਅੱਧ ਸੰਸਾਰ ਦੀਆਂ ਮਾਲਕ ਔਰਤਾਂ ਨੂੰ ਮੁਕੰਮਲ ਮੁਕਤੀ ਲਈ ਜਿੱਥੇ ਜਬਰ ਹੈ-ਉੱਥੇ ਟੱਕਰ ਹੈ ਦੇ ਵਿਗਿਆਨ ਨੂੰ ਸਮਝਦਿਆਂ, ਵੱਖੋ-ਵੱਖ ਵਿਚਾਰਾਂ ਦੇ ਬਰਕਰਾਰ ਰਹਿੰਦਿਆਂ ਘੱਟੋ-ਘੱਟ ਸਮਝ ਦੇ ਅਧਾਰ 'ਤੇ ਵਿਸ਼ਾਲ ਸਾਂਝੇ ਘੋਲਾਂ ਦੀ ਉਸਾਰੀ ਕਰਨ, ਸਾਂਝ ਨੂੰ ਲੰਬੇ ਸਮੇਂ ਲਈ ਬਰਕਰਾਰ ਰੱਖਣ, ਚੁਣੌਤੀਆਂ ਦਾ ਟਾਕਰਾ ਕਰਨ ਤੋਂ ਅੱਗੇ ਜਿੱਤਾਂ ਹਾਸਲ ਕਰਨ, ਲੁੱਟ, ਜਬਰ ਅਤੇ ਦਾਬੇ ਵਾਲੇ ਲੋਕ ਦੋਖੀ ਪ੍ਰਬੰਧ ਨੂੰ ਪਰ੍ਹਾਂ ਵਗਾਂਹ ਮਾਰਕੇ ਇਨਕਲਾਬ ਕਰਨ ਰਾਹੀਂ ਨਵੇਂ ਲੋਕ ਪੱਖੀ ਪ੍ਰਬੰਧ ਦੀ ਉਸਾਰੀ ਲਈ ਜਮਾਤੀ ਜੱਦੋਜਹਿਦ ਤੇਜ ਕਰਨ ਦੇ ਰਾਹ ਅੱਗੇ ਵਧਣ ਦਾ ਸੁਨੇਹਾ ਦੇਣਾ ਵੀ ਹੁੰਦਾ ਹੈ।

ਸੈਮੀਨਾਰ ਰਿਪੋਰਟ

# ਸਰਹੱਦਾਂ ਦੀ ਜ਼ਿੰਦਗੀ ਅਤੇ ਸਿੱਖਿਆ ਦੀ ਸਥਿਤੀ ਦੇ ਆਰ-ਪਾਰ









**ਰਮਨਦੀਪ ਕੌਰ/ਅਮਨਦੀਪ ਕੌਰ**




ਹਿੰਦ-ਪਾਕਿ ਦੀਆਂ ਸਰਹੱਦਾਂ ਦੀਆਂ ਤਾਰਾਂ ਨੂੰ ਜਿਥੇ ਬਹੁਤ ਹੀ ਆਪਸੀ ਵਿਚਰਦੇ ਪੰਜਾਬੀਆਂ ਨੂੰ ਛਿੱਕੇ ਉਤੇ ਟੰਗਿਆ ਹੋਇਆ ਹੈ ਅਤੇ ਇਤਿਹਾਸ ਵਿਚ ਘਰੋਂ ਬੇਘਰ ਕੀਤਾ ਅਤੇ ਕੰਡਿਆਲੀਆਂ ਤਾਰਾਂ ਨਾਲ ਜ਼ਿੰਦਗੀਆਂ ਦਾ ਹੱਕ ਵੀ ਖੋਹਿਆ ਹੋਇਆ ਹੈ। ਜਿਨ੍ਹਾਂ ਨੇ ਸਮੁੱਚੇ ਜੀਵਨ ਨੂੰ ਤਾਰ ਤਾਰ ਕੀਤਾ ਹੋਇਆ ਹੈ। ਇਨ੍ਹਾਂ ਕੰਡਿਆਲੀਆਂ ਤਾਰਾਂ ਦੇ ਇਰਦ ਗਿਰਦ ਵੀ ਪੰਜਾਬ ਵਸਦਾ ਹੈ। ਜਿਸ ਪੰਜਾਬ ਦੀ ਨਾ ਆਰਥਿਕਤਾ, ਨਾ ਸਮਾਜਿਕਤਾ ਅਤੇ ਨਾ ਹੀ ਸਿੱਖਿਆ ਦੀ ਸਥਿਤੀਆਂ ਕੋਈ ਜਾਨਦਾਰ ਅਤੇ ਸ਼ਾਨਦਾਰ ਹੈ । ਇਨ੍ਹਾਂ ਬਹੁਪਰਤੀ ਸਥਿਤੀਆਂ ਨੂੰ ਸਮਝਣ ਲਈ ਉਨ੍ਹਾਂ ਵਿਚੋਂ ਸਿੱਖਿਆ ਦੇ ਸਵਾਲ 'ਤੇ ਇਕ ਵਿਦਿਅਕ ਸੈਮੀਨਾਰ ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ਼ ਐਜੂਕੇਸ਼ਨ ਵਿਖੇ ਆਈਡੀਸੀ ਚੰਡੀਗੜ੍ਹ ਦੀ ਮਦਦ ਨਾਲ ਕਰਵਾਇਆ ਗਿਆ। ਜਿਸ ਦੇ ਮੁੱਖ ਵਕਤਾ ਪ੍ਰੋ. ਸਚਿਆਨੰਦ ਸਿਨਹਾ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਨੇ ਵਿਚਾਰ ਪ੍ਰਦਾਨ ਕਰਦਿਆਂ ਕਿਹਾ ਕਿ ਇਨ੍ਹਾਂ ਖਿੱਤਿਆਂ ਵਿਚ ਸਰਕਾਰ ਬਹੁਤ ਘੱਟ ਵਿਦਿਅਕ ਅਤੇ ਸਮਾਜਿਕ ਕਾਰਜਾਂ ਵਿਚ ਮਦਦ ਪ੍ਰਦਾਨ ਕਰਦੀ ਹੈ। ਸਿਰਫ਼ ਤੇ ਸਿਰਫ਼ ਪ੍ਰਾਈਵੇਟ ਸੰਸਥਾਵਾਂ ਇਕ ਪੱਧਰ 'ਤੇ ਕਾਰਜਸ਼ੀਲ ਰਹਿੰਦੀਆਂ ਹਨ। ਪ੍ਰੰਤੂ ਵਿਦਿਆ ਦੇ ਸਵਾਲ 'ਤੇ ਇਨ੍ਹਾਂ ਖਿੱਤਿਆਂ ਵਿਚ ਜਿਥੇ ਵੱਡੀ ਮਦਦ ਦੀ ਲੋੜ ਹੈ ਉਸ ਬਾਰੇ ਕਦਮ ਨਹੀਂ ਚੁੱਕੇ ਜਾਂਦੇ। ਪ੍ਰੋ. ਕੁਲਦੀਪ ਸਿੰਘ ਨੇ ਵਿਚਾਰ ਰੱਖਦਿਆਂ ਕਿਹਾ ਕਿ ਇਨ੍ਹਾਂ ਗੁੰਝਲਦਾਰ ਖਿੱਤਿਆਂ ਵਿਚ ਸਿੱਖਿਆ ਦੇ ਸਵਾਲ 'ਤੇ ਕਾਰਜ ਕਰਨਾ ਅਤੇ ਕੋਈ ਵਿਸ਼ੇਸ਼ ਵਿਦਿਅਕ ਨੀਤੀ ਬਣਾਉਣੀ ਬਹੁਤ ਜ਼ਰੂਰੀ ਹੈ। ਇਸ ਕਿਸਮ ਨਾਲ ਫਾਜ਼ਿਲਕਾ ਤੋਂ ਲੈ ਕੇ ਪਠਾਨਕੋਟ ਤੱਕ ਬਹੁਤ ਲੰਬੇ ਖਿੱਤੇ ਵਿਚ ਲਗਾਤਾਰ ਅਧਿਆਪਕਾਂ ਦਾ ਅਣਹੋਂਦ ਕਾਰਨ ਸਿੱਖਿਆ ਦਾ ਬੁਰਾ ਹਾਲ ਹੋਇਆ ਹੈ ਉਸ 'ਚ ਸੁਧਾਰਾਂ ਅਤੇ ਨੀਤੀ ਘਾੜਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਪ੍ਰੋ. ਦਵਿੰਦਰ ਕੌਰ ਖਾਲਸਾ ਕਾਲਜ ਅੰਮ੍ਰਿਤਸਰ ਨੇ ਆਪਣੇ ਖੋਜ ਕਾਰਜ ਰਾਹੀਂ ਸਮਾਜਕ ਗੈਰ ਬਰਾਬਰੀ ਅਤੇ ਆਰਥਿਕ ਦੁਸ਼ਵਾਰੀਆਂ ਜੋ ਇਹ ਲੋਕ ਭੋਗ ਰਹੇ ਹਨ, ਉਨ੍ਹਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਿਆਂ ਕਿਹਾ ਕਿ ਕਿਸਾਨ ਸਿਰਫ਼ ਆਪਣੀਆਂ ਫਸਲਾਂ ਬੀਜਦੇ ਹਨ ਅਤੇ ਵੱਢਦੇ ਹਨ ਪ੍ਰੰਤੂ ਉਨ੍ਹਾਂ ਦੀ ਜੋ ਪੱਕੀ ਫਸਲ ਵਿਦਿਆ ਦੇ ਤੌਰ 'ਤੇ ਹੋਣੀ ਚਾਹੀਦੀ ਹੈ ਉਸ ਵਿਚ ਕਿਸੇ ਵੀ ਕਿਸਮ ਦਾ ਕੋਈ ਸੁਧਾਰ ਨਹੀਂ। ਆਈ.ਡੀ.ਸੀ. ਚੰਡੀਗੜ੍ਹ ਦੇ ਸਹਾਇਤਾ ਡਾਇਰੈਕਟਰ ਡਾ. ਚੰਦਨ ਨੇ ਕਿਹਾ ਕਿ ਸਾਨੂੰ ਖਾਸ ਕਰਕੇ ਪਛੜੇ ਖੇਤਰਾਂ ਬਾਰੇ ਵਿਸ਼ੇਸ਼ ਨੀਤੀ ਬਣਾਉਣ ਲਈ ਜਿਥੇ ਕਾਰਜ ਕਰਨਾ ਚਾਹੀਦਾ ਹੈ, ਉਥੇ ਸਰਕਾਰਾਂ ਕਿਸ ਪੱਧਰ 'ਤੇ ਇਸ ਵਿਚ ਸ਼ਾਮਲ ਹੋਣ ਉਨ੍ਹਾਂ ਬਾਰੇ ਇਕ ਨਜ਼ਰੀਆ ਵਿਕਸਿਤ ਕਰਨਾ ਚਾਹੀਦਾ ਹੈ। ਕਾਲਜ ਦੀ ਪ੍ਰਿੰਸੀਪਲ ਸਿਮਰਪ੍ਰੀਤ ਕੌਰ ਨੇ ਕਿਹਾ ਕਿ ਅਸੀਂ ਅਧਿਆਪਕ ਤਿਆਰ ਕਰ ਰਹੇ ਹਾਂ ਪ੍ਰੰਤੂ ਇਨ੍ਹਾਂ ਖਿੱਤਿਆਂ ਵਿਚ ਉਨ੍ਹਾਂ ਲਈ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ। ਸ੍ਰ. ਹਰਨੰਦਨ ਸਿੰਘ ਜਨਰਲ ਸਕੱਤਰ ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ਼ ਐਜੂਕੇਸ਼ਨ ਨੇ ਕਿਹਾ ਕਿ ਵਿਦਿਆਰਥੀ ਅਤੇ ਅਧਿਆਪਕ ਰਲਮਿਲ ਕੇ ਇਨ੍ਹਾਂ ਮਸਲਿਆਂ ਬਾਰੇ ਸੋਚਣ ਅਤੇ ਵਿਚਾਰ ਕਰਨ ਤਾਂ ਕਿ ਇਸ ਖਿੱਤੇ ਦੀ ਸਿੱਖਿਆ ਦਾ ਪੱਧਰ ਉਚਾ ਹੋ ਸਕੇ। ਸਵਾਲਾਂ ਦੇ ਸੈਸ਼ਨ ਵਿਚ ਰਮਨਦੀਪ ਨੇ ਕਿਹਾ ਕਿ ਇਸ ਸਮੇਂ ਜਿਸ ਪੱਧਰ ਦੇ ਇਸ ਖਿੱਤੇ ਵਿਚ ਸਿੱਖਿਆ ਦੇ ਵਿਕਾਸ ਦੀ ਜ਼ਰੂਰਤ ਹੈ ਉਸ ਪੱਧਰ 'ਤੇ ਕਾਰਜ ਨਹੀਂ ਹੋ ਰਹੇ। ਬਹੁਗਿਣਤੀ ਵਿਦਿਆਰਥੀ ਸਿੱਖਿਆ ਪ੍ਰਤੀ ਸੰਜੀਦਾ ਨਹੀਂ ਹਨ। ਇਸ ਦੇ ਵੱਡੇ ਕਾਰਨਾਂ ਵਿਚੋਂ ਇਹ ਇਕ ਕਾਰਨ ਹੈ ਕਿ ਲਗਾਤਾਰ ਹੀ ਇਹ ਖੇਤਰ ਬਾਰਡਰ ਦੇ ਨੇੜੇ ਹੋਣ ਕਰਕੇ ਸਮਾਜਿਕ ਅਸਥਿਰਤਾ ਲਗਾਤਾਰ ਰਹਿੰਦੀ ਹੈ। ਸਿਰਫ਼ ਬਹੁਗਿਣਤੀ ਲੜਕੀਆਂ ਹੀ ਸਿੱਖਿਆ ਹਾਸਲ ਕਰਦੀਆਂ ਹਨ। ਅਮਨਦੀਪ ਕੌਰ ਨੇ ਕਿਹਾ ਕਿ ਇਸ ਖਿੱਤੇ ਦੀ ਸਮਾਜਿਕ ਬਣਤਰ ਅਤੇ ਉਸ ਵਿਚ ਕਾਰਜਸ਼ੀਲ ਹਿੱਸਿਆਂ ਨੂੰ ਨਾਲ ਲੈ ਕੇ ਚਲੇ ਤੋਂ ਬਿਨਾਂ ਕਿਸ ਖਿੱਤੇ ਦੀ ਸਿੱਖਿਆ ਵਿਚ ਕੋਈ ਤਬਦੀਲੀ ਨਹੀਂ ਆ ਸਕਦੀ। ਇਸ ਕਰਕੇ ਵਿਦਿਅਕ ਸੰਸਥਾਵਾਂ ਤੋਂ ਲੈ ਕੇ ਸੱਤਾ ਵਿਚ ਭਾਈਵਾਲ ਹਿੱਸਿਆਂ ਨੂੰ ਇਕਜੁਟ ਹੋ ਕੇ ਇਸ ਪ੍ਰਤੀ ਕਾਰਜ ਕਰਨਾ ਚਾਹੀਦਾ ਹੈ ਕਿ ਕਿਸ ਕਿਸਮ ਨਾਲ ਇਸ ਖਿੱਤੇ ਵਿਚ ਸਿੱਖਿਆ ਦੇ ਪੱਧਰ ਨੂੰ ਉਚਾ ਚੁੱਕਿਆ ਜਾ ਸਕੇ। ਬੜੀ ਸੰਜੀਦਗੀ ਨਾਲ ਇਹ ਸੈਮੀਨਾਰ ਲਗਭਗ ਚਾਰ ਘੰਟੇ ਚੱਲਿਆ ਅਤੇ ਸਟੇਜ ਦਾ ਸੰਚਾਲਨ ਕਰਦਿਆਂ ਪ੍ਰੋ. ਮਨਦੀਪ ਕੌਰ ਨੇ ਕਿਹਾ ਕਿ ਇਸ ਕਿਸਮ ਦੇ ਕਾਰਜ ਜਿਹੜੇ ਗੁੰਝਲਦਾਰ ਸਿੱਖਿਆ ਦੇ ਸਵਾਲਾਂ ਨੂੰ ਸਮਝਣ ਲਈ ਜ਼ਰੂਰੀ ਹਨ ਉਨ੍ਹਾਂ ਪ੍ਰਤੀ ਹੋਰ ਤਨਦੇਹੀ ਨਾਲ ਕਾਰਜ ਕਰਨ ਦੀ ਲੋੜ ਹੈ। ਕਿਉਂਕਿ ਅਸੀਂ ਜਦੋਂ ਪੰਜਾਬ ਨੂੰ ਦੇਖਦੇ ਹਾਂ ਉਸ ਵਿਚ ਅੱਜ ਵੀ ਵਿਦਿਅਕ ਪੱਖੋਂ ਕਈ ਖੇਤਰ ਪਛੜੇ ਹੋਏ ਹਨ ਅਤੇ ਕਈ ਖਿੱਤਿਆਂ ਵਿਚ ਵਿਦਿਆ ਵਿਸ਼ੇਸ਼ ਕਰਕੇ ਅਧਿਆਪਨ ਅਮਲੇ ਦੀ ਘਾਟ ਲਗਾਤਾਰ ਰੜਕਦੀ ਹੈ।

ਜਿਸ ਕਿਸਮ ਨਾਲ ਬਾਰਡਰ ਦੇ ਖੇਤਰ ਵਿਚ ਲਗਾਤਾਰ ਰਾਜਨੀਤਕ ਅਤੇ ਸਮਾਜਕ ਗਤੀਵਿਧੀਆਂ ਵਿਦਿਅਕ ਖੇਤਰ ਨੂੰ ਉਚਾ ਚੁੱਕਣ ਵਾਸਤੇ ਚਾਹੀਦੀਆਂ ਹਨ ਉਨ੍ਹਾਂ ਦੀ ਵੱਡੀ ਘਾਟ ਹੈ। ਇਸ ਘਾਟ ਦੀ ਪੂਰਤੀ ਲਈ ਹਾਲਾਂਕਿ ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਕਾਰਜ ਕਰਦੇ ਹਨ ਅਤੇ ਇਥੋਂ ਤੱਕ ਵਾਤਾਵਰਣ ਲਹਿਰ ਚਲਾਉਣ ਲਈ ਉਹ ਲਗਾਤਾਰ ਇਕ ਵੱਡਾ ਨਾਂ ਪੰਜਾਬ ਅਤੇ ਦੁਨੀਆ ਵਿਚ ਬਣਾ ਚੁੱਕੇ ਹਨ। ਉਨ੍ਹਾਂ ਵਲੋਂ ਵਿਦਿਆ ਦੇ ਖੇਤਰ ਵਿਚ ਚੁੱਕੇ ਜਾ ਰਹੇ ਕਦਮ ਇਕ ਦਿਨ ਜ਼ਰੂਰ ਹੋਰ ਵੀ ਹਿੱਸਿਆਂ ਨੂੰ ਤਨਦੇਹੀ ਨਾਲ ਸਿੱਖਿਆ ਦੇ ਖੇਤਰ ਵਿਚ ਕਾਰਜ ਕਰਨ ਲਈ ਪ੍ਰੇਰਣਗੇ।



HOMELIFE HIGHER STANDARDS
HomeLife SilverCity Realty Inc.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR
INANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family

Call: 416.209.6363
Hardeep Atwal
Sr. Financial Advisor

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator



Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਕੈਨੇਡਾ 'ਚ ਪੇਂਡੂ ਭਾਈਚਾਰਾ

# ਇਕ ਪਿੰਡ ਦੀ ਮਿਲਣੀ : ਧੂੜਕੋਟ ਰਣਸੀਂਹ






**ਅਦਾਰਾ ਸਰੋਕਾਰਾਂ ਦੀ ਆਵਾਜ਼**

ਭਾਈਚਾਰੇ ਦੀ ਆਪਣੀ ਇਕ ਵਿਰਾਸਤ ਹੁੰਦੀ ਹੈ। ਬੰਦਾ ਭਲਾ ਦੁਨੀਆ ਦੇ ਕਿਸੇ ਵੀ ਕੋਨੇ ਉਪਰ ਚਲਿਆ ਜਾਵੇ ਪ੍ਰੰਤੂ ਜੋ ਸਾਂਝ ਅਤੇ ਆਪਸੀ ਸਮਾਜਿਕ ਮਿਲਣੀਆਂ ਪਿੰਡ ਪੱਧਰ 'ਤੇ ਬਣੀਆਂ ਹੁੰਦੀਆਂ ਹਨ ਉਹ ਦੂਰ ਦੁਰੇਡੇ ਜਾ ਕੇ ਹੋਰ ਵੀ ਵੱਡਾ ਸਾਂਝ ਦਾ ਹਿੱਸਾ ਬਣ ਜਾਂਦੀਆਂ ਹਨ। ਇਹ ਪ੍ਰੰਪਰਾ ਅਕਸਰ ਹੀ ਨਵੀਂ ਪੀੜ੍ਹੀ ਲਈ ਬੜੀ ਅਹਿਮ ਬਣ ਜਾਂਦੀ ਹੈ ਅਤੇ ਬਜ਼ੁਰਗਾਂ ਲਈ ਵੀ ਇੰਝ ਮਹਿਸੂਸ ਹੋਣ ਲੱਗਦਾ ਹੈ ਕਿ ਆਪਣੇ ਵਿਰਸਾ, ਵਿਰਾਸਤ ਅਤੇ ਭਵਿੱਖ ਦੀ ਪੀੜ੍ਹੀ ਨਾਲ ਨੇੜੇ ਤੋਂ ਜੁੜੇ ਹੋਏ ਹਾਂ। ਇਨ੍ਹਾਂ ਚੰਗੀਆਂ ਕਦਰਾਂ ਕੀਮਤਾਂ ਨੂੰ ਭਲਾ ਹੀ ਵੱਖੋ-ਵੱਖਰੇ ਪੱਧਰ 'ਤੇ ਕੈਨੇਡਾ ਵਿਚ ਆਪੋ ਆਪਣੇ ਪਿੰਡ ਅਤੇ ਭਾਈਚਾਰੇ ਸਾਂਝੇ ਰੂਪ ਵਿਚ ਇਕੱਠੇ ਹੋ ਕੇ ਕਰਦੇ ਹਨ। ਇਸੇ ਕਿਸਮ ਨਾਲ ਧੂੜਕੋਟ ਰਣਸੀਂਹ ਦੇ ਨਗਰ ਨਿਵਾਸੀਆਂ ਨੇ ਦੂਰ-ਦੁਰੇਡੇ ਤੋਂ ਇਕੱਠੇ ਹੋ ਇਕ ਥਾਂ 'ਤੇ ਜਿਥੇ ਬੱਚਿਆਂ ਦੀ ਵੱਖੋ ਵੱਖਰੇ ਪ੍ਰੋਗਰਾਮਾਂ ਨੂੰ ਮਾਣਿਆ ਅਤੇ ਉਥੇ ਨਾਲ ਹੀ ਆਪਸੀ ਪੁਰਾਣੀਆਂ ਯਾਦਾਂ ਨੂੰ ਸਾਂਝੇ ਵੀ ਕੀਤਾ। ਇਸ ਮੌਕੇ 'ਤੇ ਹਰਬੰਸ ਸਿੰਘ ਸੰਪਾਦਕ 'ਸਰੋਕਾਰਾਂ ਦੀ ਆਵਾਜ਼' ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਵਿੱਕੀ ਗਰੇਵਾਲ, ਰਾਜੂ ਧਾਲੀਵਾਲ, ਗੁਰਮੀਤ ਸਿੰਘ ਮੀਤਾ ਤੇ ਹੋਰਨਾਂ ਨੇ ਪਿਕਨਿਕ ਦੌਰਾਨ ਪੂਰਾ ਸਹਿਯੋਗ ਦਿੱਤਾ। ਅਖੀਰ ਵਿਚ ਹਰਜੀਤ ਸਿੰਘ ਧਾਲੀਵਾਲ ਤੇ ਬਲਜਿੰਦਰ ਸਿੰਘ ਧਾਲੀਵਾਲ ਦਾ ਇਸ ਪਿਕਨਿਕ ਦੀ ਪਹਿਲ ਕਰਨ ਵਾਸਤੇ ਧੰਨਵਾਦ ਕੀਤਾ ਗਿਆ। ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਖੁਸ਼ੀ ਭਰਪੂਰ ਪ੍ਰੋਗਰਾਮ ਦਾ ਅੰਤ ਕੀਤਾ ਗਿਆ ਅਤੇ ਇੰਝ ਮਹਿਸੂਸ ਹੋਇਆ ਕਿ ਇਹ ਕਾਫ਼ਲੇ ਭਵਿੱਖ ਵਿਚ ਵੀ ਜਿਥੇ ਪੰਜਾਬ ਦੇ ਸਰੋਕਾਰਾਂ ਬਾਰੇ ਸੋਚੇਗਾ, ਉਥੇ ਆਪਸੀ ਅਪਣਤ ਅਤੇ ਸੂਝ ਨੂੰ ਹੋਰ ਵਿਕਸਿਤ ਕਰਨ ਲਈ ਕਾਰਜ ਕਰੇਗਾ ਤਾਂ ਕਿ ਨਵੀਂ ਪੀੜ੍ਹੀ ਨਾਲ ਲਗਾਤਾਰ ਜੁੜਿਆ ਜਾਂਦਾ ਰਹੇ।


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign
call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

*ਇਕ ਦੁਖਦਾਈ ਘਟਨਾ*

# ਸਕੂਲ ਆਫ਼ ਐਮੀਨੈਂਸ ਦੀ ਹਕੀਕਤ

ਚੰਡੀਗੜ੍ਹ, (ਬਲਜਿੰਦਰ ਸਿੰਘ ਪਟਿਆਲਾ) : ਜ਼ਿਲ੍ਹਾ ਲੁਧਿਆਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ ਦੀ ਇਮਾਰਤ ਦਾ ਛੱਤ ਡਿੱਗਣ ਨਾਲ ਇੱਕ ਅਧਿਆਪਕਾ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਅਧਿਆਪਕ ਗੰਭੀਰ ਜ਼ਖ਼ਮੀ ਹੋ ਗਏ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਵਾਪਰੀ ਇਸ ਦੁਰਘਟਨਾ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਇਸ ਘਟਨਾ 'ਚ ਵਿਛੋੜਾ ਦੇ ਗਈ ਅਧਿਆਪਕਾ ਰਵਿੰਦਰ ਕੌਰ ਸਸ ਮਿੱਸਟਰੈੱਸ ਦੇ ਪਰਿਵਾਰ ਨਾਲ ਆਪਣੀ ਹਮਦਰਦੀ ਪ੍ਰਗਟ ਕੀਤੀ ਹੈ।



ਜਥੇਬੰਦੀ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਇਸ ਮੰਦਭਾਗੀ ਘਟਨਾ ਪਿੱਛੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਸਿੱਖਿਆ ਵਿਭਾਗ ਦੇ ਨਾਕਸ਼-ਪ੍ਰਬੰਧਾਂ ਨੂੰ ਕਸੂਰਵਾਰ ਠਹਿਰਾਉਂਦਿਆਂ ਕਿਹਾ ਗਿਆ ਹੈ ਕਿ ਅਸਲ ਵਿਚ ਪਿਛਲੀਆਂ ਸਰਕਾਰਾਂ ਸਮੇਤ ਮੌਜੂਦਾ ਸਰਕਾਰ ਵੱਲੋਂ ਵੀ ਨਕਾਮ ਪ੍ਰਬੰਧਾਂ ਨੂੰ ਛੁਪਾ ਕੇ ਖ਼ਸਤਾ ਹਾਲਤ ਇਮਾਰਤਾਂ ਤੇ ਰੰਗ ਰੋਗਨ ਕਰਵਾ ਕੇ ਸਮਾਰਟ ਸਕੂਲ/ਸਕੂਲ ਆਫ਼ ਐਮੀਨੈੱਸ ਦੇ ਬੋਰਡ ਟੰਗਣ ਦੀ ਨੀਤੀ ਪੂਰੀ ਤਰ੍ਹਾਂ ਜੁੰਮੇਵਾਰ ਹੈ।

ਜਥੇਬੰਦੀ ਦੇ ਆਗੂਆਂ ਸਰਵਣ ਸਿੰਘ ਔਜਲਾ, ਸੁਖਵਿੰਦਰ ਸਿੰਘ ਸੁੱਖੀ, ਕਰਨੈਲ ਸਿੰਘ ਚਿੱਟੀ, ਗੁਰਮੀਤ ਸਿੰਘ ਕੋਟਲੀ ਤੇ ਜਸਵਿੰਦਰ ਸਿੰਘ ਵੱਲੋਂ ਜ਼ੋਰਦਾਰ ਮੰਗ ਕੀਤੀ ਗਈ ਹੈ ਕਿ ਸਮੂਹ ਸਕੂਲਾਂ ਦੀਆਂ ਇਮਾਰਤ ਅਤੇ ਸਮੁੱਚੇ ਰੱਖ-ਰਖਾਵ ਦੇ ਪ੍ਰਬੰਧਾਂ ਦੀ ਤੁਰੰਤ ਚੈਕਿੰਗ ਕਰਵਾ ਕੇ ਲੋੜਵੰਦ ਸਕੂਲਾਂ ਨੂੰ ਮੁਰੰਮਤ ਅਤੇ ਉਸਾਰੀ ਲਈ ਫੰਡ ਜਾਰੀ ਕੀਤੇ ਜਾਣ ਤਾਂ ਜੋ ਭਵਿੱਖ ਅੰਦਰ ਅਜਿਹੀ ਦੁੱਖਦਾਈ ਘਟਨਾ ਦੁਬਾਰਾ ਨਾ ਵਾਪਰੇ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਇਸ਼ਤਿਹਾਰਾਂ ਦੀ ਸਰਕਾਰ ਬਣ ਕੇ ਰਹਿ ਗਈ ਹੈ। ਇਸ਼ਤਿਹਾਰਾਂ 'ਤੇ ਕਰੋੜਾਂ ਰੁਪਏ ਖਰਚ ਰਹੀ ਹੈ ਪਰ ਸੂਬੇ ਦੇ ਲੋਕਾਂ ਦੀ ਅਸਲ ਭਲਾਈ ਵੱਲ ਉੱਕਾ ਹੀ ਧਿਆਨ ਨਹੀਂ ਹੈ। ਲੋਕ-ਪੱਖੀ ਨੀਤੀਆਂ ਦੇ ਬਿਲਕੁਲ ਉਲਟ ਭੁਗਤਦੀ ਹੋਈ ਮਾਨ ਸਰਕਾਰ ਆਮ ਲੋਕਾਂ ਲਈ ਕੋਈ ਵੀ ਚੱਜ ਦਾ ਕਾਰਜ ਨਹੀਂ ਕਰ ਸਕੀ। ਭਵਿੱਖ ਵਿੱਚ ਵੀ ਸਰਕਾਰ ਦਾ ਲੋਕ ਪੱਖੀ ਨੀਤੀਆਂ ਲਿਆਉਣ ਵੱਲ ਕੋਈ ਧਿਆਨ ਨਹੀਂ ਜਾਪਦਾ।


















ਛੇਵਾਂ ਸਲਾਨਾ ਸਮਾਗਮ

# ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ : ਕਾਫਲਾ ਅਤੇ ਸਰੋਕਾਰ ਸੋਚ ਦਾ ਹਿੱਸਾ

• ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਕੀਤੀ ਵੱਡੀ ਗਿਣਤੀ 'ਚ ਸ਼ਿਰਕਤ • ਸਮਾਗਮ ਦੌਰਾਨ ਰੰਗਾ-ਰੰਗ ਪ੍ਰੋਗਰਾਮ ਦੀਆਂ ਖ਼ੂਬਸੂਰਤ ਝਲਕੀਆਂ ਵੇਖਣ ਨੂੰ ਮਿਲੀਆਂ







ਬਰੈਂਪਟਨ, (ਮਹਿੰਦਰ ਸਿੰਘ ਮੋਹੀ) ਪਿਛਲੇ ਸ਼ਨਿਚਰਵਾਰ ਨੂੰ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਵੱਲੋਂ ਬਰੈਂਪਟਨ ਦੀਆਂ 40 ਸੀਨੀਅਰਜ ਕਲੱਬਜ ਦੇ ਸਹਿਯੋਗ ਨਾਲ ਸੇਵ ਮੈਕਸ ਸਪੋਰਟਸ ਸੈਂਟਰ ਵਿੱਚ ਮਲਟੀਕਲਚਰਲ ਕਨੇਡਾ ਡੇਅ ਫੈਸਟੀਵਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸਟੇਜ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਫੰਕਸ਼ਨ ਦੀ ਸ਼ੁਰੂਆਤ ਕਰਦਿਆਂ ਅੱਠਵੀ ਗ੍ਰੇਡ ਦੀ ਵਿਦਿਆਰਥਣ ਅਸ਼ਨੀਰ ਕੌਰ ਮਾਂਗਟ ਨੂੰ ਸਟੇਜ ਤੇ ਆਉਣ ਲਈ ਕਿਹਾ, ਜਿਸਨੇ ਕੌਮੀ ਗੀਤ 'ਓ ਕਨੇਡਾ', ਗਾਇਆ ਤੇ ਸਾਰੇ ਦਰਸ਼ਕਾ ਨੇ ਖੜੇ ਹੋਕੇ ਉਸਦਾ ਸਾਥ ਦਿੱਤਾ। 'ਦੇ ਸ਼ਿਵਾ ਵਰ ਮੋਹੇ', ਦਾ ਸ਼ਬਦ ਉਚਾਰਨ ਤੋਂ ਪਿਛੋਂ ਪਹਿਲਾ ਹੀ ਉਲੀਕੇ ਗਏ ਫੈਸਟੀਵਲ ਦੀਆਂ ਵੱਖ-ਵੱਖ ਵੰਨਗੀਆਂ ਨੇ ਆਪਣੇ ਰੰਗ ਵਖੇਰਨੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਸਾਹਮਣੇ ਫੂਡ ਟੇਬਲ ਵਲ ਨੂੰ ਆ ਰਹੀ ਦਰਸ਼ਕਾਂ ਦੀ ਲਾਈਨ ਭਾਵੇ ਹੋਰ ਲੰਬੀ ਹੋਈ ਜਾ ਰਹੀ ਸੀ ਤਾਂ ਵੀ, ਪ੍ਰਿਤਪਾਲ ਸਿੰਘ ਗਰੇਵਾਲ ਤੇ ਇਕਬਾਲ ਸਿੰਘ ਵਿਰਕ ਦੀ ਨਿਗਰਾਨੀ ਹੇਠ ਕੰਮ ਕਰ ਰਹੀ ਟੀਮ ਨੇ ਫੂਡ ਟਰੱਕ ਰਾਹੀਂ ਆ ਰਹੇ ਗਰਮ ਫੂਡ ਸਪਲਾਈ ਵਿਚ ਖੜੋਤ ਨਹੀ ਆਉਣ ਦਿੱਤੀ। ਸਟੇਜ ਤੇ ਸਭ ਤੋਂ ਪਹਿਲਾਂ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਨੇ ਸਾਰੇ ਮਹਿਮਾਨਾਂ ਤੇ ਸੀਨੀਅਰਜ਼ ਨੂੰ ਜੀ ਆਇਆਂ ਕਿਹਾ ਤੇ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਤੇ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਸੀਨੀਅਰਜ਼ ਦੀਆਂ ਮਾਨਸਿਕ ਤੇ ਸਿਹਤ ਸਬੰਧੀ ਲਗਾਏ ਸੈਮੀਨਾਰਾਂ ਤੇ ਯੋਗਾ ਕੈਂਪਾਂ ਦਾ ਵਰਨਣ ਕੀਤਾ ਗਿਆ। ਇਸ ਤੋਂ ਪਿਛੋਂ ਰਣਜੀਤ ਸਿੰਘ ਲਾਲ ਦੇ ਸੰਗੀਤਕ ਗਰੁੱਪ ਨੇ ਸਾਜਾਂ ਨਾਲ ਮਿਠੀ ਅਵਾਜ ਵਿੱਚ ਆਪਣਾ ਤਰਾਨਾ ਪੇਸ਼ ਕੀਤਾ। ਇਸ ਵਿੱਚ ਜਿੱਥੇ ਉੱਚ ਦਰਜੇ ਦੇ ਸਹਿਤਕ ਗੀਤ ਸੰਗੀਤ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ ਗਿਆ, ਉਥੇ ਸੀਨੀਅਰ ਲੇਡੀਜ ਵਲੋਂ ਪੰਜਾਬੀ ਸਭਿਆਚਾਰ ਦਾ ਅਟੁੱਟ ਅੰਗ ਗਿੱਧਾ ਤੇ ਜਾਗੋ ਦੀ ਪੇਸ਼ਕਾਰੀ ਕੀਤੀ ਗਈ। ਚਾਰ ਅੰਕਾਂ ਦੀ ਗਿਣਤੀ ਨੂੰ ਟਪ ਚੁੱਕੇ ਦਰਸ਼ਕਾਂ ਦੇ ਭਾਰੀ ਇੱਕਠ ਵਲੋਂ, ਖਾਸਕਰ ਵੱਡੀ ਗਿਣਤੀ ਵਿੱਚ ਪਹੁੰਚੀਆਂ ਲੇਡੀਜ ਵਲੋਂ, ਪ੍ਰਸ਼ੰਸ਼ਾ ਵਜੋਂ, ਆਪ ਮੁਹਾਰੇ ਲਗਾਤਾਰ ਵੱਜ ਰਹੀਆਂ ਤਾੜੀਆਂ ਨੇ ਤੇ ਗਿੱਧੇ ਦੀ ਧਮਕ ਨੇ ਕੰਪਲੈਕਸ ਦੇ ਵੱਡੇ ਹਾਲ ਨੂੰ ਗੂੰਜਣ ਲਾ ਦਿੱਤਾ। ਇਸ ਦੇ ਨਾਲ ਹੀ ਵਖ ਬੁਲਾਰਿਆਂ ਨੇ ਖਾਸਕਰ ਸਕੂਲ ਟਰੱਸਟੀ ਸਤਪਾਲ ਜੌਹਲ ਤੇ ਐਮਪੀਪੀ ਅਮਰਜੋਤ ਸਿੰਘ ਸੰਧੂ ਨੇ ਆਪਣੇ ਵਿਚਾਰ ਪੇਸ਼ ਕੀਤੇ। ਵੱਖ-ਵੱਖ ਸਿਟੀ ਕੌਸਲਰਜ਼ ਹਰਕੀਰਤ ਸਿੰਘ ਤੇ ਰਿਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਨੇ ਵੀ ਸੀਨੀਅਰਜ ਨੂੰ ਪੇਸ਼ ਸਮੱਸਿਆਵਾਂ ਦੇ ਹਲ ਲਈ ਹੋਰ ਯਤਨਸ਼ੀਲ ਹੋਣ ਦਾ ਵਾਅਦਾ ਕੀਤਾ। ਇਸ ਦੇ ਨਾਲ ਹੀ ਵੱਡੇ ਹਾਲ ਦੇ ਦੂਜੇ ਪਾਸੇ ਸਰੋਕਾਰਾਂ ਦੀ ਅਵਾਜ ਦੇ ਚੀਫ ਐਡੀਟਰ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ ਨੇ ਬਲਦੇਵ ਔਲਖ, ਪ੍ਰੋ. ਪਰਮਿੰਦਰ ਸਿੰਘ ਸਿੱਧੂ, ਰਿਟਾ. ਪ੍ਰਿੰਸੀਪਾਲ ਪਰਵੀਨ ਕੌਰ ਪੂਨੀਆ ਅਤੇ ਬਲਜੀਤ ਕਰ ਸਿੱਧੂ ਦੇ ਸਹਿਯੋਗ ਨਾਲ ਅਗਾਂਹਵਧੂ ਲੋਕ ਸਹਿਤ ਰਚਨਾਵਾਂ ਨਾਲ ਸਬੰਧਤ ਕਿਤਾਬਾਂ ਦਾ ਸਟਾਲ ਲਾਇਆ ਹੋਇਆ ਸੀ, ਜਿਥੇ ਵੱਡੀ ਗਿਣਤੀ ਵਿੱਚ ਸੀਨੀਅਰਜ਼ ਦਿਲਚਸਪੀ ਲੈ ਕੇ ਖਰੀਦਾਰੀ ਕਰ ਰਹੇ ਸਨ। ਸਟੇਜ ਤੇ ਐਸ਼ੋਸੀਏਸ਼ਨ ਦੇ ਮੀਡੀਆ ਐਡਵਾਈਜ਼ਰ ਮਹਿੰਦਰ ਸਿੰਘ ਮੋਹੀ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਪ੍ਰਵਾਸੀਆਂ ਦੀ ਸਭਿਆਚਾਰਕ ਭੁਖ ਪੂਰੀ ਕਰਨ ਲਈ ਪੰਜਾਬੀ ਵਿਰਸੇ ਨਾਲ ਸਬੰਧਤ ਉਸਾਰੂ ਸੇਧ ਦੇਣ ਵਾਲੇ ਫੈਸਟੀਵਲ ਮਨਾਉਣ ਤੇ ਜ਼ੋਰ ਦਿੱਤਾ। ਸਿਟੀ ਮੇਅਰ ਪੈਟ੍ਰਿਕ ਬ੍ਰਾਉਨ ਨੇ ਸੀਨੀਅਰਜ਼ ਨੂੰ ਫੈਸਟੀਵਲ ਦੀ ਵਧਾਈ ਦਿੰਦਿਆਂ ਸਿਟੀ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਤੇ ਭਵਿੱਖ



ਵਿੱਚ ਸੀਨੀਅਰਜ ਦੇ ਹਿਤਾਂ ਦੀ ਪੂਰਤੀ ਲਈ ਹੋਰ ਕਦਮ ਚੁੱਕਣ ਦਾ ਵਾਅਦਾ ਕੀਤਾ। ਪ੍ਰਵਾਸੀ ਪੈਨਸ਼ਨਰ ਐਸੋਸੀਏਸ਼ਨ ਵਲੋਂ ਜੰਗੀਰ



ਸਿੰਘ ਕਾਹਲੋਂ ਤੇ ਕੈਨੇਡਾ ਤਰਕਸ਼ੀਲ ਸੁਸਾਇਟੀ ਵਲੋਂ ਡਾ. ਬਲਜਿੰਦਰ ਸਿੰਘ ਸੇਖੋਂ ਤੇ ਸਰੋਕਾਰਾਂ ਦੀ ਆਵਾਜ਼ ਦੇ ਐਡੀਟਰ ਹਰਬੰਸ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਐਸੋਸੀਏਸ਼ਨ ਨੂੰ ਇਸ ਵਿਸ਼ਾਲ ਫੈਸਟੀਵਲ ਨੂੰ ਉਲੀਕਣ ਤੇ ਵਧੀਆ ਪ੍ਰਬੰਧ ਕਰਨ ਦੀ ਵਧਾਈ ਦਿੱਤੀ। ਬਰੈਂਪਟਨ ਤੇ ਮਿਸੀਸਾਗਾ ਦੀ ਨੁਮਾਇੰਦਗੀ ਕਰਦੇ ਲਗਭਗ ਸਾਰੇ ਐਮਪੀ ਅੱਜ ਦੇ ਇਸ ਸੀਨੀਅਰਜ਼ ਦੇ ਸਮਾਗਮ ਵਿੱਚ ਪਹੁੰਚੇ ਹੋਏ ਸਨ। ਕਨੇਡਾ ਦੇ ਡਾਈਵਰਸਿਟੀ ਦੇ ਮੰਤਰੀ ਕਮਲ ਖੈਰਾ ਨੇ ਵੀ ਸਮਾਗਮ ਵਿੱਚ ਪਹੁੰਚ ਕੇ ਉਹਨਾਂ ਵਲੋਂ ਸੀਨੀਅਰਜ਼ ਦੇ ਮੰਤਰੀ ਹੋਣ ਵੇਲੇ ਉਹਨਾਂ ਦੇ ਹਿੱਤ ਵਿੱਚ ਕੀਤੇ ਗਏ ਫੈਸਲਿਆਂ ਬਾਰੇ ਵਿਸਥਾਰ ਨਾਲ ਦੱਸਿਆ। ਸਾਰੇ ਸੀਨੀਅਰਜ਼ ਨੂੰ ਸ਼ਾਨਦਾਰ ਫੰਕਸ਼ਨ ਕਰਨ ਤੇ ਵਧਾਈ ਦਿੱਤੀ। ਅਖੀਰ ਵਿੱਚ ਨਾਹਰ ਔਜਲਾ ਦੀ ਟੀਮ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕੈਨੇਡਾ ਵਿੱਚ ਮਾਨਸਿਕ ਤੇ ਆਰਥਿਕ ਲੁੱਟ 'ਤੇ ਚਾਨਣਾ ਪਾਉਣ ਵਾਲਾ ਨਾਟਕ ਖੇਡਿਆ ਗਿਆ। ਜਿਸਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਦੇਖਿਆ ਤੇ ਭਰਪੂਰ ਹੁੰਗਾਰਾ ਦਿੱਤਾ। ਹਰਚੰਦ ਸਿੰਘ ਬਾਸੀ ਨੇ ਵੀ ਆਪਣੇ ਵਡਮੁੱਲੇ ਵਿਚਾਰ ਪੇਸ਼ ਕਰਦਿਆਂ ਐਸੋਸੀਏਸ਼ਨ ਨੂੰ ਵਧੀਆ ਸਮਾਗਮ ਦਾ ਆਯੋਜਿਨ ਕਰਨ 'ਤੇ ਵਧਾਈ ਦਿੱਤੀ। ਸਾਰੇ ਸਮਾਗਮ ਨੂੰ ਰੋਚਕ ਤੇ ਸਮਾਂਬੱਧ ਰੱਖਣ ਲਈ ਸਟੇਜ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਅਹਿਮ ਭੂਮਿਕਾ ਨਿਭਾਈ ਜਿਸ ਵਿੱਚ ਮਹਿੰਦਰ ਸਿੰਘ ਮੋਹੀ ਨੇ ਉਨ੍ਹਾਂ ਦਾ ਸਾਥ ਦਿੱਤਾ। ਰਣਜੀਤ ਸਿੰਘ ਤਗੜ, ਅਮਰੀਕ ਸਿੰਘ ਕੁਮਰੀਆ ਤੇ ਕਸ਼ਮੀਰਾ ਸਿੰਘ ਦਿਓਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇਣ ਤੇ ਸਨਮਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਅਖੀਰ ਵਿੱਚ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਨੇ ਪੰਜ ਘੰਟੇ ਚਲਣ ਵਾਲੇ ਇਸ ਫੈਸਟੀਵਲ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਖ਼ੁਸ਼ੀ ਨਾਲ ਸ਼ਾਮਲ ਹੋਣ ਤੇ ਲਗਾਤਾਰ ਹਾਜ਼ਰ ਰਹਿਣ ਤੇ ਸੀਨੀਅਰਜ਼ ਤੇ ਸਾਰੀਆਂ ਕਲੱਬਾਂ ਦੇ ਪ੍ਰਧਾਨਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।


TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts
for Groups & Seniors
K.S.C. General SERVICES

I will help you understand the product and provide trusted service to choose the product that fits your needs and life style.
Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance
(Permanent, Universal or Term)
• Disability & Critical Insurance
(Money Back)
• Long Term Care Insurance
• Health, Dental & Drug Benefits
• Visitor & Super Visa Insurance
(Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney

VIPANDEEP SINGH MAROK
Barrister, Solicitor & Notary Public
M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

## ਹਜ਼ਾਰ ਕੋਸ਼ਿਸ਼ ਕੀ ਉਨੋਂ ਨੇ, ਮਿਟਤਾ ਨਹੀਂ ਨਿਸ਼ਾਂ ਮਗਰ

# ਸ਼ਹੀਦੀ ਦਿਵਸ 'ਤੇ ਮਦਨ ਲਾਲ ਢੀਂਗਰਾ

ਅਮਰ ਸ਼ਹੀਦ ਮਦਨ ਲਾਲ ਢੀਂਗਰਾ ਪਹਿਲਾ ਭਾਰਤੀ ਅਜ਼ਾਦੀ ਘੁਲਾਟੀਆ ਹੈ ਜਿਸਨੂੰ 17 ਅਗਸਤ 1909 ਨੂੰ ਲੰਡਨ ਵਿਖੇ ਫਾਂਸੀ ਦਿੱਤੀ ਗਈ। ਮਦਨ ਲਾਲ ਢੀਂਗਰਾ ਦੀ ਕੁਰਬਾਨੀ ਦੀ ਗਾਥਾ ਲਾ-ਮਿਸਾਲ ਹੈ। ਬਰਤਾਨਵੀ ਜੂਲੇ ਹੇਠ ਪਿਸਦੇ ਗ਼ੁਲਾਮ ਹਿੰਦੋਸਤਾਨ ਦੇ ਸਭ ਤੋਂ ਰਾਈਸ ਘਰਾਣੇ 'ਚ ਪੈਦਾ ਹੋਇਆ ਮਦਨ ਲਾਲ 26 ਸਾਲਾ ਸੂਝਵਾਨ ਤੇ ਸਿਦਕੀ ਨੌਜਵਾਨ ਸੀ।

ਮਦਨ ਲਾਲ ਢੀਂਗਰਾ ਦਾ ਜਨਮ 18 ਫਰਵਰੀ 1883 ਨੂੰ ਅੰਮ੍ਰਿਤਸਰ ਵਿਖੇ ਹੋਇਆ ਮ। ਉਸਦੇ ਸਿਵਲ ਸਰਜਨ ਪਿਤਾ ਡਾ. ਸਾਹਿਬ ਦਿੱਤਾ ਮੱਲ ਅੰਗਰੇਜ਼ ਭਗਤ ਸਨ। ਉਨ੍ਹਾਂ ਨੂੰ ਬਰਤਾਨਵੀ ਵਫ਼ਾਦਾਰੀ ਲਈ 'ਰਾਏ ਸਾਹਿਬ' ਦੀ ਉਪਾਧੀ ਤੋਂ ਇਲਾਵਾ ਕੋਟੜਾ ਸ਼ੇਰ ਸਿੰਘ ਵਿਖੇ 21 ਮਕਾਨ, ਜੀ.ਟੀ. ਰੋਡ ਤੇ 6 ਬੰਗਲੇ, 6 ਬੱਘੀਆਂ, ਕਾਰ ਤੇ ਕਈ ਬਿੱਘੇ ਜ਼ਮੀਨ ਦੀਆਂ ਨਿਆਮਤਾਂ ਪ੍ਰਾਪਤ ਸਨ। ਉਨ੍ਹਾਂ ਦੇ ਤਿੰਨ ਡਾਕਟਰ ਤੇ ਤਿੰਨ ਬਰਿਸਟਰ ਪੁੱਤਰਾਂ 'ਚੋ ਮਦਨ ਲਾਲ ਵੱਖਰੇ ਸੁਭਾਅ ਦਾ ਮਾਲਕ ਸੀ ।

ਮਦਨ ਲਾਲ ਪੜ੍ਹਾਈ ਤੇ ਖੇਡਾਂ ਵਿੱਚ ਚੰਗਾ ਸੀ। ਉਸਨੇ ਮੁੱਢਲੀ ਪੜ੍ਹਾਈ ਅੰਮ੍ਰਿਤਸਰ ਤੇ ਲਾਹੌਰ ਤੋਂ ਪ੍ਰਾਪਤ ਕੀਤੀ। ਸਰਕਾਰੀ ਕਾਲਜ਼ ਲਾਹੌਰ ਦੇ ਪ੍ਰਿੰਸੀਪਲ ਖ਼ ?ਲਾਫ਼ ਮੁਜ਼ਾਹਰੇ ਦੀ ਅਗਵਾਈ ਕਰਨ ਤੇ ਉਸਨੂੰ ਕਾਲਜ਼ ਵਿੱਚੋਂ ਕੱਢ ਦਿੱਤਾ ਗਿਆ। ਉਦੋਂ ਉਹ ਐਮ. ਏ. ਦਾ ਵਿਦਿਆਰਥੀ ਤੇ ਰਾਸ਼ਟਰੀ ਸਵਦੇਸ਼ੀ ਲਹਿਰ ਤੋਂ ਪ੍ਰਭਾਵਿਤ ਸੀ। ਕਾਲਜ ਤੋਂ ਕੱਢੇ ਜਾਣ ਤੇ ਮਦਨ ਲਾਲ ਕਲਰਕ, ਰਿਕਸ਼ਾ ਚਾਲਕ ਤੇ ਫੈਕਟਰੀ ਮਜ਼ਦੂਰ ਵਜੋਂ ਸਖ਼ਤ ਮਿਹਨਤ ਕਰਦਾ ਰਿਹਾ। ਪੂਰਾ ਪਰਿਵਾਰ ਅੰਗਰੇਜ਼ ਵਫਾਦਾਰ ਹੋਣ ਕਾਰਨ ਉਸ ਦੀਆਂ ਇਨ੍ਹਾਂ ਹਰਕਤਾਂ ਨੂੰ ਪਸੰਦ ਨਹੀਂ ਕੀਤਾ ਸੀ ਕਰਦਾ ।

1906 ਵਿੱਚ ਮਦਨ ਲਾਲ ਮਕੈਨੀਕਲ ਇੰਜਨੀਅਰਿੰਗ ਦੀ ਪੜ੍ਹਾਈ ਲਈ ਪਿਤਾ ਦੀ ਇੱਛਾ ਦੇ ਉਲਟ ਇੰਗਲੈਂਡ ਚਲਾ ਗਿਆ। ਲੰਡਨ ਦੇ ਯੂਨੀਵਰਸਿਟੀ ਕਾਲਜ਼ 'ਚ ਦਾਖ਼ਲ ਹੋ ਕੇ ਉਸਨੇ ਭਾਰਤੀ ਵਿਦਿਆਰਥੀਆਂ ਤੇ ਇੰਗਲੈਂਡ ਦੇ ਗਰੀਬਾਂ ਦੀ ਮਾੜੀ ਹਾਲਤ ਨੂੰ ਨੇੜਿਉਂ ਤੱਕਿਆ। ਇੱਥੇ ਆ ਕੇ ਉਸਨੂੰ ਪਹਿਲੀ ਵਾਰ ਗ਼ੁਲਾਮੀ ਦਾ ਅਹਿਸਾਸ ਹੋਇਆ। ਉਸਨੇ ਦੇਖਿਆ ਕਿ ਦੁਨੀਆਂ ਦੇ ਵੱਡੇ ਹਿੱਸੇ ਉਪਰ ਰਾਜ ਕਰਨ ਵਾਲੇ ਯੂਰਪ ਦੇ ਸਵਰਗੀ ਦੇਸ਼ਾਂ ਅੰਦਰ ਵੀ ਕਿਰਤੀਆਂ ਦੀ ਹਾਲਤ ਗ਼ੁਲਾਮ ਭਾਰਤੀਆਂ ਵਰਗੀ ਹੀ ਹੈ। ਉਸਨੇ ਦੇਖਿਆ ਕਿ ਅੰਗਰੇਜ਼ ਹਿੰਦੋਸਤਾਨੀ ਲੋਕਾਂ ਨੂੰ ਜ਼ੋਤਸ਼ੀ, ਠੱਗ, ਮੰਗਤੇ, ਅਨਪੜ੍ਹ-ਜਾਹਲ, ਹੱਥ ਦੇਖਣ ਵਾਲੇ ਤੇ ਸਪੇਰਿਆਂ ਦੀ ਜ਼ਮਾਤ ਸਮਝਦੇ ਹਨ। ਰੈਸਟੋਰੈਂਟਾਂ ਤੇ ਉੱਚ ਸੰਸਥਾਵਾਂ ਅੱਗੇ ਮੋਟੇ ਅੱਖਰਾਂ 'ਚ 'ਹਿੰਦੋਸਤਾਨੀ ਤੇ ਕੁੱਤਿਆਂ ਦਾ ਅੰਦਰ ਆਉਣਾ ਮਨ੍ਹਾਂ ਹੈ' ਲਿਖਕੇ ਲਗਾਏ ਬੋਰਡ ਉਸਦੀ ਗ਼ੈਰਤ ਨੂੰ ਝੰਜੋੜਦੇ ਸਨ। ਜਲਦ ਹੀ ਉਸਨੇ ਸਮਝ ਲਿਆ ਕਿ ਅੰਗਰੇਜ਼ ਹਾਕਮ ਕਮਜ਼ੋਰ ਦੇਸ਼ਾਂ ਉੱਪਰ ਧੱਕੇ, ਜ਼ੋਰ-ਜ਼ਬਰ ਤੇ ਜੰਗਾਂ ਰਾਹੀਂ ਹੀ ਰਾਜ ਕਰ ਰਹੇ ਹਨ। ਜਦ ਇਹ ਦੁਨੀਆਂ 'ਚ ਅਮਨ ਸ਼ਾਂਤੀ ਕਇਮ ਰੱਖਣ ਦੀ ਗੱਲ ਕਰਦੇ ਹਨ ਉਦੋਂ ਵੀ ਇਹਨਾਂ ਅੰਦਰ,ਜਿਸ ਤਰ੍ਹਾਂ ਵੀ ਹੋ ਸਕੇ ਕਮਜ਼ੋਰ ਦੇਸ਼ਾਂ ਤੇ ਕਬਜ਼ਾ ਕਰਨ ਦੀ ਮਨਸ਼ਾ ਹੁੰਦੀ ਹੈ।

ਇਸੇ ਦੌਰਾਨ ਮਦਨ ਲਾਲ ਢੀਂਗਰਾ ਦਾ ਸੰਪਰਕ ਲੰਡਨ 'ਚ ਰਹਿੰਦੇ ਇਨਕਲਾਬੀ ਤੇ ਰਾਸ਼ਟਰਵਾਦੀਆਂ ਨਾਲ ਹੋਇਆ। ਉਹ ਵਿਨਾਇਕ ਦਮੋਦਰ ਸਾਵਰਕਰ ਤੇ ਸ਼ਿਆਮਜੀ ਕ੍ਰਿਸ਼ਨ ਵਰਮਾ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਇੰਡੀਅਨ ਹੋਮ ਰੂਲ ਸੁਸਾਇਟੀ, ਅਭਨਵ ਭਾਰਤ ਤੇ ਇੰਡੀਆ ਹਾਊਸ 'ਚ ਸਰਗਰਮ ਰਿਹਾ ।

ਇੰਡੀਆ ਹਾਊਸ ਸ਼ਿਆਮਜੀ ਕ੍ਰਿਸ਼ਨ ਵਰਮਾ ਦੁਆਰਾ ਉਸਾਰੀ ਗਈ ਇੱਕ ਪ੍ਰਤੀਬੱਧ ਸੰਸਥਾ ਸੀ, ਜਿਸਦਾ ਮਕਸਦ ਲੰਡਨ ਦੇ ਭਾਰਤੀ ਵਿਦਿਆਰਥੀਆਂ ਨੂੰ ਇੰਡੀਅਨ ਐਸ਼ੋਸੀਏਸ਼ਨ (ਇੰਡੀਅਨ ਐਸ਼ੋਸੀਏਸ਼ਨ ਦੇ ਕਰਤਾ ਧਰਤਾ ਹਿੰਦੋਸਤਾਨ 'ਚ ਵੱਡੇ ਆਹੁਦਿਆਂ ਤੇ ਰਹਿ ਚੁੱਕੇ ਅੰਗਰੇਜ਼ ਅਫਸਰ ਸਨ, ਜਿਸਦਾ ਮੰਤਵ ਲੰਡਨ 'ਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਨੂੰ ਰਿਆਇਤਾਂ ਨਾਲ ਗ਼ੁਲਾਮੀ ਦੀ ਗੁੜਤੀ ਦੇ ਕੇ ਬਰਤਾਨਵੀ ਸਲਤਨਤ ਦੀ ਮਸ਼ੀਨ ਦਾ ਪੁਰਜਾ ਬਨਾਉਣਾ ਸੀ )ਦੇ ਪ੍ਰਭਾਵ ਤੋਂ ਬਚਾਉਣਾ,ਉਨ੍ਹਾਂ ਨੂੰ ਸਰਕਾਰੀ ਅਹੁਦਿਆਂ ਦੀ ਭੁੱਖ ਤੇ ਲਾਲਚ ਤੋਂ ਛੁਟਕਾਰਾ ਦਿਵਾਉਣਾ ਅਤੇ ਉਨ੍ਹਾਂ ਨੂੰ ਦੇਸ਼ ਦੀ ਅਜ਼ਾਦੀ ਦੇ ਘੋਲ ਵਿੱਚ ਲਿਆ ਕੇ ਸੁਤੰਤਰਤਾ ਅੰਦੋਲਨ ਨੂੰ ਤੇਜ਼ ਕਰਨਾ ਸੀ। ਲਾਲਾ ਹਰਦਿਆਲ, ਵਰਿੰਦਰ ਨਾਥ ਚਟੋਪਾਧੀਆ, ਮੈਡਮ ਕਾਮਾ ਤੇ ਤਿਲਕ ਵਰਗੇ ਅਨੇਕਾਂ ਦੇਸ਼ ਭਗਤ ਇਸ ਸੰਸਥਾ ਨਾਲ ਜੁੜੇ ਹੋਏ ਸਨ।

ਇੱਕ ਵਾਰ ਲੰਡਨ 'ਚ ਉੱਚ ਅੰਗਰੇਜ਼ ਅਧਿਕਾਰੀਆਂ ਨੇ 1857 ਦੇ ਗਦਰ ਨੂੰ ਕੁਚਲਣ ਦੀ ਜਿੱਤ ਵਜੋਂ 'ਥੈਂਕਸ ਗਿਵਿੰਗ ਡੇ ' (ਧੰਨਵਾਦ ਦਿਵਸ) ਮਨਾਇਆ। ਜਿਸ ਵਿੱਚ ਅੰਗਰੇਜ਼ਾਂ ਦੁਆਰਾ ਕੀਤੇ ਲੁੱਟ ਜ਼ਬਰ ਦੇ ਸੋਹਲੇ ਤੇ ਹਿੰਦੋਸਤਾਨੀ ਸਿਪਾਹੀਆਂ ਨੂੰ ਕਾਇਰ, ਵਹਿਸ਼ੀ ਤੇ ਗਦਾਰ ਵਜੋਂ ਪੇਸ਼ ਕੀਤਾ ਗਿਆ। ਇੰਗਲੈਂਡ ਦੀ ਪ੍ਰੈੱਸ ਨੇ ਇਸਨੂੰ ਵੱਡੀ ਪੱਧਰ ਤੇ ਪ੍ਰਚਾਰਿਆ। ਬਦਲੇ 'ਚ ਇੰਡੀਆ ਹਾਊਸ ਦੇ ਨੌਜਵਾਨ ਵਿਦਿਆਰਥੀਆਂ ਨੇ ਹਿੰਦੋਸਤਾਨ ਦੀ 1857 ਦੀ ਪਹਿਲੀ ਜੰਗ-ਏ-ਅਜ਼ਾਦੀ ਦੀ ਯਾਦ ਨੂੰ ਪੂਰੇ ਜਥੇਬੰਦਕ ਢੰਗ ਨਾਲ ਮਨਾਇਆ। ਬਹਾਦਰ ਸ਼ਾਹ, ਨਾਨਾ ਸਾਹਿਬ,ਰਾਣੀ ਝਾਂਸੀ, ਤਾਂਤੀਆ ਟੋਪੇ, ਰਾਜਾ ਕੰਵਰ ਸਿੰਘ, ਮੌਲਵੀ ਅਹਿਮਦ ਸ਼ਾਹ ਤੇ ਹੋਰ ਅਨੇਕਾਂ ਸ਼ਹੀਦਾਂ ਦੇ ਨਾਮ ਲਾਲ ਕੱਪੜੇ ਉਪਰ ਸੁਨਹਿਰੀ ਅੱਖਰਾਂ 'ਚ ਲਿਖਕੇ ਉਹਨਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਗਿਆ।ਇਸ ਸਮੇਂ ਵੀਰ ਸਾਵਰਕਰ ਨੇ ਆਪਣੀ ਤਕਰੀਰ ਵਿੱਚ ਕਿਹਾ 'ਅੰਗਰੇਜ਼ਾਂ ਨੇ ਸਾਡੇ ਸ਼ਹੀਦਾਂ ਨੂੰ ਵਹਿਸ਼ੀ, ਜਾਨਵਰ, ਸੱਭਿਤਾਹੀਣ, ਜ਼ਾਲਮ, ਜਾਹਲ ਤੇ ਕਾਤਲ ਆਖਕੇ ਸਾਡੀ ਅਣਖ ਨੂੰ ਵੰਗਾਰਿਆ ਹੈ, ਆਓ ਅੱਜ ਸ਼ਹੀਦਾਂ ਦੀਆਂ ਆਤਮਾਵਾਂ ਨੂੰ ਦੱਸੀਏ ਕਿ ਅਸੀਂ ਤੁਹਾਡੀ ਉਠਾਈ ਅਵਾਜ਼ ਨੂੰ ਫਿਰ ਉਠਾਵਾਂਗੇ, ਤੁਹਾਡੇ ਸ਼ਹੀਦੀ ਝੰਡੇ ਨੂੰ ਫਿਰ ਝੁਲਾਵਾਂਗੇ। ਤੁਹਾਡੀ ਅਜ਼ਾਦੀ ਦੀ ਸ਼ੁਰੂ ਕੀਤੀ ਜੰਗ ਉਨੀ ਦੇਰ ਜ਼ਾਰੀ ਰਹੇਗੀ ,ਜਦ ਤੱਕ ਪੂਰਨ ਸੁਤੰਤਰਤਾ ਨਹੀ ਲੈ ਲੈਂਦੇ।ਜੋ ਜੰਗ ਅਠਹਾਰਾਂ ਸੌ ਸੱਤਵੰਜਾ ਵਿੱਚ ਛਿੜੀ ਸੀ, ਉਹ ਅੱਜ ਵੀ ਜਾਰੀ ਹੈ ਤੇ ਜਦ ਤੱਕ ਅਜ਼ਾਦੀ ਨਹੀਂ ਮਿਲ ਜਾਂਦੀ, ਜਾਰੀ ਰਹੇਗੀ।' ਉਨ੍ਹਾਂ ਨੌਜਵਾਨ ਵਿਦਿਆਰਥੀਆਂ ਨੂੰ ਉੱਠ ਖੜੇ ਹੋਣ ਦਾ ਸੱਦਾ ਦਿੱਤਾ। ਇੰਡੀਆ ਹਾਊਸ ਵੱਲੋਂ ਮੀਟਿੰਗਾਂ, ਬਹਿਸਾਂ ਤੇ ਅਧਿਐਨ ਮੰਡਲੀਆਂ ਵਿਕਸਿਤ ਕੀਤੀਆਂ ਗਈਆਂ। 'ਯੁਗਾਂਤਰ' ਦੀਆਂ ਸਾਰੀਆਂ ਲਿਖਤਾਂ ਸਮੂਹਿਕ ਤੌਰ 'ਤੇ ਪੜੀਆਂ ਜਾਂਦੀਆਂ। ਵੱਖ-ਵੱਖ ਵਿਸ਼ਿਆਂ ਤੇ ਮਹੱਤਵਪੂਰਨ ਭਾਸ਼ਣ ਕੀਤੇ ਜਾਂਦੇ। ਸਾਵਰਕਰ ਹਰ ਕੀਮਤ ਤੇ ਅਜ਼ਾਦੀ ਚਾਹੁੰਦੇ ਸਨ। ਉਨ੍ਹਾਂ ਨੇ ਮਦਨ ਨੂੰ ਆਰਮੀ ਟਰੇਨਿੰਗ ਵੀ ਦਿੱਤੀ। ਭਾਰਤੀ ਵਿਦਿਆਰਥੀ ਰਾਜਨਿਤਕ ਗਤੀਵਿਧੀਆਂ ਕਰਨ ਦੇ ਅਧਾਰ ਤੇ ਇੰਡੀਆ ਹਾਊਸ ਦੀ ਮੈਂਬਰਸ਼ਿੱਪ ਹਾਸਲ ਕਰ ਸਕਦੇ ਸਨ।

ਮੈਂਬਰ ਪਾਰਲੀਮੈਂਟ ਬ੍ਰਿਟਿਸ਼ ਤੇ ਭਾਰਤੀ ਰਾਜ ਦੇ ਸੈਕਟਰੀ ਦਾ ਐਡਵਾਇਜ਼ਰ ਸਰ ਵਿਲੀਅਮ ਹੱਟ ਕਰਜ਼ਨ ਵਾਇਲੀ ਹਿੰਦੋਸਤਾਨੀ ਵਿਦਿਆਰਥੀਆਂ ਨੂੰ ਸਿਵਲ ਸਰਵਿਸ ਦੇ ਲਾਲਚ ਦੇ ਕੇ ਗ਼ੁਲਾਮੀ ਦੀ ਗੁੜਤੀ ਦੇਣ ਦਾ ਵੱਡਾ ਠੇਕੇਦਾਰ ਸੀ। ਉਹ ਸਰਕਾਰੀ ਪਿੱਠੂ ਹਿੰਦੋਸਤਾਨੀਆਂ ਦਾ ਬਹੁਤ ਚਹੇਤਾ ਸੀ। ਉਹ ਵਲੈਤ 'ਚ ਪੜ੍ਹਨ ਵਾਲੇ ਵਿਦਿਆਰਥੀ ਤੇ ਉਹਨਾਂ ਦੇ ਮਾਪਿਆਂ ਨੂੰ 'ਚੰਗੇ ਕਿਰਦਾਰ' ਤੇ 'ਬਰਤਾਨਵੀ ਵਫਾਦਾਰੀ' ਲਈ ਚਿੱਠੀ-ਪੱਤਰ ਰਾਹੀਂ ਅਕਸਰ ਖ਼ਬਰਦਾਰ ਕਰਦਾ ਰਹਿੰਦਾ। ਉਸਨੇ ਕਿਨਕੇਡ ਤੋਂ ਚਿਰੋਲ ਦੇ ਨਾਂ ਹੇਠ ਹਿੰਦੋਸਤਾਨੀ ਕਰਾਂਤੀਕਾਰੀਆਂ ਖ਼ਿਲਾਫ਼ ਕਈ ਲੇਖ ਵੀ ਲਿਖਵਾਏ। ਇੰਡੀਆ ਹਾਊਸ ਤੇ ਕ੍ਰਾਂਤੀਕਾਰੀ ਲਹਿਰ ਨੂੰ ਦਬਾਉਣ ਲਈ ਉਸਨੇ ਸਿਰਤੋੜ ਯਤਨ ਕੀਤੇ। ਬ੍ਰਿਟਿਸ਼ ਪ੍ਰੈੱਸ (ਖਾਸਕਰ ਲੰਡਨ ਟਾਇਮਜ਼ ਤੇ ਸਟੈਂਡਰਡ) ਨੇ ਉਸਦਾ ਪੂਰਾ ਸਾਥ ਦਿੱਤਾ। ਜਲਸਿਆਂ ਤੋਂ ਘਬਰਾ ਕੇ ਇਹਨਾਂ ਅਖ਼ਬਾਰਾਂ ਨੇ ਪ੍ਰਚਾਰਨਾ ਸ਼ੁਰੂ ਕੀਤਾ ਕਿ ਇੰਗਲੈਂਡ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਦੇ ਨੌਜਵਾਨ ਹਥਿਆਰਬੰਦ ਬਗ਼ਾਵਤ ਕਰਨ ਲਈ ਤਿਆਰ ਕੀਤੇ ਜਾ ਰਹੇ ਹਨ। ਇੰਡੀਆ ਹਾਊਸ ਉੱਤੇ ਸਕਾਟਲੈਂਡ ਯਾਰਡ ਦਾ ਪਹਿਰਾ ਲਗਾ ਦਿੱਤਾ।

ਮੈਂ 1 ਜੁਲਾਈ 1909 ਨੂੰ ਬਰਤਾਨੀਆਂ ਦੇ ਉੱਚ ਅਫਸਰਾਂ ਦੀ ਬਣਾਈ ਇੰਡੀਅਨ ਐਸੋਸੀਏਸ਼ਨ ਦਾ ਜਲਸਾ ਇੰਪੀਰੀਅਲ



ਇੰਟੀਚਿਊਟ 'ਚ ਆਯੋਜਿਤ ਕੀਤਾ ਗਿਆ। ਜਹਾਂਗੀਰ ਹਾਲ 'ਚ ਅੰਗਰੇਜ਼ੀ 'ਚ ਤਕਰੀਰਾਂ ਹੋਈਆਂ। ਕੁੱਝ ਗੀਤ ਹਿੰਦੋਸਤਾਨੀ ਬੋਲੀਆਂ 'ਚ ਵੀ ਗਾਏ ਗਏ। ਜਲਸੇ ਦੇ ਖ਼ਤਮ ਹੋਣ ਤੇ ਅਚਾਨਕ ਗੋਲੀਆਂ ਦੀ ਅਵਾਜ਼ ਆਈ। ਮਦਨ ਲਾਲ ਢੀਂਗਰਾ ਨੇ ਆਪਣੇ ਪਿਸਤੌਲ ਨਾਲ ਕਰਜ਼ਨ ਵਾਇਲੀ ਦੇ ਚਿਹਰੇ ਉੱਪਰ ਪੰਜ ਫਾਇਰ ਕੀਤੇ। ਪਾਰਸੀ ਡਾਕਟਰ ਲਾਲ ਕਾਕਾ ਕਰਜਨ ਨੂੰ ਬਚਾਂਉਦਾ ਤੇ ਮਦਨ ਨੂੰ ਕਾਬੂ ਕਰਦਾ ਉਸਦੀ ਛੇਵੀਂ ਗੋਲੀ ਦਾ ਸ਼ਿਕਾਰ ਹੋ ਗਿਆ। ਇਸ ਸਿਆਸੀ ਕਤਲ ਨਾਲ ਪੂਰਾ ਇੰਗਲੈਂਡ ਕੰਬ ਉਠਿਆ। ਮਦਨ ਲਾਲ ਢੀਂਗਰਾ ਨੇ ਹੱਸਦਿਆਂ ਆਪਣੀ ਗ੍ਰਿਫ਼ਤਾਰੀ ਦਿੱਤੀ। ਉਸ ਉਪਰ ਮੁਕੱਦਮਾ ਚੱਲਿਆ ਤੇ ਫਾਂਸੀ ਦੀ ਸਜਾ ਸੁਣਾਈ ਗਈ। ਮਦਨ ਲਾਲ ਢੀਂਗਰਾ 17 ਅਗਸਤ 1909 ਨੂੰ ਪੈਨਟਿਨਵਿਲ ਜੇਲ੍ਹ ਚ 'ਬੰਦੇ ਮਾਤਰਮ 'ਦੇ ਨਾਅਰੇ ਗੂੰਜਾਂਉਦਾ ਹੋਇਆ ਸ਼ਹੀਦ ਹੋ ਗਿਆ।

ਇਸ ਕਤਲ ਸਬੰਧੀ ਲੰਡਨ ਦੇ ਇੱਕ ਅਖ਼ਬਾਰ ਨੇ ਮਦਨ ਬਾਰੇ ਟਿੱਪਣੀ ਕੀਤੀ ਕਿ 'ਜਿਹੜੇ ਕਾਗਜ਼ ਤਲਾਸ਼ੀ ਲੈਣ ਉੱਤੇ ਕੈਦੀ ਪਾਸੋਂ ਮਿਲੇ ਸਨ, ਉਹਨਾਂ ਤੋਂ ਪਤਾ ਲਗਦਾ ਹੈ ਕਿ ਇਹ ਇੱਕ ਸਿਆਸੀ ਕਤਲ ਹੈ। ਇਹ ਤਿੰਨ ਕਾਗਜ਼ ਫੁਲਸਕੇਪ ਸਾਇਜ਼ ਦੇ ਹਨ ਤੇ ਹੱਥ ਨਾਲ ਲਿਖੇ ਹੋਏ ਹਨ। ਇਹ ਪੇਪਰ ਸ਼ਪੱਸ਼ਟ ਦੱਸਦੇ ਹਨ ਕਿ ਢੀਂਗਰਾ ਪੁਲੀਟੀਕਲ ਆਦਮੀ ਹੈ ਤੇ ਹਿੰਦੋਸਤਾਨ ਵਿੱਚ ਉਹ ਅੰਗਰੇਜ਼ੀ ਰਾਜ ਦਾ ਸਖ਼ਤ ਦੁਸ਼ਮਣ ਹੈ। ਉਹ ਇਹਨਾਂ ਕਾਗਜ਼ਾਂ ਵਿੱਚ ਦੱਸਦਾ ਹੈ ਕਿ ਹਿੰਦੋਸਤਾਨ ਉੱਤੇ ਅੰਗਰੇਜ਼ੀ ਰਾਜ ਇੱਕ ਅਨਿਆਈ ਰਾਜ ਹੈ ਤੇ ਇਸ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਲਈ ਹਰ ਇੱਕ ਤਰੀਕਾ ਯੋਗ ਹੈ, ਜਿਸ ਨਾਲ ਹਿੰਦੋਸਤਾਨ ਅਜ਼ਾਦੀ ਪ੍ਰਾਪਤ ਕਰ ਸਕੇ। ਇਹ ਪੇਪਰ ਦੱਸਦੇ ਹਨ ਕਿ ਇਹਨਾਂ ਕਾਗਜ਼ਾਂ ਦਾ ਲਿਖਾਰੀ ਘੱਟੋ-ਘੱਟ ਇੱਕ ਅੰਗਰੇਜ਼ ਨੂੰ ਕਤਲ ਕਰਨ ਦੇ ਪੱਕੇ ਇਰਾਦੇ ਨਾਲ ਮੀਟਿੰਗ ਵਿੱਚ ਸ਼ਾਮਲ ਹੋਇਆ। ਇਹ ਪੇਪਰ ਦੱਸਦੇ ਹਨ ਕਿ ਜੇ ਸਾਰੇ ਹਿੰਦੋਸਤਾਨੀ ਵਿਦਿਆਰਥੀ ਉਸ ਦੇ ਜ਼ਜ਼ਬੇ ਵਾਲੇ ਹੋਣ ਤੇ ਉਸ ਵਰਗੀ ਬਹਾਦਰੀ ਭਰੀ ਕਾਰਵਾਈ ਕਰਨ ਤੇ ਸਾਰੇ ਖ਼ਤਰੇ ਮੁੱਲ ਲੈਣ ਲਈ ਤਿਆਰ ਹੋਣ, ਤਾਂ ਹਿੰਦੋਸਤਾਨ ਦੀ ਅਜ਼ਾਦੀ ਬਹੁਤ ਜਲਦੀ ਪ੍ਰਾਪਤ ਕੀਤੀ ਜਾ ਸਕਦੀ ਹੈ।' ਤਲਾਸ਼ੀ ਸਮੇਂ ਉਸ ਪਾਸੋਂ ਲਾਰਡ ਕਰਜਨ ਦੀ ਤਸਵੀਰ ਮਿਲੀ ਜਿਸ ਉੱਤੇ ਲਿਖਿਆ ਸੀ 'ਹੀਥਨ ਡੌਗ' (ਕਾਫ਼ਰ ਕੁੱਤਾ)।

ਮਦਨ ਲਾਲ ਢੀਂਗਰਾ ਦੀ ਸ਼ਹੀਦੀ ਦੀ ਖ਼ਬਰ ਪ੍ਰਾਪਤ ਹੋਣ ਤੇ ਆਇਰਲੈਂਡ ਦੀਆਂ ਅਖਬਾਰਾਂ ਨੇ ਵੱਡੇ ਹੈਡਿੰਗ ਦੇ ਕੇ ਲਿਖਿਆ- ਮਦਨ ਲਾਲ ਢੀਂਗਰਾ ਆਪਣੇ ਦੇਸ਼ ਲਈ ਸ਼ਹੀਦ ਹੋਇਆ ਹੈ।

ਮਦਨ ਲਾਲ ਢੀਂਗਰਾ ਦਾ ਵੈਸਟ ਮਿਨਸਟਰ ਪੁਲਸ ਕੋਰਟ 'ਚ ਦਿੱਤਾ ਬਿਆਨ ਬੇਹੱਦ ਮਹੱਤਵਪੂਰਨ ਹੈ। ਮੈਂ ਆਪਣੀ ਸਫਾਈ ਵਿੱਚ ਕੁੱਝ ਨਹੀਂ ਕਹਿਣਾ ਚਾਹੁੰਦਾ, ਪਰ ਆਪਣੀ ਕੀਤੀ ਕਾਰਵਾਈ ਨੂੰ ਸਹੀ ਤੇ ਨਿਆਂਕਾਰੀ ਸਾਬਤ ਕਰਨ ਲਈ ਕੁਉਝ ਕਹਿਣਾ ਹੈ। ਜਿੱਥੇ ਤੱਕ ਮੇਰਾ ਸੁਆਲ ਹੈ, ਅੰਗਰੇਜ਼ੀ ਸਰਕਾਰ ਨੂੰ ਮੈਨੂੰ ਗ੍ਰਿਫ਼ਤਾਰ ਕਰਨ ਦਾ ਕੋਈ ਹੱਕ ਨਹੀਂ। ਅਜਿਹੀ ਸਰਕਾਰ ਨੂੰ ਨਾ ਹੀ ਕੋਈ ਹੱਕ ਹੈ ਮੈਨੂੰ ਕੈਦਖਾਨੇ ਵਿੱਚ ਰੱਖਣ ਦਾ, ਤੇ ਨਾ ਹੀ ਮੇਰੇ ਉਲਟ ਮੌਤ ਦੀ ਸਜ਼ਾ ਦੇਣ ਦਾ। ਇਹੋ ਕਾਰਨ ਹੈ ਕਿ ਮੈਂ ਆਪਣੀ ਕੋਈ ਸਫ਼ਾਈ ਨਹੀਂ ਦੇ ਰਿਹਾ ਤੇ ਨਾ ਹੀ ਸਫ਼ਾਈ ਦੇਣ ਲਈ ਕੋਈ ਵਕੀਲ ਕੀਤਾ।

ਜੇ ਅੰਗਰੇਜ਼ਾਂ ਲਈ, ਆਪਣੇ ਦੇਸ਼ ਇੰਗਲੈਂਡ ਦੀ ਰਾਖ਼ੀ ਲਈ ਜਰਮਨਾਂ ਦੇ ਖ਼ਿਲਾਫ਼ ਲੜਨਾ ਦੇਸ਼-ਭਗਤੀ ਹੈ ਤਾਂ ਮੈਂ ਵੀ ਜੋ ਕਾਰਵਾਈ ਕੀਤੀ ਹੈ ਉਹ ਸਹੀ ਤੇ ਯੋਗ ਹੈ, ਕਿਹਾ ਕਿ ਆਪਣੇ ਦੇਸ਼ ਦੀ ਰਾਖੀ ਲਈ ਅਵਾਜ਼ ਉਠਾਉਣੀ ਵੀ ਦੇਸ਼ ਭਗਤੀ ਹੈ। ਮੈਂ ਅੰਗਰੇਜ਼ ਹੁਕਮਰਾਨਾਂ ਨੂੰ ਪਿਛਲੇ ਪੰਜਾਹ ਸਾਲਾਂ ਵਿੱਚ ਆਪਣੇ ਅੱਠ ਲੱਖ ਦੇਸ਼ ਵਾਸੀਆਂ ਨੂੰ ਜਾਣ ਬੁਝਕੇ ਕਤਲ ਕਰਨ ਦਾ ਦੋਸ਼ੀ ਸਮਝਦਾ ਹਾਂ। ਮੈਂ ਹਕੂਮਤ ਉੱਤੇ, ਮੇਰੇ ਦੇਸ਼ ਦੇ ਖਜ਼ਾਨੇ ਵਿੱਚੋਂ ਹਰ ਸਾਲ ਦਸ ਕਰੋੜ ਪੌਂਡ ਚੁਰਾਉਣ ਦਾ ਵੀ ਇਲਜ਼ਾਮ ਲਾਉਂਦਾ ਹਾਂ। ਮੈਂ ਅੰਗਰੇਜ਼ ਹੁਕਮਰਾਨਾ ਉੱਤੇ ਆਪਣੇ ਅਣਗਿਣਤ ਦੇਸ਼-ਵਾਸੀਆਂ ਨੂੰ ਫਾਂਸੀ ਦੇ ਤਖਤਿਆਂ ਉੱਤੇ ਲਟਕਾਉਣ ਤੇ ਜਲਾਵਤਨ ਕਰਨ ਦਾ ਦੋਸ਼ ਲਾਉਂਦਾ ਹਾਂ।

ਜੇ ਇੱਕ ਅੰਗਰੇਜ਼ ਹਿੰਦੋਸਤਾਨ ਜਾਂਦਾ ਹੈ ਤੇ ਇੱਕ ਸੌ ਪੌਂਡ ਮਹੀਨਾ ਤਨਖਾਹ ਲੈਂਦਾ ਹੈ ਤਾਂ ਇਸ ਦਾ ਮਤਲਬ ਸ਼ਪੱਸ਼ਟ ਹੈ ਕਿ ਉਹ ਇੱਕ ਹਜ਼ਾਰ ਹਿੰਦੋਸਤਾਨੀਆਂ ਦੇ ਮੂੰਹੋਂ ਰੋਟੀ ਖੋਂਹਦਾ ਹੈ ਤੇ ਉਹਨਾਂ ਨੂੰ ਭੁੱਖਾ ਮਾਰ ਕੇ ਮੌਤ ਦੇ ਮੂੰਹ ਤੋਰ ਦਿੰਦਾ ਹੈ। ਇੱਕ ਹਜ਼ਾਰ ਗਰੀਬ ਹਿੰਦੋਸਤਾਨੀ, ਇੱਕ ਸੌ ਪੌਂਡ ਨਾਲ ਆਪਣੇ ਪੇਟ ਨੂੰ ਝੁਲਕਾ ਦੇ ਕੇ ਜੀਂਦੇਂ ਰਹਿ ਸਕਦੇ ਹਨ,ਪਰ ਉਸੇ ਇੱਕ ਸੌ ਪੌਂਡ ਮਹੀਨੇ ਦੀ ਕਮਾਈ ਨਾਲ ਇੱਕ ਅੰਗਰੇਜ਼ ਗੁਲਛਰੇ ਉਡਾਉਂਦਾ ਹੈ ਤੇ ਸਾਰਾ ਮਹੀਨਾ ਮੌਜ-ਮੇਲੇ ਵਿੱਚ ਰੁੱਝਾ ਰਹਿੰਦਾ ਹੈ।

ਜਿਵੇਂ ਜਰਮਨਾਂ ਨੂੰ ਇੰਗਲੈਂਡ ਉੱਤੇ ਰਾਜ ਕਰਨ ਦਾ ਕੋਈ ਹੱਕ ਨਹੀਂ,ਬਿਲਕੁਲ ਉਸੇ ਤਰ੍ਹਾਂ ਅੰਗਰੇਜ਼ ਹਿੰਦੋਸਤਾਨ ਤੇ ਕਬਜ਼ਾ ਕਰਨ ਦਾ ਕੋਈ ਹੱਕ ਨਹੀਂ ਰੱਖਦੇ। ਜਿਹੜਾ ਅੰਗਰੇਜ਼ ਹੁਕਮਰਾਨ ਮੇਰੇ ਦੇਸ਼ ਦੀ ਪਵਿੱਤਰ ਧਰਤੀ ਨੂੰ ਅਪਵਿੱਤਰ ਤੇ ਪਲੀਤ ਕਰਨ ਦਾ ਦੋਸ਼ੀ ਹੈ, ਉਸਨੂੰ ਕਤਲ ਕਰਨਾ ਸਾਡੇ ਲਈ ਬਿਲਕੁਲ ਨਿਆਂਕਾਰੀ ਹੈ।

ਮੈਂ ਉਹਨਾਂ ਅੰਗਰੇਜ਼ ਹੁਕਮਰਾਨਾਂ ਦੀ ਬਦਨੀਤੀ,ਝੂਠ ਤੇ ਫਰੇਬ ਉੱਤੇ ਹੈਰਾਨ ਹਾਂ ਜੋ ਕਾਂਗੋ ਤੇ ਰੂਸ ਵਿੱਚ ਹੁਕਮਰਾਨਾ ਵੱਲੋਂ ਜਨਤਾ ਉੱਤੇ ਕੀਤੇ ਜ਼ੁਲਮਾਂ ਦੀ ਦੁਹਾਈ ਦੇਂਦੇ ਨਹੀਂ ਥੱਕਦੇ, ਪਰ ਹਿੰਦੋਸਤਾਨ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਦਾ ਧੂੰ ਤੱਕ ਨਹੀਂ ਨਿਕਲਣ ਦਿੰਦੇ। ਮਿਸਾਲ ਦੇ ਤੌਰ 'ਤੇ ਹਰ ਸਾਲ ਦੋ ਲੱਖ ਹਿੰਦੋਸਤਾਨੀ ਮਾਰ ਦੇਣ ਤੇ ਹਜ਼ਾਰਾਂ ਹਿੰਦੋਸਤਾਨੀ ਬਹੂ-ਬੇਟੀਆਂ ਦੀ ਇੱਜਤ ਲੁੱਟਣੀ।

ਮੈਂ ਇਹ ਬਿਆਨ ਇਸ ਲਈ ਨਹੀਂ ਦੇ ਰਿਹਾ ਕਿ ਮੈਂ ਤੁਹਾਡੇ ਪਾਸ ਰਹਿਮ ਦੀ ਅਪੀਲ ਕਰ ਰਿਹਾ ਹਾਂ। ਮੇਰੀ ਦਿਲੀ ਇੱਛਾ ਹੈ ਕਿ ਹੁਕਮਰਾਨ ਕੌਮ ਮੈਨੂੰ ਮੌਤ ਦੀ ਸਜ਼ਾ ਦੇਵੇ, ਕਿਉਂਕਿ ਇਸ ਹਾਲਤ ਵਿੱਚ ਹੀ ਮੇਰੇ ਦੇਸ਼-ਵਾਸੀ ਬਦਲਾ ਲੈਣ ਲਈ ਹੋਰ ਤਿਆਰ ਹੋ ਜਾਣਗੇ।

ਇਸੇ ਤਰ੍ਹਾਂ ਮਦਨ ਲਾਲ ਢੀਂਗਰਾ ਦਾ ਆਖਰੀ ਸੁਨੇਹਾ ਗਿਆਨ ਚੰਦ ਸ਼ਰਮਾ, ਸਰਦਾਰ ਸਿੰਘ ਰਾਣਾ ਤੇ ਸਾਵਰਕਰ ਦੇ ਯਤਨਾਂ ਸਦਕਾ ਭਾਰਤੀ ਲੋਕਾਂ ਤੱਕ ਪਹੁੰਚਿਆ। 'ਚੈਲੰਜ਼' ਦੇ ਸਿਰਲੇਖ ਹੇਠ ਛਪੇ ਇਸ ਬਿਆਨ ਨੇ ਭਾਰਤ 'ਚ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਸਰਕਾਰ ਨੇ ਜਲਦ ਹੀ ਇਸਤੇ ਬੰਦਸ਼ ਲਗਾ ਦਿੱਤੀ। ਇਸ ਤਰ੍ਹਾਂ ਆਪਣੇ ਦੇਸ਼ ਦੇ ਲੋਕਾਂ ਦੀ ਗ਼ੁਲਾਮੀ ਤੋਂ ਮੁਕਤੀ ਦਾ ਦੀਵਾਨਾ ਉਹ ਨੌਜ਼ਵਾਨ ਸਦਾ ਲਈ ਅਮਰ ਹੋ ਗਿਆ। ਮਦਨ ਲਾਲ ਢੀਂਗਰਾ ਦੀ ਸ਼ਹੀਦੀ ਤੋਂ ਪ੍ਰੇਰਨਾ ਲੈਂਦਿਆਂ ਅੱਜ ਨੌਜਵਾਨਾਂ ਨੂੰ ਦੇਸ਼ ਦੇ ਹਾਲਾਤਾਂ ਬਾਰੇ ਗੰਭੀਰਤਾ ਨਾਲ ਸੋਚਣਾ ਵਿਚਾਰਨਾ ਚਾਹੀਦਾ ਹੈ।

ਪਿਛਲੇ ਸਮੇਂ ਅਮਰ ਸ਼ਹੀਦ ਮਦਨ ਲਾਲ ਢੀਂਗਰਾ ਦੇ ਜੱਦੀ ਘਰ ਨੂੰ ਇੱਕ ਭੂ-ਮਾਫੀਏ ਦੁਆਰਾ ਵਪਾਰ ਲਈ ਮਾਰਕੀਟ ਬਨਾਉਣ ਲਈ ਖਰੀਦ ਕੇ ਢਾਹ ਦਿੱਤਾ ਗਿਆ। ਬੇਸ਼ਕੀਮਤੀ ਕੁਦਰਤੀ ਵਸੀਲੇ ਤੇ ਕਿਰਤੀ ਲੋਕਾਂ ਦੇ ਜਲ, ਜੰਗਲ ਤੇ ਜ਼ਮੀਨ ਨੂੰ ਕੌਡੀਆਂ ਦੇ ਭਾਅ ਕਾਰਪੋਰੇਟਾਂ ਨੂੰ ਵੇਚਣ ਤੇ ਤੁਲੀਆਂ ਹੋਈਆਂ ਸਰਕਾਰਾਂ ਵੱਲੋਂ ਸ਼ਹੀਦ ਦੇ ਜੱਦੀ ਘਰ ਪ੍ਰਤੀ ਵਰਤੀ ਗਈ ਅਣਗਹਿਲੀ ਬੇਹੱਦ ਸ਼ਰਮਨਾਕ ਹੈ। ਵੱਖ-ਵੱਖ ਅਗਾਂਹਵਧੂ ਹਿੱਸਿਆਂ ਵੱਲੋਂ ਵਿਰੋਧ ਦੇ ਕਾਰਨ ਭਾਵੇਂ ਸੁਪਰੀਮ ਕੋਰਟ ਵੱਲੋਂ ਫੌਰੀ ਤੌਰ ਤੇ ਭੂ-ਮਾਫੀਏ 'ਤੇ ਉਸਾਰੀ ਲਈ ਰੋਕ ਲਗਾ ਦਿੱਤੀ ਗਈ ਹੈ ਪ੍ਰੰਤੂ ਇਸ ਜਗ ?ਹਾ ਨੂੰ ਸ਼ਹੀਦੀ ਯਾਦਗਾਰ ਬਨਾਉਣ ਦੀ ਚੁਣੌਤੀ ਸਭਨਾਂ ਇਨਸਾਫ਼ਪਸੰਦ ਤੇ ਚੇਤੰਨ ਲੋਕਾਂ ਸਾਹਮਣੇ ਹਾਲੇ ਦਰਪੇਸ਼ ਹੈ।

**ਚੈਲੰਜ਼**

ਇਹ ਮਦਨ ਲਾਲ ਢੀਂਗਰਾ ਦਾ ਆਖਰੀ ਸੁਨੇਹਾ ਹੈ। ਪੁਲਸ ਤੇ ਹੁਕਮਰਾਨਾਂ ਦਾ ਖਿਆਲ ਸੀ ਕਿ ਦੋਵੇਂ ਕਾਪੀਆਂ ਉਹਨਾਂ ਦੇ ਕਬਜੇ ਵਿੱਚ ਹਨ, ਇਸ ਲਈ ਬਿਆਨ ਨਹੀਂ ਛਪੇਗਾ।16 ਅਗਸਤ ਨੂੰ ਇਹ ਬਿਆਨ ਬੰਬ ਵਾਂਗੂੰ ਫਟਿਆ। ਹਾਕਮ ਬਿਆਨ ਛਪਿਆ ਦੇਖ ਕੇ ਦੰਗ ਰਹਿ ਗਏ। ਬਿਆਨ ਦਾ ਸਿਰਲੇਖ ਸੀ 'ਚੈਲੰਜ'।

'ਮੈਂ ਮੰਨਦਾ ਹਾਂ ਕਿ ਉਸ ਦਿਨ ਮੈਂ ਅਪਣੇ ਦੇਸ਼ ਵਿੱਚ ਹੋ ਰਹੇ ਜ਼ੁਲਮਾਂ, ਨੌਜ਼ਵਾਨਾਂ ਨੂੰ ਦਿੱਤੀਆਂ ਜਾ ਰਹੀਆਂ ਫਾਂਸੀਆਂ ਤੇ ਰਾਜਸੀ ਆਗੂਆਂ ਨੂੰ ਜਲਾਵਤਨ ਕਰਨ ਬਾਰੇ ਪ੍ਰੋਟੈਸਟ ਲਈ ਇਮਕ ਅੰਗਰੇਜ਼ ਦਾ ਖ਼ੂਨ ਵਹਾਇਆ ਹੈ। ਜੋ ਦੇਸ਼ ਤਾਕਤ ਤੇ ਹਥਿਆਰਾਂ ਦੇ ਜ਼ੋਰ ਨਾਲ ਗ਼ੁਲਾਮ ਬਣਾਇਆ ਜਾਂਦਾ ਹੈ, ਉਹ ਜਦ ਤੱਕ ਅਜ਼ਾਦ ਨਹੀਂ ਹੋ ਜਾਂਦਾ, ਹੁਕਮਰਾਨਾਂ ਦੇ ਉਲਟ ਲੜ ਰਿਹਾਂ ਹੁੰਦਾ ਹੈ। ਸਾਡੇ ਕੋਲ ਹਥਿਆਰ ਨਹੀਂ, ਇਸ ਲਈ ਅਸੀਂ ਖੁੱਲ੍ਹੇ ਮੈਦਾਨ ਵਿੱਚ ਲੜਨਯੋਗ ਨਹੀਂ ਰਹਿਣ ਦਿੱਤੇ ਗਏ ਤੇ ਸਾਡੇ ਦੇਸ਼ ਨੂੰ ਬੇ-ਹਥਿਆਰਾ ਕਰ ਦਿੱਤਾ ਗਿਆ ਹੈ। ਇਸ ਲਈ ਸਾਨੂੰ ਇੱਕੇ ਦੁੱਕੇ ਹਮਲੇ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸੇ ਲਈ ਮੈਂ ਆਪਣਾ ਪਿਸਤੌਲ ਵਰਤਿਆ ਹੈ।

ਮੈਂ ਹਿੰਦੀ ਹੁੰਦਾ ਹੋਇਆ ਸਮਝਦਾ ਹਾਂ ਕਿ ਮੇਰੇ ਦੇਸ਼ ਦਾ ਗ਼ੁਲਾਮ ਹੋਣਾ ਮੇਰੇ ਰੱਬ ਦੀ ਬੇਇੱਜ਼ਤੀ ਹੈ। ਮੇਰੇ ਰੱਬ, ਮੇਰੀ ਭਾਰਤ ਮਾਤਾ ਦੀਆਂ ਜੰਜੀਰਾਂ ਕੱਟਣੀਆਂ ਹਨ। ਮੇਰੇ ਪਾਸ ਆਪਣੇ ਖ਼ੂਨ ਤੋਂ ਬਿਨ੍ਹਾਂ ਭਾਰਤ ਮਾਤਾ ਦੀ ਬਲੀ ਉੱਤੇ ਚੜ੍ਹਾਉਣ ਲਈ ਹੋਰ ਕੁੱਝ ਨਹੀਂ ਸੀ। ਭਾਰਤ ਮਾਤਾ ਦੀ ਅਜ਼ਾਦੀ ਦੇ ਅੰਦੋਲਨ ਵਿੱਚ ਮੈਂ ਆਪਣੀ ਅਹੂਤੀ ਦੇ ਕੇ ਆਪਣੀ ਸ਼ਹੀਦੀ ਦੀ ਆਮਦ ਵਿੱਚ ਖੁਸ਼ ਹਾਂ ਤੇ ਸ਼ਹੀਦੀ ਦੀ ਉਡੀਕ ਵਿੱਚ ਹਾਂ।

ਹਿੰਦੋਸਤਾਨ ਵਿੱਚ ਇੱਕੋ ਸਬਕ ਸਿੱਖਣ ਦੀ ਲੋੜ ਹੈ। ਉਹ ਸਬਕ ਇਹ ਹੈ ਕਿ ਮਰਨ ਦੀ ਜਾਂਚ ਸਿੱਖੀ ਜਾਏ ਤੇ ਇਹ ਸਬਕ ਆਪ ਮਰਕੇ ਆਪਣੀ ਸ਼ਹੀਦੀ ਦੇ ਕੇ ਹੀ ਸਿਖਾਇਆ ਜਾ ਸਕਦਾ ਹੈ।

ਜਦ ਤੱਕ ਅੰਗਰੇਜ਼ ਕੌਮ ਤੇ ਹਿੰਦੀ ਕੌਮ ਕਾਇਮ ਹਨ, ਇਹ ਜੰਗ ਜਾਰੀ ਰਹੇਗੀ, ਕਿਉਂਕਿ ਹਿੰਦੋਸਤਾਨ ਤੇ ਇੰਗਲੈਂਡ ਦੇ ਸਬੰਧ ਗੈਰ-ਕੁਦਰਤੀ ਹਨ।

ਆਤਮਾ ਕਦੇ ਨਹੀਂ ਮਰਦੀ।ਜੇ ਮੇਰੇ ਦੇਸ਼ ਦੇ ਵਾਸੀ ਇੱਕ-ਇੱਕ ਦੋ-ਦੋ ਅੰਗਰੇਜ਼ ਹੁਕਮਰਾਨ ਮਾਰਨ ਲੱਗਣ ਤਾਂ ਉਹਨਾਂ ਦੇ ਧਰਤੀ ਉੱਤੇ ਡਿੱਗਣ ਤੋਂ ਪਹਿਲੋਂ ਮੇਰੀ ਭਾਰਤ ਮਾਤਾ ਤੇ ਹਿੰਦੀ ਕੌਮ ਅਜ਼ਾਦ ਹੋ ਜਾਵੇਗੀ।

ਇਹ ਮੇਰੀ ਅੰਤਿਮ ਇੱਛਾ ਹੈ ਕਿ ਮੈਂ ਫਿਰ ਉਸੇ ਮਾਂ ਦੀ ਕੁੱਖ ਹਰੀ ਕਰਾਂ,ਜਿਸ ਨੇ ਮੈਨੂੰ ਜਨਮ ਦਿੱਤਾ ਹੈ। ਮੈਂ ਫਿਰ ਮਰਾਂ, ਮੈਂ ਫਿਰ ਪੈਦਾ ਹੋਵਾਂ, ਜਦ ਤੱਕ ਕਿ ਪਵਿੱਤਰ ਮਾਤਾ ਦੀ ਅਜ਼ਾਦੀ ਵਾਲਾ ਮੇਰਾ ਪ੍ਰਣ ਪੂਰਾ ਨਹੀਂ ਹੋ ਜਾਂਦਾ। ਜਦ ਤੱਕ ਸਾਰੀ ਮਨੁੱਖਤਾ ਅਜ਼ਾਦ ਨਹੀਂ ਹੁੰਦੀ, ਜਾਗ ਨਹੀਂ ਉੱਠਦੀ,ਮੈਂ ਇਸੇ ਮਾਂ ਦੀ ਕੁੱਖ ਮੁੜ ਮੁੜ ਕੇ ਹਰੀ ਕਰਦਾ ਰਹਾਂ ਤੇ ਇਸੇ ਮਾਂ ਦੀ ਧਰਤੀ ਨੂੰ ਅਜ਼ਾਦ ਕਰਵਾਉਣ ਲਈ ਸ਼ਹੀਦ ਹੁੰਦਾ ਰਹਾਂ।

**- ਮਨਦੀਪ ਦੀ ਵਾਲ ਤੋਂ**

-ਟੋਰਾ ਅਗਰਵਾਲਾ
ਅਨੁ.: ਬੂਟਾ ਸਿੰਘ ਮਹਿਮੂਦਪੁਰ

# 'ਹਰ ਕਿਸੇ ਨੂੰ ਪਤਾ ਹੋਣਾ ਚਾਹੀਦੈ ਕਿ ਸਾਡੇ ਨਾਲ ਕੀ ਹੋਇਆ'

## ਚਾਰ ਕੁਕੀ ਔਰਤਾਂ ਦੀ ਦਿਲ ਦਹਿਲਾ ਦੇਣ ਵਾਲੀ ਦਾਸਤਾਂ

*ਟੋਰਾ ਅਗਰਵਾਲਾ ਗੁਹਾਟੀ ਆਧਾਰਤ ਸੁਤੰਤਰ ਪੱਤਰਕਾਰ ਹੈ ਜਿਸ ਦੀ ਇਹ ਸਟੋਰੀ ਆਨਲਾਈਨ ਨਿਊਜ਼ ਪੋਰਟਲ 'ਸਕਰੌਲ' ਉੱਪਰ ਛਪੀ ਹੈ। ਉਸ ਦਾ ਅਨੁਵਾਦ ਬੜੇ ਸੰਜੀਦਾ ਲੇਖਕ ਅਤੇ ਅਨੁਵਾਦਕ ਸ੍ਰ. ਬੂਟਾ ਸਿੰਘ ਮਹਿਮੂਦਪੁਰ ਦੇ ਸ਼ਬਦਾਂ ਅਤੇ ਕਲਮ ਰਾਹੀਂ ਤੁਹਾਡੇ ਸਨਮੁਖ ਰੱਖ ਰਹੇ ਹਾਂ। – ਸੰਪਾਦਕ*




ਮਈ 2023 ਵਿਚ, ਦੋ ਵੱਖ-ਵੱਖ ਘਟਨਾਵਾਂ ਵਿਚ ਕੁਕੀ ਕਬੀਲੇ ਦੀਆਂ ਔਰਤਾਂ ਉੱਤੇ ਗੁੰਡਾ ਗੈਂਗ ਨੇ ਹਮਲਾ ਕੀਤਾ ਸੀ। ਹਮਲਾਵਰਾਂ ਨੇ ਕਿਹਾ ਕਿ ਉਹ ਆਪਣੇ ਭਾਈਚਾਰੇ ਵਿਰੁੱਧ ਹਿੰਸਾ ਦਾ ਬਦਲਾ ਲੈ ਰਹੇ ਹਨ।

ਕੁਕੀ ਕਬੀਲੇ ਦੀਆਂ ਔਰਤਾਂ ਦੀ ਭੀੜ ਦੁਆਰਾ ਨਗਨ ਪਰੇਡ ਕੀਤੇ ਜਾਣ ਦੀ ਵੀਡੀਓ ਵਾਇਰਲ ਹੋਣ ਨੇ ਉਸ ਜਿਨਸੀ ਹਿੰਸਾ ਵੱਲ ਮੁਲਕ ਦਾ ਧਿਆਨ ਖਿੱਚਿਆ ਜੋ ਮਨੀਪੁਰ ਵਿਚ ਚੱਲ ਰਹੀ ਖ਼ਾਨਾਜੰਗੀ 'ਚ ਔਰਤਾਂ ਵਿਰੁੱਧ ਕੀਤੀ ਜਾ ਰਹੀ ਹੈ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਕੁਝ ਦਿਨ ਪਹਿਲਾਂ ਸਕਰੌਲ ਨੇ ਮਨੀਪੁਰ ਦਾ ਦੌਰਾ ਕੀਤਾ ਅਤੇ ਉੱਥੇ ਕੁਕੀ ਔਰਤਾਂ ਨਾਲ ਗੱਲ ਕੀਤੀ ਜਿਨ੍ਹਾਂ ਨੂੰ ਭੀੜ ਦੇ ਹੱਥੋਂ ਭਿਆਨਕ ਹਿੰਸਾ ਦਾ ਸਾਹਮਣਾ ਕਰਨਾ ਪਿਆ ਸੀ। ਅਸੀਂ ਚਾਰ ਔਰਤਾਂ ਨਾਲ ਗੱਲਬਾਤ ਕੀਤੀ। ਇਨ੍ਹਾਂ ਵਿਚ ਉਹ ਔਰਤ ਵੀ ਸ਼ਾਮਿਲ ਸੀ ਜਿਸ ਉੱਪਰ ਕੀਤੇ ਜਿਨਸੀ ਜ਼ੁਲਮ ਦੀ ਵੀਡੀਓ ਬਣਾਈ ਗਈ ਸੀ। ਫਿਰ ਪ੍ਰਧਾਨ ਮੰਤਰੀ ਨੂੰ ਮਨੀਪੁਰ ਬਾਰੇ ਮੂੰਹ ਖੋਲ੍ਹਣਾ ਪਿਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਉੱਪਰ ਜ਼ੁਲਮ ਕਰਨ ਵਾਲੇ ਮਰਦ ਕਹਿ ਰਹੇ ਸਨ ਕਿ ਉਹ ਆਪਣੇ ਭਾਈਚਾਰੇ ਵਿਰੁੱਧ ਹੋਈ ਹਿੰਸਾ ਦਾ ਬਦਲਾ ਲੈ ਰਹੇ ਹਨ। ਦੋ ਮਾਮਲਿਆਂ ਵਿਚ ਪੀੜਤਾਂ ਨੇ ਦੱਸਿਆ ਕਿ ਮੇਤਈ ਔਰਤਾਂ ਵੀ ਭੀੜ ਦਾ ਹਿੱਸਾ ਸਨ, ਜੋ ਮਰਦਾਂ ਨੂੰ ਉਕਸਾ ਰਹੀਆਂ ਸਨ।

ਕੁਕੀ ਕਬੀਲੇ ਦੀ 19 ਸਾਲਾ ਪੀੜਤ ਲੜਕੀ ਜੋ ਇਸ ਸਮੇਂ ਕਾਂਗਪੋਕਪੀ ਜ਼ਿਲ੍ਹੇ ਦੇ ਰਾਹਤ ਕੈਂਪ ਵਿਚ ਰਹਿ ਰਹੀ ਹੈ। ਉਸ ਨਾਲ ਇਹ ਵਹਿਸ਼ੀਆਨਾ ਘਟਨਾ 15 ਮਈ ਨੂੰ ਇੰਫਾਲ ਵਿਚ ਵਾਪਰੀ।

15 ਮਈ ਨੂੰ ਇੰਫਾਲ ਦੀ ਨਿਊ ਚੇਕੋਂ ਕਾਲੋਨੀ ਦੀ ਰਹਿਣ ਵਾਲੀ 19 ਸਾਲਾ ਲੜਕੀ ਜਦੋਂ ਏ.ਟੀ.ਐੱਮ 'ਚੋਂ ਪੈਸੇ ਕਢਵਾਉਣ ਲਈ ਘਰੋਂ ਬਾਹਰ ਨਿਕਲੀ ਤਾਂ ਉਹ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਸ ਨਾਲ ਇੰਝ ਹੋਵੇਗਾ। ਅਗਲੇ ਕੁਝ ਘੰਟਿਆਂ ਵਿਚ ਹੀ ਉਸਨੂੰ ਇਕ ਗਿਰੋਹ ਦੁਆਰਾ ਅਗਵਾ ਕਰਕੇ ਇਕ ਕਾਰ ਵਿਚ ਜਬਰੀ ਬਿਠਾ ਲਿਆ ਗਿਆ ਅਤੇ ਇੰਫਾਲ ਵਿਚ ਤਿੰਨ ਵੱਖ-ਵੱਖ ਥਾਵਾਂ 'ਤੇ ਬੇਰਹਿਮੀ ਨਾਲ ਜ਼ੁਲਮ ਕੀਤਾ ਗਿਆ। ਉਸ ਦੀ ਕਿਸਮਤ ਚੰਗੀ ਸੀ ਕਿ ਫਿਰ ਉਹ ਉਨ੍ਹਾਂ ਦੇ ਚੁੰਗਲ ਵਿੱਚੋਂ ਬਚ ਨਿਕਲੀ।

ਘਟਨਾ ਤੋਂ ਦੋ ਮਹੀਨੇ ਬਾਅਦ ਵੀ ਕਾਂਗਪੋਕਪੀ ਜ਼ਿਲ੍ਹੇ ਦੇ ਰਾਹਤ ਕੈਂਪ ਵਿਚ ਰਹਿ ਰਹੀ ਪੀੜਤਾ ਦੀ ਰਾਤਾਂ ਦੀ ਨੀਂਦ ਉਡ ਚੁੱਕੀ ਹੈ। ਧੀਮੀ ਅਤੇ ਕਮਜ਼ੋਰ ਆਵਾਜ਼ ਵਿਚ ਉਹ ਕਹਿੰਦੀ ਹੈ, "ਕਈ ਵਾਰ ਨੀਂਦ ਟੁੱਟ ਜਾਣ 'ਤੇ ਮੈਂ ਕੁਰਲਾ ਉੱਠਦੀ ਹਾਂ ... ਮੈਨੂੰ ਵਾਰ-ਵਾਰ ਚੇਤੇ ਆਉਂਦਾ ਹੈ ਕਿ ਉਨ੍ਹਾਂ ਨੇ ਮੇਰੇ ਨਾਲ ਕੀ ਕੀਤਾ ਸੀ। ਮੈਂ ਉਸ ਬਾਰੇ ਹੀ ਸੋਚਦੀ ਰਹਿੰਦੀ ਹਾਂ।"

ਇਕ ਸਿਖਲਾਈ ਸੰਸਥਾ ਦੇ ਇਕ ਕਲਾਸਰੂਮ ਨੂੰ ਹੁਣ ਉਜਾੜੇ ਗਏ ਕੂਕੀ ਲੋਕਾਂ ਲਈ ਰਾਹਤ ਕੈਂਪ ਵਿਚ ਬਦਲ ਦਿੱਤਾ ਗਿਆ ਹੈ, ਉੱਥੇ ਇਸ ਔਰਤ ਨੇ ਲਗਭਗ ਇਕ ਘੰਟੇ ਤੱਕ ਆਪਣੀ ਦਿਲ ਦਹਿਲਾ ਦੇਣ ਵਾਲੀ ਕਹਾਣੀ ਦੱਸੀ।

3 ਮਈ 2023 ਨੂੰ ਮੀਤੇਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਝੜਪ ਹੋ ਗਈ। ਅਗਲੇ ਦਿਨ 4 ਮਈ ਨੂੰ ਪੀੜਤ ਦੇ ਮਾਤਾ-ਪਿਤਾ ਅਤੇ ਭੈਣ-ਭਰਾ ਸੈਂਕੜੇ ਹੋਰਾਂ ਨਾਲ ਇੰਫਾਲ ਤੋਂ ਨਿਕਲ ਗਏ। ਕਿਸੇ ਕਾਰਨ 19 ਸਾਲਾ ਪੀੜਤਾ ਉਨ੍ਹਾਂ ਦੇ ਨਾਲ ਨਹੀਂ ਜਾ ਸਕੀ। ਜਦੋਂ ਹਿੰਸਾ ਸੁਰੂ ਹੋਈ ਤਾਂ ਉਹ ਆਪਣੀ ਇਕ ਕੁਕੀ ਸਹੇਲੀ ਦੇ ਘਰ ਸੀ ਜੋ ਇਕ ਮੁਸਲਮਾਨ ਨੂੰ ਵਿਆਹੀ ਹੋਈ ਹੈ।

"ਹਾਲਾਤ ਬਹੁਤ ਤਣਾਅ ਵਾਲੇ ਹੋਣ ਕਾਰਨ ਮੈਂ ਆਪਣੇ ਪਰਿਵਾਰ ਨਾਲ ਨਹੀਂ ਜਾ ਸਕੀ ਅਤੇ ਪੰਗਾਲ ਮੁਹੱਲੇ ਵਿਚ ਪਨਾਹ ਲਈ। ਮੈਤੇਈ ਪੰਗਾਲ ਇੰਫਾਲ ਘਾਟੀ ਦੇ ਵਸਨੀਕ ਹਨ ਜੋ ਇਸਲਾਮ ਧਰਮ ਨੂੰ ਮੰਨਦੇ ਹਨ। ਉਹ ਮਨੀਪੁਰ ਵਿਚ ਚੱਲ ਰਹੀ ਇਸ ਲੜਾਈ ਵਿਚ ਸ਼ਾਮਲ ਨਹੀਂ ਹਨ ਅਤੇ ਇਸ ਲਈ ਆਮ ਤੌਰ 'ਤੇ ਦੋਹਾਂ ਪਾਸਿਆਂ ਦੇ ਹਮਲਾਵਰਾਂ ਤੋਂ ਬਚੇ ਰਹਿੰਦੇ ਹਨ।

ਕਈ ਦਿਨ ਪੀੜਤਾ ਮੁਸਲਿਮ ਪਰਿਵਾਰ ਦੇ ਘਰੋਂ ਬਾਹਰ ਨਹੀਂ ਆਈ। ਉਹ ਨਹੀਂ ਚਾਹੁੰਦੀ ਸੀ ਕਿ ਕੋਈ ਉਸ ਨੂੰ ਦੇਖੇ। ਲੱਗਭੱਗ ਦਸ ਦਿਨਾਂ ਬਾਦ ਹਿੰਸਾ ਦਾ ਪਹਿਲਾ ਦੌਰ ਖ਼ਤਮ ਹੋ ਗਿਆ। ਪਰ ਫਿਰ ਵੀ ਇੰਫਾਲ ਵਿਚ ਤਣਾਅ ਬਣਿਆ ਹੋਇਆ ਸੀ। ਉਸਦੇ ਮਾਤਾ-ਪਿਤਾ ਕਾਂਗਪੋਕਪੀ ਜ਼ਿਲ੍ਹੇ ਦੇ ਇਕ ਰਾਹਤ ਕੈਂਪ ਵਿਚ ਸਨ ਅਤੇ ਉਨ੍ਹਾਂ ਨੇ ਸਲਾਹ ਦਿੱਤੀ ਕਿ ਉਸ ਲਈ ਇੰਫਾਲ ਛੱਡ ਦੇਣਾ ਹੀ ਬਿਹਤਰ ਹੈ। ਮਾਪਿਆਂ ਨੇ ਉਸ ਨੂੰ ਕੁਝ ਪੈਸੇ ਭੇਜ ਦਿੱਤੇ। ਯੋਜਨਾ ਇਹ ਬਣਾਈ ਗਈ ਕਿ ਇਕ ਮੁਸਲਮਾਨ ਡਰਾਈਵਰ ਉਸਨੂੰ ਕਾਂਗਪੋਕਪੀ ਛੱਡ ਦੇਵੇਗਾ।

15 ਮਈ ਨੂੰ ਸ਼ਾਮ 4 ਵਜੇ ਦੇ ਕਰੀਬ ਪੀੜਤਾ ਆਪਣੀ ਸਹੇਲੀ ਨਾਲ, ਜਿਸ ਦੇ ਘਰ 'ਚ ਉਸ ਨੇ ਪਨਾਹ ਲਈ ਹੋਈ ਸੀ, ਆਪਣੇ ਸਫ਼ਰ ਦੇ ਖ਼ਰਚੇ ਲਈ ਪੈਸੇ ਕਢਵਾਉਣ ਲਈ ਘਰੋਂ ਬਾਹਰ ਨਿਕਲੀ। ਇਸ ਤੋਂ ਪਹਿਲਾਂ ਕਿ ਉਹ ਏਟੀਐੱਮ ਤੱਕ ਪਹੁੰਚਦੀ, ਚਿੱਟੇ ਰੰਗ ਦੀ ਬਲੈਰੋ ਅਤੇ ਬੈਂਗਣੀ ਰੰਗ ਦੀ ਸਵਿਫਟ ਕਾਰ 'ਚ ਸਵਾਰ ਕੁਝ ਵਿਅਕਤੀਆਂ ਨੇ ਉਤਰਕੇ ਉਸ ਨੂੰ ਘੇਰ ਲਿਆ ਅਤੇ ਉਨ੍ਹਾਂ ਨੂੰ ਆਪਣਾ ਆਧਾਰ ਕਾਰਡ ਦਿਖਾਉਣ ਲਈ ਕਿਹਾ।

ਜਦੋਂ ਉਨ੍ਹਾਂ ਨੇ ਕਿਹਾ ਕਿ ਆਧਾਰ ਕਾਰਡ ਤਾਂ ਉਨ੍ਹਾਂ ਕੋਲ ਹੈ ਨਹੀਂ ਤਾਂ ਇਹ ਸੁਣ ਕੇ ਉਨ੍ਹਾਂ ਨੇ ਪਹਿਲਾਂ ਪੀੜਤਾ ਦੀ ਸਹੇਲੀ ਅਤੇ ਫਿਰ ਪੀੜਤਾ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਪੀੜਤਾ ਦੀ ਸਹੇਲੀ ਉੱਪਰ ਕੁਕੀ ਲੜਕੀ ਨੂੰ ਪਨਾਹ ਦੇਣ ਦਾ ਦੋਸ਼ ਲਗਾਇਆ ਅਤੇ ਕੁੱਟਮਾਰ ਤੋਂ ਬਾਅਦ ਉਸ ਨੂੰ ਸੜਕ ਕਿਨਾਰੇ ਸੁੱਟ ਦਿੱਤਾ।

ਫਿਰ ਉਨ੍ਹਾਂ ਪੀੜਤਾ ਨੂੰ ਖਿੱਚ ਕੇ ਬਲੈਰੋ ਵਿਚ ਬਿਠਾ ਲਿਆ। ਕਾਰ ਦੇ ਅੰਦਰ ਉਨ੍ਹਾਂ ਨੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਹ ਉਸ ਨੂੰ ਵਾਂਗਖੇਈ ਅਯਾਂਗਪਾਲੀ ਨਾਮ ਦੇ ਮੈਤੇਈ ਇਲਾਕੇ ਵਿਚ ਲੈ ਗਏ। ਉੱਥੇ ਜਾ ਕੇ ਉਨ੍ਹਾਂ ਨੇ ਆਲੇ-ਦੁਆਲੇ ਦੇ ਲੋਕ ਇਕੱਠੇ ਕਰ ਲਏ। ਉਸ ਨੇ ਦੱਸਿਆ ਕਿ ਉੱਥੇ ਸੜਕ ਦੇ ਕਿਨਾਰੇ ਪਹਿਲਾਂ ਔਰਤਾਂ ਨੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਪੀੜਤ ਅਨੁਸਾਰ, "ਉਨ੍ਹਾਂ ਵਿਚ ਕੁਝ ਮੁਟਿਆਰਾਂ ਤੇ ਕੁਝ ਬਜ਼ੁਰਗ ਸਨ ਅਤੇ ਉਨ੍ਹਾਂ ਨੇ ਆਪਣਾ ਰਵਾਇਤੀ ਪਹਿਰਾਵਾ ਫਾਣਕ ਪਾਇਆ ਹੋਇਆ ਸੀ। ਉਸ ਨੂੰ ਉਹ ਔਰਤਾਂ ਹੱਥਾਂ ਅਤੇ ਡੰਡਿਆਂ ਨਾਲ ਕੁੱਟ ਰਹੀਆਂ ਸਨ। ਕੁਝ ਔਰਤਾਂ ਦੇ ਹੱਥਾਂ ਵਿਚ ਕੈਂਚੀਆਂ ਵੀ ਸਨ। ਪੀੜਤਾ ਅਨੁਸਾਰ, "ਕਿਸੇ ਨੇ ਮੇਰੇ ਵਾਲ ਖਿੱਚ ਲਏ... ਫਿਰ ਉਨ੍ਹਾਂ ਨੇ ਕੈਂਚੀ ਨਾਲ ਮੇਰੇ ਵਾਲ ਕੱਟਣ ਦੀ ਕੋਸ਼ਿਸ਼ ਵੀ ਕੀਤੀ।"

ਇਸ ਦੌਰਾਨ ਪੀੜਤਾ ਮੀਤੇਈ ਬੋਲੀ 'ਚ ਹਮਲਾਵਰ ਭੀੜ ਦੀਆਂ ਮਿੰਨਤਾਂ ਕਰਦੀ ਰਹੀ। ਉਸਨੇ ਦੱਸਿਆ ਕਿ "ਮੈਂ ਉਨ੍ਹਾਂ ਨੂੰ ਕਿਹਾ – 'ਤੁਸੀਂ ਲੋਕ ਮੈਨੂੰ ਕਿਉਂ ਮਾਰ ਰਹੇ ਹੋ? ਤੁਸੀਂ ਇਕ ਕੁੜੀ ਨੂੰ ਇਸ ਤਰ੍ਹਾਂ ਥੱਪੜ ਕਿਉਂ ਮਾਰ ਰਹੇ ਹੋ? ਕੀ ਮੈਂ ਤੁਹਾਡੀ ਭੈਣ ਨਹੀਂ ਹਾਂ?"

ਪਰ ਭੀੜ ਉੱਪਰ ਇਸ ਦਾ ਕੋਈ ਅਸਰ ਨਹੀਂ ਹੋਇਆ। ਪੀੜਤਾ ਨੇ ਦੱਸਿਆ ਕਿ ਫਿਰ ਉਨ੍ਹਾਂ ਔਰਤਾਂ ਨੇ ਇਹ ਕਹਿਕੇ ਮੈਨੂੰ ਮਰਦਾਂ ਦੇ ਹਵਾਲੇ ਕਰ ਦਿੱਤਾ ਕਿ ਇਸ ਨੂੰ ਮਾਰ ਦਿਓ। ਉਸਨੇ ਕਿਹਾ, "ਮਰਦਾਂ ਨੇ ਮੈਨੂੰ ਪੁੱਛਿਆ ਕਿ ਮੈਂ ਉੱਥੇ (ਇੰਫਾਲ ਵਿਚ) ਰਹਿਣ ਦੀ ਹਿੰਮਤ ਕਿਵੇਂ ਕੀਤੀ? ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਇੰਫਾਲ ਤੋਂ ਬਾਹਰ ਨਿਕਲਣ ਦੀ ਪੂਰੀ ਵਾਹ ਲਾਉਂਦੀ ਰਹੀ ਹਾਂ ਅਤੇ ਉਹ ਮੈਨੂੰ ਛੱਡ ਦੇਣ।" ਉਨ੍ਹਾਂ ਵਿੱਚੋਂ ਇਕ ਨੇ ਉਸਨੂੰ ਕਿਹਾ, "ਤੁਹਾਡੇ ਕਬੀਲੇ ਦੇ ਮੁੰਡਿਆਂ ਨੇ ਸਾਨੂੰ ਮੈਤੇਈਆਂ ਨੂੰ ਮਾਰਿਆ ਹੈ, ਇਸ ਲਈ ਅਸੀਂ ਤੈਨੂੰ ਨਹੀਂ ਬਚਾਵਾਂਗੇ।"

ਪੀੜਤਾ ਨੇ ਦੱਸਿਆ ਕਿ ਫਿਰ ਕੁਝ ਲੋਕ ਫ਼ੋਨ ਕਰਨ ਲੱਗੇ। ਉਸਦੇ ਅਨੁਸਾਰ ਉਹ ਅਰਮਬਾਈ ਟੈਂਗੋਲ ਨਾਂ ਦੇ ਕੱਟੜਪੰਥੀ ਮੀਤੇਈ ਗਰੁੱਪ ਦੇ ਮੈਂਬਰਾਂ ਨੂੰ ਫ਼ੋਨ ਕਰ ਰਹੇ ਸਨ, ਜਿਨ੍ਹਾਂ ਉੱਪਰ 3 ਮਈ ਨੂੰ ਨਸਲੀ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਕੁਕੀ ਭਾਈਚਾਰੇ ਦੇ ਵਿਰੁੱਧ ਲੜੀਵਾਰ ਹਮਲਿਆਂ ਦੀ ਅਗਵਾਈ ਕਰਨ ਦਾ ਇਲਜ਼ਾਮ ਹੈ। ਉਨ੍ਹਾਂ ਨੇ ਫ਼ੋਨ 'ਤੇ ਕੱਟੜਪੰਥੀ ਮੀਤੇਈ ਸਮੂਹ ਦੇ ਮੈਂਬਰਾਂ ਨੂੰ ਦੱਸਿਆ, "ਅਸੀਂ ਇਕ ਕਬਾਇਲੀ ਫੜੀ ਹੈ।"

ਇਸ ਤੋਂ ਥੋੜ੍ਹੀ ਦੇਰ ਬਾਦ ਉੱਥੇ ਇਕ ਹੋਰ ਬਲੈਰੋ ਆ ਗਈ, ਜਿਸ ਵਿਚ ਕਾਲੀਆਂ ਟੀ-ਸ਼ਰਟਾਂ ਵਾਲੇ ਬੰਦੂਕਧਾਰੀ ਸਵਾਰ ਸਨ। ਪੀੜਤਾ ਨੂੰ ਧੂਹ ਕੇ ਬਲੈਰੋ ਵਿਚ ਸੁੱਟ ਲਿਆ ਗਿਆ ਅਤੇ ਉਹ ਉਸ ਨੂੰ ਇਕ ਹੋਰ ਥਾਂ 'ਤੇ ਲੈ ਗਏ। ਪੀੜਤ ਅਨੁਸਾਰ, ਇਹ ਸਥਾਨ ਇੰਫਾਲ ਘਾਟੀ ਦੇ ਪੂਰਬੀ ਪਾਸੇ ਸਥਿਤ ਪਹਾੜੀ ਲੜੀ ਲੰਗੋਲ ਪਹਾੜੀਆਂ ਵਿਚ ਸੀ।

ਉੱਥੇ ਉਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਗਈ ਅਤੇ ਉਸ ਦੇ ਦੋਵੇਂ ਹੱਥ ਵੀ ਬੰਨ੍ਹੇ ਦਿੱਤੇ ਗਏ। ਉਸ ਨੇ ਦੱਸਿਆ, "ਮੈਂ ਸਾਰਾ ਸਮਾਂ ਰੋਂਦੀ ਕੁਰਲਾਉਂਦੀ ਰਹੀ ਸੀ ... ਉਨ੍ਹਾਂ ਨੇ ਧਮਕੀ ਦਿੱਤੀ ਕਿ ਜੇ ਮੈਂ ਰੋਣਾ-ਕੁਰਲਾਉਣਾ ਬੰਦ ਨਾ ਕੀਤਾ ਤਾਂ ਉਹ ਮੈਨੂੰ ਗੋਲੀ ਮਾਰ ਦੇਣਗੇ।" ਫਿਰ, ਭੀੜ ਨੇ ਮੈਨੂੰ ਤੀਜੇ ਸਥਾਨ 'ਤੇ ਲੈ ਜਾਣ ਦਾ ਫ਼ੈਸਲਾ ਕੀਤਾ। ਇਹ ਸਥਾਨ ਇੰਫਾਲ ਤੋਂ ਬਹੁਤ ਦੂਰ ਬਿਸ਼ਨੂਪੁਰ ਜ਼ਿਲ੍ਹੇ ਵਿਚ ਸੀ। ਪੀੜਤਾ ਅਨੁਸਾਰ, "ਉਨ੍ਹਾਂ ਨੂੰ ਲੱਗਦਾ ਸੀ ਕਿ ਜੇਕਰ ਉਨ੍ਹਾਂ ਨੇ ਇੰਫਾਲ ਵਿਚ ਮੇਰੇ ਨਾਲ ਉਹੀ ਕੀਤਾ ਜੋ ਉਹ ਕਰਨਾ ਚਾਹੁੰਦੇ ਸਨ, ਤਾਂ ਪੁਲਿਸ ਉਨ੍ਹਾਂ ਨੂੰ ਫੜ ਲਵੇਗੀ।"

ਉਦੋਂ ਤੱਕ ਰਾਤ ਹੋ ਚੁੱਕੀ ਸੀ। ਪੀੜਤਾ ਅਨੁਸਾਰ ਉਸ ਨੂੰ ਪਹਾੜੀ 'ਤੇ ਲਿਜਾਇਆ ਗਿਆ। "ਉਨ੍ਹਾਂ ਨੇ ਮੈਨੂੰ ਕਿਹਾ ਕਿ ਜੇ ਮੈਂ ਜਿਉਣਾ ਚਾਹੁੰਦੀ ਹਾਂ ਤਾਂ ਮੈਨੂੰ ਉਸੇ ਤਰ੍ਹਾਂ ਕਰਨਾ ਪਵੇਗਾ "ਜਿਵੇਂ ਉਨ੍ਹਾਂ ਨੇ ਕਿਹਾ।" ਪੀੜਤ ਨੇ ਦੱਸਿਆ, "ਉਹ ਬਹੁਤ ਹੀ ਅਸ਼ਲੀਲ ਸ਼ਬਦ ਵਰਤ ਰਹੇ ਸਨ।" ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਉਹ ਉਸ ਦਾ ਬਲਾਤਕਾਰ ਕਰਨਾ ਚਾਹੁੰਦੇ ਹਨ। ਪੀੜਤ ਦੇ ਅਨੁਸਾਰ, "ਉਨ੍ਹਾਂ ਨੇ ਮੈਨੂੰ ਕਿਹਾ ਕਿ ਜੇਕਰ ਮੈਂ ਉਨ੍ਹਾਂ ਨੂੰ ਅਜਿਹਾ ਕਰਨ ਦਿਆਂ ਤਾਂ ਉਹ ਮੈਨੂੰ ਬਚਾ ਸਕਦੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਅਜਿਹੀ ਕੁੜੀ ਨਹੀਂ ਹਾਂ।"

ਜਦੋਂ ਪੀੜਤਾ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੇ "ਉਸਦੀ ਕੁੜਤੀ ਲਾਹੁਣ" ਅਤੇ "ਉਸ ਦੇ ਅੰਗਾਂ ਨੂੰ ਹੱਥ ਪਾਉਣ" ਦੀ ਕੋਸ਼ਿਸ਼ ਕੀਤੀ। ਉਹ ਕਹਿੰਦੀ ਹੈ ਕਿ ਸਾਰਾ ਸਮਾਂ ਰਾਈਫ਼ਲਾਂ ਵਿਚ ਕਾਰਤੂਸ ਲੋਡ ਕਰਨ ਦੀ ਆਵਾਜ਼ ਸੁਣਦੀ ਰਹੀ ਅਤੇ ਰਾਈਫਲਾਂ ਦੀਆਂ ਨਾਲੀਆਂ ਉਸ ਨੂੰ ਆਪਣੇ ਸਰੀਰ 'ਚ ਖੁੱਭਦੀਆਂ ਮਹਿਸੂਸ ਹੁੰਦੀਆਂ ਰਹੀਆਂ। ਬਾਦ ਵਿਚ ਉਸਨੇ ਰਾਹਤ ਕੈਂਪ ਵਿਚ ਉਸਦੀ ਦੇਖਭਾਲ ਕਰ ਰਹੀ ਮਹਿਲਾ ਨੂੰ ਦੱਸਿਆ ਕਿ ਇਕ ਸਮੇਂ ਉਹ ਬੇਹੋਸ਼ ਹੋ ਗਈ। ਫਿਰ ਉਹ ਦੱਸਦੀ ਹੈ ਕਿ ਉਸਨੂੰ ਪੇਸ਼ਾਬ ਕਰਨ ਦੀ ਹਾਜ਼ਤ ਮਹਿਸੂਸ ਹੋਈ ਤਾਂ ਉਸ ਨੂੰ ਜਾਗ ਆ ਗਈ। ਉਸਨੇ ਕਿਹਾ, "ਜਦੋਂ ਮੈਂ ਉਨ੍ਹਾਂ ਤੋਂ ਆਗਿਆ ਮੰਗੀ ਤਾਂ ਉਹ ਹੱਸ ਪਏ ਅਤੇ ਮੈਨੂੰ ਕਿਹਾ ਕਿ ਜੇ ਤੂੰ ਮਰਨ ਤੋਂ ਪਹਿਲਾਂ ਪੇਸ਼ਾਬ ਕਰਨਾ ਚਾਹੁੰਦੀ ਏਂ ਤਾਂ ਤੈਨੂੰ ਅਜਿਹਾ ਕਰਨ ਦੀ ਇਜਾਜ਼ਤ ਦੇ ਦਿੰਦੇ ਹਾਂ।"

ਉਨ੍ਹਾਂ ਨੇ ਉਸਦੇ ਹੱਥ ਖੋਲ੍ਹ ਦਿੱਤੇ ਅਤੇ ਉਸਦਾ ਮੂੰਹ ਦੂਜੇ ਪਾਸੇ ਮੋੜ ਕੇ ਉਸਨੂੰ ਬਹੁਤ ਦੂਰ ਨਾ ਜਾਣ ਦੀ ਚੇਤਾਵਨੀ ਦਿੱਤੀ। ਪੀੜਤਾ ਨੇ ਆਪਣੀ ਅੱਖਾਂ ਤੋਂ ਪੱਟੀ ਲਾਹ ਲਈ ਅਤੇ ਕੁਝ ਦੂਰ ਚਲੀ ਗਈ। ਉਹ ਦੱਸਦੀ ਹੈ, "ਜਦੋਂ ਮੈਂ ਦੇਖਿਆ ਕਿ ਉਨ੍ਹਾਂ ਦੀ ਮੇਰੇ ਵੱਲ ਪਿੱਠ ਹੈ ਤਾਂ ਪਤਾ ਨਹੀਂ ਮੈਂ ਕਿਵੇਂ ਮੈਂ ਲੰਮੀ ਪੈ ਗਈ ਅਤੇ ਪਹਾੜੀ ਦੀ ਢਲਾਣ ਤੋਂ ਹੇਠਾਂ ਰਿੜ੍ਹਨਾ ਸ਼ੁਰੂ ਕਰ ਦਿੱਤਾ। ਹੇਠਾਂ ਵੱਲ ਰਿੜ੍ਹਦੀ ਹੋਈ ਉਹ ਪਹਾੜੀ ਦੇ ਬਿਲਕੁਲ ਹੇਠਾਂ ਮੁੱਖ ਸੜਕ 'ਤੇ ਪਹੁੰਚ ਗਈ।

ਉਸ ਸਮੇਂ ਇਕ ਮੁਸਲਿਮ ਆਟੋ ਰਿਕਸ਼ਾ ਵਾਲਾ ਆਪਣਾ ਆਟੋ ਲੈ ਕੇ ਉੱਥੋਂ ਲੰਘ ਰਿਹਾ ਸੀ। ਜਦੋਂ ਉਸ ਨੇ ਪੀੜਤਾ ਨੂੰ ਦੇਖਿਆ ਤਾਂ ਉਸ ਨੇ ਆਪਣਾ ਆਟੋ ਰੋਕ ਕੇ ਉਸ ਨੂੰ ਸਹਾਰਾ ਦੇ ਕੇ ਆਟੋ ਵਿਚ ਬਿਠਾ ਲਿਆ। ਪੀੜਤਾ ਅਨੁਸਾਰ, "ਮੈਂ ਆਪਣੇ ਪੈਰਾਂ 'ਤੇ ਖੜ੍ਹੀ ਹੋਣ ਦੀ ਹਾਲਤ 'ਚ ਵੀ ਨਹੀਂ ਸੀ।"

ਉਦੋਂ ਤੱਕ ਅਗਵਾਕਾਰਾਂ ਨੇ ਦੇਖ ਲਿਆ ਸੀ ਕਿ ਉਹ ਉਨ੍ਹਾਂ ਦੇ ਚੁੰਗਲ 'ਚੋਂ ਨਿਕਲ ਕੇ ਭੱਜ ਰਹੀ ਹੈ। ਉਹ ਗੋਲੀਆਂ ਚਲਾਉਂਦੇ ਹੋਏ ਪਹਾੜੀ ਤੋਂ ਹੇਠਾਂ ਭੱਜੇ ਪਰ ਆਟੋ ਚਾਲਕ ਆਟੋ ਭਜਾ ਕੇ ਉੱਥੋਂ ਨਿਕਲਣ 'ਚ ਕਾਮਯਾਬ ਹੋ ਗਿਆ।

ਉਸ ਨੂੰ ਪਹਿਲਾਂ ਥਾਣੇ ਲਿਜਾਇਆ ਗਿਆ ਜਿੱਥੇ ਮੌਜੂਦ ਪੁਲਸੀਆਂ ਨੇ ਉਸ ਨੂੰ ਅਫ਼ਸਰਾਂ ਦੇ ਆਉਣ ਤੱਕ ਇੰਤਜ਼ਾਰ ਕਰਨ ਲਈ ਕਿਹਾ। ਪਰ ਉਹ ਉੱਥੇ ਅਸਹਿਜ ਮਹਿਸੂਸ ਕਰ ਰਹੀ ਸੀ ਕਿਉਂਕਿ ਸਾਰੇ ਪੁਲਿਸ ਵਾਲੇ ਮੈਤੇਈ ਸਨ। ਇਹ ਦੇਖ ਕੇ ਉਸਨੇ ਆਟੋ ਚਾਲਕ ਨਾਲ ਉਥੋਂ ਚਲੇ ਜਾਣ ਦਾ ਫ਼ੈਸਲਾ ਕੀਤਾ। ਆਟੋ ਵਾਲੇ ਨੇ ਉਸਨੂੰ ਨਿਊ ਚੇਕੋਂ ਇਲਾਕੇ ਵਿਚ ਛੱਡ ਦਿੱਤਾ ਜਿੱਥੇ ਕੁਕੀ ਭਾਈਚਾਰੇ ਦੇ ਕੁਝ ਲੋਕਾਂ ਨੇ ਉਸ ਨੂੰ ਸਾਂਭਿਆ ਜੋ ਉਸ ਸਮੇਂ ਅਜੇ ਇੰਫਾਲ ਵਿਚ ਸਨ।

ਅਗਲੇ ਦੋ ਦਿਨ ਤੱਕ ਉਸ ਨੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਵਿਧਾਇਕ ਟੀਟੀ ਹਾਓਕਿਪ ਦੇ ਘਰ ਪਨਾਹ ਲਈ। ਇਸ ਗੱਲ ਦੀ ਪੁਸ਼ਟੀ ਸਾਬਕਾ ਵਿਧਾਇਕ ਦੀ ਪਤਨੀ ਮੈਰੀ ਹਾਓਕਿਪ ਨੇ ਕੀਤੀ। ਮਾਰੇ ਜਾਣ ਦੇ ਡਰੋਂ ਪੀੜਤਾ ਹਸਪਤਾਲ ਨਹੀਂ ਗਈ ਸਗੋਂ ਹਾਓਕਿਪ ਦੇ ਘਰ ਹੀ ਮੁੱਢਲੀ ਡਾਕਟਰੀ ਸਹਾਇਤਾ ਲਈ। ਉਹ ਦੱਸਦੀ ਹੈ ਕਿ ਉਸ ਦੇ ਕੰਨਾਂ ਵਿੱਚੋਂ ਲਹੂ ਵਹਿ ਰਿਹਾ ਸੀ, ਅੱਖਾਂ ਲਾਲ ਸਨ, ਸਾਰਾ ਸਰੀਰ ਵਲੂੰਧਰਿਆ ਹੋਇਆ ਸੀ ਅਤੇ ਚਿਹਰਾ ਸੁੱਜਿਆ ਹੋਇਆ ਸੀ। ਉਸਨੇ ਦੱਸਿਆ, "ਮੈਂ ਤਾਂ ਖਾਣਾ ਚਬਾ ਅਤੇ ਨਿਗਲ ਵੀ ਨਹੀਂ ਸੀ ਸਕਦੀ।"

ਮੈਰੀ ਹਾਓਕਿਪ, ਜੋ ਹੁਣ ਚੁਰਾਚਾਂਦਪੁਰ ਵਿਚ ਹੈ, ਨੇ ਕਿਹਾ ਕਿ ਉਸਨੇ ਲੜਕੀ ਦੀ ਦੇਖਭਾਲ ਕੀਤੀ ਅਤੇ ਉਸਨੂੰ ਖਾਣਾ ਖਵਾਇਆ। ਉਸਨੇ ਕਿਹਾ, "ਮੇਰੇ ਕੋਲ ਉਸਦੀ ਹਾਲਤ ਬਿਆਨ ਕਰਨ ਲਈ ਕੋਈ ਸ਼ਬਦ ਨਹੀਂ ਹਨ।" ਸਾਬਕਾ ਵਿਧਾਇਕ ਦੀ ਪਤਨੀ ਅਨੁਸਾਰ, "ਉਹ ਪੌੜੀ ਚੜ੍ਹਨ ਦੀ ਹਾਲਤ 'ਚ ਵੀ ਨਹੀਂ ਸੀ। ਉਹ ਦੋ ਦਿਨ ਕੁਝ ਖਾ ਵੀ ਨਹੀਂ ਸਕੀ। ਸਾਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਸ ਨੂੰ ਉਸ ਦੇ ਮਾਤਾ-ਪਿਤਾ ਕੋਲ ਵਾਪਸ ਕਿਵੇਂ ਭੇਜਿਆ ਜਾਵੇ। ਪਰ ਆਖ਼ਿਰਕਾਰ ਅਸੀਂ ਇੰਤਜ਼ਾਮ ਕਰਨ 'ਚ ਕਾਮਯਾਬ ਹੋ ਗਏ।

20 ਮਈ ਨੂੰ ਪੀੜਤਾ ਕਾਂਗਪੋਕਪੀ ਸਥਿਤ ਰਾਹਤ ਕੈਂਪ ਵਿਚ ਪਹੁੰਚੀ ਜਿੱਥੇ ਉਸ ਦੇ ਪਰਿਵਾਰ ਨੇ ਪਨਾਹ ਲਈ ਹੋਈ ਸੀ। ਉਸ ਨੂੰ ਕਾਂਗਪੋਕਪੀ ਜ਼ਿਲ੍ਹੇ ਦੇ ਇਕ ਹਸਪਤਾਲ ਵਿਚ ਲਿਜਾਇਆ ਗਿਆ, ਜਿੱਥੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਗੁਆਂਢੀ ਨਾਗਾਲੈਂਡ ਦੇ ਇਕ ਹਸਪਤਾਲ ਵਿਚ ਰੈਫਰ ਕਰ ਦਿੱਤਾ ਗਿਆ।

ਨਾਗਾ ਹਸਪਤਾਲ ਅਥਾਰਟੀ ਕੋਹੀਮਾ ਦੇ ਮੈਡੀਕਲ ਅਫਸਰ ਦੇ ਦਸਖ਼ਤਾਂ ਵਾਲੀ 24 ਮਈ ਦੀ ਰਿਪੋਰਟ 'ਚ ਉਸ ਦੀ ਹਾਲਤ ਇਸ ਤਰ੍ਹਾਂ ਬਿਆਨ ਕੀਤੀ ਗਈ ਹੈ: ਪੀੜਤਾ ਉੱਪਰ "ਕਥਿਤ ਤੌਰ 'ਤੇ ਜਿਨਸੀ ਹਮਲਾ ਅਤੇ ਬਲਾਤਕਾਰ ਕੀਤਾ ਗਿਆ ਸੀ"। ਕੇਸ ਸਮਰੀ ਕਹਿੰਦੀ ਹੈ, "ਮਨੀਪੁਰ ਵਿਚ ਕਬਾਇਲੀ ਲੜਾਈ ਦੌਰਾਨ 15/05/23 ਨੂੰ ਉਸ ਉੱਪਰ ਜਿਨਸੀ ਹਮਲਾ ਅਤੇ ਬਲਾਤਕਾਰ।" ਸਕਰੌਲ ਨੇ ਆਜ਼ਾਦਾਨਾ ਤੌਰ 'ਤੇ ਇਸ ਰਿਪੋਰਟ ਦੀ ਤਸਦੀਕ ਕੀਤੀ ਹੈ।

ਘਟਨਾ ਤੋਂ ਦੋ ਮਹੀਨੇ ਬਾਦ ਵੀ ਪੀੜਤਾ ਨੂੰ ਹਮਲਾਵਰਾਂ ਦੇ ਚਿਹਰੇ ਯਾਦ ਹਨ। ਉਸ ਦੇ ਪਰਿਵਾਰ ਨੇ ਪਹਿਲਾਂ ਪੁਲਿਸ ਕੋਲ ਸ਼ਿਕਾਇਤ ਕਰਨ ਦਾ ਮਨ ਬਣਾਇਆ, ਪਰ ਬਾਦ ਵਿਚ ਡਰ ਦੇ ਮਾਰੇ ਆਪਣਾ ਮਨ ਬਦਲ ਲਿਆ। ਪੀੜਤਾ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਆਖ਼ਿਰਕਾਰ ਸ਼ਿਕਾਇਤ

ਦਰਜ ਕਰਵਾਈ ਗਈ ਜਾਂ ਨਹੀਂ। ਸਕਰੌਲ ਨੇ ਦੋ ਪੁਲਿਸ ਥਾਣਿਆਂ - ਕਾਂਗਪੋਕਪੀ ਅਤੇ ਸਪੋਰਮੇਨਾ - ਜਾ ਕੇ ਪੁੱਛ-ਪੜਤਾਲ ਕੀਤੀ ਪਰ ਉੱਥੇ ਕੇਸ ਦਰਜ ਹੋਣ ਦਾ ਕੋਈ ਰਿਕਾਰਡ ਨਹੀਂ ਮਿਲਿਆ।

ਪੀੜਤਾ ਨੇ ਦੱਸਿਆ ਕਿ ਉਸ ਦਾ ਆਪਣੇ ਸਾਰੇ ਮੀਤੇਈ ਦੋਸਤਾਂ ਨਾਲ ਸੰਪਰਕ ਟੁੱਟ ਗਿਆ ਹੈ। ਉਸ ਦੇ ਅਨੁਸਾਰ, "ਉਨ੍ਹਾਂ ਵਿੱਚੋਂ ਕੁਝ ਨੇ ਮੇਰੀ ਮਾਂ ਦਾ ਫ਼ੋਨ ਨੰਬਰ ਲੱਭ ਲਿਆ ਅਤੇ ਉਸ ਨੂੰ ਕਿਹਾ ਕਿ ਉਹ ਮੇਰੇ ਨਾਲ ਗੱਲ ਕਰਨਾ ਚਾਹੁੰਦੇ ਹਨ। ਪਰ ਮੈਂ ਉਨ੍ਹਾਂ ਨਾਲ ਗੱਲ ਨਹੀਂ ਕਰਨਾ ਚਾਹੁੰਦੀ। ਮੈਂ ਇਹ ਭੁੱਲ ਨਹੀਂ ਸਕਦੀ ਕਿ ਉਨ੍ਹਾਂ (ਮੀਤੇਈ ਲੋਕਾਂ) ਨੇ ਮੇਰੇ ਨਾਲ ਕੀ ਕੀਤਾ। ਮੈਂ ਇੰਫਾਲ ਵਿਚ ਆਪਣੇ ਘਰ ਵਾਪਸ ਨਹੀਂ ਜਾਣਾ ਚਾਹੁੰਦੀ।"

ਇਨ੍ਹਾਂ ਦਿਨਾਂ 'ਚ ਉਸਦੀ ਮਾਂ ਉਸਨੂੰ ਤਾਕਤਵਰ ਹੋਣ ਲਈ ਕਹਿੰਦੀ ਰਹਿੰਦੀ ਹੈ। ਪੀੜਤਾ ਨੇ ਕਿਹਾ, "ਉਹ ਮੈਨੂੰ ਦੱਸਦੀ ਹੈ ਕਿ ਉਸ ਦੇ ਸੁਣਨ 'ਚ ਆਇਆ ਹੈ ਕਿ ਅਜਿਹੀਆਂ ਕਈ ਕੁੜੀਆਂ ਹਨ ਜੋ ਇਸ ਤਰ੍ਹਾਂ ਦੇ ਸੰਤਾਪ 'ਚੋਂ ਗੁਜ਼ਰੀਆਂ ਹਨ। ਉਨ੍ਹਾਂ ਦੀ ਖ਼ਾਤਰ, ਮੈਨੂੰ ਮਜ਼ਬੂਤ ਬਣੇ ਰਹਿਣਾ ਚਾਹੀਦਾ ਹੈ।

(ਸਕਰੌਲ ਵੱਲੋਂ ਇਹ ਵੇਰਵਾ ਪ੍ਰਕਾਸ਼ਿਤ ਕੀਤੇ ਜਾਣ ਤੋਂ ਅਗਲੇ ਦਿਨ ਇਸ ਨੌਜਵਾਨ ਕੁੜੀ ਨੇ ਆਪਣੇ ਨਾਲ ਬਲਾਤਕਾਰ ਦੀ ਰਿਪੋਰਟ ਪੁਲਿਸ ਨੂੰ ਕੀਤੀ। ਐੱਫ.ਆਈ.ਆਰ. ਦਰਜ ਹੋ ਗਈ ਹੈ।)

**ਅਸੀਂ ਸਾਰੇ ਸ਼ਰਮਿੰਦਾ ਹਾਂ - 2**

19 ਸਾਲ ਅਤੇ 20 ਸਾਲ ਦੀਆਂ ਦੋ ਕੁੱਕੀ ਕੁੜੀਆਂ ਦੀ ਕਹਾਣੀ ਜੋ ਇਸ ਸਮੇਂ ਚੁਰਾਚਾਂਦਪੁਰ ਜ਼ਿਲ੍ਹੇ ਵਿਚ ਆਪਣੇ ਪਰਿਵਾਰਾਂ ਨਾਲ ਰਹਿ ਰਹੀਆਂ ਹਨ। ਉਨ੍ਹਾਂ ਨਾਲ ਜਿਨਸੀ ਹਿੰਸਾ ਇੰਫਾਲ ਦੇ ਇਕ ਨਰਸਿੰਗ ਇੰਸਟੀਚਿਊਟ 'ਚ ਵਾਪਰੀ। 4 ਮਈ ਨੂੰ ਨਰਸਿੰਗ ਇੰਸਟੀਚਿਊਟ ਦੇ ਕੁੜੀਆਂ ਦੇ ਹੋਸਟਲ ਦੇ ਗੇਟ 'ਤੇ ਭੀੜ ਇਕੱਠੀ ਹੋ ਗਈ। ਭੀੜ ਵਿਚ ਮਰਦ ਅਤੇ ਔਰਤਾਂ ਦੋਵੇਂ ਸ਼ਾਮਲ ਸਨ। ਉਹ ਤਾਂ ਜਿਵੇਂ ਗੇਟ ਤੋੜ ਦੇਣਾ ਚਾਹੁੰਦੇ ਸਨ। ਸੁਭਾਵਿਕ ਤੌਰ 'ਤੇ ਕੁੜੀਆਂ ਬੁਰੀ ਤਰ੍ਹਾਂ ਡਰ ਗਈਆਂ।

ਕੁੜੀਆਂ ਨੇ ਆਪਣੇ ਕਮਰਿਆਂ ਦੀਆਂ ਖਿੜਕੀਆਂ ਵਿੱਚੋਂ ਦੇਖਿਆ ਕਿ ਭੀੜ ਅੰਦਰ ਘੁਸਣ ਵਿਚ ਕਾਮਯਾਬ ਹੋ ਗਈ ਸੀ। ਭੀੜ ਨੇ ਦੋ ਕੁਕੀ ਕੁੜੀਆਂ, ਇਕ 19 ਸਾਲ ਦੀ ਪਹਿਲੇ ਸਾਲ ਦੀ ਵਿਦਿਆਰਥਣ ਅਤੇ ਦੂਜੀ 20 ਸਾਲ ਦੀ ਦੂਜੇ ਸਾਲ ਦੀ ਵਿਦਿਆਰਥਣ, ਨੂੰ ਦਬੋਚ ਲਿਆ। ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਅਤੇ ਭੀੜ 'ਉਨ੍ਹਾਂ ਨੂੰ ਸੜਕ ਕਿਨਾਰੇ ਮਰਨ ਲਈ ਛੱਡ ਕੇ' ਗਾਇਬ ਹੋ ਗਈ। ਉੱਥੋਂ ਉਨ੍ਹਾਂ ਨੂੰ ਪੁਲੀਸ ਦੀ ਗੱਡੀ ਵਿਚ ਹਸਪਤਾਲ ਲਿਜਾਇਆ ਗਿਆ।

ਦੋਹਾਂ ਨੇ ਪੁਲਿਸ ਕੋਲ ਵੱਖੋ-ਵੱਖਰੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਹਨ - 19 ਸਾਲਾ ਕੁੜੀ ਨੇ ਦਿੱਲੀ ਦੇ ਉੱਤਮ ਨਗਰ ਪੁਲਿਸ ਥਾਣੇ ਵਿਚ ਅਤੇ ਦੂਜੀ ਕੁੜੀ ਨੇ ਮਨੀਪੁਰ ਦੇ ਚੁਰਾਚਾਂਦਪੁਰ ਪੁਲਿਸ ਥਾਣੇ ਵਿਚ। ਮਨੀਪੁਰ ਦੇ ਥਾਣੇ 'ਚ ਸ਼ਿਕਾਇਤ ਦੇ ਆਧਾਰ 'ਤੇ ਕਤਲ ਦੀ ਕੋਸ਼ਿਸ਼ ਅਤੇ ਔਰਤ ਦੇ ਜਿਨਸੀ ਸ਼ੋਸ਼ਣ ਸਮੇਤ ਦੋਸ਼ਾਂ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਇਹ ਇੰਫਾਲ ਦੇ ਪੋਰਾਂਪਤ ਥਾਣੇ ਨੂੰ ਭੇਜ ਦਿੱਤੀ ਗਈ ਹੈ। ਉੱਤਮ ਨਗਰ ਥਾਣੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ 30 ਮਈ 2023 ਨੂੰ ਮਨੀਪੁਰ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਨੂੰ ਸ਼ਿਕਾਇਤ ਭੇਜ ਦਿੱਤੀ ਸੀ, ਪਰ ਇੰਫਾਲ ਦੇ ਪੋਰਾਂਪਤ ਥਾਣੇ ਵੱਲੋਂ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਕਿ ਉਨ੍ਹਾਂ ਨੂੰ ਅਜਿਹੀ ਕੋਈ ਸ਼ਿਕਾਇਤ ਮਿਲੀ ਹੀ ਨਹੀਂ।

20 ਸਾਲਾ ਕੁੜੀ ਨੇ ਆਪਣੀ ਸ਼ਿਕਾਇਤ ਵਿਚ ਲਿਖਿਆ, "ਆਧੁਨਿਕ ਹਥਿਆਰਾਂ ਨਾਲ ਲੈਸ ਮੈਤੇਈ ਭਾਈਚਾਰੇ ਦੇ ਅੱਤਵਾਦੀ ਅਨਸਰਾਂ ਦੀ ਭੀੜ... ਆਦਿਵਾਸੀਆਂ ਵਿਰੁੱਧ ਨਾਅਰੇਬਾਜ਼ੀ ਕਰਦੀ ਹੋਈ ਮੇਰੇ ਹੋਸਟਲ ਦੇ ਕਮਰੇ ਵਿਚ ਆ ਵੜੀ ਅਤੇ ਮੈਨੂੰ ਜ਼ਬਰਦਸਤੀ ਘਸੀਟ ਕੇ ਬਾਹਰ ਗਲੀ ਵਿਚ ਲੈ ਗਈ। ਮੈਨੂੰ ਬੇਇੱਜ਼ਤ ਕੀਤਾ ਗਿਆ, ਕੁੱਟਿਆ ਗਿਆ ਅਤੇ ਤਸੀਹੇ ਦਿੱਤੇ ਗਏ।"

ਜਦੋਂ ਕਿ ਦੂਜੀ 19 ਸਾਲਾ ਪੀੜਤਾ ਨੇ ਲਿਖਿਆ ਕਿ "ਭੀੜ ਨੇ ਉਸ ਉੱਪਰ ਦੋਸ਼ ਲਗਾਇਆ ਕਿ ਉਹ 'ਦੂਜੇ ਮੁਲਕ ਦੀ ਗੈਰ-ਕਾਨੂੰਨੀ ਪ੍ਰਵਾਸੀ" ਹੈ ਅਤੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਉਸਨੇ ਆਪਣੀ ਸ਼ਿਕਾਇਤ ਵਿਚ ਕਿਹਾ, "ਮੈਨੂੰ ਸੜਕ 'ਤੇ ਮਰਨ ਲਈ ਸੁੱਟ ਗਏ।"

ਦੋ ਮਹੀਨੇ ਬਾਦ ਚੁਰਾਚਾਂਦਪੁਰ ਸਥਿਤ ਆਪਣੇ ਘਰ, ਦੋਵੇਂ ਮੁਟਿਆਰਾਂ ਅਜੇ ਵੀ ਉਸ ਨੂੰ ਭੁਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਜੋ ਉਨ੍ਹਾਂ ਨਾਲ ਹੋਇਆ। ਉਹ ਕਦੇ-ਕਦਾਈਂ ਇਕ ਦੂਜੀ ਨੂੰ ਮਿਲਦੀਆਂ ਤਾਂ ਹਨ, ਪਰ ਇਸ ਘਟਨਾ ਬਾਰੇ ਚਰਚਾ ਨਹੀਂ ਕਰਦੀਆਂ।

'ਸਕਰੌਲ' ਨੇ ਉਨ੍ਹਾਂ ਦੇ ਘਰ ਉਨ੍ਹਾਂ ਨਾਲ ਮੁਲਾਕਾਤ ਕੀਤੀ, ਜਿਸ ਵਿਚ ਉਨ੍ਹਾਂ ਨੇ ਘਟਨਾ ਬਾਰੇ ਵਿਸਤਾਰ 'ਚ ਦੱਸਿਆ।

20 ਸਾਲਾ ਕੁੜੀ ਅਨੁਸਾਰ, "ਭੀੜ ਸ਼ਾਮ 4 ਵਜੇ ਤੋਂ ਥੋੜ੍ਹਾ ਬਾਦ 'ਚ ਪਹੁੰਚੀ। ਇਸ ਗੱਲ ਦੀ ਪੁਸ਼ਟੀ ਹੌਸਟਲ ਦੇ ਇਕ ਮੁਲਾਜ਼ਮ ਨੇ ਕੀਤੀ। ਇਹ ਔਰਤ ਮੁਲਾਜ਼ਮ ਮੈਤੇਈ ਹੈ ਅਤੇ ਇੰਫਾਲ ਵਿਚ ਰਹਿੰਦੀ ਹੈ।

ਭੀੜ ਵਿੱਚੋਂ ਦੋ ਔਰਤਾਂ ਨੇ ਹੌਸਟਲ ਵਿਚ ਘੁਸ ਕੇ ਸਾਰੀਆਂ ਵਿਦਿਆਰਥਣਾਂ ਨੂੰ ਆਪਣੇ ਸ਼ਨਾਖ਼ਤੀ ਕਾਰਡ ਦਿਖਾਉਣ ਲਈ ਕਿਹਾ।

ਹੋਸਟਲ ਵਿਚ ਮੈਤੇਈ, ਨਾਗਾ ਅਤੇ ਕੁਕੀ ਭਾਈਚਾਰਿਆਂ ਦੀਆਂ ਔਰਤਾਂ ਰਹਿੰਦੀਆਂ ਹਨ। 19 ਸਾਲਾ ਪੀੜਤਾ ਨੇ ਦੱਸਿਆ, "ਉੱਥੇ ਨੌਂ ਕੁਕੀ ਔਰਤਾਂ ਸਨ। ਉਨ੍ਹਾਂ ਵਿੱਚੋਂ ਛੇ ਹੋਸਟਲ ਦੇ ਇਕ ਹਿੱਸੇ ਵਿਚ ਲੁਕ ਗਈਆਂ ਪਰ ਮੈਂ ਅਤੇ ਮੇਰੀ ਸੀਨੀਅਰ ਲੁਕ ਨਹੀਂ ਸਕੀਆਂ।" 20 ਸਾਲਾ ਲੜਕੀ ਨੇ ਦੱਸਿਆ ਕਿ ਉਸ ਨੇ ਸ਼ਨਾਖ਼ਤੀ ਕਾਰਡਾਂ ਦੀ ਜਾਂਚ ਕਰ ਰਹੀਆਂ ਔਰਤਾਂ ਨੂੰ ਕਿਹਾ ਕਿ ਉਹ ਨਾਗਾ ਹੈ। ਉਨ੍ਹਾਂ ਵਿੱਚੋਂ ਇਕ ਔਰਤ ਨੇ ਜਵਾਬ ਦਿੱਤਾ, "ਫਿਰ ਕੋਈ ਸਮੱਸਿਆ ਨਹੀਂ - ਅਸੀਂ ਸਿਰਫ਼ ਕੁਕੀ ਕੁੜੀਆਂ ਦੀ ਭਾਲ ਕਰ ਰਹੇ ਹਾਂ।" ਪਰ ਜਦੋਂ ਉਨ੍ਹਾਂ ਨੇ ਆਪਣੇ ਸ਼ਨਾਖ਼ਤੀ ਕਾਰਡ ਦਿਖਾਏ ਤਾਂ ਇਹ ਸਪਸ਼ਟ ਹੋ ਗਿਆ ਕਿ ਉਹ ਦੋਵੇਂ ਕੁਕੀ ਕਬੀਲੇ ਦੀਆਂ ਹਨ।

19 ਸਾਲਾ ਪੀੜਤਾ ਨੇ ਦੱਸਿਆ ਕਿ ਸੰਸਥਾ ਦੀ ਇਕ ਸੀਨੀਅਰ ਮੁਲਾਜ਼ਮ - ਇਕ ਮੈਤੇਈ ਔਰਤ - ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਾਇਦਾ ਨਹੀਂ ਹੋਇਆ।

ਇਸ ਦੌਰਾਨ ਹੇਠਲੀ ਮੰਜ਼ਿਲ 'ਤੇ ਇਕੱਠੀ ਹੋਈ ਭੀੜ ਹੋਰ ਵੀ ਭੜਕਦੀ ਜਾ ਰਹੀ ਸੀ ਅਤੇ ਚੀਕ-ਚੀਕ ਕੇ ਕਹਿ ਰਹੀ ਸੀ ਕਿ ਦੋਹਾਂ ਕੁਕੀ ਔਰਤਾਂ ਨੂੰ ਹੇਠਾਂ ਲਿਆਂਦਾ ਜਾਵੇ। ਭੀੜ ਚੀਕ ਰਹੀ ਸੀ, "ਤੁਸੀਂ ਉੱਥੇ ਕੀ ਕਰ ਰਹੀਆਂ ਹੋ? ਉਨ੍ਹਾਂ ਨੂੰ ਬਾਹਰ ਲਿਆਓ, ਉਨ੍ਹਾਂ ਨੂੰ ਬਾਹਰ ਲਿਆਓ।" 19 ਸਾਲਾ ਪੀੜਤਾ ਨੇ ਦੱਸਿਆ ਕਿ ਇਸ ਤੋਂ ਬਾਅਦ ਦੋਹਾਂ ਨੂੰ ਹੌਸਟਲ ਤੋਂ ਬਾਹਰ ਮੁੱਖ ਸੜਕ 'ਤੇ ਲਿਆਂਦਾ ਗਿਆ।

19 ਸਾਲਾ ਪੀੜਤਾ ਨੇ ਦੱਸਿਆ, "ਥੱਲੇ ਲਿਆ ਕੇ ਸਾਨੂੰ ਦੋਹਾਂ ਨੂੰ ਕੁੱਟਿਆ ਗਿਆ। ਇੰਸਟੀਚਿਊਟ ਦੇ ਸੀਨੀਅਰ ਮੁਲਾਜ਼ਮ ਬੇਵੱਸ ਹੋ ਕੇ ਦੇਖਦੇ ਰਹੇ।" ਸੰਸਥਾ ਦੀ ਇਕ ਸੀਨੀਅਰ ਮੁਲਾਜ਼ਮ ਨੇ ਸਕਰੌਲ ਨੂੰ ਦੱਸਿਆ, "ਮੈਂ ਭੀੜ ਦੇ ਸਾਹਮਣੇ ਆਪਣੇ ਹੱਥ ਜੋੜੇ। ਪਰ ਮੈਂ ਉਨ੍ਹਾਂ ਦੀ ਮਦਦ ਨਹੀਂ ਕਰ ਸਕੀ। ਮੈਂ ਬੇਵੱਸ ਸੀ।"

19 ਸਾਲਾ ਪੀੜਤਾ ਨੂੰ ਚੇਤੇ ਹੈ ਕਿ ਉਹ ਬੇਵੱਸ ਹੋ ਕੇ ਰੋ ਰਹੀ ਸੀ ਪਰ ਭੀੜ ਉਸ ਨੂੰ ਲੱਤਾਂ ਅਤੇ ਘਸੁੰਨ ਮਾਰ ਕੇ ਕੁੱਟ ਰਹੀ ਸੀ। ਦੋਹਾਂ ਪੀੜਤਾਂ ਨੇ ਦੱਸਿਆ ਕਿ ਭੀੜ 'ਚ ਸ਼ਾਮਲ ਔਰਤਾਂ ਨੇ ਉਨ੍ਹਾਂ ਨੂੰ ਆਪ ਨਹੀਂ ਕੁੱਟਿਆ ਸਗੋਂ ਉਹ ਭੀੜ ਨੂੰ ਭੜਕਾ ਰਹੀਆਂ ਸਨ। ਉਹ ਕਹਿ ਰਹੀ ਸਨ, "ਤੁਸੀਂ ਉਨ੍ਹਾਂ ਨੂੰ ਜਿਉਂਦੀਆਂ ਕਿਉਂ ਛੱਡ ਰਹੇ ਹੋ? ਉਨ੍ਹਾਂ ਦਾ ਬਲਾਤਕਾਰ ਕਰੋ। ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿਓ। ਉਨ੍ਹਾਂ ਨੂੰ ਜਿਉਂਦੀਆਂ ਸਾੜ ਦਿਓ।" 19 ਸਾਲਾ ਪੀੜਤਾ ਨੇ ਦੱਸਿਆ ਕਿ ਉਸ ਨੂੰ ਹੱਥਾਂ-ਪੈਰਾਂ ਨਾਲ ਏਨਾ ਕੁੱਟਿਆ ਗਿਆ ਕਿ ਉਹ ਜ਼ਮੀਨ 'ਤੇ ਡਿੱਗ ਪਈ। ਉਸਨੇ ਦੱਸਿਆ, "ਮੇਰੇ ਲਾਗੇ ਮੇਰੀ ਸੀਨੀਅਰ ਨੂੰ ਵੀ ਕੁੱਟਿਆ ਜਾ ਰਿਹਾ ਸੀ। ਮੈਨੂੰ ਠੀਕ-ਠੀਕ ਚੇਤੇ ਨਹੀਂ ਕਿ ਕੀ ਹੋ ਰਿਹਾ ਸੀ, ਪਰ ਮੈਨੂੰ ਏਨਾ ਤਾਂ ਸਮਝ ਆ ਰਿਹਾ ਸੀ ਕਿ ਉਸ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਜਾ ਰਿਹਾ ਹੈ।"

20 ਸਾਲਾ ਪੀੜਤਾ ਨੂੰ ਐਨ ਜ਼ੋਰ ਨਾਲ ਘਸੁੰਨ ਮਾਰੇ ਗਏ ਕਿ ਉਸ ਦੇ ਅਗਲੇ ਤਿੰਨ ਦੰਦ ਟੁੱਟ ਗਏ। ਚੁਰਾਚਾਂਦਪੁਰ ਵਿਚ ਆਪਣੀ ਉਂਗਲੀ ਨਾਲ ਦੰਦਾਂ ਦੇ ਇਮਪਲਾਂਟ ਨੂੰ ਛੂੰਹਦਿਆਂ ਉਸ ਕਿਹਾ ਕਿ ਉਸ ਦੇ ਜ਼ਖ਼ਮ ਹੁਣ ਕੁਝ ਠੀਕ ਹਨ। ਪਰ ਦੋ ਮਹੀਨੇ ਬਾਦ ਵੀ ਉਸ ਦੇ ਬੁੱਲ੍ਹ ਸੁੱਜੇ ਹੋਏ ਹਨ।

ਉਸ ਨੇ ਕਿਹਾ, "ਮੈਨੂੰ ਅਜੇ ਵੀ ਉਸ ਔਰਤ ਦਾ ਚਿਹਰਾ ਚੇਤੇ ਹੈ ਜੋ ਚੀਕ ਚੀਕ ਕੇ ਕਹਿ ਰਹੀ ਸੀ ਕਿ ਉਨ੍ਹਾਂ ਦਾ ਬਲਾਤਕਾਰ ਕਰੋ, ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿਓ। ਉਨ੍ਹਾਂ ਨੂੰ ਜਿਉਂਦੀਆਂ ਸਾੜ ਦਿਓ।" 19 ਸਾਲਾ ਪੀੜਤਾ ਕਹਿੰਦੀ ਹੈ ਕਿ ਇਕ ਔਰਤ ਮੂੰਹੋਂ ਅਜਿਹੇ ਸ਼ਬਦ ਸੁਣਨਾਂ ਸੱਚਮੁੱਚ ਬਹੁਤ ਦੁਖਦਾਈ ਸੀ। ਉਸਨੇ ਕਿਹਾ, "ਮੈਨੂੰ ਯਕੀਨ ਹੈ ਕਿ ਉਸ ਔਰਤ ਦੀ ਵੀ ਇਕ ਧੀ ਜ਼ਰੂਰ ਹੋਵੇਗੀ।"

ਫਿਰ ਦੋਹਾਂ ਪੀੜਤਾਂ ਨੂੰ ਕੁਝ ਦੂਰੀ ਤੱਕ ਪੈਦਲ ਚੱਲ ਕੇ ਜਾਣ ਲਈ ਕਿਹਾ ਗਿਆ। 19 ਸਾਲਾ ਪੀੜਤਾ ਅਨੁਸਾਰ, "ਉਦੋਂ ਤੱਕ ਮੇਰੀ ਕਮੀਜ਼ ਤੋਂ ਲੈ ਕੇ ਚੱਪਲਾਂ ਤੱਕ ਖ਼ੂਨ ਹੀ ਖ਼ੂਨ ਸੀ।"

ਉਸ ਅਨੁਸਾਰ, ਪੱਥਰਾਂ ਅਤੇ ਚਾਕੂਆਂ ਤੋਂ ਇਲਾਵਾ ਭੀੜ ਵਿਚ ਸ਼ਾਮਿਲ ਲੋਕਾਂ ਦੇ ਹੱਥਾਂ ਵਿਚ ਬੰਦੂਕਾਂ ਵੀ ਸਨ। ਉਸਨੇ ਦੱਸਿਆ, "ਜਦੋਂ ਅਸੀਂ ਪੈਦਲ ਜਾ ਰਹੇ ਸੀ ਤਾਂ ਇਕ ਨੇ ਸਾਡੇ ਵੱਲ ਬੰਦੂਕ ਤਾਣ ਲਈ। ਪਰ ਇਕ ਹੋਰ ਆਦਮੀ ਨੇ ਉਸਨੂੰ ਕਿਹਾ ਕਿ ਹਾਲੇ ਅਜਿਹਾ ਕਰਨ ਦਾ ਸਹੀ ਸਮਾਂ ਨਹੀਂ ਹੈ। ਇਸ ਤੋਂ ਬਾਦ ਉਸ ਨੇ ਬੰਦੂਕ ਦਾ ਮੂੰਹ ਮੋੜ ਲਿਆ।"

ਇਸ ਤੋਂ ਬਾਅਦ ਉਨ੍ਹਾਂ ਦੀ ਕੁੱਟਮਾਰ ਦਾ ਇਕ ਹੋਰ ਦੌਰ ਸ਼ੁਰੂ ਹੋ ਗਿਆ, ਜਿਸ ਦੌਰਾਨ ਦੋਵੇਂ ਬੇਹੋਸ਼ ਹੋ ਗਈਆਂ। ਜਦੋਂ ਉਨ੍ਹਾਂ ਨੂੰ ਹੋਸ਼ ਆਈ ਤਾਂ ਉਸਨੇ ਆਪਣੇ ਆਪ ਨੂੰ ਹਸਪਤਾਲ ਵਿਚ ਦੇਖਿਆ। ਬਾਦ ਵਿਚ 19 ਸਾਲਾ ਪੀੜਤਾ ਨੂੰ ਹਵਾਈ ਜਹਾਜ਼ ਰਾਹੀਂ ਦਿੱਲੀ ਲਿਜਾਇਆ ਗਿਆ, ਜਿੱਥੇ ਉਸ ਨੂੰ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਟਰੌਮਾ ਸੈਂਟਰ ਦੇ ਇੰਟੈਂਸਿਵ ਕੇਅਰ ਯੂਨਿਟ ਵਿਚ ਦਾਖ਼ਲ ਕਰਵਾਇਆ ਗਿਆ। ਜਦੋਂ ਕਿ 20 ਸਾਲਾ ਪੀੜਤ ਨੂੰ ਪਹਿਲਾਂ ਇੰਫਾਲ ਦੇ ਫ਼ੌਜੀ ਹਸਪਤਾਲ ਅਤੇ ਫਿਰ ਚੁਰਾਚਾਂਦਪੁਰ ਦੇ ਜ਼ਿਲ੍ਹਾ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। 19 ਸਾਲਾ ਪੀੜਤਾ ਮਈ ਦੇ ਅਖੀਰ ਵਿਚ ਚੁਰਾਚਾਂਦਪੁਰ ਸਥਿਤ ਆਪਣੇ ਘਰ ਪਹੁੰਚੀ। ਉਸਨੇ ਦੱਸਿਆ, "ਮੈਂ ਹੁਣ ਥੋੜ੍ਹੀ ਠੀਕ ਹਾਂ, ਪਰ ਘਰ ਆਉਣ ਤੋਂ ਬਾਅਦ ਵੀ ਮੈਨੂੰ ਕਈ ਦਿਨਾਂ ਤੱਕ ਚੱਕਰ ਆਉਂਦੇ ਰਹੇ ਅਤੇ ਉਲਟੀ ਆਉਂਦੀ ਰਹੀ।".

ਸਕਰੌਲ ਨੇ ਹੋਸਟਲ ਦੀ ਇਕ ਮੈਤੇਈ ਔਰਤ ਨਾਲ ਗੱਲ ਕੀਤੀ ਜਿਸ ਨੇ ਘਟਨਾ ਦੀ ਪੁਸ਼ਟੀ ਕੀਤੀ। ਉਸਨੇ ਦੱਸਿਆ, "ਇਹ ਕੁੜੀਆਂ ਵਿਦਿਆਰਥਣਾਂ ਸਨ। ਉਹ ਮੇਰੇ ਲਈ ਬੱਚਿਆਂ ਵਾਂਗ ਸਨ। ਮੈਨੂੰ ਬਹੁਤ ਬੁਰਾ ਲੱਗ ਰਿਹਾ ਹੈ ਕਿ ਮੈਂ ਉਨ੍ਹਾਂ ਨੂੰ ਬਚਾਉਣ ਲਈ ਕੁਝ ਨਹੀਂ ਕਰ ਸਕੀ।"

**ਸਾਡੇ ਸਾਰਿਆਂ ਲਈ ਸ਼ਰਮਨਾਕ -3**

44 ਸਾਲ ਅਤੇ 21 ਸਾਲ ਦੀਆਂ ਇਹ ਪੀੜਤ ਔਰਤਾਂ ਕ੍ਰਮਵਾਰ ਚੁਰਾਚਾਂਦਪੁਰ ਅਤੇ ਤੇਂਗਨੋਪਾਲ ਜ਼ਿਲ੍ਹਿਆਂ ਵਿਚ ਇਸ ਸਮੇਂ ਆਪਣੇ ਪਰਿਵਾਰਾਂ ਨਾਲ ਰਹਿ ਰਹੀਆਂ ਹਨ। ਉਨ੍ਹਾਂ ਨਾਲ ਘਟਨਾ ਕਾਂਗਪੋਕਪੀ ਜ਼ਿਲ੍ਹੇ 'ਚ ਵਾਪਰੀ 4 ਮਈ ਨੂੰ ਬੀ. ਫੈਨੋਮ ਦੇ ਵਸਨੀਕਾਂ ਨੂੰ ਜਿਉਂ ਹੀ ਪਤਾ ਲੱਗਾ ਕਿ ਮੈਤੇਈ ਲੋਕਾਂ ਦੀ ਭੀੜ ਨੇੜਲੇ ਪਿੰਡ ਵਿਚ ਘਰਾਂ ਨੂੰ ਅੱਗ ਲਗਾ ਰਹੀ ਹੈ ਤਾਂ ਉਨ੍ਹਾਂ ਨੇ ਆਪਣੇ ਘਰ ਛੱਡ ਕੇ ਚਲੇ ਜਾਣ ਲਈ ਸਮਾਨ ਬੰਨ੍ਹਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਲੋਕਾਂ ਵਿਚ ਪਿੰਡ ਦੇ ਮੁਖੀ ਦੀ ਪਤਨੀ ਵੀ ਸੀ, ਜਿਸ ਦੀ ਉਮਰ 44 ਸਾਲ ਸੀ। ਬਹੁਤੇ ਪਰਿਵਾਰ ਉੱਥੋਂ ਨਿਕਲ ਗਏ ਪਰ ਇਸ ਔਰਤ ਅਤੇ ਉਸ ਦਾ ਗੁਆਂਢੀ ਪਰਿਵਾਰ ਨੂੰ ਦੇਰ ਹੋ ਗਈ।

ਪਰ ਫਿਰ ਵੀ ਉਹ ਸਮੇਂ ਸਿਰ ਉੱਥੋਂ ਭੱਜਣ ਵਿਚ ਕਾਮਯਾਬ ਹੋ ਗਏ। ਦੋਵੇਂ ਪਰਿਵਾਰ ਆਪਣੇ ਘਰ ਦੇ ਨੇੜੇ ਜੰਗਲ ਵੱਲ ਜਾਣ ਵਾਲੇ ਇਕ ਰਸਤੇ ਵਿਚ ਲੁਕ ਗਏ। ਉਹ ਉੱਥੇ ਸੁਣ ਸਕਦੇ ਸਨ ਕਿ ਹਮਲਾਵਰ ਪਿੰਡ ਦੇ ਚਰਚ ਦੀਆਂ ਘੰਟੀਆਂ ਵਜਾ ਰਹੇ ਹਨ। ਉੱਥੋਂ ਉਨ੍ਹਾਂ ਨੂੰ ਸੜ ਰਹੇ ਘਰ ਵੀ ਨਜ਼ਰ ਆ ਰਹੇ ਸਨ। ਪੀੜਤ ਔਰਤ ਨੇ ਕਿਹਾ, "ਪਰ ਸਾਡੇ ਲੁਕਣ ਦੀ ਥਾਂ ਉੱਤੇ ਸੰਘਣੀਆਂ ਝਾੜੀਆਂ ਸਨ।"

ਪਰ ਹਮਲਾਵਰ ਭੀੜ ਨੇ ਉਨ੍ਹਾਂ ਨੂੰ ਲੱਭ ਲਿਆ। ਉਹ ਦੋ ਹਿੱਸਿਆਂ ਵਿਚ ਵੰਡ ਕੇ ਆਲੇ-ਦੁਆਲੇ ਲੁਕੇ ਲੋਕਾਂ ਦੀ ਭਾਲ ਕਰ ਰਹੇ ਸਨ। ਇਸ ਔਰਤ ਦੀਆਂ ਅੱਖਾਂ ਦੇ ਸਾਹਮਣੇ ਉਸ ਦੇ ਗੁਆਂਢੀ - ਇਕ 56 ਸਾਲਾ ਵਿਅਕਤੀ ਅਤੇ ਉਸਦਾ 19 ਸਾਲਾ ਪੁੱਤਰ - ਨੂੰ ਮਾਰਿਆ ਗਿਆ। ਫਿਰ ਭੀੜ ਨੇ ਇਸ ਔਰਤ ਅਤੇ ਗੁਆਂਢੀ ਦੀ 21 ਸਾਲਾ ਧੀ ਨੂੰ ਫੜ ਲਿਆ। ਬਾਦ ਵਿਚ ਉਨ੍ਹਾਂ ਨੂੰ ਨੰਗੀਆਂ ਕਰਕੇ ਘੁੰਮਾਇਆ ਗਿਆ ਅਤੇ ਉਨ੍ਹਾਂ ਦੇ ਜਣਨ ਅੰਗਾਂ ਨੂੰ ਨੋਚਿਆ ਅਤੇ ਮਸਲਿਆ ਗਿਆ। ਇਸ ਘਟਨਾ ਦੀ ਵੀਡੀਓ ਇੰਟਰਨੈੱਟ ਉੱਪਰ ਵਾਇਰਲ ਹੋਈ ਹੈ।

ਘਟਨਾ ਤੋਂ ਕੁਝ ਸਮੇਂ ਬਾਅਦ 21 ਸਾਲਾ ਔਰਤ ਦਾ ਵਿਆਹ ਹੋ ਗਿਆ ਅਤੇ ਹੁਣ ਉਹ ਤੇਂਗਨੋਪਾਲ ਵਿਚ ਰਹਿੰਦੀ ਹੈ। ਦੂਜੀ ਔਰਤ ਚੁਰਾਚੰਦਪੁਰ ਵਿਚ ਇਕ ਭੀੜ-ਭੜੱਕੇ ਵਾਲੇ ਰਾਹਤ ਕੈਂਪ ਵਿਚ ਰਹਿ ਰਹੀ ਹੈ। ਉੱਥੇ ਹੀ ਜੁਲਾਈ ਦੀ ਇਕ ਸ਼ਾਮ ਨੂੰ ਉਸਨੇ 'ਸਕਰੌਲ' ਨਾਲ ਆਪਣੇ ਅਨੁਭਵ ਸਾਂਝੇ ਕੀਤੇ।

ਦੋਹਾਂ ਪਰਿਵਾਰਾਂ ਦੇ ਫੜੇ ਜਾਣ ਤੋਂ ਬਾਦ ਮਰਦਾਂ ਨੇ ਉਨ੍ਹਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਭੀੜ ਵਿਚ ਸ਼ਾਮਿਲ ਕੁਝ (ਮੈਤੇਈ) ਮਰਦਾਂ ਨੇ ਕਿਹਾ ਕਿ ਔਰਤਾਂ ਨੂੰ ਮਾਰਨਾ ਠੀਕ ਨਹੀਂ ਹੈ। ਔਰਤ ਦੇ ਅਨੁਸਾਰ, "ਉਨ੍ਹਾਂ ਵਿੱਚੋਂ ਕੁਝ ਲੋਕ ਚੰਗੇ ਸਨ ... ਕੁਝ ਨੇ ਤਾਂ ਇਹ ਵੀ ਕਿਹਾ, 'ਅਸੀਂ ਔਰਤਾਂ ਦੀ ਕੁੱਟਮਾਰ ਨਾ ਕਰੀਏ'। ਪਰ ਹਮਲਾਵਰਾਂ ਦੀ ਜ਼ਿਆਦਾਤਰ ਭੀੜ ਨੇ ਉਨ੍ਹਾਂ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਨੇ ਸਾਨੂੰ ਲੱਤਾਂ ਅਤੇ ਮੁੱਕਾ ਕੁੱਟਿਆ, ਸਾਡੇ ਵਾਲ ਪੱਟੇ ਅਤੇ ਸਾਨੂੰ ਬੁਰੀ ਤਰ੍ਹਾਂ ਕੁੱਟਿਆ।"

ਨੇੜੇ ਹੀ ਪੁਲਿਸ ਦੀ ਇਕ ਗੱਡੀ ਖੜ੍ਹੀ ਸੀ। ਉਨ੍ਹਾਂ ਵਿੱਚੋਂ ਤਿੰਨ (ਇਹ ਔਰਤ, 21 ਸਾਲ ਦੀ ਲੜਕੀ ਅਤੇ ਇਕ 19 ਸਾਲ ਦਾ ਲੜਕਾ) ਕਾਰ ਵਿਚ ਚੜ੍ਹ ਗਏ, ਪਰ ਲੜਕੇ ਦੇ ਪਿਤਾ ਨੂੰ ਬਾਹਰ ਧੂਹ ਕੇ ਮਾਰ ਦਿੱਤਾ ਗਿਆ।

ਉਸਨੇ ਦੱਸਿਆ, "ਅਸੀਂ ਇਹ ਤਾਂ ਨਹੀਂ ਦੇਖਿਆ ਕਿ ਉਸਨੂੰ ਕਿਵੇਂ ਮਾਰਿਆ ਗਿਆ, ਪਰ ਸਾਨੂੰ ਪਤਾ ਹੈ ਕਿ ਉਸਨੂੰ ਮਾਰ ਦਿੱਤਾ ਗਿਆ।" ਔਰਤ ਦੇ ਅਨੁਸਾਰ, ਉਸਨੇ ਪੁਲਿਸ ਵਾਲਿਆਂ ਨੂੰ ਕਾਰ ਸਟਾਰਟ ਕਰਨ ਲਈ ਕਿਹਾ ਤਾਂ ਜੋ ਉਹ ਭੱਜ ਸਕਣ।

"ਪਹਿਲਾਂ ਤਾਂ ਪੁਲਿਸ ਵਾਲਿਆਂ ਨੇ ਗੱਡੀ ਹੀ ਨਹੀਂ ਤੋਰੀ। ਫਿਰ ਜਿਉਂ ਹੀ ਉਸ ਨੇ ਗੱਡੀ ਸਟਾਰਟ ਕੀਤੀ ਤਾਂ ਭੀੜ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਨੂੰ ਗੱਡੀ ਵਿੱਚੋਂ ਬਾਹਰ ਬਾਹਰ ਧੂਹ ਲਿਆ ਗਿਆ। ਨੌਜਵਾਨ ਲੜਕੇ ਨੂੰ ਦੋ ਔਰਤਾਂ ਤੋਂ ਵੱਖ ਕਰ ਕੇ ਘੜੀਸਦੇ ਹੋਏ ਝੋਨੇ ਦੇ ਉਸ ਖੇਤ ਵਿਚ ਲਿਜਾਇਆ ਗਿਆ ਜਿੱਥੇ ਉਸਦੇ ਪਿਤਾ ਨੂੰ ਮਾਰਿਆ ਗਿਆ ਸੀ। ਦੂਰੋਂ ਉਸ ਔਰਤ ਨੇ ਦੇਖਿਆ ਕਿ ਲੜਕੇ 'ਤੇ ਮੋਟੇ ਡੰਡੇ ਨਾਲ ਵਾਰ ਕੀਤੇ ਜਾ ਰਹੇ ਸਨ। ਉਹ ਆਪਣੇ ਪਿਤਾ ਦੀ ਲਾਸ਼ ਉੱਪਰ ਢੇਰੀ ਹੋ ਗਿਆ।

ਇਸ ਦੌਰਾਨ ਭੀੜ ਨੇ ਦੋਹਾਂ ਔਰਤਾਂ ਨੂੰ ਘੇਰ ਲਿਆ ਅਤੇ ਉਨ੍ਹਾਂ ਨੂੰ ਕੱਪੜੇ ਉਤਾਰਨ ਲਈ ਕਿਹਾ। ਉਸਨੇ ਦੱਸਿਆ, "ਜਦੋਂ ਅਸੀਂ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਸਾਨੂੰ ਘਸੁੰਨ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਜ਼ਬਰਦਸਤੀ ਸਾਡੇ ਕੱਪੜੇ ਉਤਾਰਨ ਦੀ ਕੋਸ਼ਿਸ਼ ਕੀਤੀ।" ਮਰਦਾਂ ਨੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਕਿ "ਜੇ ਤੁਸੀਂ ਆਪਣੇ ਕੱਪੜੇ ਨਾ ਉਤਾਰੇ ਤਾਂ ਅਸੀਂ ਤੁਹਾਨੂੰ ਜਾਨੋਂ ਮਾਰ ਦਿਆਂਗੇ।"

ਔਰਤ ਨੇ ਦੱਸਿਆ ਕਿ ਉਸ ਕੋਲ "ਆਪਣੀ ਜਾਨ ਬਚਾਉਣ ਲਈ" ਇਕ-ਇਕ ਕਰਕੇ ਆਪਣੇ ਸਰੀਰ ਤੋਂ ਸਾਰੇ ਕੱਪੜੇ ਉਤਾਰਨ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ।

ਇਸ ਦੌਰਾਨ ਉਸ ਨੂੰ ਥੱਪੜ ਅਤੇ ਘਸੁੰਨ ਮਾਰੇ ਜਾ ਰਹੇ ਸਨ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦੀ ਗੁਆਂਢੀ ਔਰਤ ਵੀ ਉਸ ਦੇ ਨੇੜੇ-ਤੇੜੇ ਹੀ ਹੈ, ਪਰ ਉਸ ਨੂੰ ਬਿਲਕੁਲ ਨਹੀਂ ਪਤਾ ਲੱਗਾ ਕਿ ਉਸ ਨਾਲ ਕੀ ਹੋ ਰਿਹਾ ਹੈ। ਨੰਗੀ ਹਾਲਤ ਵਿਚ ਔਰਤ ਨੂੰ ਨੇੜਲੇ ਝੋਨੇ ਦੇ ਖੇਤ ਵਿਚ ਲਿਜਾਇਆ ਗਿਆ। ਭੀੜ ਉਸਦੇ ਪਿੱਛੇ ਸੀ। ਉੱਥੇ ਉਸ ਨੂੰ ਜ਼ਮੀਨ 'ਤੇ ਲੰਮੀ ਪੈਣ ਲਈ ਕਿਹਾ ਗਿਆ। ਉਸਨੇ ਦੱਸਿਆ, "ਤਿੰਨ ਮਰਦਾਂ ਨੇ ਮੈਨੂੰ ਘੇਰ ਲਿਆ... ਦੋ ਮੇਰੇ ਦੋਵੇਂ ਪਾਸੇ ਸਨ ਅਤੇ ਇਕ ਮੇਰੇ ਬਿਲਕੁਲ ਸਾਹਮਣੇ। ਉਨ੍ਹਾਂ ਵਿੱਚੋਂ ਇਕ ਨੇ ਦੂਜੇ ਨੂੰ ਕਿਹਾ, 'ਆਓ ਉਸ ਦਾ ਬਲਾਤਕਾਰ ਕਰੀਏ।' ਪਰ ਆਖ਼ਿਰਕਾਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ।" "ਪਰ ਉਨ੍ਹਾਂ ਨੇ ਮੇਰੀ ਛਾਤੀ ਦੋ ਵਾਰ ਫੜੀ।"

ਔਰਤ ਨੂੰ ਯਾਦ ਹੈ ਕਿ ਹਮਲਾਵਰ ਉਸਨੂੰ ਕਹਿ ਰਹੇ ਸਨ ਕਿ "ਕੁਕੀ ਲੋਕਾਂ ਨੇ ਚੁਰਾਚਾਂਦਪੁਰ ਵਿਚ ਮੈਤੇਈ ਔਰਤਾਂ ਨਾਲ ਬਲਾਤਕਾਰ ਕੀਤਾ ਸੀ ਅਤੇ ਇਕ ਮੈਤੇਈ ਬੱਚੇ ਨੂੰ ਮਾਰ ਦਿੱਤਾ ਸੀ" ਅਤੇ ਉਹ ਉਸ ਦਾ ਬਦਲਾ ਲੈ ਰਹੇ ਹਨ।

ਉਹ ਉਸਨੂੰ ਖੇਤ ਵਿਚ ਛੱਡ ਕੇ ਚਲੇ ਗਏ। ਬਾਦ ਵਿਚ ਮੈਤੇਈ ਲੋਕਾਂ ਦਾ ਇਕ ਹੋਰ ਟੋਲਾ ਆਇਆ ਅਤੇ ਉਸਨੂੰ ਉਸਦੇ ਕੱਪੜੇ ਦਿੱਤੇ ਗਏ।

ਉਹ ਪੁਲਿਸ ਦੀ ਗੱਡੀ ਵੱਲ ਜਾ ਰਹੀ ਸੀ, ਪਰ ਰਾਹ ਵਿਚ ਹੀ ਉਸਨੂੰ ਇਕ ਹੋਰ ਭੀੜ ਨੇ ਰੋਕ ਲਿਆ। ਇਨ੍ਹਾਂ ਲੋਕਾਂ ਨੇ ਫਿਰ ਉਸ ਦੇ ਕੱਪੜੇ ਉਤਾਰ ਦਿੱਤੇ। ਔਰਤ ਅਨੁਸਾਰ ਮਰਦਾਂ ਦਾ ਪੁਰਾਣਾ ਟੋਲਾ ਫਿਰ ਆ ਗਿਆ, ਜਿਸ ਦੇ ਕੁਝ ਮੈਂਬਰ ਔਰਤਾਂ ਉੱਪਰ ਹਮਲਾ ਕੀਤੇ ਜਾਣ 'ਤੇ ਸਹਿਜ ਮਹਿਸੂਸ ਕਰ ਰਹੇ ਸਨ। ਉਨ੍ਹਾਂ ਨੇ ਉਸਦੇ ਕੱਪੜੇ ਉਸਨੂੰ ਮੋੜ ਦਿੱਤੇ।

ਉਦੋਂ ਹੀ ਉਸਦੀ ਗੁਆਂਢਣ - 21 ਸਾਲ ਦੀ ਔਰਤ - ਉਸਦੇ ਕੋਲ ਆਈ। ਦੋਹਾਂ ਨੇ ਆਪਣੇ ਕੱਪੜੇ ਇਕੱਠੇ ਕੀਤੇ ਅਤੇ ਨੇੜਲੇ ਪਿੰਡ 'ਚ ਚਲੀਆਂ ਗਈਆਂ।

ਔਰਤ ਨੇ ਕਿਹਾ ਕਿ ਉਸ ਨੇ ਖ਼ੁਦ ਪੁਲਸ ਕੋਲ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ। ਪਰ ਉਸਦੇ ਇਕ ਰਿਸ਼ਤੇਦਾਰ ਨੇ ਸ਼ਿਕਾਇਤ ਕੀਤੀ। ਪੁਲਿਸ ਦਾ ਕਹਿਣਾ ਹੈ ਕਿ 18 ਮਈ ਨੂੰ ਕਾਂਗਪੋਕਪੀ ਜ਼ਿਲ੍ਹੇ ਦੇ ਸੈਕੁਲ ਥਾਣੇ ਵਿਚ ਜ਼ੀਰੋ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਇਸ ਵਿਚ ਔਰਤ ਦੀ ਉਮਰ 42 ਸਾਲ ਦੱਸੀ ਗਈ ਹੈ ਅਤੇ ਕਿਹਾ ਗਿਆ ਹੈ ਕਿ 21 ਸਾਲ ਦੀ ਔਰਤ ਦਾ ਦਿਨ-ਦਿਹਾੜੇ ਬੇਰਹਿਮੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ।" ਇਕ ਤੀਜੀ ਔਰਤ, ਜੋ ਇਨ੍ਹਾਂ ਦੋ ਔਰਤਾਂ ਦੇ ਨਾਲ ਸੀ, ਨੂੰ ਵੀ ਕੱਪੜੇ ਲਾਹੁਣ ਲਈ ਮਜਬੂਰ ਕੀਤਾ ਗਿਆ। ਸੈਕੁਲ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ 'ਅਣਪਛਾਤੇ ਬਦਮਾਸ਼ਾਂ', ਜਿਨ੍ਹਾਂ ਦੀ ਗਿਣਤੀ 800-1000 ਸੀ, ਦੇ ਖ਼ਿਲਾਫ਼ ਬਲਾਤਕਾਰ, ਕਤਲ ਅਤੇ ਹੋਰ ਦੋਸ਼ਾਂ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

ਘਟਨਾ ਦੇ ਦੋ ਮਹੀਨੇ ਬਾਦ 44 ਸਾਲ ਦੀ ਔਰਤ ਨੇ ਕਿਹਾ ਕਿ ਉਸ ਨੇ ਜੋ ਕੁਝ ਕੀਤਾ, ਆਪਣੀ ਜਾਨ ਬਚਾਉਣ ਲਈ ਕੀਤਾ। ਉਸਨੇ ਟੁੱਟ ਰਹੀ ਆਵਾਜ਼ ਵਿਚ ਕਿਹਾ "ਮੈਂ ਉਂਝ ਵੀ ਵਿਆਹੀ ਹੋਈ ਹਾਂ... ਭੀੜ ਦੇ ਸਾਹਮਣੇ ਮੈਂ ਬੇਵੱਸ ਸੀ।"

ਰਾਹਤ ਕੈਂਪ ਦੇ ਨੇੜੇ ਆਪਣੇ ਰਿਸ਼ਤੇਦਾਰਾਂ ਨਾਲ ਰਹਿ ਰਹੀ 21 ਸਾਲਾ ਔਰਤ ਦੀ ਮਾਂ ਡੂੰਘੇ ਡਿਪਰੈਸ਼ਨ ਕਾਰਨ ਆਪਣੇ ਹੋਸ਼ੋ-ਹਵਾਸ ਗੁਆ ਚੁੱਕੀ ਜਾਪਦੀ ਹੈ। ਉਸ ਨੇ ਘਟਨਾ ਦੇ ਵੇਰਵੇ ਦੱਸਣ ਦੀ ਕੋਸ਼ਿਸ਼ ਕੀਤੀ ਜਿਵੇਂ ਉਸ ਦੀ ਧੀ ਨੇ ਉਸ ਨੂੰ ਦੱਸਿਆ ਸੀ, ਪਰ ਉਹ ਆਪਣੇ ਆਪ ਉੱਪਰ ਕਾਬੂ ਨਾ ਰੱਖ ਸਕੀ ਅਤੇ ਫੁੱਟ-ਫੁੱਟ ਕੇ ਰੋ ਪਈ।

ਘਟਨਾ ਤੋਂ ਬਾਅਦ ਕੁੜੀ ਦੇ ਪ੍ਰੇਮੀ ਨੇ ਉਸ ਨੂੰ ਵਿਆਹ ਦੀ ਪੇਸ਼ਕਸ਼ ਕੀਤੀ। ਲੜਕੀ ਦੀ ਮਾਂ ਨੇ ਕਿਹਾ, "ਉਹ ਹੁਣ ਉਸਦੇ ਨਾਲ ਹੈ...ਕਿਸੇ ਹੋਰ ਜ਼ਿਲ੍ਹੇ ਵਿਚ... ਉਹ ਇਨ੍ਹਾਂ ਸਭ ਤੋਂ ਦੂਰ ਹੈ।"

ਜਿੱਥੋਂ ਤੱਕ ਪਿੰਡ ਦੇ ਮੁਖੀ ਦੀ 44 ਸਾਲਾ ਪਤਨੀ ਦਾ ਸਵਾਲ ਹੈ, ਉਹ ਕਹਿੰਦੀ ਹੈ ਕਿ ਭਾਵੇਂ ਉਸ ਨੂੰ ਕਿੰਨੀ ਵੀ ਤਕਲੀਫ਼ ਕਿਉਂ ਨਾ ਹੋਵੇ, ਉਹ ਮੀਡੀਆ ਅੱਗੇ ਆਪਣੀ ਹੱਡਬੀਤੀ ਦੁਹਰਾਉਣਾ ਮਹੱਤਵਪੂਰਨ ਸਮਝਦੀ ਹੈ। ਉਸ ਔਰਤ ਨੇ ਕਿਹਾ, "ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਨਾਲ ਕੀ ਵਾਪਰਿਆ ਹੈ। "ਪਰ ਜੋ ਹੋਇਆ, ਉਸ ਦੇ ਬਾਵਜੂਦ ਮੈਂ ਇਹ ਕਹਿਣਾ ਚਾਹਾਂਗੀ ਕਿ ਸਾਰੇ ਮੈਤੇਈ ਬੁਰੇ ਨਹੀਂ ਹਨ... ਕੁਝ ਆਦਮੀਆਂ ਨੇ ਮੇਰੀ ਮੱਦਦ ਕਰਨ ਦੀ ਕੋਸ਼ਿਸ਼ ਕੀਤੀ।"

# ਬਾਰੂ ਸਤਵਰਗ : ਕਿਰਤੀਆਂ ਦੀ ਕਲਮ ਤੇ ਆਵਾਜ਼ ਸਾਥੋਂ ਵਿਛੜ ਗਈ

*ਕਿਰਤੀਆਂ ਦੇ ਵੇਹੜਿਆਂ ਵਿਚੋਂ ਉਪਜਦੇ ਦੁੱਖ ਅਤੇ ਤਕਲੀਫ਼ਾਂ ਨੂੰ ਸ਼ਬਦਾਂ ਵਿਚ ਅਤੇ ਵਿਚਾਰਾਂ ਵਿਚ ਢਾਲਣ ਵਾਲੇ ਕਾਮਰੇਡ ਬਾਰੂ ਸਤਵਰਗ ਦੇ ਵਿਛੜ ਜਾਣ ਨਾਲ ਇਕ ਉਹ ਪੀੜ੍ਹੀ ਹੌਲੀ ਹੌਲੀ ਕਿਰਦੀ ਜਾ ਰਹੀ ਹੈ ਜਿਨ੍ਹਾਂ ਨੇ ਬੜੀ ਸਾਧਾਰਨ ਜ਼ਿੰਦਗੀ ਦੇ ਨਾਲ ਨਾਲ ਉਚੇ ਪੱਧਰ ਦੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਆਪਣੀ ਜੀਵਨ ਜਾਚ ਦਾ ਅਟੁੱਟ ਅੰਗ ਬਣਾਇਆ। ਅਦਾਰਾ 'ਸਰੋਕਾਰਾਂ ਦਾ ਆਵਾਜ਼' ਉਨ੍ਹਾਂ ਪ੍ਰਤੀ ਸ਼ਰਧਾ ਉਤਪੰਨ ਕਰਦਾ ਹੈ। – ਸੰਪਾਦਕ*

**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**

ਪੰਜਾਬੀ ਭਾਸ਼ਾ ਦੇ ਇਨਕਲਾਬੀ ਅਤੇ ਪ੍ਰਗਤੀਸ਼ੀਲ, ਜੁਝਾਰੂ ਲੇਖਕ ਬਾਰੂ ਸਤਵਰਗ ਅੱਜ ਸਵੇਰੇ ਇਸ ਦੁਨੀਆ ਤੋਂ ਵਿਦਾ ਹੋ ਗਏ।

ਉਹ ਪੰਜਾਬੀ ਸਾਹਿਤ ਦੇ ਮੰਚ 'ਤੇ ਜੁਝਾਰੂਪਨ ਦੀ ਉਹ ਅਦਭੁਤ ਆਵਾਜ਼ ਸੀ, ਜਿਸ ਨੂੰ ਪੰਜਾਬੀ ਵਿੱਚ ਬਗਾਵਤੀ ਆਵਾਜ਼ ਵਜੋਂ ਯਾਦ ਰੱਖਿਆ ਜਾਵੇਗਾ। ਉਹ ਇੱਕ ਕ੍ਰਾਂਤੀਕਾਰੀ ਮਜ਼ਦੂਰ ਅਤੇ ਪ੍ਰਸਿੱਧ ਕਮਿਊਨਿਸਟ ਆਗੂ ਸਨ ਜਿਨ੍ਹਾਂ ਨੇ ਪੰਜਾਬ ਦੀ ਧਰਤੀ 'ਤੇ ਖੱਬੇ ਪੱਖੀ ਸੋਚ ਨਾਲ ਖੜ੍ਹ ਕੇ ਪੰਜਾਬ ਵਿੱਚ ਲੋਕ ਜਾਗਰਤੀ ਦੀ ਨਵੀਂ ਲਹਿਰ ਪੈਦਾ ਕਰਨ ਲਈ ਸਾਰੀ ਉਮਰ ਕੋਸ਼ਿਸ਼ਾਂ ਕੀਤੀਆਂ।

ਅੱਜ ਜਦੋਂ ਮੈਂ ਬਾਰੂ ਸਤਵਰਗ ਨੂੰ ਯਾਦ ਕਰਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਬਾਰੂ ਸਤਵਰਗ ਪੰਜਾਬੀ ਸਾਹਿਤ ਦੇ ਉਸ ਇਨਕਲਾਬੀ ਮੰਚ ਦੀ ਸ਼ਾਨ ਸਨ ਜੋ ਸਮੇਂ ਦੀ ਜ਼ਰੂਰਤ ਸੀ। ਉਹ ਇੱਕ ਖਾੜਕੂ ਸ਼ਖਸੀਅਤ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ ਜਿਸਨੇ ਆਪਣੀ ਸਾਰੀ ਉਮਰ ਇਨਕਲਾਬੀ ਤਹਿਰੀਰ ਦੇ ਨਾਲ ਲੋਕਾਂ ਦੇ ਜਨ ਜਾਗਰਣ ਲਈ ਆਪਣੇ ਆਖਰੀ ਸਾਹਾਂ ਤੱਕ ਇਸ ਨੂੰ ਲੜਿਆ।

ਉਹ ਅਸਲ ਵਿੱਚ ਇੱਕ ਯੋਧਾ ਸਨ ਅਤੇ ਪੰਜਾਬੀ ਸਾਹਿਤ ਵਿੱਚ ਇਕ ਵਖਰੀ ਚਿਣਗ ਜੋਂ ਪੰਜਾਬੀ ਸਮਾਜ ਨੂੰ ਬਿਆਨ ਕਰਨ ਲਈ ਵੱਖਰੇ ਤੌਰ 'ਤੇ ਖੜੀ ਦਿਖਾਈ ਦਿੰਦੀ ਹੈ।

ਉਹ ਲੋਕਾਂ ਵਿੱਚ ਸਟੇਜਾਂ 'ਤੇ ਜਾ ਕੇ ਇਨਕਲਾਬ ਦੀਆਂ ਗੱਲਾਂ ਕਰਦੇ ਸਨ। ਪੰਜਾਬੀ ਸਾਹਿਤ ਵਿੱਚ ਉਨ੍ਹਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਹਨ। ਇਹ ਵੱਖਰੀ ਗੱਲ ਹੈ ਕਿ ਉਸ ਨੂੰ ਕਦੇ ਵੀ ਉਹ ਮਾਨਤਾ ਨਹੀਂ ਮਿਲੀ ਜਿਸ ਦਾ ਉਹ ਅਸਲ ਹੱਕਦਾਰ ਸੀ, ਪਰ ਬਾਰੇ ਦੇ ਜਿਸ ਸਫ਼ਰ ਦੀ ਮੈਂ ਗੱਲ ਕਰ ਰਿਹਾ ਹਾਂ, ਉਹ ਸਮਾਜ ਵਿਚ ਚੱਲ ਰਹੇ ਯੁੱਧ ਤੋਂ ਲੈ ਕੇ ਪੰਜਾਬ ਵਿਚ ਜੋਂ ਅਜੇ ਵੀ ਹਾਸ਼ੀਏ 'ਤੇ ਪਏ ਲੋਕਾਂ ਤੱਕ ਸੀ ਅਤੇ ਜਿਸ ਵਿਚ ਮਿੱਟੀ ਲਈ ਬਹੁਤ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰਦੇ ਸਨ। ਪੰਜਾਬ ਵਿੱਚ ਉਸ ਨੇ ਲੋਕ ਜਾਗਰੂਕਤਾ ਅਤੇ ਆਪਣੀ ਪਛਾਣ ਦੀ ਮਾਨਤਾ ਲਈ ਆਪਣੀ ਜਾਨ ਲਗਾ ਦਿੱਤੀ ਸੀ।

ਸੱਚ ਕਹਾਂ ਤਾਂ ਉਹ ਪੰਜਾਬ ਦੇ ਗਦਰ ਨਾਲੋਂ ਵੀ ਉੱਚੇ ਕਲਾਕਾਰ ਸਨ। ਇਹ ਸਾਡੀ ਬਦਕਿਸਮਤੀ ਹੈ ਕਿ ਉਸ ਨੂੰ ਸਾਹਿਤਕ ਪੁੱਤਰ ਵਜੋਂ ਕਦੇ ਵੀ ਉਹ ਸਨਮਾਨ ਨਹੀਂ ਦਿੱਤਾ ਗਿਆ ਜਿਸ ਦਾ ਉਹ ਹੱਕਦਾਰ ਸੀ। ਉਸ ਦੇ ਗੀਤਾਂ ਖਾਸ ਕਰਕੇ ਇੰਕਲਾਬ ਦੇ ਗੀਤਾਂ ਨੇ ਧਮਾਲ ਮਚਾ ਦਿੱਤੀ ਸੀ। ਉਸ ਦਾ ਗੀਤ ਹੋਕਾ ਬਹੁਤ ਮਸ਼ਹੂਰ ਹੋਇਆ। ਉਸ ਨੇ ਪੰਜਾਬ ਦੇ ਦਲਿਤ ਤੇ ਪਿਛੜੀਆਂ ਸ਼੍ਰੇਣੀਆਂ ਦੇ ਸਮਾਜ ਵਿੱਚ ਪੰਜਾਬੀ ਚੇਤਨਾ ਦੀ ਆਵਾਜ਼ ਅਤੇ ਬੁਲੰਦ ਲੜਾਕੂ ਭਾਵਨਾ ਨਾਲ ਸਦਭਾਵਨਾ ਦੀ ਆਵਾਜ਼ ਨੂੰ ਜਗਾਇਆ ਹੈ।

ਮੈਨੂੰ ਯਾਦ ਹੈ ਉਸ ਦਾ ਨਾਵਲ 'ਇੱਕ ਪੰਨਾ ਇਤਿਹਾਸ ਦਾ', ਇਹ ਛੋਟਾ ਜਿਹਾ ਨਾਵਲ ਉਸ ਸਮੇਂ ਸੁਰਖੀਆਂ ਵਿੱਚ ਆਉਂਦਾ ਹੈ ਜਦੋਂ ਉਸ ਦੇ ਸਮਕਾਲੀ ਬਹੁਤ ਸਾਰੇ ਲੋਕ ਇਸ ਨੂੰ ਪੰਜਾਬ ਦੀ ਹੇਠਲੀ ਪੀੜ੍ਹੀ ਲਈ ਲਿਖਦੇ ਹਨ ਜੋ ਅੱਜ ਵੀ ਜਿਉਣ ਦੇ ਜੁਗਾੜ ਵਿੱਚ ਜੀਅ ਰਹੇ ਹਨ। ਇਹ ਸਾਡਾ ਸੱਚ ਹੈ ਅਤੇ ਇਹ ਪੰਜਾਬੀ ਸਾਹਿਤ ਵਿੱਚ ਸੱਚ ਦਾ ਇੱਕ ਵੱਖਰਾ ਪੰਨਾ ਹੈ ਜਿਸ ਉੱਤੇ ਕੋਈ ਪਹਿਰਾ ਨਹੀਂ ਕਰਦਾ। ਲੇਖਕ ਬਾਰੂ ਸਤਵਰਗ ਨੇ ਇਸ ਪੰਨੇ 'ਤੇ ਆਪਣੀ ਜ਼ਿੰਦਗੀ ਦੀ ਪਹੁੰਚ ਨੂੰ ਦਰਜ ਕੀਤਾ ਹੈ।

ਅੱਜ ਜਦੋਂ ਮੈਂ ਬਾਰੂ ਸਤਵਰਗ ਨੂੰ ਯਾਦ ਕਰ ਰਿਹਾ ਹਾਂ ਤਾਂ ਮੈਨੂੰ ਉਸ ਸਾਧਾਰਨ ਯੋਧੇ ਦੀ ਯਾਦ ਆਉਂਦੀ ਹੈ ਜੋ ਪੰਜਾਬ ਦੇ ਪਿੰਡ ਅਤੇ ਪੰਜਾਬ ਦੇ ਲੋਕਾਂ ਦੀ ਮਹਿਕ ਲਈ ਆਪਣੇ ਕਲਾਮ ਦੇ ਨਾਲ-ਨਾਲ ਸਟੇਜ 'ਤੇ ਗਰਜਦਾ ਸੀ।

13 ਅਪ੍ਰੈਲ 1945 ਨੂੰ ਪੰਜਾਬ ਦੇ ਮਹਿਰਾਜ, ਰਾਮਪੁਰਾ, ਬਠਿੰਡਾ ਨੇੜੇ ਪੰਜਾਬ ਵਿੱਚ ਜਨਮੇ ਬਾਰੂ ਸਤਵਰਗ ਦੀ ਜ਼ਿੰਦਗੀ ਦਾ ਸਫ਼ਰ ਕਦੇ ਵੀ ਏਨਾ ਆਸਾਨ ਨਹੀਂ ਰਿਹਾ, ਪਰ ਉਸ ਸਮੇਂ ਜਦੋਂ ਉਹ ਅਜਿਹੇ ਵਿਲੱਖਣ ਇਨਕਲਾਬੀ ਲੇਖਕ ਅਤੇ ਲੜਾਕੂ ਜੀਵਨ ਦਾ ਅੱਠਵਾਂ ਦਹਾਕਾ ਪਾਰ ਕਰ ਰਹੇ ਸਨ ਕਿ ਉਹ 78 ਸਾਲ ਦੀ ਉਮਰ ਵਿੱਚ ਅਚਾਨਕ ਸਾਨੂੰ ਛੱਡ ਗਏ।

ਆਰਥਿਕ ਸ਼ੋਸ਼ਣ ਤੋਂ ਲੈ ਕੇ ਸਮਾਜਿਕ ਵਿਸੰਗਤੀਆਂ ਤੱਕ, ਉਨ੍ਹਾਂ ਮੁੱਦਿਆਂ ਦੇ ਨਾਲ-ਨਾਲ ਬਾਰੂ ਸਤਵਰਗ ਨੇ ਉਨ੍ਹਾਂ ਲੋਕਾਂ ਦੀ ਅਗਵਾਈ ਕੀਤੀ, ਜਿਨ੍ਹਾਂ ਦੇ ਸ਼ਬਦਾਂ ਨੂੰ ਸਟੇਜ 'ਤੇ ਆਪਣੀਆਂ ਕਿਤਾਬਾਂ ਵਿਚ ਆਪਣੀ ਕੜਕੀਲੀ ਆਵਾਜ਼ ਵਿਚ ਬਿਆਨ ਕੀਤਾ ਗਿਆ ਹੈ। ਇਹ ਉਸਦੇ ਗੀਤਾਂ ਵਿੱਚ ਹੈ। ਇਹ ਉਸ ਦੀਆਂ ਕਵਿਤਾਵਾਂ ਵਿਚ ਹੈ।



ਇੱਕ ਸਾਧਾਰਨ ਪਰਿਵਾਰ ਵਿੱਚ ਪੈਦਾ ਹੋਏ ਬਾਰੂ ਸਤਵਰਗ ਬਾਰੇ ਕੌਣ ਸੋਚ ਸਕਦਾ ਹੈ ਕਿ ਉਹ ਭੇਡਾਂ ਪਾਲਣ ਵਾਲੇ ਮਾਪਿਆਂ ਦਾ ਬੱਚਾ ਅੱਗੇ ਜਾ ਕੇ ਜ਼ਿੰਦਗੀ ਦੇ ਅਜਿਹੇ ਹਮਲਿਆਂ ਅਤੇ ਜ਼ਿੰਦਗੀ ਦੀ ਅਜਿਹੀ ਦੌਰ ਵਿੱਚੋਂ ਗੁਜ਼ਰਦਾ ਹੋਇਆ ਆਪਣੇ ਆਪ ਨੂੰ ਜ਼ਿੰਦਗੀ ਦੇ ਅਨਛੁਏ ਪਹਿਲੂਆਂ ਵਿੱਚ ਪਾ ਸਕਦਾ ਹੈ? ਬਾਰੂ ਜਦੋਂ ਵੀ ਜ਼ਿੰਦਗੀ ਬਾਰੇ ਦੱਸਦੇ ਸਨ ਤਾਂ ਉਹ ਕਹਿੰਦੇ ਸਨ ਕਿ ਮੈਂ ਜੋ ਜ਼ਿੰਦਗੀ ਜੀ ਰਿਹਾ ਹਾਂ ਉਹ ਬਹੁਤ ਸ਼ਾਨਦਾਰ ਹੈ ਅਤੇ ਮੈਨੂੰ ਮਾਣ ਹੈ ਕਿ ਇਸ ਦੇ ਨਾਲ-ਨਾਲ ਮੈਂ ਸ਼ਬਦਾਂ ਦੇ ਨਾਲ-ਨਾਲ ਲੋਕਾਂ ਲਈ ਕੁਝ ਕਰਨ ਦੇ ਯੋਗ ਵੀ ਹਾਂ, ਇਹ ਮੈਂ ਤਾਕਤ ਅਤੇ ਮਿਹਨਤ ਦੇ ਨਾਲ ਕਰਨਯੋਗ ਹਾਂ ਅਤੇ ਲੋਕ ਜਾਗਰੂਕਤਾ ਦਾ ਕੰਮ ਕਰ ਰਿਹਾ ਹਾਂ।

ਸਤਵਰਗ ਦੇ ਪਿਤਾ ਦਾ ਨਾਮ ਭਗਤ ਸਿੰਘ ਅਤੇ ਮਾਤਾ ਦਾ ਨਾਮ ਅਮਰ ਕੌਰ ਸੀ। ਜਿਵੇਂ ਹੀ ਬਾਰੂ ਨੇ ਪਿੰਡ ਦੇ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਉਸ ਤੋਂ ਬਾਅਦ ਉਸੇ ਸਮੇਂ ਜੇ.ਬੀ.ਟੀ. ਦਾ ਕੋਰਸ ਕੀਤਾ ਅਤੇ 1964 ਵਿੱਚ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਬਣ ਗਿਆ ਅਤੇ ਇਸ ਦੇ ਨਾਲ-ਨਾਲ ਲੋਕ ਲਹਿਰ ਅਤੇ ਖੱਬੇ ਪੱਖੀ ਲਹਿਰਾਂ ਦੇ ਨਾਲ-ਨਾਲ ਲੋਕ-ਪੱਖੀ ਲਹਿਰਾਂ ਨੂੰ ਵੀ ਆਪਣੇ ਨਾਲ ਜੋੜੀ ਰੱਖਿਆ। ਜਨਤਕ ਜਾਗਰਣ ਦੇ ਰਸਤੇ 'ਤੇ ਚੱਲਣਾ.

ਬਾਰੂ ਨੂੰ ਜਦੋਂ ਵੀ ਮੌਕਾ ਮਿਲਦਾ ਉਹ ਆਪਣੀ ਜੀਵਨੀ ਦੇ ਕਈ ਕਿੱਸੇ ਸੁਣਾ ਦਿੰਦਾ ਸੀ। ਆਪਣੀ ਇੱਕ ਮੁਲਾਕਾਤ ਵਿੱਚ ਉਨ੍ਹਾਂ ਦੱਸਿਆ ਕਿ ਐਮਰਜੈਂਸੀ ਦੇ ਦਿਨਾਂ ਵਿੱਚ ਵੀ ਉਹ ਜੇਲ੍ਹ ਵਿੱਚ ਬੰਦ ਸਨ। ਇਹ 1975 ਦੀ ਐਮਰਜੈਂਸੀ ਦੇ ਦਿਨ ਸਨ। ਬਾਰੂ ਨੇ ਉਸ ਸਮੇਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ, ਜਿਸ ਤਰ੍ਹਾਂ ਕਈ ਲੇਖਕ ਵੀ ਕਹਾਣੀਆਂ ਲਿਖਦੇ ਸਨ, ਜਿਨ੍ਹਾਂ ਵਿਚ ਪਿਆਰ ਦਾ ਸਥਾਨ ਹੁੰਦਾ ਸੀ, ਜਿਸ ਵਿਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਦਾ ਜ਼ਿਕਰ ਹੁੰਦਾ ਸੀ, ਪਰ ਬਾਰੂ ਨੇ ਆਪਣੀਆਂ ਸਾਰੀਆਂ ਰਚਨਾਵਾਂ ਵਿਚ ਅਜਿਹੀ ਕਹਾਣੀ ਲਿਖੀ ਸੀ, ਜਿਸ ਵਿੱਚ ਉਸਨੇ ਉਸ ਸਮੇਂ ਦੇ ਸਮਾਜ ਲਈ ਕਹਾਣੀਆਂ ਲਿਖੀਆਂ ਜਿਸ ਤੋਂ ਉਹ ਆਇਆ ਹੈ ਅਤੇ ਜਿਸ ਸਮਾਜ ਵਿੱਚ ਉਹ ਰਹਿੰਦਾ ਹੈ।

ਉਸ ਦੀ ਪਹਿਲੀ ਕਹਾਣੀ 'ਚੰਨੋ ਜਾਗ ਰਹੀ ਆ' ਇੱਥੇ ਦੀ ਕਹਾਣੀ ਸੀ ਜਿਸ ਨੇ ਉਸ ਨੂੰ ਲੇਖਕ ਬਣਨ ਦੇ ਰਾਹ 'ਤੇ ਤੋਰਿਆ। ਇਹ ਉਹ ਸਮਾਂ ਸੀ ਜਦੋਂ ਇਸ ਸਾਹਿਤ ਦੀ ਚੰਗਿਆੜੀ ਦੇ ਨਾਲ-ਨਾਲ ਬਾਰੂ ਇੱਕ ਵਾਰ ਫਿਰ ਨਕਸਲਬਾੜੀ ਲਹਿਰ ਦੇ ਨਾਲ-ਨਾਲ ਇੱਕ ਨਵੇਂ ਲੇਖਕ ਅਤੇ ਨਵੇਂ ਆਗੂ ਵਜੋਂ ਉੱਭਰਿਆ।

ਮੈਨੂੰ ਯਾਦ ਹੈ ਜਦੋਂ ਅਸੀਂ ਸੱਤਰਵਿਆਂ ਦੇ ਸ਼ੁਰੂ ਵਿਚ ਕਾਲਜ ਵਿਚ ਸਾਂ ਅਤੇ ਉਸ ਤੋਂ ਬਾਅਦ ਜਦੋਂ ਮੈਂ ਜਲੰਧਰ ਵਿਚ ਸੀ, ਜਦੋਂ ਵੀ ਬਾਰੂ ਨੂੰ ਮਿਲਦਾ ਸੀ, ਉਹ ਸਟੇਜ ਦੇ ਇਕ ਪਾਸੇ ਖੜ੍ਹਾ ਹੋ ਜਾਂਦਾ ਸੀ ਅਤੇ ਆਪਣੇ ਨਕਸਲਬਾੜੀ ਜੀਵਨ ਦੇ ਕਈ ਤਜ਼ਰਬੇ ਇਸ ਤਰ੍ਹਾਂ ਬਿਆਨ ਕਰਦਾ ਸੀ। ਅਸਲ ਵਿਚ ਬਾਰੂ ਉਸ ਤਹਿਰੀਰ ਅਤੇ ਉਸ ਲੋਕ ਲਹਿਰ ਦਾ ਆਗੂ ਸੀ ਅਤੇ ਉਸ ਦੀ ਅਜਿਹੀ ਆਵਾਜ਼ ਜਿਸ ਨੂੰ ਪੰਜਾਬ ਵਿਚ ਉਸ ਤਰ੍ਹਾਂ ਦੀ ਮਾਨਤਾ ਨਹੀਂ ਮਿਲੀ।

ਮੈਨੂੰ ਇਹ ਵਾਕਿਆ ਵੀ ਯਾਦ ਹੈ ਕਿ ਜਦੋਂ ਬਾਰੂ ਸਤਵਰਗ ਨੇ ਲਿਖਣਾ ਸ਼ੁਰੂ ਕੀਤਾ ਸੀ ਤਾਂ ਮੈਂ ਮਿਨਾਰ ਨਾਂ ਦਾ ਮਾਸਿਕ ਮੈਗਜ਼ੀਨ ਵੀ ਸ਼ੁਰੂ ਕੀਤਾ ਸੀ। ਇਹ ਸੰਤ ਰਾਮ ਉਦਾਸੀ ਦਾ ਸਮਾਂ ਸੀ ਜਦੋਂ ਪੰਜਾਬੀ ਦਾ ਸਮੁੱਚਾ ਸਾਹਿਤ ਅਤੇ ਸਮਾਜ ਇੱਕ ਨਵੇਂ ਦੌਰ ਵਿੱਚੋਂ ਲੰਘ ਰਿਹਾ ਸੀ। ਮੈਨੂੰ ਅਜੇ ਵੀ ਹੇਮ ਜੋਤੀ ਦਾ ਮੁੱਦਾ ਯਾਦ ਹੈ ਜਿਸ ਵਿੱਚ ਬਾਰੂ ਅਤੇ ਮੈਂ 1970 ਵਿੱਚ ਇੱਕੋ ਪੰਨੇ 'ਤੇ ਦਿਖਾਈ ਦਿੱਤੇ ਸਾਂ। 1971 ਵਿਚ ਪੰਜਾਬੀ ਸਾਹਿਤ ਦੀ ਇਸ ਲਹਿਰ ਤੋਂ ਪ੍ਰਭਾਵਿਤ ਹੋ ਕੇ ਬਾਰੂ ਨੇ ਕਿਰਤੀ ਕਿੱਸਾ ਅਤੇ ਫਿਰ ਕੀਰਤੀ ਯੁੱਗ ਵਰਗੇ ਰਸਾਲੇ ਕੱਢੇ।

ਇਹ ਉਹ ਸਮਾਂ ਸੀ ਜਦੋਂ ਸਰਕਾਰ ਪੰਜਾਬੀ ਦੇ ਅਜਿਹੇ ਖੱਬੇਪੱਖੀ ਲੇਖਕਾਂ ਨੂੰ ਸਿੱਧੇ ਤੌਰ 'ਤੇ ਜੇਲ੍ਹਾਂ ਵਿਚ ਡੱਕ ਰਹੀ ਸੀ ਅਤੇ ਇਸੇ ਤਰ੍ਹਾਂ ਇਕ ਵਾਰ ਬਾਰੂ ਨੂੰ ਵੀ ਜੇਲ੍ਹ ਵਿਚ ਰਖਿਆ ਗਿਆ ਸੀ। ਭਾਰਤੀ ਕਮਿਊਨਿਸਟ ਪਾਰਟੀ ਨੂੰ ਆਪਣੀ ਕਿਸਮ ਦੀ ਲਹਿਰ ਵਜੋਂ ਵੇਖਦਿਆਂ ਬਾਰੂ ਨੇ ਪੰਜਾਬ ਨੂੰ ਆਪਣੀ ਲੇਖਣੀ ਵਿੱਚ ਲਿਖਿਆ ਹੈ ਜਿਸ ਵਿੱਚ ਪੰਜਾਬ ਦਾ ਹੇਠਲਾ ਵਰਗ ਸਭ ਦੇ ਸਾਹਮਣੇ ਆਉਂਦਾ ਹੈ। ਮੈਨੂੰ ਯਾਦ ਹੈ ਕਿ ਉਸ ਦੀਆਂ ਪੁਸਤਕਾਂ ਅਤੇ ਸਾਹਿਤਕ ਲਿਖਤਾਂ ਹੇਮ ਜੋਯਤੀ ਅਤੇ ਹੋਰ ਰਸਾਲਿਆਂ ਵਿੱਚ ਛਪਦੀਆਂ ਰਹੀਆਂ, ਪਰ ਉਸ ਦਾ ਨਾਵਲ ਲਹੂ ਪਾਣੀ ਨਹੀਂ ਬਣਿਆ, ਨਿੱਘੀ ਬੁੱਕਲ, ਸ਼ਰਧਾ ਦੇ ਫੁੱਲ ਤੇ ਹੋਰ ਰਚਨਾਵਾਂ ਆਦਿ ਇੱਕ ਅਜਿਹੀ ਪੰਜਾਬੀ ਲਿਖਤਾਂ ਹਨ ਜਿਸ ਨੇ ਪੂਰੇ ਭਾਰਤ ਵਿੱਚ ਅਨੁਵਾਦ ਹੋ ਕੇ ਨਵੀਂ ਸਨਸਨੀ ਪੈਦਾ ਕੀਤੀ।

ਮੈਨੂੰ ਮਾਣ ਹੈ ਕਿ ਮੈਂ ਉਸ ਸਮੇਂ ਉਨ੍ਹਾਂ ਦੀਆਂ ਕੁਝ ਲਿਖਤਾਂ ਦਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤਾ ਸੀ ਅਤੇ ਜੋ ਦੂਰ ਦੱਖਣ ਅਤੇ ਹੁਣ ਤੇਲੰਗਾਨਾ ਦੇ ਕਈ ਖੱਬੇ ਪੱਖੀ ਰਸਾਲਿਆਂ ਵਿੱਚ ਛਪੀਆਂ ਸਨ, ਜੋ ਅੱਜ ਵੀ ਇਤਿਹਾਸ ਦਾ ਇੱਕ ਪੰਨਾ ਹੈ ਪਰ ਜਿਸ ਨਾਲ ਬਾਰੂ ਸਤਵਰਗ ਨੂੰ ਮਾਨਤਾ ਮਿਲੀ। ਉਸ ਦਾ ਨਾਵਲ, ਪੰਜਾਬ ਦੇ ਛੋਟੇ ਖੇਤ ਮਜ਼ਦੂਰਾਂ ਅਤੇ ਛੋਟੇ ਕਾਸ਼ਤਕਾਰਾਂ ਦਾ ਇਤਿਹਾਸ ਸੀ, ਉਸ ਲਹਿਰ ਤੋਂ, ਇਹ ਕਮਿਊਨਿਸਟ ਲਹਿਰ ਦੇ ਇਤਿਹਾਸ ਦਾ ਅਜਿਹਾ ਪੰਨਾ ਹੈ, ਜਿਸ ਵਿਚ ਉਨ੍ਹਾਂ ਦਿਨਾਂ ਅਤੇ ਉਸ ਸਮਾਜ ਦੀ ਸੱਚਾਈ ਹੈ, ਜਿਸ ਦਾ ਬਾਰੂ ਸਤਵਰਗ ਨੂੰ ਆਪਣੇ ਲਈ ਜ਼ਿੰਦਾ ਰੱਖਣਾ ਪਿਆ। ਜੇ ਮੈਂ ਆਪਣੀ ਯਾਦਾਸ਼ਤ ਨੂੰ ਹੋਰ ਅੱਗੇ ਲਿਜਾਵਾਂ ਤਾਂ ਮੈਨੂੰ ਯਾਦ ਹੈ ਕਿ ਇਸ 2020 ਤੱਕ ਬਾਰੂ ਸਤਵਰਗ ਨੇ ਅਜਿਹੇ ਕਈ ਹਫ਼ਤਾਵਾਰੀ ਅਤੇ ਮਾਸਿਕ ਪੱਤਰਾਂ ਦੀ ਸੰਪਾਦਨਾ ਵਿੱਚ ਆਪਣਾ ਹੱਥ ਅਜ਼ਮਾਇਆ ਅਤੇ ਕਈ ਸੰਪਾਦਕੀ ਬੋਰਡਾਂ ਦੇ ਮੈਂਬਰ ਰਹੇ, ਜਿਨ੍ਹਾਂ ਵਿੱਚ ਪ੍ਰਚੰਡ ਲਹਿਰ, ਸਮਕਾਲੀ ਦਿਸ਼ਾ ਅਤੇ ਮਸ਼ਾਲ ਆਦਿ ਹਨ ਜੋ ਪੰਜਾਬ ਦੇ ਆਮ ਲੋਕਾਂ ਅਤੇ ਪਿੰਡਾਂ ਵਿੱਚ ਬਹੁਤ ਮਸ਼ਹੂਰ ਸਨ।

ਜਿੱਥੇ ਮੈਂ ਬਾਰੂ ਦੀ ਜਾਣ-ਪਛਾਣ ਇਸ ਤਰੀਕੇ ਨਾਲ ਕਰਵਾ ਸਕਦਾ ਹਾਂ ਕਿ ਉਹ ਵੱਡੇ ਲੇਖਕਾਂ ਨਾਲ ਉਸ ਇਜਾਰੇਦਾਰੀ ਨਾਲ ਲੜ ਸਕਦਾ ਸੀ ਜੋ ਪੰਜਾਬੀ ਸਾਹਿਤ ਵਿੱਚ ਹੈ। ਇਹ ਉਸ ਦੀ ਸ਼ਖ਼ਸੀਅਤ ਅਤੇ ਉਸ ਵੱਲੋਂ ਰਚੇ ਸਾਹਿਤ ਦੀ ਤਾਕਤ ਸੀ।

ਉਸਨੇ 1980 ਵਿੱਚ ਕੁਲ ਹਿੰਦ ਇਨਕਲਾਬੀ ਸਭਿਆਚਾਰ ਲੀਗ ਅਤੇ ਸੈਮੀਨਾਰਾਂ ਵਿੱਚ ਹਿੱਸਾ ਲਿਆ। ਮੈਂ ਚੰਡੀਗੜ੍ਹ ਦੀ ਸੈਕਟਰ 10 ਦੀ ਆਰਟ ਗੈਲਰੀ ਵਿੱਚ ਹੋਈ ਮੀਟਿੰਗ ਨੂੰ ਭੁੱਲ ਨਹੀਂ ਸਕਦਾ ਜਿਸ ਵਿੱਚ ਬਰਵਾਰਾ ਰਾਓ ਨੇ ਲੋਕ ਸੰਘਰਸ਼ ਬਾਰੇ ਭਾਸ਼ਣ ਦਿੱਤਾ ਸੀ, ਇਸ ਦੇ ਨਾਲ ਬਾਰੂ ਸਤਵਰਗ ਨੇ ਵੀ ਸਟੇਜ 'ਤੇ ਪੰਜਾਬ ਬਾਰੇ ਭਾਸ਼ਣ ਦਿੱਤਾ ਸੀ, ਅਸਲ ਵਿੱਚ ਇਹ ਬਾਬਾ ਬੂਝਾ ਸਿੰਘ ਨੂੰ ਯਾਦ ਕਰਨ ਵਾਲਾ ਭਾਸ਼ਣ ਸੀ। ਇੱਕ ਸ਼ਰਧਾਂਜਲੀ ਅਤੇ ਜਨਤਕ ਸਮਾਗਮ ਸੀ ਜਿਸ ਵਿੱਚ ਬਾਰੂ ਸਤਵਰਗ ਤੋਂ ਵੱਡਾ ਬੁਲਾਰਾ ਕੋਈ ਨਹੀਂ ਸੀ।

ਜਿਸ ਤਰ੍ਹਾਂ ਉਸ ਨੇ ਪੰਜਾਬੀ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਉਹ ਹੈਰਾਨੀਜਨਕ ਸੀ।

ਉਸ ਦੇ ਇਨਕਲਾਬੀ ਗੀਤ ਹਮੇਸ਼ਾ ਆਪਣੀ ਥਾਂ 'ਤੇ ਰਹਿਣਗੇ ਪਰ ਪੰਜਾਬ ਦੇ ਆਮ ਲੋਕਾਂ, ਕਿਰਤੀ ਯੂਨੀਅਨ ਅਤੇ ਕਮਿਊਨਿਸਟ ਪਾਰਟੀ ਦੇ ਖੱਬੇ ਪੱਖੀ ਸੱਭਿਅਕ ਮੰਚ ਨਾਲ ਉਸ ਦੀ ਸਾਂਝ ਪੰਜਾਬ ਦੀ ਮਿੱਟੀ ਦਾ ਰਿਸ਼ਤਾ ਹੈ ਜਿਸ 'ਤੇ ਅਜੇ ਵੀ ਜਾਦੂ ਬਾਕੀ ਹੈ।

ਅੱਜ ਜਦੋਂ ਉਹ 78 ਸਾਲ ਦੀ ਉਮਰ ਵਿੱਚ ਸਾਨੂੰ ਛੱਡ ਕੇ ਚਲੇ ਗਏ ਹਨ। ਭਾਵੇਂ ਉਹ ਕਈ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ ਪਰ ਇਸ ਸਮੇਂ ਮੈਨੂੰ ਉਨ੍ਹਾਂ ਦਾ ਗੀਤ ਹੋਕਾ ਯਾਦ ਆ ਰਿਹਾ ਹੈ, ਜਿਸ ਦੀਆਂ ਕੁਝ ਸਤਰਾਂ ਮੈਂ ਤੁਹਾਡੇ ਨਾਲ ਸਾਂਝੀਆਂ ਕਰ ਸਕਦਾ ਹਾਂ।

**ਜੇ ਅਣਖ ਨਾਲ ਜੀਉਣਾ ਚੂੰਹਦੇ**
**ਤਾ ਸੁਨ ਧਰਤਿ ਦਿਆਓ ਲੋਕਾ**
**ਤਾਣ ਕੇ ਸੀਨਾ ਮੁਕਾ ਵਟ ਕੇ**
**ਜਗ ਵਿਚ ਦੇ ਕੇ ਹੋਕਾ**
**ਭਗਤ ਸਰਾਭਿਆ ਦੇ ਰਾਹ ਵੱਲ ਨੂੰ**
**ਆਖਿਰ ਮੁੜਨਾ ਮੁੜਨਾ ਪੈਣਾ ਏ**

ਇਸ ਨੂੰ ਜਗਦੀਸ਼ ਮਹਿਰਾਜ ਨੇ ਗਾਇਆ ਸੀ।

ਇਕ ਵਾਰ ਮੈਂ ਉਸ ਨੂੰ ਇਹ ਗੀਤ ਦੂਰਦਰਸ਼ਨ ਲਈ ਰਿਕਾਰਡ ਕਰਨ ਲਈ ਕਿਹਾ ਤਾਂ ਉਹ ਇਹ ਕਹਿ ਕੇ ਟਾਲ-ਮਟੋਲ ਕਰ ਗਿਆ ਕਿ ਇਹ ਇਨਕਲਾਬੀ ਗੀਤ ਹੈ, ਤੁਹਾਡੇ 'ਤੇ ਕੋਈ ਸਮੱਸਿਆ ਹੋਵੇਗੀ,।

ਇਹ ਪੰਜਾਬੀ ਸਾਹਿਤ ਦੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਅਜਿਹੇ ਲੋਕਾਂ ਨੂੰ ਕਦੇ ਵੀ ਉਹ ਸਨਮਾਨ ਨਹੀਂ ਦਿੱਤਾ, ਜਿਸ ਦੇ ਉਹ ਹੱਕਦਾਰ ਸਨ ਤੇ ਬਾਰੂ ਸੱਤਵਰਗ ਅਜਿਹੇ ਲੇਖਕਾਂ ਵਿੱਚੋਂ ਇੱਕ ਅਹਿਮ ਲੇਖਕ ਸਨ।

ਸਤਵਰਗ ਪੰਜਾਬੀ ਸਾਹਿਤ ਦਾ ਇੱਕ ਅਜਿਹਾ ਸਿਤਾਰਾ ਸੀ ਜੋ ਹੁਣ ਦੁਨੀਆਂ ਤੋਂ ਚਲਾ ਗਿਆ ਹੈ,ਪਰ ਦੁੱਖ ਦੀ ਗੱਲ ਹੈ ਕਿ ਅਸੀਂ ਉਸ ਨੂੰ ਉਹ ਸਨਮਾਨ ਨਹੀਂ ਦੇ ਸਕੇ ਜਿਸਦਾ ਉਹ ਹੱਕਦਾਰ ਸੀ। ਬਾਰੂ ਸਤਵਰਗ ਤਾਂ ਚਲੇ ਗਏ ਪਰ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਤੁਹਾਡੇ ਸ਼ਬਦ ਜੁਝਾਰੂ ਜਜ਼ਬੇ ਦੀ ਭਾਵਨਾ ਨਾਲ ਹਮੇਸ਼ਾ ਜ਼ਿੰਦਾ ਰਹਿਣਗੇ।

**ਅਲਵਿਦਾ ਬਾਰੁ ਸਤਵਰਗ।**

**ਲੇਖਕ ਹਿੰਦੀ-ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਦੂਰਦਰਸ਼ਨ ਦੇ ਡਿਪਟੀ ਡਾਇਰੈਕਟਰ ਜਨਰਲ ਰਹਿ ਚੁੱਕੇ ਹਨ।**

## ਕਵਿਤਾ

ਇਹ ਪੰਧ ਲੰਮੇਰਾ ਮੰਜ਼ਲ ਦਾ, ਕੰਢਿਆਂ 'ਤੇ ਤੁਰਨਾ ਪੈਂਦਾ ਏ।
ਪੂੰਜੀ ਦੇ ਰੌਲੇ-ਰੱਪੇ 'ਚ ਕੋਈ ਆਪਣੀ ਹੋਂਦ ਪਛਾਣ ਲਵੇ।
ਰਹਿਮਾਂ 'ਤੇ ਰਹਿੰਦਾ ਕੋਈ, ਜ਼ਿੰਦਗੀ ਦੇ ਮਾਹਣੇ ਜਾਣ ਲਵੇ।
ਸੋਚਾਂ ਦੇ ਕਾਹਲੇ ਕਦਮਾਂ ਨੂੰ ਅਮਲਾਂ ਨਾਲ ਜੁੜਨਾ ਪੈਂਦਾ ਏ।
ਇਹ ਪੰਥ ਲੰਮੇਰਾ ਮੰਜ਼ਲ ਦਾ....

ਕਿਤੇ ਟੋਏ ਨੇ, ਕਿਤੇ ਟਿੱਬੇ ਨੇ।
ਕਿਤੇ ਕਲੀਆਂ ਨੇ, ਕਤੇ ਖਾਰਾਂ ਨੇ।
ਕਿਤੇ ਤੁਰਨਾ ਏ, ਕਿਤੇ ਰਿੜ੍ਹਨੇ ਏ।
ਛਿੱਟਿਆਂ ਨੂੰ ਦਾਣੇ ਦੇਣ ਲਈ, ਬੀਜ ਬਣਕੇ ਗਲ੍ਹਣਾ ਪੈਂਦਾ ਏ।
ਇਹ ਪੰਧ ਲੰਮੇਰਾ ਮੰਜ਼ਲ ਦਾ...

ਕਿਤੇ ਹੱਥਕੜੀਆਂ ਕਿਤੇ ਜੇਲ੍ਹਾਂ ਨੇ, ਕਿਤੇ ਦੰਧਾਹੂਰ ਕਿਤੇ ਰਾਏਪੁਰ ਏ।
ਕਿਤੇ ਗੋਲੀ ਏ, ਕਿਤੇ ਫਾਂਸੀ ਏ। ਕਿਤੇ ਗੁਰੂਸਰ ਕਿਤੇ ਰਾਏਸਰ ਏ।
ਯਾਰਾਂ ਦੇ ਵਿਹੜੇ ਪਹੁੰਚਣ ਲਈ, ਸਤਲੁਜ ਵਿਚ ਰੁੜਨਾ ਪੈਂਦਾ ਏ।
ਹੰਸਾਂ ਨਾਲ ਉਡਦੇ ਕਾਂਗਾਂ ਨੂੰ, ਰਾਹਾਂ 'ਚ ਮੁੜਨਾ ਪੈਂਦਾ ਏ।
ਇਹ ਪੰਧ ਲੰਮੇਰਾ...

ਇਸ ਰਾਹ ਵਧੇਰੇ ਤੁਰਦੇ ਨੇ, ਕੋਈ ਤੁਰ ਜਾਂਦਾ ਕੋਈ ਮੁੜ ਆਉਂਦਾ।
ਕਈ ਤਾਰੇ ਬਣਕੇ ਚਮਕਣ ਪਏ, ਕਈ ਬਰਫ਼ ਦੇ ਵਾਂਗੂੰ ਖੁਰ ਜਾਂਦੇ।
ਸਿਦਕੀ-ਸਿਰੜੀ ਤਰਦੇ ਹੋਏ, ਰਸਤਾ ਪਾਰ ਕਰ ਜਾਂਦੇ।
ਹੌਸਲਾ ਹਾਰਨ ਵਾਲਿਆਂ ਨੂੰ, ਅੱਧ ਵਿਚਕਾਰੋ ਮੁੜਨਾ ਪੈਂਦਾ ਏ।
ਛਿੱਟਿਆਂ ਨੂੰ ਦਾਣੇ ਦੇਣ ਲਈ, ਬੀਜ ਬਣ ਗਲਣਾ ਪੈਂਦਾ ਏ।
ਇਹ ਪੰਧ ਲੰਮੇਰਾ ਮੰਜ਼ਲ ਦਾ, ਕੰਢਿਆਂ 'ਤੇ ਤੁਰਨਾ ਪੈਂਦਾ ਏ।

-ਬਾਰੂ ਸਤਵਰਗ

# ਪਿੱਤਰ ਸਤਾ ਦੀਆਂ ਜੜ੍ਹਾਂ ਅਤੇ ਉਸ ਰਾਹੀਂ ਉਤਪੰਨ ਹੁੰਦੇ ਸੰਕਟ

ਜਸਪ੍ਰੀਤ ਕੌਰ



ਸੱਤਾ ਵਿੱਚ ਦੂਜਿਆਂ ਦੇ ਕਾਰਜ ਕੰਟਰੋਲ ਕਰਨ ਦੀ ਕਾਬਲੀਅਤ, ਦੂਜਿਆਂ ਤੋਂ ਹੁਕਮ ਮਨਾਉਣਾ, ਤੰਗ ਤੇ ਕਾਬੂ ਕਰਨਾ, ਦੂਜਿਆਂ ਦੀ ਆਜ਼ਾਦੀ ਵਿੱਚ ਦਖ਼ਲਅੰਦਾਜ਼ੀ ਕਰਨਾ, ਉਨ੍ਹਾਂ ਨੂੰ ਕਿਸੇ ਖ਼ਾਸ ਤਰੀਕੇ ਕੰਮ ਕਰਨ ਲਈ ਮਜਬੂਰ ਕਰਨਾ, ਦੂਜਿਆਂ ਦੇ ਸਾਧਨਾਂ ਨੂੰ ਕਾਬੂ ਕਰਨਾ ਸ਼ਾਮਿਲ ਹੈ। ਕਾਰਲ ਮਾਰਕਸ ਸੱਤਾ ਨੂੰ ਸਮਾਜਿਕ ਵਰਗਾਂ ਨਾਲ ਸਬੰਧਿਤ ਸਮਝਦਾ ਸੀ। ਸੱਤਾ ਉਤਪਾਦਨ ਦੇ ਸਬੰਧਾਂ ਵਿੱਚ ਕਿਸੇ ਦੀ ਸਮਾਜਿਕ ਵਰਗ ਸਥਿਤੀ 'ਤੇ ਨਿਰਭਰ ਕਰਦੀ ਹੈ। ਸਰਮਾਏਦਾਰੀ ਵਰਗ ਵਿੱਚ ਉਤਪਾਦਨ ਦੇ ਸਾਧਨਾਂ 'ਤੇ ਕਾਬਜ਼ ਵਿਅਕਤੀ ਹੀ ਸੱਤਾਧਾਰੀ ਹੁੰਦੇ ਹਨ। ਸੱਤਾ ਚਲਾਉਣ ਲਈ ਇੱਕ ਅਦਾਰੇ ਜਾਂ ਏਜੰਸੀ ਦੀ ਜ਼ਰੂਰਤ ਹੁੰਦੀ ਹੈ।

ਮੁੱਢਲੇ ਸਮਾਜ ਵਿੱਚ ਮਨੁੱਖ ਆਪਣੇ ਆਪ ਨੂੰ ਜਾਨਵਰਾਂ ਨਾਲੋਂ ਵੱਖ ਕਰ ਰਿਹਾ ਸੀ ਤਾਂ ਜੰਗਲਾਂ ਵਿੱਚ ਰਹਿੰਦਾ ਸੀ। ਸ਼ਿਕਾਰ ਕਰਕੇ, ਕੰਦ-ਮੂਲ ਖਾ ਕੇ ਗੁਜ਼ਾਰਾ ਕਰਦਾ ਸੀ। ਉਦੋਂ ਔਰਤ ਤੇ ਮਰਦ ਬਰਾਬਰੀ ਵਾਲੀ ਜ਼ਿੰਦਗੀ ਜਿਉਂਦੇ ਸਨ। ਵਿਆਹ ਕਿਸੇ ਵੀ ਰੂਪ ਵਿੱਚ ਬੰਧਨ ਦੀ ਚਾਬੀ ਨਹੀਂ ਸੀ। ਔਰਤ ਆਪਣੇ ਕਬੀਲੇ ਨਾਲ ਜੁੜੀ ਹੋਈ ਸੀ, ਮਰਦ ਦੀ ਦਾਸੀ ਨਹੀਂ ਸੀ। ਕਬੀਲੇ ਵਿੱਚ ਉਸ ਨੂੰ ਮੁੱਢਲੇ ਸਥਾਨ ਪ੍ਰਾਪਤ ਸਨ। ਕਬੀਲੇ ਦਾ ਨਾਂ ਮਾਂ ਦੇ ਨਾਮ ਨਾਲ ਚੱਲਦਾ ਸੀ। ਸਮੂਹਿਕ ਜਾਇਦਾਦ ਦੀ ਸਵਾਮੀ ਵੀ ਔਰਤ ਹੁੰਦੀ ਸੀ। ਔਰਤ ਦੀ ਤੁਲਨਾ ਧਰਤੀ ਨਾਲ ਕੀਤੀ ਗਈ। ਕਬੀਲੇ ਵਿੱਚ ਰਹਿਣ ਕਾਰਨ ਔਰਤਾਂ ਦੀ ਭੂਮਿਕਾ ਵਿਸ਼ਾਲ ਹੁੰਦੀ ਗਈ। ਇਸ ਲਈ ਮਰਦ ਨੇ ਔਰਤ ਨੂੰ ਦੇਵੀ ਦੇ ਰੂਪ ਵਿੱਚ ਪੂਜਿਆ। ਇਸ ਲਈ ਇਸ ਯੁੱਗ ਨੂੰ ਮਾਂ ਸ਼ਾਸਤ ਸਮਾਜ, ਮਾਂ ਪ੍ਰਧਾਨ ਜਾਂ ਮਾਤਰੀ ਪ੍ਰਧਾਨ ਸਮਾਜ ਕਹਿ ਸਕਦੇ ਹਾਂ। ਮੁੱਢਲੇ ਕਾਲ ਵਿੱਚ ਕਬੀਲਿਆਂ ਅੰਦਰ ਖੁੱਲ੍ਹੇ ਜਿਨਸੀ ਸਬੰਧ ਪ੍ਰਚੱਲਤ ਸਨ, ਪਰ ਸਮੇਂ ਦੇ ਨਾਲ ਇਨ੍ਹਾਂ ਸਬੰਧਾਂ 'ਤੇ ਬੰਦਿਸ਼ਾਂ ਲੱਗ ਲੱਗੀਆਂ। ਹੌਲੀ-ਹੌਲੀ ਮੁੱਢਲੇ ਕਿਸਮ ਦੇ ਜੋੜਾ ਟੱਬਰ ਹੋਂਦ ਵਿੱਚ ਆਏ। ਇਸੇ ਆਧਾਰ 'ਤੇ ਵਿਅਕਤੀਗਤ ਨਿੱਜੀ ਸੰਪੱਤੀ, ਸੰਤਾਨ ਅਤੇ ਉਤਰਾਧਿਕਾਰ ਦੀ ਸਥਾਪਨਾ ਹੋਈ। ਨਿੱਜੀ ਜਾਇਦਾਦ ਦੀ ਸੰਸਥਾ ਨੇ ਔਰਤ ਨੂੰ ਮਰਦ ਦੀ ਦਾਸੀ ਬਣਾ ਦਿੱਤਾ ਅਤੇ ਮਾਤਰੀ ਪ੍ਰਧਾਨ ਸਮਾਜ ਦਾ ਅੰਤ ਹੋ ਕੇ ਪਿੱਤਰ ਸੱਤਾ ਸਥਾਪਿਤ ਹੋ ਗਈ।

ਪਿੱਤਰ ਸੱਤਾ ਦਾ ਅਰਥ ਹੈ ਮਰਦ ਪ੍ਰਧਾਨਤਾ। ਪਿੱਤਰ ਸੱਤਾ ਅਜਿਹੀ ਸਮਾਜਿਕ ਵਿਵਸਥਾ ਹੈ ਜਿਸ ਵਿੱਚ ਮਰਦਾਂ ਨੂੰ ਉੱਤਮ ਮੰਨਿਆ ਜਾਂਦਾ ਹੈ। ਇਸ ਸੱਤਾ ਵਿੱਚ ਮਰਦਾਂ ਕੋਲ ਤਿੰਨ ਚੀਜ਼ਾਂ ਦਾ ਕੰਟਰੋਲ ਹੈ। ਪਹਿਲਾ ਆਰਥਿਕ, ਸਮਾਜਿਕ, ਰਾਜਨੀਤਿਕ ਹਰ ਤਰ੍ਹਾਂ ਦੇ ਸਾਧਨਾਂ ਉੱਤੇ; ਦੂਜਾ ਫ਼ੈਸਲਾ ਲੈਣ ਦੀ ਸ਼ਕਤੀ; ਤੀਜਾ ਵਿਚਾਰਧਾਰਾ ਉੱਤੇ। ਔਰਤਾਂ ਕਦੋਂ ਉੱਠਣ, ਕਦੋਂ ਜਾਗਣ, ਕਿੱਥੇ ਜਾਣ, ਕਿੱਥੇ ਨਾ ਜਾਣ, ਉਹੀ ਦੱਸਦੇ ਹਨ। ਇੱਥੋਂ ਤੱਕ ਕਿ ਪ੍ਰਜਣਨ ਸ਼ਕਤੀ ਨੂੰ ਵੀ ਪਿੱਤਰ ਸੱਤਾ ਨੇ ਕੰਟਰੋਲ ਕੀਤਾ ਹੋਇਆ ਹੈ। ਪ੍ਰਜਣਨ ਸ਼ਕਤੀ ਕੁਦਰਤ ਦੀ ਦਾਤ ਹੈ, ਪਰ ਔਰਤਾਂ ਫ਼ੈਸਲਾ ਨਹੀਂ ਕਰ ਸਕਦੀਆਂ। ਸਾਰੀਆਂ ਸਮਾਜਿਕ ਸੰਸਥਾਵਾਂ ਉੱਤੇ ਵੀ ਮਰਦਾਂ ਦਾ ਹੱਕ ਹੈ। ਪਰਿਵਾਰ ਪਿੱਤਰ ਸੱਤਾ ਦਾ ਪ੍ਰਾਇਮਰੀ ਸਕੂਲ ਹੈ। ਇੱਥੇ ਦੇਖਣ-ਸੁਣਨ ਢੰਗਾਂ ਨਾਲ ਪਿੱਤਰ ਸੱਤਾ ਸਿਖਾਈ ਜਾਂਦੀ ਹੈ। ਦੇਖਣ-ਸੁਣਨ ਸਵੇਰ ਤੋਂ ਲੈ ਕੇ ਰਾਤ ਤੱਕ ਚਲਦਾ ਹੈ। ਜਾਂ ਤਾਂ ਦੇਖ ਕੇ ਸਿੱਖ ਲਉ, ਜੇ ਨਹੀਂ ਦੇਖਿਆ ਤਾਂ ਸੁਣ ਕੇ ਅਤੇ ਜੇ ਦੇਖ-ਸੁਣ ਕੇ ਵੀ ਨਹੀਂ ਸਿੱਖਿਆ ਤਾਂ ਤੁਹਾਨੂੰ ਦੰਡ ਦਿੱਤਾ ਜਾਵੇਗਾ। ਜਿਸ ਨਾਲ ਕੁੜੀ ਦਾ ਵਿਆਹ ਹੁੰਦਾ ਹੈ, ਉਸ ਲਈ ਪਤੀ ਸ਼ਬਦ ਵਰਤਿਆ ਜਾਂਦਾ ਹੈ ਤੇ ਪਤੀ ਦਾ ਅਰਥ ਪਾਲਣਹਾਰਾ ਜਾਂ ਮਾਲਕ। ਵਿਆਹ ਦੇ ਰਿਸ਼ਤੇ ਵਿੱਚ ਜੇ ਇੱਕ ਮਾਲਕ ਹੈ ਤਾਂ ਜ਼ਾਹਰ ਹੈ ਦੂਜਾ ਗ਼ੁਲਾਮ ਹੀ ਹੈ। ਫਿਰ ਉਹ ਰਿਸ਼ਤਾ ਕਿਹੋ ਜਿਹਾ ਹੋਵੇਗਾ ਜਿਸ ਵਿੱਚ ਇੱਕ ਮਾਲਕ ਤੇ ਦੂਜਾ ਗ਼ੁਲਾਮ ਹੋਵੇ? ਬਦਕਿਸਮਤੀ ਨਾਲ ਪਿੱਤਰ ਸੱਤਾ ਨੂੰ ਸਿਰਫ਼ ਮਰਦ ਹੀ ਨਹੀਂ ਮੰਨਦੇ ਸਗੋਂ ਔਰਤਾਂ ਵੀ ਇਸ ਨੂੰ ਪੂਰੀ ਤਰ੍ਹਾਂ ਮੰਨਦੀਆਂ ਹਨ। ਪਿੱਤਰ ਸੱਤਾ ਇੱਕ ਅਜਿਹੀ ਮਾਨਸਿਕ ਗ਼ੁਲਾਮੀ ਹੈ ਜਿਸ ਦਾ ਅਹਿਸਾਸ ਸੌਖਾ ਨਹੀਂ ਹੁੰਦਾ। ਇਹ ਪਿਆਰ, ਧਿਆਨ, ਰਾਖੀ ਅਤੇ ਮੋਹ ਵਰਗੇ ਮਿੱਠੇ ਜਜ਼ਬੇ ਰਾਹੀਂ ਬੇੜੀਆਂ ਪਾ ਕੇ ਰੱਖਦੀ ਹੈ। ਸਮਾਜ ਦੀਆਂ ਬਹੁਗਿਣਤੀ ਔਰਤਾਂ ਦੇ ਹਾਲਾਤ ਬਾਰੇ ਸੋਚਦਿਆਂ ਘਰੇਲੂ ਹਿੰਸਾ ਦਾ ਉਹ ਵਰਤਾਰਾ ਸਾਹਮਣੇ ਆਉਂਦਾ ਹੈ ਜਿਹੜਾ ਉਨ੍ਹਾਂ ਨੂੰ ਮਨੁੱਖ ਹੋਣ ਦਾ ਅਹਿਸਾਸ ਨਹੀਂ ਹੋਣ ਦਿੰਦਾ। ਸਮਾਜ ਦੀ ਇਹ ਬਹੁਗਿਣਤੀ ਘਰੇਲੂ ਹਿੰਸਾ ਦੀ ਆਦੀ ਹੋ ਜਾਂਦੀ ਹੈ। ਪਿੱਤਰ ਸੱਤਾ ਅਜਿਹਾ ਵਿਚਾਰ ਹੈ ਜਿਹੜਾ ਪਿਆਰ, ਸੁਰੱਖਿਆ ਅਤੇ ਦੇਖਭਾਲ ਦੇ ਨਾਂ ਹੇਠ ਇੱਕ ਵਰਗ ਨੂੰ ਨੀਵੇਂ, ਕਮਜ਼ੋਰ ਹੋਣ ਦਾ ਅਹਿਸਾਸ ਕਰਵਾ ਕੇ ਉਸ ਦੀ ਆਜ਼ਾਦੀ, ਸਵੈ-ਨਿਰਭਰਤਾ ਖੋਹ ਲੈਂਦਾ ਹੈ। ਦੂਜੇ ਪਾਸੇ ਮਰਦਾਂ ਦਾ ਉਹ ਹਿੱਸਾ ਹੈ ਜੋ ਇਸ ਦਾਬੇ ਦਾ ਵਿਰੋਧ ਕਰਦਾ ਹੈ। ਇਹ ਹਿੱਸਾ ਸਮਾਜ ਦਾ ਚੇਤੰਨਸ਼ੀਲ ਤਬਕਾ ਹੈ ਜਿਹੜਾ ਔਰਤ ਦੇ ਬਰਾਬਰ ਦੇ ਰੁਤਬੇ ਤੇ ਸਨਮਾਨ ਲਈ ਵਚਨਬੱਧ ਹੈ।

ਅੱਜ ਔਰਤ ਚੰਨ 'ਤੇ ਤਾਂ ਪਹੁੰਚ ਸਕਦੀ ਹੈ, ਪਰ ਸਮਾਜਿਕ ਰਸਮਾਂ-ਰਿਵਾਜਾਂ ਵਿੱਚ ਮਰਦ ਨੂੰ ਹੀ ਮੁੱਖ ਰੱਖਿਆ ਗਿਆ ਹੈ, ਭਾਵੇਂ ਖ਼ੁਸ਼ੀ ਹੋਵੇ ਜਾਂ ਗਮੀ (ਭਾਵੇਂ ਅੱਜਕੱਲ੍ਹ ਕੁਝ ਅਪਵਾਦ ਦੇਖਣ ਨੂੰ ਮਿਲਦੇ ਹਨ)। ਅੱਜ ਰਿਸ਼ਤੇ ਵੀ ਆਰਥਿਕ ਪੱਧਰ 'ਤੇ ਤੈਅ ਕੀਤੇ ਜਾਂਦੇ ਹਨ। ਕੁੜੀ ਭਾਵੇਂ ਸਰਕਾਰੀ ਨੌਕਰੀ ਕਰਦੀ ਹੋਵੇ, ਪਰ ਉਸ ਲਈ ਘਰੇਲੂ ਕੰਮ ਜ਼ਰੂਰੀ ਹੈ ਤੇ ਨੌਕਰੀ ਦੂਜੇ ਦਰਜੇ 'ਤੇ। ਇਸੇ ਤਰ੍ਹਾਂ ਮੁੰਡੇ ਦਾ ਵਧੀਆ ਘਰ, ਕਾਰੋਬਾਰ ਪਹਿਲੇ ਅਤੇ ਉਸ ਦੇ ਗੁਣ ਦੂਜੇ ਦਰਜੇ 'ਤੇ ਮਾਪੇ ਜਾਂਦੇ ਹਨ। ਜਾਇਦਾਦ ਕਾਰਨ ਹੀ ਔਰਤ ਨੂੰ ਇਨਸਾਨ ਸਮਝਣ ਦੀ ਬਜਾਏ ਭੋਗ-ਵਿਲਾਸ ਦੀ ਵਸਤੂ ਸਮਝਿਆ ਜਾਂਦਾ ਹੈ। ਵਸਤੂ ਸਮਝਣ ਕਾਰਨ ਹੀ ਔਰਤ ਨੂੰ ਵਸਤੂ ਵਾਂਗ ਚਮਕਣਾ ਪੈਂਦਾ ਹੈ। ਕਿਸੇ ਵੀ ਸਮਾਗਮ ਜਾਂ ਵਿਆਹ ਆਦਿ ਦੀ ਤਾਂ ਗੱਲ ਛੱਡੋ, ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਵੀ ਅਲਮਾਰੀ ਅੱਗੇ ਘੰਟਿਆਂਬੱਧੀ ਖੜ੍ਹ ਕੇ ਕੱਪੜਿਆਂ ਦੀ ਚੋਣ ਕਰਨੀ ਪੈਂਦੀ ਹੈ। ਸਦੀਆਂ ਤੋਂ ਚੱਲੀ ਆ ਰਹੀ ਇਸ ਪਿੱਤਰ ਸੱਤਾ ਦੀ ਆਦੀ ਔਰਤ ਵੀ ਇਸ ਨੂੰ ਤੋੜਨਾ ਨਹੀਂ ਚਾਹੁੰਦੀ ਸਗੋਂ ਬਰਕਰਾਰ ਰੱਖਣਾ ਚਾਹੁੰਦੀ ਹੈ। ਇਸ ਵਿੱਚ ਹੀ ਉਸ ਨੂੰ ਆਪਣੀ ਜ਼ਿੰਦਗੀ ਸੰਤੁਸ਼ਟ ਲੱਗਦੀ ਹੈ। ਵਸਤੂ ਸਮਝਣ ਕਾਰਨ ਹੀ ਗਾਲ੍ਹਾਂ ਵਿੱਚ ਔਰਤ ਦਾ ਰਿਸ਼ਤਾ ਵਰਤਿਆ ਜਾਂਦਾ ਹੈ ਕਿਉਂਕਿ ਗਾਲ੍ਹ ਔਰਤ ਨੂੰ ਨਹੀਂ, ਮਰਦ ਦੀ ਜਾਇਦਾਦ ਔਰਤ ਨੂੰ ਕੱਢੀ ਜਾਂਦੀ ਹੈ। ਮਰਦ ਦੀ ਜਾਇਦਾਦ ਨੂੰ ਗ਼ਲਤ ਬੋਲਣ ਨਾਲ ਹੀ ਮਰਦ ਨੂੰ ਠੇਸ ਪਹੁੰਚੇਗੀ। ਵਸਤੂ ਸਮਝਣ ਕਾਰਨ ਹੀ ਔਰਤ ਕਿਤੇ ਸੁਰੱਖਿਅਤ ਨਹੀਂ। ਇਸੇ ਅਸੁਰੱਖਿਅਤਾ ਵਿੱਚੋਂ ਭਰੂਣ ਹੱਤਿਆ ਵਰਗੀਆਂ ਅਲਾਮਤਾਂ ਜਨਮ ਲੈਂਦੀਆਂ ਹਨ। ਦਾਜ ਦੀ ਬਲੀ, ਛੇੜਛਾੜ, ਬਲਾਤਕਾਰ, ਤੇਜ਼ਾਬ ਸੁੱਟਣਾ, ਕਤਲ ਕਰਨਾ, ਪੀੜਤ ਔਰਤ ਨੂੰ ਇਨਸਾਫ਼ ਦੇਣ ਦੀ ਬਜਾਏ ਪੀੜਤਾ ਦੇ ਖ਼ਿਲਾਫ਼ ਅਤੇ ਦੋਸ਼ੀਆਂ ਦੇ ਹੱਕ ਵਿੱਚ ਭੁਗਤਣਾ ਆਮ ਵਰਤਾਰਾ ਹੈ।

ਅੱਜ ਪਿੱਤਰ ਸੱਤਾ ਇਸ ਕਦਰ ਜੜ੍ਹਾਂ ਜਮਾਈ ਬੈਠੀ ਹੈ ਕਿ ਮਰਦਾਂ 'ਤੇ ਭਾਰੂ ਹੋਈ ਪਿੱਤਰ ਸੱਤਾ ਨੇ ਔਰਤਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਜਿੱਥੇ ਔਰਤਾਂ ਲਈ ਭੈੜੇ ਮਾਪਦੰਡ ਤੈਅ ਕੀਤੇ ਹਨ, ਉੱਥੇ ਮਰਦਾਂ ਲਈ ਵੀ ਭੈੜੇ ਮਾਪਦੰਡ ਤੈਅ ਕੀਤੇ ਹਨ। ਜੇ ਔਰਤ ਦੇ ਕੋਈ ਵੀ ਫ਼ੈਸਲੇ ਤੇ ਚੋਣ ਕਰਨ, ਉੱਚੀ ਹੱਸਣ, ਬਾਹਰ ਨਿਕਲਣ, ਹਾਲਾਤ ਤੋਂ ਡਰਨ ਦੀ ਬਜਾਏ ਨਿਡਰਤਾ ਨਾਲ ਨਜਿੱਠਣ 'ਤੇ ਪਾਬੰਦੀ ਹੈ ਤਾਂ ਕੋਈ ਮਰਦ ਵੀ ਆਪਣੀ ਇੱਛਾ ਅਨੁਸਾਰ ਰੋ ਨਹੀਂ ਸਕਦਾ। ਜੇ ਮਰਦ ਰਾਤ ਨੂੰ ਬਾਹਰ ਨਿਕਲਣ ਤੋਂ ਡਰਦਾ ਹੈ, ਅਣਸੁਖਾਵੇਂ ਮਾਹੌਲ ਵਿੱਚ ਜਾਣ ਤੋਂ ਡਰਦਾ ਹੈ ਤਾਂ ਉਹ ਇਸ ਸਮਾਜ ਅੱਗੇ ਕਹਿ ਨਹੀਂ ਸਕਦਾ ਕਿਉਂਕਿ ਇਹ ਕਹਿਣ 'ਤੇ ਸਮਾਜ ਉਸ ਨੂੰ ਇਨਸਾਨ ਦਾ ਖ਼ਿਤਾਬ ਨਾ ਦੇ ਕੇ ਕੁਨਾਵਾਂ ਨਾਲ ਪੁਕਾਰੇਗਾ। ਜੇ ਕੋਈ ਮਰਦ ਜਾਂ ਔਰਤ ਇਸ ਲਿੰਗਕ ਪਾੜੇ ਖ਼ਿਲਾਫ਼ ਲੜ ਕੇ ਆਤਮ-ਨਿਰਭਰ ਬਣਨ ਦੀ ਕੋਸ਼ਿਸ਼ ਕਰਦੇ ਹਨ ਤਾਂ ਸਮਾਜ ਔਰਤ ਨੂੰ 'ਬੰਦਾ' ਅਤੇ ਮਰਦ ਨੂੰ 'ਤੀਵੀਂ' ਆਖਦਾ ਹੈ। ਅੱਜ ਔਰਤ ਤੇ ਮਰਦ ਵਿਚਕਾਰ ਚੰਗੇ ਰਿਸ਼ਤੇ ਵਿਕਸਤ ਨਹੀਂ ਹੋ ਰਹੇ, ਇੱਕ ਦੂਸਰੇ ਨੂੰ ਵਰਤ ਰਹੇ ਹਨ। ਪਿਛਲੇ ਸਮੇਂ ਤੋਂ ਜਿਸ ਤਰ੍ਹਾਂ ਵਿਦੇਸ਼ਾਂ ਵਿੱਚ ਜਾਣ ਦੀ ਹੋੜ ਲੱਗੀ ਹੈ, ਕੁੜੀ ਦੁਆਰਾ ਪੜ੍ਹ ਲਿਖ ਕੇ ਬੈਂਡ ਪ੍ਰਾਪਤ ਕਰਨਾ ਤੇ ਮੁੰਡੇ ਦੇ ਪਰਿਵਾਰ ਵੱਲੋਂ ਖਰਚ ਕਰਨਾ, ਇਹ ਰਿਸ਼ਤਾ ਨਹੀਂ ਮਹਿਜ਼ ਸੌਦੇਬਾਜ਼ੀ ਹੈ।

ਇਸ ਤਰ੍ਹਾਂ ਪਿੱਤਰ ਸੱਤਾ ਵਿੱਚੋਂ ਹੀ ਨਾਰੀਵਾਦ ਜਨਮ ਲੈਂਦਾ ਹੈ। ਔਰਤਾਂ ਦੀ ਦੁਨੀਆਂ ਦੇ ਵੀ ਇਸੇ ਤਰ੍ਹਾਂ ਦੋ ਵਰਗ ਹਨ ਜਿਵੇਂ ਇੱਕ ਲੁੱਟੇ ਜਾ ਰਹੇ ਤੇ ਦੂਸਰੀ ਔਰਤਾਂ ਦੇ ਇੱਕ ਵਰਗ ਨੂੰ ਕੁਝ ਸੱਤਾ, ਕੁਝ ਸਹੂਲਤਾਂ ਮਿਲਣੀਆਂ। ਇੱਕ ਵਰਗ ਨੂੰ ਮਿਲ ਰਹੀਆਂ ਸਹੂਲਤਾਂ ਉਨ੍ਹਾਂ ਨੂੰ ਪੂੰਜੀਪਤੀ ਜਮਾਤ ਦੇ ਨੇੜੇ ਲੈ ਜਾਂਦੀਆਂ ਹਨ। ਕੁਝ ਨਾਰੀਵਾਦੀਆਂ ਲਈ ਪੂੰਜੀਵਾਦੀ ਢਾਂਚੇ ਅੰਦਰ ਹੀ ਮਰਦ ਦੇ ਬਰਾਬਰ ਅਧਿਕਾਰ ਪ੍ਰਾਪਤ ਕਰਨ ਦਾ ਆਦੇਸ਼ ਹੁੰਦਾ ਹੈ। ਨਾਰੀਵਾਦੀ ਮਰਦਾਂ ਨੂੰ ਆਪਣਾ ਮੁੱਖ ਦੁਸ਼ਮਣ ਸਮਝਦੇ ਹਨ। ਉਨ੍ਹਾਂ ਮੁਤਾਬਿਕ ਮਰਦਾਂ ਨੇ ਸਾਰੇ ਅਧਿਕਾਰਾਂ ਅਤੇ ਸਹੂਲਤਾਂ 'ਤੇ ਆਪਣਾ ਕਬਜ਼ਾ ਕਰ ਲਿਆ, ਔਰਤਾਂ ਨੂੰ ਜ਼ੰਜੀਰਾਂ ਨਾਲ ਬੰਨ੍ਹ ਦਿੱਤਾ। ਨਾਰੀਵਾਦੀਆਂ ਨੂੰ ਜਿੱਤ ਉਦੋਂ ਮਿਲ ਜਾਂਦੀ ਹੈ ਜਦੋਂ ਮਰਦਾਂ ਵਾਂਗ ਸਾਰੇ ਅਧਿਕਾਰ ਔਰਤਾਂ ਨੂੰ ਵੀ ਮਿਲ ਜਾਣ। ਸ਼ੁਰੂ ਤੋਂ ਹੀ ਔਰਤਾਂ ਨੂੰ ਮਰਦਾਂ ਦੇ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਛੋਟੇ ਤੇ ਆਰਾਮਦਾਇਕ ਕੰਮ ਨਾਲ ਜੁੜੇ ਮਰਦ ਤੇ ਔਰਤਾਂ ਵਿਚ ਇੱਕ ਲੜਾਈ ਛਿੜ ਗਈ। ਇਸ ਲੜਾਈ ਨੇ ਨਾਰੀਵਾਦ ਨੂੰ ਜਨਮ ਦਿੱਤਾ। ਪੂੰਜੀਵਾਦੀ ਔਰਤਾਂ ਨੇ 'ਦੁਸ਼ਮਣ' ਯਾਨੀ ਮਰਦਾਂ ਖ਼ ?ਲਾਫ ਆਪਣੀ ਸਮੂਹਿਕ ਤਾਕਤ ਲਗਾਉਣ ਦੀ ਕੋਸ਼ਿਸ਼ ਕੀਤੀ। ਨਾਰੀਵਾਦ ਵੀ ਪਿੱਤਰ ਸੱਤਾ ਦੀ ਤਰ੍ਹਾਂ ਹੀ ਇੱਕ ਵਿਚਾਰ ਹੈ। ਇਸ ਵਿੱਚ ਮਰਦ ਮੈਂਬਰ ਵੀ ਸ਼ਾਮਲ ਹੁੰਦੇ ਹਨ। ਹੁਣ ਸਵਾਲ ਇਹ ਹੈ ਕਿ ਸਭ ਕੁਝ ਜਾਣਦਿਆਂ ਵੀ ਪਿੱਤਰ ਸੱਤਾ ਮੌਜੂਦ ਕਿਉਂ ਹੈ? ਇਸ ਲਈ ਇਤਿਹਾਸ 'ਤੇ ਪੰਛੀ ਝਾਤ ਮਾਰਨੀ ਪਵੇਗੀ। ਰਾਜ ਤੇ ਪਿੱਤਰ ਸੱਤਾ ਦਾ ਡੂੰਘਾ ਸਬੰਧ ਹੈ ਕਿਉਂਕਿ ਰਾਜ ਚਲਦਾ ਰੱਖਣ ਲਈ ਵਰਗ ਵੰਡ ਜ਼ਰੂਰੀ ਹੈ ਜੋ ਕਿ ਪਿੱਤਰ ਸੱਤਾ ਔਰਤ ਤੇ ਮਰਦ ਵਿੱਚ ਕਰਦੀ ਹੈ। ਰਾਜ ਕਿਵੇਂ ਵਿਕਸਿਤ ਹੋਇਆ? ਰਾਜ ਸਥਾਪਤ ਕਰਨ ਦੀ ਪਹਿਲੀ ਕੋਸ਼ਿਸ਼ ਹਰੇਕ ਨੂੰ ਦੂਸਰੇ ਖ਼ਿਲਾਫ਼ ਖੜ੍ਹਾ ਕਰਨਾ। ਰਾਜ ਕੋਈ ਅਜਿਹੀ ਸ਼ਕਤੀ ਨਹੀਂ ਜੋ ਸਮਾਜ ਉੱਤੇ ਬਾਹਰੋਂ ਥੋਪੀ ਗਈ ਹੋਵੇ। ਅਜਿਹੇ ਵੀ ਸਮਾਜ ਹੋਏ ਜਦੋਂ ਰਾਜ ਹੋਂਦ ਵਿੱਚ ਨਹੀਂ ਸੀ ਜਿਨ੍ਹਾਂ ਕੋਲ ਰਾਜ ਸ਼ਕਤੀ ਦਾ ਕੋਈ ਸੰਕਲਪ ਨਹੀਂ ਸੀ। ਪਰ ਆਰਥਿਕ ਵਿਕਾਸ ਦੇ ਇੱਕ ਖ਼ਾਸ ਪੱਧਰ 'ਤੇ ਸਮਾਜ ਦੇ ਵਰਗਾਂ ਵਿੱਚ ਵੰਡੇ ਜਾਣ ਨਾਲ ਰਾਜ ਇਸ ਵੰਡ ਕਾਰਨ ਜ਼ਰੂਰਤ ਬਣ ਗਿਆ। ਬੇਇਨਸਾਫ਼ੀ ਉੱਪਰ ਆਧਾਰਿਤ ਹਰੇਕ ਢਾਂਚਾ ਹਿੰਸਾ ਨਾਲ ਚਲਦਾ ਹੈ। ਇਸ ਲਈ ਹਿੰਸਾ ਲਈ ਪਿੱਤਰ ਸੱਤਾ ਜ਼ਰੂਰੀ ਹੈ ਕਿਉਂਕਿ ਪਿੱਤਰ ਸੱਤਾ ਵੀ ਹਿੰਸਾ ਨਾਲ ਚਲਦੀ ਹੈ। ਪਿੱਤਰ ਸੱਤਾ ਦਾ ਜਾਤ ਨਾਲ ਬਹੁਤ ਨਜ਼ਦੀਕੀ ਦਾ ਰਿਸ਼ਤਾ ਹੈ। ਪਿੱਤਰ ਸੱਤਾ ਤੋਂ ਬਿਨਾਂ ਜਾਤ-ਪਾਤ ਵਿਵਸਥਾ ਚੱਲ ਨਹੀਂ ਸਕਦੀ। ਜਾਤ ਪ੍ਰਣਾਲੀ ਨੂੰ ਚਲਾਉਣ ਲਈ ਔਰਤ ਨੂੰ ਦਬਾਉਣਾ ਜ਼ਰੂਰੀ ਹੈ। ਅਸਲ ਵਿੱਚ ਔਰਤ ਤੇ ਮਰਦ ਜਨਮ ਤੋਂ ਇਸ ਤਰ੍ਹਾਂ ਪੈਦਾ ਨਹੀਂ ਹੁੰਦੇ। ਉਨ੍ਹਾਂ ਨੂੰ ਪਿੱਤਰ ਸੱਤਾ ਦੀ ਫੈਕਟਰੀ ਇਸ ਤਰ੍ਹਾਂ ਬਣਾ ਦਿੰਦੀ ਹੈ। ਪਿੱਤਰ ਸੱਤਾ ਦੇ ਹੱਕ ਵਿੱਚ ਔਰਤਾਂ ਵੀ ਹਨ ਅਤੇ ਨਾਰੀਵਾਦ ਦੇ ਹਮਾਇਤੀ ਮਰਦ ਵੀ।

ਔਰਤਾਂ ਦੀ ਸਥਿਤੀ ਸੁਧਾਰਨ ਲਈ ਪੈਦਾਵਾਰੀ ਸਾਧਨਾਂ ਵਿੱਚ ਬਰਾਬਰ ਦਾ ਹਿੱਸਾ ਮਿਲਣਾ ਜ਼ਰੂਰੀ ਹੈ। ਪਿੱਤਰ ਸੱਤਾ ਤੋਂ ਆਜ਼ਾਦੀ ਲਈ ਅੱਜ ਔਰਤਾਂ ਦੇ ਨਾਲ-ਨਾਲ ਮਰਦਾਂ ਦੇ ਅੰਦੋਲਨ ਦੀ ਵੀ ਲੋੜ ਹੈ। ਔਰਤਾਂ ਦੇ ਸਨਮਾਨ ਲਈ ਕੀਤੀ ਜਾਣ ਵਾਲੀ ਇਸ ਬਗ਼ਾਵਤ ਦਾ ਇਹ ਭਾਵ ਨਹੀਂ ਕਿ ਇਹ ਸਮਾਜ ਦੇ ਮਰਦਾਂ ਵਿਰੁੱਧ ਲੜਾਈ ਹੈ ਸਗੋਂ ਇਹ ਲੜਾਈ ਉਨ੍ਹਾਂ ਕਦਰਾਂ ਕੀਮਤਾਂ, ਨੈਤਿਕਤਾ ਦੇ ਪੈਮਾਨਿਆਂ ਦੇ ਵਿਰੁੱਧ ਹੈ ਜਿਹੜੇ ਪਿੱਤਰੀ ਦਾਬੇ ਨੂੰ ਜਨਮ ਦੇਣ ਤੇ ਸਮਾਜ ਵਿੱਚ ਪੱਕਾ ਕਰਨ ਦੇ ਜ਼ਿੰਮੇਵਾਰ ਹਨ।

*ਸ਼ਰਧਾਂਜਲੀ*

## ਜੀਵਨ ਸ.ਫਰ ਦੇ ਅੰਗ-ਸੰਗ

# ਮਾਸਟਰ ਤਰਲੋਚਨ ਸਮਰਾਲਾ ਨੂੰ ਸਲਾਮ

ਤਰਲੋਚਨ ਸਿੰਘ ਦਾ ਜਨਮ 9 ਅਪਰੈਲ 1958 ਨੂੰ, ਪਿਤਾ ਜੀ ਸਰਦਾਰਾ ਸਿੰਘ ਦੇ ਘਰੇ, ਮਾਤਾ ਜੀ ਨੌਰਾਤੀ ਦੇਵੀ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਮੱਲਮਾਜਰਾ (ਨੇੜੇ ਸਮਰਾਲਾ) ਹੈ। ਘਰ ਦੀ ਗਰੀਬੀ ਤੇ ਆਰਥਿਕ ਤੰਗੀਆਂ ਚੋਂ ਉਪਜਦੀਆਂ ਮੁਸ਼ਕਲਾਂ ਨਾਲ ਜੂਝਦੇ ਹੋਏ, ਆਪਨੇ ਬੀ.ਏ., ਗਿਆਨੀ ਤੇ ਜੇ.ਬੀ.ਟੀ. ਤੱਕ ਦੀ ਪੜ੍ਹਾਈ ਅੱਵਲ ਨੰਬਰਾਂ ਚ ਮੁਕੰਮਲ ਕੀਤੀ। ਜਲਦੀ ਹੀ ਸਰਕਾਰੀ ਸਿੱਖਿਆ ਵਿਭਾਗ 'ਚ ਕੱਚੇ ਪ੍ਰਾਇਮਰੀ ਅਧਿਆਪਕ ਭਰਤੀ ਹੋ ਗਏ। ਆਪਨੇ ਕੱਚੇ ਅਧਿਆਪਕਾਂ ਦੀ ਜੱਥੇਬੰਦੀ-ਬੇਰੁਜ਼ਗਾਰ ਅਧਿਆਪਕ ਯੂਨੀਅਨ 'ਚ ਪਹਿਲਾਂ ਵਰਕਰ, ਫਿਰ ਆਗੂ ਦੇ ਰੂਪ'ਚ ਕਾਰਜ ਕਰਦਿਆਂ ਸਾਰੇ ਛੋਟੇ/ਵੱਡੇ ਘੋਲਾਂ ਚ ਉਤਮ ਰੋਲ ਨਿਭਾਇਆ। ਇਨ੍ਹਾਂ ਸਫਲ ਘੋਲਾਂ ਦੇ ਸਿੱਟੇ ਵਜੋ ਜਨਵਰੀ 1979 'ਚ 35,000 (ਪੈਂਤੀ ਹਜ਼ਾਰ) ਕੱਚੇ ਅਧਿਆਪਕ ਪੱਕੇ ਹੋ ਗਏ।



ਪੱਕੇ ਹੋਣ ਤੋਂ ਬਾਅਦ ਤਰਲੋਚਨ ਸਿੰਘ ਨੇ 1979 ਤੋਂ 86 ਤੱਕ, ਗੌਰਮਿੰਟ ਟੀਚਰਜ਼ ਯੂਨੀਅਨ 'ਚ, 1986 ਤੋਂ 2018 ਤੱਕ, ਡੈਮੋਕਰੈਟਿਕ ਟੀਚਰਜ਼ ਫਰੰਟ 'ਚ ਕੰਮ ਕਰਦਿਆਂ, ਅਧਿਆਪਕ ਹੱਕਾਂ ਤੇ ਹਿਤਾਂ ਲਈ ਸੰਘਰਸ਼ ਜਾਰੀ ਰੱਖਿਆ। ਇਸਤੋਂ ਇਲਾਵਾ 1999 ਤੋਂ 2018 ਤੱਕ ਡੈਮੋਕਰੈਟਿਕ ਇੰਪਲਾਈਜ਼ ਫਰੰਟ (ਨਵਾਂ ਨਾ-ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ) 'ਚ ਰਹਿਕੇ ਮੁਲਾਜ਼ਮ ਹਿਤਾਂ ਦੀ ਰਾਖੀ ਲਈ ਉਸਾਰੂਰੋਲ ਨਿਭਾਇਆ।ਆਪ ਨੇ ਅਧਿਆਪਕ/ਮੁਲਾਜ਼ਮ ਹਿਤਾਂ ਤੋਂ ਅੱਗੇ, ਸਾਰੇ ਹੱਕੀ ਲੋਕ-ਘੋਲਾਂ 'ਚ ਬਣਦਾ ਯੋਗਦਾਨ ਪਾਉਣਾ ਜਾਰੀ ਰੱਖਿਆ।

ਤਰਲੋਚਨ ਸਿੰਘ ਦਾ ਵਿਆਹ ਬੀਬੀ ਹਰਜੀਤ ਕੌਰ (ਸਰਕਾਰੀ ਅਧਿਆਪਕਾ) ਨਾਲ ਹੋਇਆ। ਆਪ ਦੇ ਨੇਕ ਬੱਚੇ- ਦੋ ਧੀਆਂ ਤੇ ਇੱਕ ਸਪੁੱਤਰ ਹਨ। ਆਪ ਦੀਆਂ ਕੁਲ ਮਹਾਨ ਪ੍ਰਾਪਤੀਆਂ ਪਿਛੇ ਬੀਬੀ ਹਰਜੀਤ ਕੌਰ ਦਾ ਵੱਡਾ ਯੋਗਦਾਨ ਹੈ, ਜਿਨ੍ਹਾਂ ਨੇ ਪ੍ਰਵਾਰਕ ਜੁਮੇਵਾਰੀਆਂ ਦਾ ਹਮੇਸ਼ਾਂ ਵੱਡਾ ਜੁੰਮਾ ਖਿੜੇ ਮੱਥੇ ਚੁਕਿਆ ਤੇ ਬਾਖੂਬੀ ਨਿਭਾਇਆ।

ਮੁਲਕ 'ਚ 1967 ਤੋਂ ਚੱਲੀ ਕਰਾਂਤੀਕਾਰੀ ਲਹਿਰ ਦੇ ਇਨਕਲਾਬੀ ਯੋਧਿਆਂ ਦੇ 1977 ਤੋਂ ਸੰਪਰਕ 'ਚ ਆਉਣ ਕਰਕੇ ਤਰਲੋਚਨ ਸਿੰਘ ਇਨਕਲਾਬੀ ਵਿਚਾਰਧਾਰਾ ਦੇ ਰੰਗ 'ਚ ਰੰਗਿਆ ਗਿਆ ਅਤੇ ਉਸਨੇ ਆਪਣੀ ਜੀਵਨ-ਸ਼ੈਲੀ ਨੂੰ ਇਸ ਨਵੇਂ ਸਾਂਚੇ 'ਚ ਢਾਲਣਾ ਸ਼ੁਰੂ ਕੀਤਾ।

1977 ਤੋਂ ਆਮ ਕਿਰਤੀ ਲੋਕਾਂ 'ਚ ਨਵੀਂ, ਅਗਾਂਹਵਧੂ ਤੇ ਇਨਕਲਾਬੀ ਚੇਤਨਾ ਅਤੇ ਜੱਥੇਬੰਦਕ ਸੂਝ ਦਾ ਪਸਾਰਾ ਕਰਨ ਲਈ ਤਰਲੋਚਨ ਸਿੰਘ ਸਮੇਤ ਮਾਛੀਵਾੜਾ ਇਲਾਕੇ ਦੀ ਆਗੂ ਟੀਮ ਨੇ ਪ੍ਰਸਿਧ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕ ਵੱਖ-ਵੱਖ ਪਿੰਡਾਂ ਤੇ ਸ਼ਹਿਰ 'ਚ ਕਰਵਾਉਣ ਦਾ ਸਿਲਸਿਲਾ ਵਿੱਢ ਦਿੱਤਾ।

ਏਸੇ ਦਿਸ਼ਾ 'ਚ ਹੋਰ ਅੱਗੇ ਵਧਦਿਆਂ 1979 'ਚ ਆਪ ਤੇ ਆਪਦੇ ਸਾਥੀਆਂ ਨੇ ਮਾਸਟਰ ਨਛੱਤਰ ਰਾਮ ਮਾਛੀਵਾੜਾ ਦੀ ਅਗਵਾਈ ਹੇਠ "ਲੋਕ ਕਲਾ ਮੰਚ ਮਾਛੀਵਾੜਾ" ਦੀ ਸਥਾਪਨਾ ਕੀਤੀ। ਜਿਸਨੇ ਨਾਟਕ-ਮੰਚਨ ਦਾ ਕਾਰਜ ਹੋਰ ਤੇਜ ਕਰ ਦਿਤਾ। ਆਪ ਦੇ ਲਿਖੇ ਨਾਟਕ "ਸਾੜਸਤੀ" ਸਮੇਤ ਹੋਰ ਲੋਕ ਪੱਖੀ ਨਾਟਕਾਂ ਦਾ ਮੰਚਨ ਅਨੇਕਾਂ ਪਿੰਡਾਂ 'ਚ ਹੋਣ ਲੱਗਿਆ।

ਹਕੂਮਤੀ ਅਤੇ ਮੂਲਵਾਦੀ ਦਹਿਸ਼ਤਗਰਦੀ (1983-1992) ਵੱਲੋਂ ਸਿਰਜੇ ਸਿਰੇ ਦੀ ਕਤਲੋਗਾਰਦ, ਦਹਿਸ਼ਤ, ਧਮਕੀਆਂ ਦੇ ਕਾਲੇ ਦੌਰ 'ਚ ਨਛੱਤਰ ਰਾਮ ਜੀ ਨੇ ਤੇ ਆਪ ਜੀ ਨੇ ਆਪਣੀ ਪ੍ਰਤੀਬੱਧਤਾ, ਸੂਝ-ਸਿਆਣਪ ਤੇ ਸਮਰੱਥਾ ਅਨੁਸਾਰ ਨਾਟਕਾਂ ਤੇ ਕੋਰੀਓਗਰਾਫੀਆਂ ਦਾ ਵਰਤਾਰਾ ਜਾਰੀ ਰੱਖਿਆ।

1990 'ਚ ਤਰਲੋਚਨ ਸਿੰਘ ਨੇ "ਆਰਟ ਸੈਂਟਰ ਸਮਰਾਲਾ" ਨਾਮ ਦੀ ਨਵੀਂ ਟੀਮ ਦੀ ਉਸਾਰੀ ਕੀਤੀ ਅਤੇ ਬੜੇ ਨਾਟ-ਕਲਾਕਾਰ ਪੈਦਾ ਕੀਤੇ। ਆਪ ਨੇ ਤਰਕਸ਼ੀਲ , ਵਿਗਿਆਨਕ ਤੇ ਇਨਕਲਾਬੀ ਚੇਤਨਾ ਵਾਲੀਆ ਦੋ ਨਾਟ-ਪੁਸਤਕਾਂ- "ਆਦਮ ਖੋਰ ਤੇ ਹੋਰ ਨਾਟਕ" ਅਤੇ "ਸਾੜਸਤੀ ਤੇ ਹੋਰ ਨਾਟਕ" ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਈਆਂ। ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕ "ਟੋਆ", ਤੇ ਇੱਕ ਹੋਰ "ਆਖਰੀ ਨਾਟਕ" ਦੀ ਸੋਹਣੀ ਪੇਸ਼ਕਾਰੀ ਦੂਰਦਰਸ਼ਨ ਜਲੰਧਰ ਤੋਂ ਆਪ ਨੇ ਕੀਤੀ। "ਸਾੜਸਤੀ", "ਇੱਕ ਕੁਰਸੀ ਇੱਕ ਮੋਰਚਾ", "ਆਦਮਖੋਰ", "ਭਾਰਤ ਵਿਕਾਊ ਹੈ", "ਬਾਗੀ", "ਸੁਪਰਵੀਜਾ", "ਦੇਵ ਪੁਰਸ਼ ਹਾਰ ਗਏ"-ਨਾਟਕਾਂ ਦਾ ਅਨੇਕਾਂ ਥਾਵਾਂ ਤੇ ਮੰਚਨ ਕੀਤਾ ਗਿਆ। ਕੋਰੀਓਗਰਾਫੀਆਂ "ਮੈ ਧਰਤੀ ਪੰਜਾਬ ਦੀ", "ਜੱਗ-ਜਨਣੀ", "ਸ਼ਰਧਾਂਜਲੀ", "ਔਹ ਟੁਟਗੀ ਸਰਕਾਰ", "ਲੀਡਰ ਬਣਜਾ ਯਾਰ", "ਲੋਰੀਆਂ" ਸਿਰਜੀਆਂ। "ਹਸ਼ਰ", "ਏਕਮ"-ਮਸ਼ਹੂਰ ਫਿਲਮਾਂ ਦੇ ਸਕਰਿਪਟ ਲਿਖੇ। ਅਨੇਕਾਂ ਟੈਲੀਫਿਲਮਾਂ, ਦਸਤਾਵੇਜੀ ਫਿਲਮਾਂ, ਟੀ.ਵੀ ਸੀਰੀਅਲ ਰਚੇ। ਭਾਅ ਜੀ ਗੁਰਸ਼ਰਨ ਸਿੰਘ ਬਾਰੇ ਉਸਦਾ ਸਫਰ ਤੇ" ਦਸਤਾਵੇਜੀ ਤਿਆਰ ਕੀਤੀ।

ਤਰਲੋਚਨ ਸਿੰਘ ਦੀ ਕਲਮ ਨੇ ਪੁਸਤਕਾਂ- "ਮੁਖਾਤਬ ਤੋਂ ਅਲਵਿਦਾ ਤੱਕ", "ਹੈਲੋ! ਮੈਂ ਭਗਤ ਸਿੰਘ ਬੋਲ ਰਿਹਾਂ," " ਅਲਵਿਦਾ ਹੈ ਡੁਬਦੇ ਸੂਰਜ ਨੂੰ", "ਜੁਗਨੂੰ ਤਾਂ ਮੇਰਾ ਆੜੀ ਐ", "ਨਸ਼ਿਆਂ ਦਾ ਛੇਵਾਂ ਦਰਿਆ", " ਕੁਲਵੰਤ ਨੀਲੋਂ", "ਸਾਂਝਾ ਵੇਹੜਾ", "ਲਹਿਰਾਂ ਦੇ ਨਾਲ ਤੁਰਦਿਆਂ", "ਤਰਥੱਲੀਆਂ ਦੇ ਦੌਰ ਵਿੱਚ", ਪੰਜਾਬੀ ਸਾਹਿਤ ਨੂੰ ਅਰਪਿਤ ਕੀਤੀਆਂ।

ਤਰਕਸ਼ੀਲ ਸੁਸਾਇਟੀ ਪੰਜਾਬ, ਪਲਸ ਮੰਚ 'ਚ ਸਮੇਂ-ਸਮੇਂ ਸਿਰ ਵੱਖ-ਵੱਖ ਪੱਧਰਾਂ 'ਤੇ ਰਹਿ ਕੇ ਉਤਮ ਰੋਲ ਨਿਭਾਇਆ।

ਵੱਖ-ਵੱਖ ਸਰਕਾਰੀ ਸਕੂਲਾਂ 'ਚ ਰਹਿ ਕੇ ਜਿੱਥੇ ਸੁਹਿਰਦ ਸਰਕਾਰੀ ਅਧਿਆਪਕ ਵਜੋਂ ਵਿਚਰ ਕੇ ਹਜ਼ਾਰਾਂ ਬੱਚਿਆ ਨੂੰ ਉਤਮ ਵਿਦਿਆ ਪ੍ਰਦਾਨ ਕੀਤੀ, ਉਥੇ ਬਾਲ ਰੰਗ-ਮੰਚ ਸਰਗਰਮੀਆਂ ਰਾਹੀਂ ਅਨੇਕਾਂ ਬਾਲ-ਕਲਾਕਾਰ ਵਿਕਸਿਤ ਕੀਤੇ।

30 ਅਪਰੈਲ, 2018 ਨੂੰ ਸਰਕਾਰੀ ਸਰਵਿਸ ਤੋਂ ਬਤੌਰ ਸੈਂਟਰ ਹੈਡ ਟੀਚਰ ਸ. ਪ੍ਰ. ਸਕੂਲ ਨਾਗਰਾ ਤੋਂ ਸੇਵਾ-ਮੁਕਤ ਹੋਣ ਪਿਛੋਂ, ਛੋਟੀਆਂ/ਵੱਡੀਆਂ ਫਿਲਮਾਂ ਦੀਆਂ ਸਕਰਪਿਟਾਂ ਲਿਖਣ ਤੋਂ ਇਲਾਵਾ ਪੀਪਲਜ਼ ਵੁਆਇਸ (ਪੰਜਾਬੀ) ਮੀਡੀਆ ਤੇ ਕਾਫੀ ਸਰਗਰਮ ਸਨ।

10 ਅਗਸਤ ਸ਼ਾਮ ਨੂੰ 4:30 ਵਜੇ ਸਮਰਾਲਾ ਵਿਖੇ, ਜਦੋਂ ਤਰਲੋਚਨ ਸਿੰਘ ਆਪਣੀ ਸਕੂਟਰੀ 'ਤੇ 20-25 ਕਿ.ਮੀ./ਘੰਟਾ ਦੀ ਰਫਤਾਰ ਨਾਲ ਲਿੰਕ ਰੋਡ ਤੇ ਖੱਬੇ ਪਾਸੇ ਘਰ ਵੱਲ ਨੂੰ ਜਾ ਰਹੇ ਸਨ, ਤਾਂ 80-90 ਕਿ.ਮੀ./ਘੰਟਾ ਦੀ ਰਫਤਾਰ ਵਾਲੀ ਥਾਰ ਗੱਡੀ ਨੇ ਸਿਧੀ ਟੱਕਰ ਮਾਰਕੇ ਬੁਰੀ ਤਰਾਂ ਦਰੜ ਦਿਤਾ ਅਤੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਵੱਡੀ ਹਸਤੀ ਨੂੰ ਆਪਦੇ ਪਿਆਰਿਆਂ ਤੋਂ ਸਦਾ ਲਈ ਖੋਹ ਲਿਆ!

ਤਾਉਮਰ ਅਧਿਆਪਨ ਕਿੱਤੇ ਦੇ ਨਾਲ ਨਾਲ ਕਲਮ ਤੋਂ ਲੈ ਕੇ ਸਟੇਜ ਤੱਕ ਅਤੇ ਫਿਲਮੀ ਦੁਨੀਆ ਦੇ ਅੰਗ-ਸੰਗ ਅਗਾਂਹਵਧੂ ਅਤੇ ਤਬਦੀਲੀ ਵਾਲੇ ਵਿਚਾਰਾਂ ਨੂੰ ਲੈ ਕੇ ਚੱਲ ਰਹੇ ਸਨ।

# Houses are no more affordable; Rising Homelessness crisis in Canada.



Dr. Hardeep S Atwal

For a growing number of Canadians, the housing market is broken. Interest rates are raised many times since last year. The homeowners are getting exhausted with the ever-growing financial burden of monthly payments of home mortgage. The mortgage is no more affordable to the first buyers. The cost of home ownership remains close to all-time highs relative to income. Tight rental markets have given landlords tremendous bargaining power to raise rents sky high. Due to the shortage of available rental units, the rent seekers are also worried with the rising rental cost. On the other sides record number of immigrants coming into the country also increasing the demand of new and rental homes. The available new housing is not up to the demand of home seekers. All the factors leading towards drop in supply of housing available to the common Canadians. In 2021, an estimated 1.5 million Canadian households lived in core housing need, defined as living in an unsuitable, inadequate, or unaffordable dwelling. And homelessness is pervasive across the country, from street and park encampments to people getting by in vehicles or by couch surfing. This housing crisis has been brewing for decades. Fixing it will require major new public investments for a generation.

Adequate, affordable housing is a basic human need and a socioeconomic determinant of health, the absence of which results in poorer physical and mental health outcomes. Canada's 2019 National Housing Strategy Act recognized that "housing is essential to the inherent dignity and well-being of the person" and that "the right to housing is a fundamental human right affirmed in international law." Budget 2023 made a welcomed new investment in urban, rural, and northern Indigenous housing. However, its $4 billion commitment falls well short of the estimated $56 billion over 10 years that Canada's own National Housing Council recommended. To address these disparities in housing conditions in urban, rural, and northern settings, Canada requires sustainable investments in permanent housing options at a scale commensurate with need and in alignment with Indigenous rights to selfdetermination under the United Nations Declaration on the Rights of Indigenous Peoples (see the First Nations chapter).

In practice, the National Housing Strategy (NHS) has yet to fully allocate the resources—or leverage critical policy levers—necessary to realize its own rhetoric. The NHS has spurred some new rental housing through low-interest loans (Rental Construction Financing Initiative), has been slowly rolling out a modest amount of new social housing (National Housing Co-Investment Fund), and more recently has supported the purchase of hotels and other facilities to address homelessness (Rapid Housing Initiative). However, its funding profile is dominated by loans to for-profit rental development rather than investments in non-market housing.

Even by its own measurement standards less than one-third of NHS units delivered can be considered affordable. This is in direct opposition to Canada's human rights obligation to devote a "maximum of available resources" and "all appropriate means" to ensure people's right to housing is realized, prioritizing those in greatest need. The NHS aims to put one-third of its investments, with a minimum of 25 per cent, towards serving the unique needs of women and their children. To ensure progress along the way, the capacity and resources of the Olice of the Federal Housing Advocate will be strengthened to identify and remedy systemic violations of the right to housing.

Organization 'Canadian Centre for alternative policies' commented that a non-profit model inherently reduces costs by cutting out developer profits and targeting rents in new units on a break-even basis, rather than whatever the market will bear. The federal government is ideally poised to address the core challenge: the upfront capital costs of getting new housing built. Once built, the stream of rental income from new housing can repay the initial investment. A ramp-up of the scale we describe below would benefit from a coordinated approach that also meets Canada's climate




adaptation and mitigation goals, such as multi-unit buildings at passive house energy eliciency standards with developments close to transit, shops, public services, and other amenities.

The organization 'Canadian Centre for alternative policies' suggested an alternative federal budget proposals for the upcoming budget of 2024 for efforts to make the housing affordable for every common family living in Canada. For the housing market the organization has suggested following actions to be taken by the federal Government.

The CCAP's AFB demanded to renovate the National Housing Strategy to ensure that programs genuinely and positively impact those who bear the brunt of Canada's housing and homelessness crisis. The AFB maintains existing NHS planned loans and grants but removes the $25,000 per unit cap on National Housing Co-Investment Fund grants (implemented in 2022) to ensure more projects with greater affordability can get o! the ground.

The CCPA's AFB demanded to continue the Rental Construction Financing Initiative to provide low-interest loans for all rental housing projects because of the additional costs of building housing arising from higher interest rates. This will include loans to for-profit developments that meet (more stringent) affordability criteria. Meanwhile, eligibility criteria for non-profit developers will be eased.

The AFB has demanded to build one million new non-market and co-op housing units over the next decade. This AFB allocates $20 billion a year in capital funding to the National Housing Co-investment Fund to build a minimum of 100,000 new units per year (provincial partnerships and public and community-owned land contributions are assumed to contribute another $10 billion). Capital funds will be used directly to build publicly owned affordable housing, as well as being advanced to non-profit developers as a long-term mortgage (where payments will be recycled back into funding in future years).

The AFB's housing investments demanded to be broad-based but with specific targets for Indigenous Peoples, seniors, people with disabilities, immigrant families, lone parents, and people fleeing domestic violence. All units will employ a universal design and a minimum of 10 per cent of new units will be set aside for urban Indigenous households. This also includes substantial new development of supportive and complex care housing that provides wrap-around support for people experiencing homelessness, addictions, and/or mental health challenges.

The AFB demanded accelerate the rollout of the Federal Lands Initiative of the NHS, which to date has done little to put federal land into use for affordable housing. The AFB also demanded to introduce a $10 billion Public Land Acquisition Fund, a dedicated multi-year fund to bring additional land into public ownership towards the construction of non-market, affordable rental housing.

The AFB demanded also to support the community housing sector to acquire existing affordable rental buildings to bring them into the non-profit world. Building on the British Columbia government's new $500 million Rental Protection Fund for nonprofit housing providers to purchase existing rental buildings, this AFB will create a $20 billion Housing Acquisition Fund to support this goal of maintaining the supply of affordable housing for low- and modest-income households over time. Funds will be provided to non-profit providers as a low-interest mortgage that can be repaid over a 50-year period. This will support the acquisition of up to 60,000 rental units.

The AFB supports the creation of a deferrable property surtax on properties worth more than $1 million to ensure that those who have received windfalls from rising home prices contribute to building the next generation of affordable housing. The surtax would start at a rate of 0.2 per cent on the portion of assessed values between $1 million and $1.5 million, 0.5 per cent on values between $1.5 million and $2 million, and one per cent on assessed values above $2 million. For example, a house valued at $1.2 million would pay $400 per year while a house valued at $2.5 million would pay $8,500 per year.6 The surtax would only apply to the top 10 per cent most valuable homes and would be fully deferrable until time of sale for households on fixed incomes. Purpose-built rental properties would be exempt from the surtax.

This Alternative Federal Budget suggested to end various real estate tax incentives, which only serve to inflate the housing market. This includes new planned incentives such as a Rent-to-Own program and a new Tax Free First Home Savings Account.

The AFB will also prevent the further financialization of housing by stopping the preferential tax treatment given to real estate investment trusts (REITS). In reality, Canada's housing market is afflicted by decades of Capitalization—the treatment of housing primarily as an investment, rather than a place to live. As the National Right to Housing Network said, "From unreasonable rent hikes to evictions and renovictions, poor maintenance, displacement of communities, and discrimination, financialization has hugely damaging impacts on the right to housing in Canada, particularly for already-disadvantaged groups such as seniors, low-income tenants, people with disabilities, members of Black communities, immigrants, and many others". Upstream investments across a wide range of housing are necessary to stem the flow of people into homelessness and more precarious housing situations. A bold plan to build new supply rooted in the belief that housing should be a human right will end homelessness within a decade. This includes a spectrum of housing linked to mental health supports and to treatment and recovery beds.

# People's Referendum organized by Ontario Health Coalition Network, to oppose privatization of Ontario Health Services

Toronto : The Ontario Health Coalition organizing a people's referendum against privatization of Health services. The overwhelming majority of Ontarians do not want public hospitals privatized to for-profit hospitals and clinics. The ongoing polls reveal that the opposition to the privatization of our hospital services is deep, it is everywhere, it crosses all political party lines. Large number of people volunteered over the last five months. From the conversations had in community groups, at the doors, on the streets at the voting stations. Their efforts of mass public outreach and education is undeniable. The Ontario Health Coalition planned and distributed 1.5 million leaflets.




The Ontario Health Coalition charged that the Ford government lied to the public about its privatization of Ontario's public hospital services. The Coalition reported that the Ford government significantly increased funding to private clinics while at the same time denying that they were expanding the private clinics. The denials were made in written and verbal statements to media across Ontario in the months leading into the election. In addition, the Coalition reports, after outright denial of their plans to privatize prior to the provincial election, as soon as the election was over the Ford government announced it is indeed going to privatize our public hospitals' services.

Ms. Natalie Mehra, Executive Director of Coalition has announced that the Health Coalition - which represents more than ¾ of a million Ontarians, more than 400 member organizations and local chapters across the province - plans for a major fightback including province-wide townhall meetings, community organizing, protests and escalating actions

The Coalition is demanding Ford Government to stop privatization of public hospitals' services and take real action to deal with the emergency in health care. The Coalition also launched a major public campaign to mobilize Ontarians to save our local public hospitals and stop Ford's privatization. They joined with Democracy Watch to call for an honesty-in-politics law to penalize political parties that engage in misleading the public.

"The Ford government lied to the public leading into an election," said Natalie Mehra, executive director. "You can't just outright deny you are expanding private for-profit clinics while you are in fact shunting millions over to expand private for-profit clinics. You can't pretend you are not going to privatize before an election and then, as soon as the election is over, announce plans to privatize. By every measure, this is wrong. It is fundamentally undemocratic and cannot go without challenge."

"The Ontario public will not tolerate such deception. Nor will we tolerate the Ford government failing to deal with the strain our public hospitals are under while at the same time funneling public money over to profit seeking corporations to privatize our public hospitals' services," she added.

"The Ford government has no mandate. They made sure of that when they deceived the public about what they were doing and what they intended to do. We will fight this and we will not stop until they stop privatizing Ontarians' public hospitals," she said.

"The misleading statements made by Ford government representatives before and during the 2022 provincial election about their plans for Ontario's health care system are just one of many examples of the need for an honesty in politics law to penalize misleaders who violate voters' rights by baiting them with false statements and election promises and then switching direction when they get elected," said Duff Conacher, Co-founder of Democracy Watch.

# Chief of staff of Ontario Housing Minister Mr Ryan Amato resigned

## After controversies on his Role in greenbelt and developer land swap.

The Ontario housing minister's chief of staff, Ryan Amato, resigned on Tuesday, August 22, 2023, after he was criticized by the auditor general for his role in the province's controversial Greenbelt land swap. The high-level inquiry by auditor general found that the government's process for choosing sites to remove from protected Greenbelt land was influenced by a small group of well-connected developers with access to Amato. The report also said that Amato had received packages containing requests to remove land from the Greenbelt by developers at a building industry event in September 2022.

The resignation comes less than two weeks after the auditor general's report was released and sparked public outrage and calls for investigation. This is a serious issue that affects the environment and the public interest. I hope that the government will take appropriate actions to address the concerns raised by the auditor general and the public.

Shortly after the September event, one of the developers provided Housing Minister Steve Clark's chief of staff with information related to three other sites. "About 92 per cent of the land that was ultimately removed from the Greenbelt was requested to be removed by the developers the chief of staff dined with at the event," the report said.

The Municipal Property Assessment Corporation, which is responsible for calculating property values in Ontario, estimates the landowners of the 15 sites that were removed with this swap, could see their value increase by $8.3 billion.



"The Greenbelt exercise calls into question who, if anyone, was supervising the non-elected chief of staff as he personally directed the Greenbelt project team through most of October 2022," Bonnie Lysyk, Ontario Auditor General said. The chief of staff's behaviour may have contravened political activity and conflict of interest rules. "In our view, the housing minister ought to have known the key details of such a high profile and politically sensitive government exercise and ensure that Cabinet and the premier were also made fully aware." Lysyk said. Lysyk's audit also found that removing land from the Greenbelt was not needed to meet the government's housing target, as previously noted by the Ford government's hand-picked Housing Affordability Task Force. According to Lysyk, the government had already allocated the 1.5 million units to municipalities by October 2022 - one month before the government announced its controversial Greenbelt proposal. The report says the boundary changes removed environmental protections for almost 404 hectares of woodlands and wetlands. On top of that, Ontario's agriculture ministry estimated that 76 per cent of the land removed from the Greenbelt was being used for farming in 2022, and 83 per cent of the land removed is classified as "prime agricultural land" - the highest quality farmland in the province.

At Wednesday's news conference, Ontario Premier Doug Ford said the government moved so quickly because of the need to increase the province's housing supply to address the ongoing housing affordability crisis and keep up with Ontario's rapidly growing population. He said housing built on the Greenbelt lands would house 150,000 people and bring community benefits like parks, roads and healthcare infrastructure that would be paid for by the landowners and builders. Housing Minister Steve Clark didn't directly answer reporters' questions when asked whether he would resign or if his chief of staff would keep his job. "I appreciate the confidence the premier has in myself and my staff," Clark said. "I'm committed to ensuring the 14 recommendations will move forward and will move forward quickly."

# GTA Metro Workers' Strike for a chance To Reform Grocery Industry




Toronto (Aug 2023) It's now been a month since roughly 3,700 workers at Metro grocery stores across the Greater Toronto Area walked off the job as a strike. Members of Unifor Local 414 have been picketing the 27 affected stores— and more recently, Metro distribution warehouses — demanding the employer meet their demands for higher wages, better benefits, and more fulltime work.

Unifor's GTA contract with Metro sets the standard for similar collective agreements across the province. The outcome of this strike is therefore vitally important.

Thus far, it seems workers' resolve hasn't wavered, though Metro is applying additional pressure. Last week, the company filed a complaint with the Ontario Labour Relations Board alleging the union isn't bargaining in good faith after it refused to entertain a substandard offer from the grocery giant. The union, however, is simply following the directive provided by members: bring back acceptable wage increases. The offer Metro was poised to table apparently didn't meet that criteria.

This important labour fight is at the juncture of multiple post-pandemic crises. Workers earning low pay whose wages have been further eroded by inflation are facing off against a grocery giant enjoying excessive profits during a period of persistent food price inflation.

With the COVID-19 pandemic still fresh in mind, workers are also drawing on public support they garnered while risking their health and lives to perform essential work. As a Unifor press release summarized: "The resilience and commitment demonstrated by grocery workers during the COVID-19 pandemic have been truly extraordinary. However, their dedication has come at a great personal cost. The toll of working through these challenging times, the physical and mental exhaustion, cannot be underestimated or simply undone. Metro workers bravely carried the burden of ensuring the availability of essential goods while risking their own health, and some frontline grocery workers lost their lives as a result."

To help address persistently low wages, workers have called for $2 per hour "hero pay" to be reinstated.

It was clear from the beginning that workers were heading into contract negotiations with heightened expectations and a willingness to fight. Before bargaining officially commenced, on June 20, Unifor announced that workers across the 27 GTA Metro stores had voted unanimously for strike action, should a withdrawal of labour prove necessary. The union thus entered bargaining with an unequivocally clear mandate from workers.

In this first round of bargaining since the pandemic, workers have also been unafraid to publicly air their frustrations over substandard wages and the inflated cost of living, record corporate profits at Metro and across the grocery sector, and general disrespect from management.

"Metro must address low wages that have been further reduced by inflation and give workers their fair share of record company profits," Unifor national president Lana Payne said at the time, relaying workers' feelings. "Grocery workers deserve good jobs, it's that simple."

Unifor has prioritized three key demands throughout the strike: improved wages, greater access to benefits and relatedly, more secure, stable, and fulltime jobs.

Wages, in particular, have been a pressing issue. According to the union's figures, 70 per cent of the bargaining unit earns less than $20 per hour. The average wage of a full-time employee at Metro in the GTA is $22.60 per hour, while part-timers earn only $16.62 per hour on average. The highest hourly wage in the bargaining unit is just $27.29. For context, according to the latest Labour Force Survey from Statistics Canada, the average hourly wage in Canada is $33.24. In other words, this is a strike of workers earning low-pay whose wages have fallen behind due both to inflation and percentage-based increases currently below average wage growth overall — and certainly below the revenue and profit growth of the company.

Job stability is also front and centre in this strike. The union has long been fighting to increase the share of full-time jobs at Metro, and the issue has come to a head in this round of bargaining. At present, 72 per cent of union members on strike are part-time workers, which is actually a marked improvement from 2015 when part-timers made up 81 per cent of the bargaining unit. Workers are unwilling to tolerate insufficient hours and substandard conditions for the majority of members in their union any longer.

Unifor Local 414 originally set a strike deadline of July 18, as wages, benefits and other monetary issues remained unresolved at the bargaining table. Extended negotiations produced a tentative agreement on July 19, which the union bargaining team recommended to the membership for ratification. In its official announcement, the union characterized the tentative contract as a "milestone agreement" that would "lay the foundation for grocery workers across the country." Payne elsewhere described the proposed settlement as the "best agreement in decades."

Local 414 members apparently disagreed. In keeping with a trend among union members across industries this year, Metro workers voted to reject the tentative agreement and instead strike for more. Members then hit the picket lines on the morning of July 29.

To the union's credit, leadership quickly shifted full support behind the striking workers. "We brought the tentative agreement to our members because it contained considerable gains, but our members are clear that it simply isn't enough," Payne said at the time.

According to some commentators, the tentative agreement was in fact industry-leading and, pre-pandemic, would have likely been considered a significant victory. The proposed contract contained paid sick days for parttime workers, pension and benefit improvements, and a $3.75 per hour raise by July 2026.

But things have changed, especially when it comes to workers' expectations. The combined factors of an ongoing cost-of-living crisis, sustained public attention on inflated food prices and grocer super-profits, and workers emboldened by a tight labour market and their pandemic 'essentiality,' have fundamentally transformed what workers will accept from their employer and what they expect from their union.

As Unifor has been reiterating throughout, the public also seems to be largely on the side of the striking grocery workers. Before the strike even began, feature stories about struggling Metro workers unable to afford food from the very stores in which they work appeared in major news outlets. Maclean's, for example, published an article featuring a 41-year-old produce manager, who despite working for Metro since 2010, earns less in inflation-adjusted dollars now than he did a decade ago. Another piece at the CBC highlighted the experiences of several long-tenured Metro workers struggling with low wages and increasingly unable to afford groceries and housing costs.

Public scrutiny of grocery sector profits has only underlined the moral legitimacy of striking workers' demands. Metro, like other Canadian grocery retail corporations, has been rolling in cash. According to the union, in 2022 Metro netted $922 million in profit, the highest haul in the company's history.

Last year was no outlier either. The grocery giant has set a new profit record every year since 2018. The pandemic seemed to have little impact on Metro's balance sheet. Between 2020 and 2022, the company amassed roughly $2.5 billion in net profit. Last year was also a good one for Metro's CEO, Eric La Flèche. While not showered quite as lavishly as the infamous top dog at competitor Loblaws, La Flèche nevertheless took home $5.3 million in total compensation, a 5.6 per cent increase over the previous year. That works out to roughly 115 and 156 times the average hourly pay of a full-time and part-time worker at Metro, respectively.

The CEO wasn't the only one at the top with a ballooning pay package last year though. The company's top five executives shared $13.2 million in total compensation. Their bonuses alone increased 13.7 per cent from the previous year.

This year too, profits at Metro continue to boom. Earlier this month, Metro's third quarter earnings report showed a 26.1 per cent increase in profits over quarter three of 2022. Over the first 40 weeks of 2023, the company managed nearly $797 million in profit, 11 per cent higher than the same period last year.

Clearly paying workers a living wage is entirely feasible. In fact, last year Metro conceded a 23 per cent raise in a contract settlement with Unifor members at its GTA warehouses.

At one time, work in the grocery sector provided family-sustaining wages and job security, before employers engaged in a concerted battle to crush unions and consolidate corporate bargaining power. The current strike could begin the process of reforming the industry and undoing these damages, but only if the union organizes and sustains workers' energy beyond the current contract fight.

While the outcome of this strike remains uncertain, workers at Metro have demonstrated the power of the strike. Don't be surprised if workers in other industries take note.

ਤੀਜਾ ਪੁਸਤਕ ਮੇਲਾ

# ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਦੀ ਅਹਿਮੀਅਤ






ਕੈਲਗਰੀ, (ਹਰਚਰਨ ਪਰਹਾਰ): ਲੰਘੇ ਵੀਕਐਂਡ ਤੇ ਐਤਵਾਰ 13 ਅਗਸਤ, 2023 ਨੂੰ ਮਾਸਟਰ ਭਜਨ ਸਿੰਘ ਤੇ ਟੀਮ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਤੀਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਮਾਸਟਰ ਭਜਨ ਸਿੰਘ ਨੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ, ਅਗਲੇ ਐਤਵਾਰ ਅਗਸਤ 20 ਨੂੰ ਡਾ ਸਾਹਿਬ ਸਿੰਘ ਵੱਲੋਂ ਰੈਡ ਸਟੋਨ ਥੀਏਟਰ ਵਿੱਚ ਖੇਡੇ ਜਾ ਰਹੇ ਨਾਟਕ ਸੰਮਾਂ ਵਾਲੀ ਡਾਂਗ ਬਾਰੇ ਜਾਣਕਾਰੀ ਦਿੱਤੀ। ਨਾਟਕ ਸਮਾਗਮ ਵਿੱਚ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਵੱਲੋਂ ਕਨੇਡਾ ਦੀ ਜ਼ਿੰਦਗੀ ਅਧਾਰਿਤ ਨਾਟਕ ਤੇਰੀ ਮੇਰੀ ਜ਼ਿੰਦਗੀ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਤੇ ਨਾਟਕ ਦੀਆਂ ਟਿਕਟਾਂ ਦੱਸ ਡਾਲਰ ਵਿੱਚ ਦਰਸ਼ਕਾਂ ਵਲੋ ਖਰੀਦੀਆਂ ਗਈਆਂ। ਮਾਸਟਰ ਜੀ ਵੱਲੋਂ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਟਿਕਟਾਂ ਬੜੀ ਤੇਜ਼ੀ ਨਾਲ ਵਿਕ ਰਹੀਆਂ ਹਨ, ਆਪਣੀਆਂ ਟਿਕਟਾਂ ਮਾਸਟਰ ਜੀ ਤੋਂ ਘਰੋਂ ਵੀ ਲੈ ਸਕਦੇ ਹੋ।

ਇਸ ਪੁਸਤਕ ਮੇਲੇ ਦਾ ਉਦਘਾਟਨ ਉੱਘੇ ਪੱਤਰਕਾਰ, ਲੇਖਕ ਤੇ ਬੁੱਧੀਜੀਵੀ ਸ. ਜਸਪਾਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਸਿੱਧੂ ਸਾਹਿਬ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬੇਸ਼ਕ ਪੰਜਾਬੀਆਂ ਵਿੱਚ ਪੁਸਤਕ ਕਲਚਰ ਦੀ ਘਾਟ ਹੈ, ਪਰ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵੱਲੋਂ ਪਿਛਲੇ ਸਾਲਾਂ ਤੋਂ ਲਗਾਤਾਰ ਲਗਾਏ ਜਾ ਰਹੇ ਪੁਸਤਕ ਮੇਲੇ ਸ਼ਲਾਘਾਯੋਗ ਉੱਦਮ ਹਨ। ਉਨ੍ਹਾਂ ਮਾਸਟਰ ਭਜਨ ਸਿੰਘ ਤੇ ਟੀਮ ਦਾ ਸਰੋਤਿਆਂ ਨੂੰ ਵਿਦੇਸ਼ਾਂ ਵਿੱਚ ਕਿਤਾਬਾਂ ਮਹੁੱਈਆ ਕਰਾਉਣ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਤੇ ਸ. ਜਸਪਾਲ ਸਿੰਘ ਸਿੱਧੂ ਨੂੰ 'ਹੈਲਥੀ ਲਾਈਫ ਸਟਾਈਲ ਫਾਊਂਡੇਸ਼ਨ' ਦੇ ਪ੍ਰਧਾਨ ਡਾ ਸੁੱਖਵਿੰਦਰ ਸਿੰਘ ਬਰਾੜ ਦੀ ਹੈਲਥੀ ਲਾਈਫ ਸਟਾਈਲ ਬਾਰੇ ਅੰਗਰੇਜ਼ੀ ਵਿੱਚ ਲਿਖੀ ਕਿਤਾਬ ਭੇਟ ਕੀਤੀ ਗਈ।

ਇੱਕ ਰੋਜ਼ਾ ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖ਼ਰੀਦੀਆਂ। ਪੁਸਤਕ ਮੇਲੇ ਦੇ ਪ੍ਰਬੰਧਕਾਂ ਵਲੋਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਇੱਕ ਰੋਜ਼ਾ ਪੁਸਤਕ ਮੇਲਾ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਤੇ ਨਾਟਕ ਦੀਆਂ ਟਿਕਟਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ।












# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ ਵਿੱਚ ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਬਾਰੇ ਹੋਈ ਭਾਵਪੂਰਤ ਵਿਚਾਰ-ਚਰਚਾ

## *ਜਗਮੇਲ ਸਿੰਘ ਰਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਹੋਈ ਲੋਕ-ਅਰਪਿਤ ਕਵੀ-ਦਰਬਾਰ ਵੀ ਹੋਇਆ*



ਬਰੈਂਪਟਨ, (ਡਾ. ਝੰਡ)- ਕੈਨੇਡੀਅਨ ਪੰਜਾਬੀ ਸਾਹਿਤ ਟਰਾਂਟੋ ਦੇ ਲੰਘੇ ਐਤਵਾਰ 20 ਅਗਸਤ ਨੂੰ ਹੋਏ ਸਮਾਗਮ ਵਿੱਚ ਡਾ. ਸੁਖਦੇਵ ਸਿੰਘ ਝੰਡ ਦੀ ਨਵ-ਪ੍ਰਕਾਸ਼ਿਤ ਵਾਰਤਕ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਬਾਰੇ ਭਾਵਪੂਰਤ ਵਿਚਾਰ-ਚਰਚਾ ਕੀਤੀ ਗਈ ਅਤੇ ਇਸ ਦੇ ਨਾਲ ਹੀ ਜਗਮੇਲ ਸਿੰਘ ਜਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਵੀ ਲੋਕ-ਅਰਪਿਤ ਕੀਤੀ ਗਈ। ਉੱਘੀ ਕਵਿੱਤਰੀ ਸੁਰਜੀਤ ਕੌਰ ਅਤੇ ਡਾ. ਸਤਿੰਦਰ ਕਾਹਲੋਂ ਵੱਲੋਂ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਉੱਪਰ ਪੇਪਰ ਪੜ੍ਹੇ ਗਏ। ਉਪਰੰਤ, ਬਹਿਸ ਵਿੱਚ ਭਾਗ ਲੈਂਦਿਆਂ ਕਈ ਬੁਲਾਰਿਆਂ ਵੱਲੋਂ ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਪ੍ਰਿੰਸੀਪਲ ਸਰਵਣ ਸਿੰਘ, ਪ੍ਰੌੜ੍ਹ ਲੇਖਕ ਪੂਰਨ ਸਿੰਘ ਪਾਂਧੀ, ਕੰਪਿਊਟਰ ਦੀ ਮੁਹਾਰਤ ਰੱਖਣ ਵਾਲੇ ਕ੍ਰਿਪਾਲ ਸਿੰਘ ਪੰਨੂੰ, ਸਮਾਜ-ਸੇਵੀ ਗੁਰਦੇਵ ਸਿੰਘ ਮਾਨ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਪੁਸਤਕ 'ਤੇ ਪੇਪਰ ਪੜ੍ਹਨ ਵਾਲੀਆਂ ਵਿਦਵਾਨ ਬੀਬੀਆਂ ਸੁਰਜੀਤ ਕੌਰ ਤੇ ਸਤਿੰਦਰ ਕਾਹਲੋਂ ਸੁਸ਼ੋਭਿਤ ਸਨ।

ਪ੍ਰੋਗਰਾਮ ਦੇ ਆਰੰਭ ਵਿੱਚ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗਮ ਵਿੱਚ ਸ਼ਾਮਲ ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਦਾ ਹਾਰਦਿਕ ਸੁਆਗਤ ਕੀਤਾ ਗਿਆ। ਉਪਰੰਤ, ਜਗਮੇਲ ਸਿੰਘ ਜਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਬਾਰੇ ਸੰਖੇਪ ਜਾਣਕਾਰੀ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਦਿੱਤੀ ਗਈ। ਇਸ ਤੋਂ ਬਾਅਦ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸੁਰਜੀਤ ਕੌਰ ਨੂੰ ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ ਬਾਰੇ ਆਪਣਾ ਪੇਪਰ ਪੜ੍ਹਨ ਦੀ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਆਪਣੇ ਸੰਬੋਧਨ ਦੇ ਆਰੰਭ ਵਿੱਚ ਵਿੱਚ ਕਿਹਾ ਕਿ ਵਾਰਤਕ ਪੜ੍ਹ ਕੇ ਪਾਠਕ ਦੀ ਬੌਧਿਕ ਸੰਤੁਸ਼ਟੀ ਹੁੰਦੀ ਹੈ।

ਸਮਾਗਮ ਦੇ ਦੂਸਰੇ ਬੁਲਾਰੇ ਸਤਿੰਦਰ ਕਾਹਲੋਂ ਨੇ ਆਪਣੇ ਪੇਪਰ ਵਿੱਚ ਪੁਸਤਕ 'ਸਰੋਕਾਰ ਤੇ ਸਖ਼ਸੀਅਤਾਂ' ਦੀ ਬਣਤਰ ਅਤੇ ਇਸ ਵਿਚਲੇ ਮੈਟਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੇਖਕ ਵੱਲੋਂ ਇਤਿਹਾਸਕ, ਸਮਾਜਿਕ, ਧਾਰਮਿਕ ਅਤੇ ਮਨੁੱਖੀ ਸਰੋਕਾਰਾਂ ਨਾਲ ਜੁੜੇ ਇਹ ਖੋਜ ਭਰਪੂਰ ਲੇਖ ਸਖ਼ਤ ਮਿਹਨਤ ਨਾਲ ਲਿਖੇ ਗਏ ਹਨ। ਪੁਸਤਕ ਦੇ ਦੂਸਰੇ ਭਾਗ ਸ਼ਖ਼ਸੀਅਤਾਂ ਵਿਚਲੇ ਲੇਖਾਂ ਵਿੱਚੋਂ 'ਕਿਸਾਨ ਅੰਦੋਲਨ ਦਾ ਮਾਣ: ਡਾ. ਸਵੈਮਾਨ ਸਿੰਘ ਪੱਖੋਕੇ' ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿੱਚ ਡਾ. ਸਵੈਮਾਨ ਸਿੰਘ ਦੇ ਪਰਿਵਾਰਕ ਪਿਛੋਕੜ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵਧੇਰੇ ਚੱਲੇ ਅੰਦੋਲਨ ਵਿਚ ਉਸ ਦੇ ਵੱਲੋਂ ਨਿਭਾਈ ਗਈ ਵਿਸ਼ੇਸ਼ ਭੂਮਿਕਾ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਦਰਸਾਇਆ ਗਿਆ ਹੈ।

ਉਪਰੰਤ ਹੋਈ ਵਿਚਾਰ-ਚਰਚਾ ਵਿੱਚ ਭਾਗ ਲੈਂਦਿਆਂ ਪ੍ਰਿੰਸੀਪਲ ਸਰਵਣ ਸਿੰਘ ਨੇ ਲੋਕ-ਅਰਪਿਤ ਹੋਈ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਬਾਰੇ ਗੱਲ ਕਰਦਿਆਂ ਪੰਜਾਬ ਦੇ ਪਿੰਡਾਂ ਬਾਰੇ ਜਾਣਕਾਰੀ ਮੁਹੱਈਆ ਕਰਦੀਆਂ ਅਜਿਹੀਆਂ ਪੁਸਤਕਾਂ ਛਪਣ 'ਤੇ ਜਗਮੇਲ ਸਿੰਘ ਜਠੌਲ ਨੂੰ ਵਧਾਈ ਦਿੱਤੀ ਅਤੇ ਲੇਖਕਾਂ ਨੂੰ ਹੋਰ ਵੀ ਅਜਿਹੀਆਂ ਪੁਸਤਕਾਂ ਲਿਖਣ ਦੀ ਲੋੜ 'ਤੇ ਜ਼ੋਰ ਦਿੱਤਾ। ਵਿਚਾਰ-ਚਰਚਾ ਅਧੀਨ ਪੁਸਤਕ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਝੰਡ ਬਹੁ-ਪੱਖੀ ਲੇਖਕ ਹੈ। ਉੱਘੇ ਲੇਖਕ ਪੂਰਨ ਸਿੰਘ ਪਾਂਧੀ ਨੇ ਡਾ. ਝੰਡ ਦੀ ਵਾਰਤਕ-ਸ਼ੈਲੀ ਅਤੇ ਇਸ ਦੀ ਰਵਾਨਗੀ ਦੀ ਸਰਾਹਨਾ ਕਰਦਿਆਂ ਹੋਇਆਂ ਇਸ ਪੁਸਤਕ ਵਿਚਲੇ ਲੇਖਾਂ ਦੇ ਵਿਸ਼ਾਲ ਘੇਰੇ ਅਤੇ ਵਿਲੱਖਣਤਾ ਦੀ ਗੱਲ ਕੀਤੀ। ਕ੍ਰਿਪਾਲ ਸਿੰਘ ਪੰਨੂੰ ਨੇ ਪੰਜਾਬੀ ਫ਼ੌਂਟਸ ਵਿੱਚ ਮਿਆਰੀਕਰਨ ਦੀ ਗੱਲ ਕਰਦਿਆਂ ਕਿਹਾ ਕਿ ਸ਼ਬਦ-ਜੋੜਾਂ ਵਿੱਚ ਸਮਾਨਤਾ ਹੋਣੀ ਚਾਹੀਦੀ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਲੇਖਕ ਦੀਆਂ ਰੁੱਖਾਂ ਨਾਲ ਸਬੰਧਿਤ ਪੁਸਤਕਾਂ ਦੀ ਚਰਚਾ ਕਰਦਿਆਂ ਇਸ ਪੁਸਤਕ ਨੂੰ ਉਸ ਲੜੀ ਵਿੱਚ ਸ਼ਾਮਲ ਕੀਤਾ। ਡਾ. ਨਾਹਰ ਸਿੰਘ ਦਾ ਕਹਿਣਾ ਸੀ ਕਿ ਕਵਿਤਾ ਮਨੁੱਖ ਨੂੰ ਭਾਵੁਕ ਕਰਦੀ ਹੈ ਅਤੇ ਵਾਰਤਕ ਬੰਦੇ ਨੂੰ 'ਬੰਦਾ' ਬਣਾਉਂਦੀ ਹੈ। ਇਨ੍ਹਾਂ ਤੋਂ ਇਲਾਵਾ ਹਰਦੀਪ ਕੌਰ ਅਤੇ ਸੁਰਿੰਦਰਜੀਤ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੇ ਦੂਸਰੇ ਭਾਗ ਦੇ ਪ੍ਰਧਾਨਗੀ-ਮੰਡਲ ਵਿੱਚ ਸੁਖਚਰਨਜੀਤ ਗਿੱਲ, ਡਾ. ਸੁਰਿੰਦਰਜੀਤ ਗਿੱਲ, ਸੈਫ਼ਲ ਮਲੂਕ, ਗੋਬਿੰਦ ਸਿੰਘ ਰਤਨ ਅਤੇ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ। ਇਸ ਦਾ ਸੰਚਾਲਨ ਕਰਦਿਆਂ ਪਰਮਜੀਤ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ਸੁਖਚਰਨਜੀਤ ਗਿੱਲ ਨੂੰ ਆਪਣੀ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ ਗਿਆ। ਉਪਰੰਤ, ਵਾਰੋ-ਵਾਰੀ ਮਕਸੂਦ ਚੌਧਰੀ, ਪ੍ਰਿੰ. ਗਿਆਨ ਸਿੰਘ ਘਈ, ਕਰਨ ਅਜਾਇਬ ਸਿੰਘ ਸੰਘਾ, ਪੰਜਾਬ ਸਿੰਘ ਕਾਹਲੋਂ, ਇਕਬਾਲ ਬਰਾੜ, ਡਾ. ਜਗਮੋਹਨ ਸੰਘਾ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਹਰਜੀਤ ਸਿੰਘ, ਜੱਸੀ ਭੁੱਲਰ, ਸਤਪਾਲ ਸਿੰਘ ਕੋਮਲ, ਰਮਿੰਦਰ ਵਾਲੀਆ, ਡਾ. ਸੁਰਿੰਦਰਜੀਤ ਗਿੱਲ, ਹਰਭਜਨ ਕੌਰ ਗਿੱਲ ਤੇ ਕਈ ਹੋਰਨਾਂ ਵੱਲੋਂ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ। ਇਸ ਦੌਰਾਨ 'ਵਿਸ਼ਵ ਪੰਜਾਬੀ ਸਭਾ ਕਨੇਡਾ' ਦੇ ਚੇਅਰਮੈਨ ਲਬੀਰ ਸਿੰਘ ਕਥੂਰੀਆ, ਓਨਟਾਰੀਓ ਫ਼ਰੈਂਡਜ਼ ਕਲੱਬ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ ਅਤੇ 'ਕਰਾਊਨ ਇੰਮੀਗਰੇਸ਼ਨ' ਦੇ ਸੰਚਾਲਕ ਰਾਜਪਾਲ ਹੋਠੀ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਪ੍ਰਧਾਨਗੀ-ਮੰਡਲ ਵਿੱਚੋਂ ਸੁਖਚਰਨਜੀਤ ਗਿੱਲ, ਸੁਰਿੰਦਰਜੀਤ, ਸੈਫ਼ਲ ਮਲੂਕ, ਗੋਬਿੰਦ ਸਿੰਘ ਰਤਨ ਅਤੇ ਸੁਖਦੇਵ ਸਿੰਘ ਝੰਡ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਡਾ. ਝੰਡ ਨੂੰ ਸਨਮਾਨਿਤ ਵੀ ਕੀਤਾ ਗਿਆ।

ਅਖੀਰ ਵਿੱਚ ਡਾ. ਸੁਖਦੇਵ ਸਿੰਘ ਝੰਡ ਵੱਲੋਂ ਸਮਾਗਮ ਦੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਵਿਚ ਗੁਰਦੇਵ ਚੌਹਾਨ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਇੰਜੀ. ਈਸ਼ਰ ਸਿੰਘ, ਡਾ. ਰਾਜੇਸ਼ ਪੱਲਣ, ਜਗਮੇਲ ਸਿੰਘ ਜਠੌਲ, ਹਰਜਿੰਦਰ ਸਿੰਘ ਧਾਮੀ, ਸੁਰਜੀਤ ਸਿੰਘ, ਸੁਰਜੀਤ ਸਿੰਘ ਸੰਧੂ, ਦਵਿੰਦਰ ਸਿੰਘ ਸੰਧੂ, ਨਰਿੰਦਰ ਸਿੰਘ ਸਰਾਂ, ਬੇਅੰਤ ਸਿੰਘ ਬਿਰਦੀ, ਨਾਹਰ ਸਿੰਘ ਔਜਲਾ, ਹੀਰਾ ਸਿੰਘ ਹੰਸਪਾਲ,ਸਮੀ ਉਲ੍ਹਾਖ਼ਾਨ, ਡਾ. ਸੁਰਿੰਦਰਜੀਤ ਕੌਰ ਗਿੱਲ, ਜਗਦੀਸ਼ ਕੌਰ ਝੰਡ, ਸੁਰਜੀਤ ਕੌਰ ਸੰਧੂ, ਮਿਸਿਜ਼ ਜਠੌਲ ਅਤੇ ਕਈ ਹੋਰ ਸ਼ਾਮਲ ਸਨ।













32ਵਾਂ ਮੇਲਾ ਗ਼ਦਰੀ ਬਾਬਿਆਂ ਦਾ

# ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਅਜੋਕੀਆਂ ਚੁਣੌਤੀਆਂ

*• ਗ਼ਦਰੀ ਝੰਡਾ ਲਹਿਰਾਉਣਗੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ • 30 ਅਕਤੂਬਰ ਦੀ ਸ਼ਾਮ: ਪੁਸਤਕ ਸਭਿਆਚਾਰ ਦੇ ਨਾਮ*

ਜਲੰਧਰ, (ਬਲਜਿੰਦਰ ਸਿੰਘ ਪਟਿਆਲਾ): ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਅਤੇ ਉਸ ਉਪਰੰਤ ਜਨਰਲ ਬਾਡੀ ਦੀਆਂ ਹੋਈਆਂ ਮੀਟਿੰਗਾਂ 'ਚ ਗੰਭੀਰ ਵਿਚਾਰ-ਚਰਚਾ ਉਪਰੰਤ ਫੈਸਲਾ ਕੀਤਾ ਗਿਆ ਕਿ 'ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਅਜੋਕੀਆਂ ਚੁਣੌਤੀਆਂ ਨੂੰ ਸਮਰਪਤ ਕੀਤਾ ਜਾਏਗਾ 32ਵਾਂ ਮੇਲਾ ਗ਼ਦਰੀ ਬਾਬਿਆਂ ਦਾ।'

ਦੋਵੇਂ ਮੀਟਿੰਗਾਂ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਪਹਿਲੀ ਨਵੰਬਰ ਨੂੰ ਸਿਖਰਾਂ ਛੋਹਣ ਵਾਲੇ ਮੇਲੇ 'ਚ ਸਵੇਰੇ 10 ਵਜੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਦਾ ਕਰਨਗੇ ਅਤੇ ਮੇਲੇ ਨੂੰ ਸੰਬੋਧਨ ਕਰਨਗੇ।

ਜਨਰਲ ਸਕੱਤਰ, ਪ੍ਰਧਾਨ ਦੇ ਸੰਬੋਧਨ ਉਪਰੰਤ ਝੰਡੇ ਦਾ ਗੀਤ, ਗੀਤ-ਸੰਗੀਤ, ਵੱਖ-ਵੱਖ ਕਲਾ-ਵੰਨਗੀਆਂ, ਭਾਸ਼ਣ, ਵਿਚਾਰ-ਚਰਚਾ ਅਤੇ ਪਹਿਲੀ ਨਵੰਬਰ ਦੀ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਹੋਏਗੀ। ਇਹ ਮੇਲਾ ਨਿਰੰਤਰ 2 ਨਵੰਬਰ ਸਰਘੀ ਵੇਲੇ ਤੱਕ ਜਾਰੀ ਰਹੇਗਾ।

30 ਅਕਤੂਬਰ ਪੁਸਤਕ ਮੇਲਾ ਸਵੇਰੇ ਹੀ ਆਉਣ ਵਾਲੇ ਸਾਹਿਤ ਪ੍ਰੇਮੀਆਂ ਨੂੰ ਬਾਹਵਾਂ ਫੈਲਾ ਕੇ ਜੀ ਆਇਆਂ ਕਹੇਗਾ। ਪੁਸਤਕ ਮੇਲੇ ਦੇ ਪੰਡਾਲ 'ਚ ਹੀ 30 ਅਕਤੂਬਰ ਦੀ ਸ਼ਾਮ: ਪੁਸਤਕ ਸਭਿਆਚਾਰ ਦੇ ਨਾਮ ਹੋਏਗੀ।

ਮੇਲੇ ਦਾ ਵਿਸ਼ੇਸ਼ ਆਕਰਸ਼ਣ ਹੋਏਗੀ ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ, ਜੋ 30 ਅਕਤੂਬਰ ਤੋਂ 2 ਨਵੰਬਰ ਸਵੇਰ ਤੱਕ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ ਹਾਲ ਵਿੱਚ ਲੱਗੀ ਰਹੇਗੀ।

31 ਅਕਤੂਬਰ ਕੁਇਜ਼, ਪੇਂਟਿੰਗ ਮੁਕਾਬਲਾ ਅਤੇ ਠੀਕ 2 ਵਜੇ ਤੋਂ ਸ਼ਾਮ 4 ਵਜੇ ਤੱਕ ਗ਼ਦਰੀ ਬਾਬਿਆਂ ਦੇ ਮੇਲੇ ਦਾ ਸੁਨੇਹਾ ਕੌਮੀ ਸਾਹਿਤਕੀ/ਸਭਿਆਚਾਰਕ ਮੰਚ 'ਤੇ ਲਿਜਾਣ ਲਈ ਦੇਸ਼ ਦੇ ਪ੍ਰਮੁੱਖ ਬੁੱਧੀਜੀਵੀ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਅਤੇ ਇਸ ਮੁਲਕ ਉਪਰ ਫ਼ਿਰਕੂ ਫਾਸ਼ੀਵਾਦ, ਸਾਮਰਾਜੀਆਂ ਅਤੇ ਉਹਨਾਂ ਦੇ ਹਿੱਤ-ਪਾਲਕਾਂ ਦੇ ਮਾਰੂ ਚੌਤਰਫ਼ੇ ਹੱਲੇ ਬਾਰੇ ਵਿਚਾਰਾਂ ਕਰਨਗੇ ਅਤੇ ਮੁਲਕ ਦੇ ਅੰਬਰ 'ਤੇ ਛਾਈਆਂ ਕਾਲੀਆਂ ਘਟਾਵਾਂ ਖ਼ਿਲਾਫ਼ ਆਵਾਮ ਨੂੰ ਚੇਤਨ ਭੂਮਿਕਾ ਨਿਭਾਉਣ ਲਈ ਅੱਗੇ ਆਉਣ ਵਾਸਤੇ ਪ੍ਰੇਰਿਤ ਕਰਨਗੇ।

ਸ਼ਾਮ 4 ਤੋਂ 6 ਵਜੇ ਤੱਕ ਕਵੀ ਦਰਬਾਰ ਉਪਰੰਤ ਫ਼ਿਲਮ ਸ਼ੋਅ ਹੋਏਗਾ।

ਮੀਟਿੰਗ 'ਚ ਲਏ ਫੈਸਲੇ ਮੁਤਾਬਕ ਪੰਜਾਬ ਦੀਆਂ ਸਮੂਹ ਸਰਕਾਰੀ, ਨਿੱਜੀ ਯੂਨੀਵਰਸਿਟੀਆਂ ਨੂੰ ਅਪੀਲ-ਪੱਤਰ ਭੇਜਿਆ ਜਾਏਗਾ ਕਿ ਉਹ ਮਹਾਨ ਆਜ਼ਾਦੀ ਸੰਗਰਾਮੀਆਂ ਦੀ ਯਾਦ 'ਚ ਹੋਣ ਵਾਲੇ ਉੱਤਰੀ ਭਾਰਤ ਦੇ ਪ੍ਰਮੁੱਖ ਸਭਿਆਚਾਰਕ ਉਤਸਵ,



'ਮੇਲਾ ਗ਼ਦਰੀ ਬਾਬਿਆਂ ਦਾ' ਧਿਆਨ ਰੱਖਦਿਆਂ ਯੂਥ ਫੈਸਟੀਵਲਾਂ ਦੀ ਸਮਾਂ-ਸਾਰਣੀ ਨਾ ਬਣਾਉਣ। 32ਵੇਂ ਮੇਲੇ ਮੌਕੇ ਗ਼ਦਰੀ ਬਾਬਿਆਂ ਸਮੂਹ ਦੇਸ਼ ਭਗਤਾਂ ਦੇ ਘੱਟੋ-ਘੱਟ 32 ਪਿੰਡਾਂ ਨੂੰ ਚੁਣਕੇ ਉਥੇ ਤਿਆਰੀ, ਲਾਮਬੰਦੀ ਅਤੇ ਸਹਾਇਤਾ ਇਕੱਤਰ ਕਰਨ ਦੀ ਮੁਹਿੰਮ ਚਲਾਈ ਜਾਏਗੀ।

ਅੱਜ ਦੀ ਮੀਟਿੰਗ ਦਾ ਆਗਾਜ਼ ਇਨਕਲਾਬੀ ਗਾਇਕ ਗ਼ਦਰ, ਵਿਜੈ ਮਿਸ਼ਰਾ, ਸ਼ਿਵ ਨਾਥ, ਬਾਰੂ ਸਤਬਰਗ ਮਹਿਰਾਜ, ਮਾਸਟਰ ਤਰਲੋਚਨ ਸਮਰਾਲਾ, ਨਿਰੰਜਣ ਸਿੰਘ ਕੁੱਲੇਵਾਲ ਗੜ੍ਹਸ਼ੰਕਰ, ਪ੍ਰੀਤਮ ਸਿੰਘ ਮੰਡੇਰ ਸੰਗਰੂਰ, ਅਧਿਆਪਕਾ ਰਵਿੰਦਰ ਕੌਰ ਬੱਦੋਵਾਲ, ਕਾ. ਠਾਣਾ ਸਿੰਘ, ਜਗਸੀਰ ਸਿੰਘ ਕੁਸ਼ਲਾ, ਐਸ.ਜੀ.ਜੀ.ਐਸ ਖਾਲਸਾ ਕਾਲਜ ਮਾਹਿਲਪੁਰ ਦੇ ਦਿਲਪ੍ਰੀਤ ਸਿੰਘ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਦੇਣ ਨਾਲ ਹੋਇਆ।

ਇਹ ਫੈਸਲਾ ਵੀ ਕੀਤਾ ਗਿਆ ਕਿ ਸਮੂਹ ਜਨਤਕ ਜਮਹੂਰੀ ਜੱਥੇਬੰਦੀਆਂ ਅਤੇ ਦੇਸ਼ ਭਗਤਾਂ ਦੇ ਪਿੰਡਾਂ 'ਚ ਸਰਗਰਮ ਕਮੇਟੀਆਂ ਦੇ ਪ੍ਰਤੀਨਿੱਧਾਂ ਦੀ ਦੇਸ਼ ਭਗਤ ਯਾਦਗਾਰ ਹਾਲ ਮੀਟਿੰਗ ਕਰਕੇ ਉਹਨਾਂ ਨੂੰ ਮੇਲਾ ਸਫ਼ਲ ਬਣਾਉਣ ਲਈ ਸਹਿਯੋਗ ਦੀ ਅਪੀਲ ਕੀਤੀ ਜਾਏਗੀ।
















# ਤਰਕਸ਼ੀਲ ਸੁਸਾਇਟੀ : ਔਰਤਾਂ 'ਤੇ ਹੋ ਰਹੇ ਜ਼ੁਲਮ ਵਿਰੁੱਧ ਰੋਸ ਪ੍ਰਦਰਸ਼ਨ

















ਸਰ੍ਹੀ, (ਪਰਮਿੰਦਰ ਸਵੈਚ) ਅੱਜ ਇੱਥੇ ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਵਲੋਂ ਭਾਰਤ ਵਿੱਚ ਹਾਲ ਹੀ ਵਿੱਚ ਵਾਪਰੀਆਂ ਔਰਤਾਂ ਦੀ ਬੇਪਤੀ ਦੀਆਂ ਘਟਨਾਵਾਂ ਅਤੇ ਫਿਰਕੂ ਸੋਚ ਦੇ ਉਭਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਵੱਡੀ ਗਿਣਤੀ ਵਿੱਚ 88 ਐਵੇਨਿਊ ਤੇ ਕਿੰਗ ਜੌਰਜ਼ ਦੇ ਕੌਰਨਰ ਤੇ ਇਕੱਤਰ ਹੋਏ ਸਮਾਜਿਕ ਕਾਰਕੁਨਾਂ ਨੇ ਆਪਣੇ ਹੱਥਾਂ 'ਚ ਫਾਸ਼ੀਵਾਦੀ ਸੋਚ ਅਤੇ ਔਰਤਾਂ ਤੇ ਹੁੰਦੇ ਜ਼ੁਲਮ ਦਾ ਵਿਰੋਧ ਕਰਦੀਆਂ ਤਖ਼ਤੀਆਂ ਫੜ੍ਹੀਆਂ ਹੋਈਆਂ ਸਨ। ਦੋ ਘੰਟੇ ਚੱਲੇ ਪ੍ਰਦਰਸ਼ਨ 'ਚ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰ ਪੇਸ਼ ਕੀਤੇ। ਇਸ ਪ੍ਰਦਰਸ਼ਨ ਦਾ ਮੁੱਖ ਕਾਰਨ ਮਨੀਪੁਰ ਵਿੱਚ ਇੱਕ ਫਿਰਕੇ ਵਲੋਂ ਦੂਸਰੇ ਕਬੀਲੇ ਦੀਆਂ ਔਰਤਾਂ ਨੂੰ ਨੰਗੇ ਕਰਕੇ ਘੁਮਾਉਣ ਵਿਰੁੱਧ ਹਰ ਸੋਚਵਾਨ ਦੀ ਚੇਤਨਾ ਦਾ ਝੰਜੋੜੇ ਜਾਣਾ ਸੀ। ਸਭ ਬੁਲਾਰਿਆਂ ਨੇ ਇਸ ਘਟਨਾ ਨੂੰ ਬਹੁਤ ਹੀ ਸ਼ਰਮਨਾਕ ਅਣਮਨੁੱਖੀ ਅਤੇ ਫਿਰਕਾਪ੍ਰਸਤੀ ਦੀ ਸੋਚ ਦੀ ਉੱਪਜ ਦੱਸਦਿਆਂ, ਇਸ ਘਟਨਾ ਦੀ ਘੋਰ ਨਿੰਦਾ ਕੀਤੀ।

ਮੁੱਖ ਬੁਲਾਰਿਆਂ 'ਚ ਪ੍ਰੋ. ਜੈਪਾਲ ਸਿੰਘ, ਪ੍ਰੋ. ਸੁਰਿੰਦਰ ਗਿੱਲ ਜੈਪਾਲ, ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਟਰੱਸਟੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਮਨਜੀਤ ਬੈਂਸ ਚੇਤਨਾ, ਕੇਵਲ ਸਿੰਘ ਥਿੰਦ, ਸੁਖਦੇਵ ਮਾਨ, ਪਰਮਿੰਦਰ ਸਵੈਚ ਤਰਕਸ਼ੀਲ਼ ਸੁਸਾਇਟੀ ਪਰਧਾਨ ਸਰ੍ਹੀ, ਕ੍ਰਿਪਾਲ ਬੈਂਸ ਈਸਟ ਇੰਡੀਅਨ ਡੀਫੈਂਸ ਕਮੇਟੀ ਅਤੇ ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਜੀ ਸ਼ਾਮਲ ਸਨ। ਸਟੇਜ ਦੀ ਕਾਰਵਾਈ ਸੁਸਾਇਟੀ ਦੇ ਸਕੱਤਰ ਨਿਰਮਲ ਕਿੰਗਰਾ ਨੇ ਨਿਭਾਈ। ਇਸ ਤੋਂ ਇਲਾਵਾ 25 ਸਾਲ ਪਹਿਲਾਂ ਬਲਾਤਕਾਰ ਕਰਕੇ ਕਤਲ ਕਰ ਦਿੱਤੀ ਗਈ ਕਿਰਨਜੀਤ ਮਹਿਲ ਕਲਾਂ ਨੂੰ ਸ਼ਰਧਾਂਜ਼ਲੀ ਦਿੱਤੀ ਗਈ ਤੇ ਐਕਸ਼ਨ ਕਮੇਟੀ ਦੀ ਸੰਘਰਸ਼ਮਈ ਜਿੱਤ ਨੂੰ ਯਾਦ ਕਰਦਿਆਂ ਕਿਰਨਜੀਤ, ਪਰਿਵਾਰ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਿਰੜ ਦਾ ਧੰਨਵਾਦ ਵੀ ਕੀਤਾ ਗਿਆ ਕਿਉਂਕਿ ਇਹ ਸੰਘਰਸ਼ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਰੂਪ ਵਿੱਚ ਲੜਿਆ ਗਿਆ ਹੈ। ਅੰਤ ਵਿੱਚ ਸਮੂਹ ਇਨਸਾਫ਼ਪਸੰਦ, ਤੇ ਸਮਾਜਿਕ ਸਰੋਕਾਰਾਂ ਪ੍ਰਤੀ ਜਾਗਰੂਕ ਜਥੇਬੰਦੀਆਂ ਨੂੰ ਇੱਕ ਮੰਚ ਤੇ ਇਕੱਠੇ ਹੋ ਕੇ ਫਿਰਕੂ ਤਾਕਤਾਂ ਵਿਰੁੱਧ ਲੜਨ ਦਾ ਸੱਦਾ ਦਿੱਤਾ ਗਿਆ ਤਾਂ ਜੋ ਤਾਨਾਸ਼ਾਹਾਂ ਦੇ ਉਭਾਰ ਨੂੰ ਰੋਕਿਆ ਜਾ ਸਕੇ।










# ਲੋਕ ਮਲਾ ਮੰਚ ਮੰਡੀ ਮੁੱਲਾਂਪੁਰ ਨਾਟਕ 'ਮਾਤਾ ਧਰਤਿ ਮਹਤੁ' ਖੇਡਿਆ





ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਕਰਵਾਏ ਜਾਂਦੇ ਹਰ ਮਹੀਨੇ ਦੇ ਅਖੀਰਲੇ ਸ਼ਨੀਵਾਰ ਦਾ ਸਮਾਗਮ ਦੇਸ਼ ਦੀਆਂ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਆਪਣੀਆਂ ਕੀਮਤੀ ਜਾਨਾਂ ਦੀ ਅਹੁੱਤੀ ਦੇਣ ਵਾਲੇ ਦੇਸ਼ ਭਗਤ ਸ਼ਹੀਦਾਂ ਨੂੰ ਸਮੱਰਪਿਤ ਕੀਤਾ ਗਿਆ। ਸਮਾਗਮ ਦਾ ਉਦਘਾਟਨ ਸ. ਜਸਵੀਰ ਸਿੰਘ ਟੈਕਸ ਕੰਨਸਲਟੈਂਟ, ਕੁਲਦੀਪ ਸਿੰਘ ਜੀ ਰਾਜੂ ਜਿਊਲਰ ਵਾਲੇ, ਸੰਤੋਖ ਗਿੱਲ ਉੱਘੇ ਪੱਤਰਕਾਰ, ਸੁਖਵੰਤ ਮੋਹੀ, ਗੁਰਜੀਤ ਸਿੰਘ, ਲਖਿੰਦਰ ਸਿੰਘ, ਅੰਜੂ ਚੌਧਰੀ, ਨੀਰਜਾ ਬਾਂਸਲ ਨੇ ਸਾਂਝੇ ਰੂਪ ਵਿੱਚ ਕੀਤਾ। ਹਨੇਰਿਆਂ ਨੂੰ ਦੂਰ ਕਰਨ ਲਈ ਚਾਨਣ ਦਾ ਪ੍ਰਤੀਕ ਮੋਮਬੱਤੀਆਂ ਬਾਲ ਕੇ ਸਮਾਗਮ ਦਾ ਆਗਾਜ਼ ਕੀਤਾ। ਇਸ ਮੌਕੇ ਨੇ ਜਸਵੀਰ ਸਿੰਘ ਨੇ ਲੋਕ ਕਲਾ ਮੰਚ ਦੇ ਸੁਚੱਜੇ ਕਾਰਜਾਂ ਦੀ ਪ੍ਰਸੰਸਾਂ ਕੀਤੀ। ਲੋਕ ਕਲਾ ਮੰਚ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਨੇ ਦੇਸ਼ ਭਗਤ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਾਨੂੰ ਯਤਨ ਜੁਟਾਉਣੇ ਚਾਹੀਦੇ ਹਨ। ਇਸ ਸਮਾਗਮ ਵਿੱਚ ਲੋਕ ਕਲਾ ਮੰਚ ਵੱਲੋਂ ਸ੍ਰੀ ਗੁਰੁ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਪ੍ਰੇਰਣਾ ਲੈ ਕੇ ਆਪਣੀ ਹਵਾ ਪਾਣੀ ਤੇ ਧਰਤੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦਾ ਸੱਦਾ ਦਿੰਦਾ ਹਰਕੇਸ਼ ਚੌਧਰੀ ਦਾ ਲਿਖਿਆ ਤੇ ਨਿਰਦੇਸਿਤ ਨਾਟਕ 'ਮਾਤਾ ਧਰਤਿ ਮਹਤੁ' ਖੇਡਿਆ ਗਿਆ। ਨਾਟਕ ਨੇ ਸਪੱਸਟ ਸੁਨੇਹਾ ਦਿੱਤਾ ਕਿ ਹਰੀ ਕ੍ਰਾਂਤੀ ਦੇ ਛਲਾਵੇ ਦੀ ਖੇਡ ਰਚਾ ਕੇ ਕਿਸਾਨਾਂ ਨਾਲ ਧੋਖਾ ਕੀਤਾ ਗਿਆ ਹੈ। ਉਹਨਾਂ ਦੇ ਸਿਰ ਤੇ ਮਣਾਂ ਮੂਹੀ ਕਰਜ਼ਿਆਂ ਦਾ ਬੋਝ ਲੱਦਿਆ ਗਿਆ, ਜ਼ਮੀਨਾਂ ਵਿਕ ਗਈਆਂ ਹਨ। ਕੈਂਸਰ ਵਰਗੀਆਂ ਭਿਆਨਕ ਬਿਆਰੀਆਂ ਪੱਲੇ ਪੈ ਗਈਆਂ ਹਨ। ਪੰਜਾਬ ਸੂਬੇ ਦਾ ਦੇਸ਼ ਦੇ ਕੁਲ ਰਕਬੇ ਦਾ 2% ਰਕਬਾ ਹੈ। ਪੰਜਾਬ ਦੀ ਧਰਤੀ ਤੇ ਕੁਲ ਦੇਸ਼ ਦੀਆਂ 15% ਪੈਸਟੀਸਾਈਡਜ਼ ਨੂੰ ਪਾਇਆ ਜਾ ਰਿਹਾ ਹੈ। ਇਸ ਨਾਲ ਸਾਡੀ ਧਰਤੀ ਨੂੰ ਵੀ ਕੈਂਸਰ ਹੋ ਗਿਆ ਹੈ। ਲੋਕਾਂ ਨੂੰ ਭਿਆਨਕ ਬਿਮਾਰੀਆਂ ਲੱਗ ਰਹੀਆਂ ਹਨ। ਨਾਟਕ ਵਿੱਚ ਪ੍ਰਵਾਸੀ ਮਜਦੂਰਾਂ ਨਾਲ ਹੁੰਦੇ ਅਣਮਨੁੱਖੀ ਵਿਵਹਾਰ ਤੇ ਵੀ ਟਕੋਰ ਕੀਤੀ ਹੈ। ਨਾਟਕ ਦੇ ਅੰਤ ਵਿੱਚ ਪਾਤਰਾਂ ਦੁਆਰਾ ਬੂਟੇ ਵੀ ਦਰਸ਼ਕਾਂ ਵੰਡੇ ਗਏ। ਇਸ ਨਾਟਕ ਵਿੱਚ ਕਮਲਜੀਤ ਮੋਹੀ, ਦੀਪਕ ਰਾਏ, ਪਰਦੀਪ ਕੌਰ, ਅਨਿਲ ਸੇਠੀ, ਜੁਝਾਰ ਸਿੰਘ, ਕੁਲਵਿੰਦਰ ਸਿੰਘ, ਭਾਗ ਸਿੰਘ, ਕਰਨਵੀਰ ਸਿੰਘ, ਰਾਵਿੰਦਰ ਸਿੰਘ ਨੇ ਬਹੁਤ ਪ੍ਰਭਾਵਿਤ ਕੀਤਾ। ਇਸ ਮੌਕੇ 'ਤੇ ਜਰਨੈਲ ਗਿੱਲ, ਲੈਕ. ਪਰਗਟ ਸਿੰਘ, ਗੁਰਮੀਤ ਸਿੰਘ, ਜਗਦੀਪ ਸਿੰਘ, ਪਰਦੀਪ ਸਿੰਘ ਲੋਟੇ, ਰਾਜਿੰਦਰ ਕੌਰ, ਗੁਰਪ੍ਰੀਤ ਸਿੰਘ ਆਦਿ ਦਰਸ਼ਕਾਂ ਨੇ ਸਮਾਗਮ ਦਾ ਆਨੰਦ ਮਾਣਿਆ। ਸਮਾਗਮ ਪ੍ਰਭਾਵਸ਼ਾਲੀ ਰਿਹਾ।

# ਵਿਨੀਪੈਗ ਸ਼ੋਅ ਦਾ ਸਿਖਰ ! ਰੰਗਮੰਚ ਦੌਰੇ ਦਾ ਖ਼ੂਬਸੂਰਤ ਕਲਾਈਮੈਕਸ !!

**ਸਰੋਕਾਰਾਂ ਦੀ ਆਵਾਜ਼ ਬਿਊਰੋ**





ਵਿਨੀਪੈਗ ਵਿਚ ਕੱਲ੍ਹ ਰੰਗਮੰਚ ਦਾ ਇਮਤਿਹਾਨ ਸੀ..ਇਕੱਲਾ ਰੰਗਕਰਮੀ ਦਾ ਨਹੀਂ ਕਿ ਉਹਨੇ ਉਪਰੋਥਲੀ ਦੋ ਸੋਲੋ ਨਾਟਕ ਖੇਡਣੇ ਸੀ, ਦਰਸ਼ਕਾਂ ਦਾ ਵੀ ਕਿ ਉਹਨਾਂ ਲਗਾਤਾਰ ਤਿੰਨ ਘੰਟੇ ਸਿਰਫ ਨਾਟਕ ਦੇਖਣੇ ਸਨ!..ਦੋਵੇਂ ਸ਼ਤ ਪ੍ਰਤੀਸ਼ਤ ਅੰਕਾਂ ਨਾਲ ਪਾਸ ਹੋਏ।

ਮੇਪਲਜ਼ ਕਾਲਜੀਏਟ ਦੇ ਸਾਹਮਣੇ ਹੀ ਕਬੱਡੀ ਟੂਰਨਾਮੈਂਟ ਦਾ ਫਾਈਨਲ ਚੱਲ ਰਿਹਾ ਸੀ..ਪਰ ਦਰਸ਼ਕਾਂ ਨੇ ਵਕਤ ਰਹਿੰਦਿਆਂ ਹੀ ਸਾਰੀਆਂ ਕੁਰਸੀਆਂ ਭਰ ਦਿਤੀਆਂ..ਹਰ ਪਾਸੇ ਦਰਸ਼ਕਾਂ ਦੀ ਵੱਡੀ ਗਿਣਤੀ ਦੇਖ ਅਦਾਕਾਰ ਅੱਧਾ ਤਾਂ ਉਦੋਂ ਹੀ ਕਾਮਯਾਬ ਹੋ ਜਾਂਦਾ..ਸੰਮਾਂ ਵਾਲੀ ਡਾਂਗ ਨੂੰ ਲੋਕਾਂ ਨਿੱਠ ਕੇ ਦੇਖਿਆ..ਪੰਦਰਾਂ ਮਿੰਟ ਦੇ ਇੰਟਰਵਲ ਤੋਂ ਬਾਅਦ ਜਦੋਂ ਉਹਨਾਂ ਲੱਛੂ ਕਬਾੜੀਆ ਦੇਖਿਆ ਤਾਂ ਸੰਮਾਂ ਵਾਲੀ ਡਾਂਗ ਦਾ ਬਖ਼ਤਾਵਰ ਸਿੰਘ ਵੀ ਉਹਨਾਂ ਦੇ ਚੇਤੇ 'ਚ ਤਾਜ਼ਾ ਸੀ..ਦੂਜੇ ਨਾਟਕ ਨਾਲ ਪਹਿਲੇ ਨਾਟਕ ਦੀ ਜੁੜ ਰਹੀ ਕੜੀ ਦਰਸ਼ਕਾਂ 'ਤੇ ਅਸਰ ਕਰ ਰਹੀ ਸੀ..ਏਸੇ ਲਈ ਇਹ ਵੱਖਰਾ ਤੇ ਕਾਮਯਾਬ ਤਜਰਬਾ ਸੀ!

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਨੂੰ ਸ਼ਾਬਾਸ਼ ਕਿ ਉਹਨਾਂ ਦੇ ਸਾਰੇ ਅਹੁਦੇਦਾਰਾਂ ਨੇ ਮਿਹਨਤ ਨਾਲ ਸਾਰਾ ਪ੍ਰਬੰਧ ਕੀਤਾ..ਹਰਨੇਕ ਧਾਲੀਵਾਲ, ਹਰਿੰਦਰ ਗਿੱਲ, ਮੰਗਤ ਸਹੋਤਾ, ਮੁਖਤਿਆਰ ਸਿੰਘ, ਜਸਵੀਰ ਮੰਗੂਵਾਲ, ਪ੍ਰਭਜੀਤ ਸਿੰਘ ਤੇ ਉਹਨਾਂ ਦੇ ਹੋਰ ਸਾਥੀਆਂ ਦਾ ਧੰਨਵਾਦੀ ਹਾਂ!..ਹਰਿੰਦਰ ਗਿੱਲ ਦੇ ਸਪੁੱਤਰ ਅਤੇ ਐਨ ਕੇ ਜੀਤ ਦੇ ਪੋਤੇ ਦਾ ਖਾਸ ਧੰਨਵਾਦ, ਇਹਨਾਂ ਦੋਵੇਂ ਨੌਜਵਾਨਾਂ ਨੇ ਮੰਚ ਸਜਾਉਣ ਵਿਚ ਅਹਿਮ ਭੂਮਿਕਾ ਨਿਭਾਈ!

ਰਜਿੰਦਰ ਸੇਖੋਂ ਦੇ ਸਮੂਹ ਪਰਿਵਾਰ ਲਈ ਧੰਨਵਾਦ ਦੀ ਥਾਂ ਬਹੁਤ ਸਾਰਾ ਪਿਆਰ..ਇਹਨਾਂ ਨਾਲ ਨਾਤਾ ਕਿਸੇ ਪ੍ਰੀਭਾਸ਼ਾ ਤੋਂ ਬਾਹਰ ਹੈ..ਗੁਰਮਿੰਦਰ ਸੇਖੋਂ, ਕੁਲਵੰਤ ਕੌਰ, ਹਰਦੀਪ ਕੌਰ, ਨੀਨਾ ਸਾਰੇ ਮੇਰੇ ਆਪਣੇ ਨੇ..ਇਸ ਨਾਟ ਸਮਾਗਮ ਲਈ ਮੇਰੇ ਤੋਂ ਵੱਧ ਚਾਅ ਉਹਨਾਂ ਨੂੰ ਸੀ।

ਦੋ ਮਹੀਨੇ ਤੋਂ ਚੱਲ ਰਿਹਾ ਰੰਗਮੰਚ ਸਫਰ ਦਾ ਕੱਲ੍ਹ ਆਖਰੀ ਪੜਾਅ ਸੀ..ਏਨਾ ਖ਼ੂਬਸੂਰਤ ..ਏਨੇ ਪਿਆਰ ਮੁਹੱਬਤ ਵਾਲਾ..ਦਰਸ਼ਕਾਂ 'ਚ ਪੈਦਾ ਹੋਈ ਸਮਝ ਤੇ ਚੇਤਨਾ ਵਾਲਾ..ਮੁੜ ਮੁੜ ਆਉਣ ਦੇ ਵਾਅਦਿਆਂ ਵਾਲਾ..ਤਾਂ ਆਖਰੀ ਕੁੱਝ ਨਵੇਂ ਤਾਜ਼ੇ ਦੀ ਸ਼ੁਰੂਆਤ ਬਣ ਜਾਂਦਾ ..ਏਹੀ ਹੋਇਆ ਹੈ!..ਯਾਦਗਾਰੀ ਦੌਰਾ ਅਜੇ ਕੁੱਝ ਦਿਨ ਹੋਰ..ਚੜ੍ਹਦੀ ਕਲਾ 'ਚ ਹਾਂ ..ਮੈਂ ਵੀ..ਮੇਰੇ ਦਰਸ਼ਕ ਵੀ..ਇਹ ਕਲਾ ਚੜ੍ਹਦੀ ਰਹੇਗੀ!

ਪਿਆਰ ਸਤਿਕਾਰ ਦੀ ਪੀਂਘ ਝੂਟਦਾ
ਸਾਹਿਬ ਸਿੰਘ


WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Warranty
10 Year Labor Warranty
WE FINANCE TOO
York Authorized Dealer
YORK



WE DO INSTALL & SERVICE ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca

SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526
- General Contracting
- Quality Custom Homes
- Quality Framing
- 2-5-10 Year Warranty
2-5-10 Year Warranty



A Class Granite Ltd.
A CLASS GRANITE
PRICED RIGHT AND DONE RIGHT



CALL FOR A FREE ESTIMATE
MALKIT
WWW.ACLASSGRANITE.ORG
- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

## ਪਾਸ਼ ਦੇ ਜਨਮ ਦਿਨ 'ਤੇ ਵਿਸ਼ੇਸ਼

### ਪਾਸ਼ ਦੀਆਂ ਕਵਿਤਾਵਾਂ

### ਗੀਤ: ਪੈਰਾਂ ਦੀਏ ਮਿੱਟੀਏ

ਪੈਰਾਂ ਦੀਏ ਮਿੱਟੀਏ, ਪਹਾੜ ਬਣ ਜਾਈਂ
ਕੱਖਾਂ ਦੀਏ ਕੁੱਲੀਏ ਮੀਨਾਰ ਬਣ ਜਾਈਂ
ਆਪਣੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ
ਲੱਖ ਲੱਖ ਦਾ ਏ ਤੇਰਾ ਕੱਖ ਨੀ
ਕਿਰਤੀ ਦੀਏ ਕੁੱਲੀਏ...

ਜੁੱਗਾਂ ਦੀ ਉਸਾਰੀ ਤੇਰੇ ਕੱਖਾਂ ਵਿੱਚ ਖੇਲ੍ਹਦੀ
ਸਦੀਆਂ ਤੋਂ ਆਈ ਏਂ ਗ਼ੁਲਾਮੀਆਂ ਤੂੰ ਝੇਲਦੀ
ਹੋ ਜਾ ਹੁਸ਼ਿਆਰ, ਬਾਹਰ ਆਈ ਏ ਬਹਾਰ
ਹੁਣ ਮੇਲ ਅੰਬਰਾਂ ਦੇ ਨਾਲ ਅੱਖ ਨੀ
ਕਿਰਤੀ ਦੀਏ ਕੁੱਲੀਏ...

ਉੱਠ ਤੇਰੇ ਵਾਰਸਾਂ ਦਾ ਆ ਗਿਆ ਜ਼ਮਾਨਾ ਨੀ
ਪੌਣਾਂ ਵਿੱਚ ਗੂੰਜਿਆ ਆਜ਼ਾਦੀ ਦਾ ਤਰਾਨਾ ਨੀ
ਲੋਕਾਂ ਚੁੱਕੇ ਹਥਿਆਰ, ਅੱਜ ਬੰਨ੍ਹ ਕੇ ਕਤਾਰ
ਲੈਣੀ ਵੈਰੀਆਂ ਦੀ ਧਾੜ ਉਨ੍ਹਾਂ ਡੱਕ ਨੀ
ਕਿਰਤੀ ਦੀਏ ਕੁੱਲੀਏ...

ਕਈ ਤੇਰੇ ਵਾਰਸਾਂ ਨੇ ਦਿੱਤੀ ਜਿੰਦ ਵਾਰ ਨੀ
ਜਿਹੜੇ ਰਾਹੇ ਗਿਆ ਸੀ ਸਰਾਭਾ ਕਰਤਾਰ ਨੀ
ਓਹੀਓ ਫੜ ਲਿਆ ਰਾਹ, ਸਾਰੀ ਦੁਨੀਆਂ ਗਵਾਹ
ਕੋਈ ਹਾਕਮਾਂ ਤੋਂ ਪੁੱਛ ਲਏ ਬੇਸ਼ੱਕ ਨੀ
ਕਿਰਤੀ ਦੀਏ ਕੁੱਲੀਏ...

ਕੱਲ੍ਹ ਬਾਬਾ ਬੁੱਢਾ ਇੱਕ ਮਾਰਿਆ ਪੁਲੀਸ ਨੇ
ਹਿੱਕ ਵਿੱਚ ਗੋਲ਼ੀ ਖਾਧੀ ਬਾਬੂ ਤੇ ਦਲੀਪ ਨੇ
ਪੂਰੀ ਕੀਤੀ ਏ ਰਸਮ ਦਇਆ ਸਿੰਘ ਦੀ ਕਸਮ
ਗੱਲ ਰਹੀ ਨਾ ਹਕੂਮਤਾਂ ਦੇ ਵੱਸ ਨੀ
ਕਿਰਤੀ ਦੀਏ ਕੁੱਲੀਏ...

ਜੁੱਗਾਂ ਤੱਕ ਰਹਿਣੇ ਏਹੋ ਸਾਕੇ ਮਸ਼ਹੂਰ ਨੀ
ਲਿਖੇ ਇਤਿਹਾਸ ਜਿਹੜੇ ਪਿੰਡ ਦੱਦਾਹੂਰ ਨੀ
ਬਾਜਾਂ ਵਾਲੇ ਦੀ ਕਟਾਰ, ਅੱਜ ਰਹੀ ਲਲਕਾਰ
ਉਹਨੇ ਵੱਢ ਵੱਢ ਦੇਣੇ ਵੈਰੀ ਰੱਖ ਨੀ
ਕਿਰਤੀ ਦੀਏ ਕੁੱਲੀਏ...

ਝੁੱਗੀਏ ਨੀ ਪਾਸਬਾਨ ਤੇਰੇ ਜਾਗ ਪਏ
ਜਾਗੇ ਤੇਰੇ ਖੇਤ ਤੇ ਕਿਸਾਨ ਤੇਰੇ ਜਾਗ ਪਏ
ਖੋਲ੍ਹੀ ਅੱਖ ਮਜ਼ਦੂਰ, ਹਾਲੀ ਜਾਣਾ ਬੜੀ ਦੂਰ
ਉਹਨੇ ਖੋਹਣੇ ਅਜੇ ਜਾਬਰਾਂ ਤੋਂ ਹੱਕ ਨੀ
ਕਿਰਤੀ ਦੀਏ ਕੁੱਲੀਏ...

ਪੈਰਾਂ ਦੀਏ ਮਿੱਟੀਏ, ਪਹਾੜ ਬਣ ਜਾਈਂ
ਕੱਖਾਂ ਦੀਏ ਕੁੱਲੀਏ ਮੀਨਾਰ ਬਣ ਜਾਈਂ
ਆਪਣੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ...
ਲੱਖ ਲੱਖ ਦਾ ਏ ਤੇਰਾ ਕੱਖ ਨੀ
ਕਿਰਤੀ ਦੀਏ ਕੁੱਲੀਏ...

•••

### ਗੀਤ: ਸੋਨੇ ਦੀ ਸਵੇਰ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ

ਮਿਹਨਤਾਂ ਦਾ ਮੁੱਲ ਆਪੇ ਪਾਊਣਾ ਲੋਕਾਂ ਨੇ
ਧਰਤੀ 'ਤੇ ਸੁਰਗ ਬਣਾਊਣਾ ਲੋਕਾਂ ਨੇ
ਇੱਕੋ ਜਿੰਨੀ ਖ਼ੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆਂ

ਭੁੱਖਾ ਨੰਗਾ ਸੌਊ ਨਾ ਕੋਈ ਫੁੱਟਪਾਥ 'ਤੇ
ਜੀਣ ਦਾ ਸਮਾਨ ਹੋਊ ਸਭ ਵਾਸਤੇ
ਰੋਲੂ ਨਾ ਕੋਈ ਪੈਰੀਂ ਸੱਧਰਾਂ ਕੁਆਰੀਆਂ
ਦਿਲ 'ਤੇ ਗਰੀਬ ਦੇ ਨਾ ਫੇਰੂ ਆਰੀਆਂ
ਡਰੂ ਨਾ ਕੋਈ ਕਿਸੇ ਨੂੰ ਡਰਾਊ ਹਾਣੀਆਂ

ਭੁੱਖਾ ਕਿਸੇ ਮਾਂ ਦਾ ਨਾ ਜਵਾਕ ਰੋਊਗਾ
ਸਾਰਿਆਂ ਦੇ ਨਾਲ ਇਨਸਾਫ਼ ਹੋਊਗਾ
ਜੁੱਗਾਂ ਦੇ ਲਿਤਾੜੇ ਜ਼ਿੰਦਗੀ 'ਚ ਆਉਣਗੇ
ਜਨਤਾ ਦੇ ਦੋਖੀ ਪੂਰੀ ਸਜ਼ਾ ਪਾਉਣਗੇ
ਤਕੜਾ ਨਾ ਮਾੜੇ ਨੂੰ ਸਤਾਊ ਹਾਣੀਆਂ

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼੍ਹਬਾਂ ਦੇ ਵੱਟੇ ਬੰਨੇ ਟੁੱਟ ਜਾਣਗੇ
ਦੁਨੀਆਂ 'ਤੇ ਇਕੋ ਹੀ ਜਮਾਤ ਹੋਵੇਗੀ
ਰੋਜ਼ ਹੀ ਦਿਵਾਲੀ ਵਾਲੀ ਰਾਤ ਹੋਵੇਗੀ
ਰੱਜ ਰੱਜ ਖਾਣਗੇ ਕਮਾਊ ਹਾਣੀਆਂ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ

• • •

### ਨਾਚ ਬੋਲੀਆਂ

ਬਾਗ਼ ਲਵਾਇਆ, ਬਗ਼ੀਚਾ ਲਵਾਇਆ
ਵਿੱਚ-ਵਿੱਚ ਫਿਰਦੇ ਮੋਰ
ਹੁਣ ਅਸਾਂ ਨਹੀਂ ਛੱਡਣੇ ਇਹ ਫ਼ਸਲਾਂ ਦੇ ਚੋਰ
ਹੁਣ ਅਸਾਂ ਨਹੀਂ ਛੱਡਣੇ

ਕਿੱਕਰਾਂ ਵੀ ਲੰਘ ਗਈ ਬੇਰੀਆਂ ਵੀ ਲੰਘ ਗਈ
ਲੰਘਣਾ ਰਹਿ ਗਿਆ ਖਾਲਾ, ਲੋਕਾਂ ਨੂੰ ਡਰ ਕੋਈ ਨਾ
ਹੋਊ ਸਰਕਾਰ ਨੂੰ ਪਾਲਾ, ਲੋਕਾਂ ਨੂੰ ਡਰ ਕੋਈ ਨਾ

ਤਿੱਖੀ ਨੋਕ ਦੀ ਜੁੱਤੀ ਵੀ ਘਸ ਗਈ ਨਾਲੇ
ਘਸ ਗਈਆਂ ਖੁਰੀਆਂ
ਬਈ ਮਾਰੋ-ਮਾਰ ਕਰਦੀਆਂ ਯਾਰੋ ਫ਼ੌਜਾਂ
ਕਿਧਰ ਨੂੰ ਤੁਰੀਆਂ
ਬਈ ਫ਼ੌਜਾਂ ਤੁਰੀਆਂ ਜੰਗ ਜਿੱਤਣੇ ਨੂੰ
ਡੰਡੀਆਂ ਸੜਕਾਂ ਭੁਰੀਆਂ
ਫ਼ੌਜਾਂ ਜਨਤਾ ਦੀਆਂ ਕਦੋਂ ਮੋੜੀਆਂ ਮੁੜੀਆਂ
ਫ਼ੌਜਾਂ ਜਨਤਾ ਦੀਆਂ

ਗਾਂ ਨਹੀਂ ਮਿਲਦੀ, ਵੱਛਾ ਨਹੀਂ ਝੱਲਦੀ,
ਗਾਂ ਨੂੰ ਨਿਆਣਾ ਪਾ ਲਉ
(ਬਈ) ਵੋਟਾਂ ਲੈ ਕੇ ਇੰਦਰਾ ਮੁੱਕਰ ਗਈ,
ਪਰ੍ਹੇ ਦੇ ਵਿੱਚ ਬਿਠਾ ਲਉ
(ਬਈ) ਇੰਦਰਾ ਨੇ ਸਾਡੀ ਗੱਲ ਨ੍ਹੀਂ ਸੁਣਨੀ,
ਡਾਂਗੀਂ ਸੰਮ ਚੜ੍ਹਾ ਲਉ
(ਬਈ) 'ਕੱਠੇ ਹੋਕੇ ਕਰੀਏ ਹੱਲਾ,
ਹਾਕਮ ਲੰਮੇ ਪਾ ਲਉ
ਜ਼ੁਲਮ ਦੀ ਜੜ੍ਹ ਵੱਢਣੀ,
ਦਾਤੀਆਂ ਤੇਜ਼ ਕਰਾ ਲਉ
ਜ਼ੁਲਮ ਦੀ ਜੜ੍ਹ ਵੱਢਣੀ

ਕਰ ਲਾ, ਕਰ ਲਾ ਜ਼ੁਲਮ ਹਕੂਮਤੇ
ਮਾਰ ਲਾ ਡਾਕੇ ਧਾੜੇ
(ਨੀ) ਜਾਂ ਅੱਤ ਚੁੱਕਦੇ ਬਾਹਲੇ ਪਾਪੀ
ਜਾਂ ਅੱਤ ਚੁੱਕਦੇ ਮਾੜੇ
(ਨੀ) ਤੇਰੇ ਤਾਂ ਦਿਨ ਲੱਗਦੇ ਥੋੜ੍ਹੇ
ਲੱਛਣ ਦਿਸਦੇ ਮਾੜੇ
(ਨੀ) ਜ਼ੁਲਮ ਤੇਰੇ ਦੀ ਕਿਸਮ ਪੁਰਾਣੀ
ਨਵੇਂ ਨਾ ਕੋਈ ਪਵਾੜੇ
(ਨੀ) ਚੁਣ-ਚੁਣ ਕੇ ਅਣਖੀਲੇ
ਯੋਧੇ ਤੂੰ ਜੇਲ੍ਹਾਂ ਵਿੱਚ ਤਾੜੇ
ਗੱਜਦੇ ਸ਼ੇਰਾਂ ਨੇ ਕਦੇ ਨਾ ਕੱਢਣੇ ਹਾੜ੍ਹੇ
ਗੱਜਦੇ ਸ਼ੇਰਾਂ ਨੇ

ਹੋਰਨਾਂ ਤਾਂ ਪਾ ਲਏ ਬੰਗਲੇ ਕੋਠੀਆਂ
ਤੂੰ ਕਿਉਂ ਪਾ ਲਈ ਛੰਨ ਓ ਜੱਟਾ
ਉੱਠ ਮੂੰਹ ਸ਼ਾਹਾਂ ਦੇ ਭੰਨ ਓ ਜੱਟਾ,
ਉੱਠ ਮੂੰਹ ਸ਼ਾਹਾਂ ਦੇ

ਪਾਲ਼ੋ ਪਾਲ ਮੈਂ ਡੇਕਾਂ ਲਾਈਆਂ
ਉੱਤੋਂ ਦੀ ਲੰਘ ਗਈ ਤਿੱਤਰੀ
ਵੱਡੀ ਹਵੇਲੀ 'ਚੋਂ ਕੋਈ ਧਾਹਾਂ
ਮਾਰਦੀ ਨਿਕਲੀ
ਵੱਡੀ ਹਵੇਲੀ 'ਚੋਂ

ਤੇਰੀ ਮੇਰੀ ਲੱਗ ਗਈ ਟੱਕਰ
ਲੱਗ ਗਈ ਸ਼ਰੇ ਬਜ਼ਾਰ
ਤੂੰ ਆਪਣੀ ਦੌਲਤ ਤੋਂ ਬੜ੍ਹਕੇਂ
ਮੇਰਾ 'ਸੱਚ' ਹਥਿਆਰ
ਮੈਨੂੰ ਛਿੜਿਆ ਰੋਹ ਦਾ ਕਾਂਬਾ
ਤੈਨੂੰ ਚੜ੍ਹੇ ਬੁਖ਼ਾਰ
ਨਾਲ਼ੇ ਲੈਣਾ ਤੈਨੂੰ ਮਿਥ ਕੇ
ਨਾਲ਼ੇ ਤੇਰੀ ਸਰਕਾਰ
ਸਾਂਭ ਮੇਰਾ ਹੁਣ ਵਾਰ,
ਅੱਜ ਤਾਈਂ ਤੂੰ ਲੁੱਟਿਆ

ਪੇਸ਼ਕਸ਼ ਡਾ. ਸੁਰਿੰਦਰ ਧੰਜਲ
ਕਨਵੀਨਰ ਪਾਸ਼ ਮੈਮੋਰੀਅਲ
ਇੰਟਰਨੈਸ਼ਨਲ ਟਰੱਸਟ

ਇਹ ਕਵਿਤਾ ਨਹੀਂ

## ਅਸੀਂ ਚੰਨ ਤੇ ਚੜ੍ਹਕੇ ਵੇਖਿਆ ਬੱਦੋਵਾਲ ਸਕੂਲ



ਬਿਕਰਮ ਲੈਂਡਰ
ਚੰਨ ਤੇ ਉੱਤਰ ਗਿਐ
ਸਰਕਾਰੇ ਦਰਬਾਰੇ
ਜੇਤੂ ਜੈਕਾਰੇ
ਚੰਨ ਤੇ ਚਾੜ੍ਹਿਆ ਤਿਰੰਗਾ
ਅਖੇ ਨੱਚੇ, ਗਾਏ ਹਰ ਬੰਦਾ

ਗ਼ਦਰੀ ਦੇਸ਼ ਭਗਤ
ਹਰੀ ਸਿੰਘ ਉਸਮਾਨ ਦੇ ਪਿੰਡ
ਬੱਦੋਵਾਲ ਸਰਕਾਰੀ ਸਕੂਲ ਦਾ
ਲੈਂਟਰ ਡਿਗਣ ਨਾਲ?
ਮਹਿਲਾ ਅਧਿਆਪਕ
ਸਦਾ ਦੀ ਨੀਂਦ ਸੌਂ ਗਈ

ਚੰਨ ਤੇ ਅੱਜ ਚਾੜ੍ਹਿਆ ਤਿਰੰਗਾ
'ਆਜ਼ਾਦੀ' ਵਾਲੇ ਦਿਨ
ਬੱਦੋਵਾਲ ਸਕੂਲ ਤੇ ਚਾੜ੍ਹਿਆ ਸੀ।
ਤਿਰੰਗਾ
ਲੈਂਟਰ ਹੇਠਾਂ ਦਬ ਗਿਐ
ਤਿਰੰਗਾ
ਹੁਣ ਇਹਦਾ ਕੀ ਕਰੀਏ ?
ਪਿੰਡ ਦਾ ਪੁੱਛਦੈ ਹਰ ਬੰਦਾ

ਗੋਦੀ ਮੀਡੀਆ ਤੇ ਖ਼ਬਰ ਛਾਈ
ਚੰਨ ਤੇ ਬਿਕਰਮ ਲੈਂਡਰ ਦੀ
ਵਧਾਈ ਹੋਏ ਵਧਾਈ!
ਛੱਤਾਂ ਡਿਗਦੀਆਂ ਰਹਿੰਦੀਆਂ
ਕਿਉਂ ਪਾਈ ਦੁਹਾਈ

ਪਹਿਲੀਆਂ ਸਰਕਾਰਾਂ ਵੇਲੇ
ਕਿਹੜਾ ਛੱਤਾਂ ਨਹੀਂ ਡਿਗੀਆਂ
ਐਡਾ ਕੀ ਲੋਹੜਾ ਆਇਆ
ਸਰਕਾਰ ਇਹ ਖੋਜ ਕਰਨ 'ਚ
ਬਿਜ਼ੀ ਹੈ
ਕਿ
ਮਿੱਡ ਡੇਅ ਮੀਲ ਵਾਲ਼ੀ
ਦਾਲ? 'ਚ ਟਮਾਟਰ
ਪਾਇਆ ਕਿ ਨਹੀਂ ਪਾਇਆ ?

ਸਕੂਲਾਂ 'ਚ ਹਵਨ ਕਰਾਏ
ਹਵਨ ਨੇ ਸਾਡੇ ਚਰਨ
ਚੰਨ ਤੇ ਪੁਆਏ
ਉਹ ਸ਼ੁਦਾਈ ਨੇ
ਜੋ ਕਹਿਣ ਇਹ ਕੰਮ
ਵਿਗਿਆਨ ਦਾ
ਇਹਨਾਂ ਨੂੰ ਕੌਣ ਸਮਝਾਏ
ਇਹ ਕ੍ਰਿਸ਼ਮਾ ਭਗਵਾਨ ਦਾ !

ਅਸਾਂ ਸਮਾਰਟ ਸਕੂਲ ਬਣਾਏ
ਕੀ ਕਰੀਏ ਜੇ ਫੇਰ ਵੀ
ਛੱਤ ਡਿਗ ਜਾਏ
ਉਹਦੀਆਂ ਉਹੀ ਜਾਣੇਂ
ਉਹਨੂੰ ਕੌਣ ਸਮਝਾਏ

ਜੇ ਚੰਦਰਮਾ ਭਗਵਾਨ ਦੀ
ਹੜ੍ਹ ਆਏ ਜਾਂ ਕੋਈ ਅੱਗਾਂ ਲਾਏ
ਅਲਫ਼ ਨੰਗੀਆਂ ਕਰ
ਕੋਈ ਧੀਆਂ ਨੂੰ ਘੁਮਾਏ
ਕੀ ਇਹ ਵੀ
ਸਭ ਲੀਲਾ ਹੈ ਭਗਵਾਨ ਦੀ ?
ਸਫ਼ਰ ਤੇ
ਨਿੱਕਲੀ ਸਵਾਰੀ
ਆਪ ਜ਼ਿੰਮੇਵਾਰ ਆਪਣੀ ਜਾਨ ਦੀ
ਸਰਕਾਰ ਬਿਜ਼ੀ ਹੈ
ਸਰਕਾਰ ਕੁੱਝ ਨਾ ਜਾਣਦੀ।

– ਅਮੋਲਕ ਸਿੰਘ

## ਪੀਪਲਜ਼ ਵਾਇਸ ਦਾ ਦਰਵਾਜ਼ਾ



ਪੀਪਲਜ਼ ਵਾਇਸ ਪੰਜਾਬੀ ਦਾ
ਦਰਵਾਜ਼ਾ ਬੰਦ ਹੈ
ਉਦਾਸ ਹੈ
ਇਸ ਉਦਾਸ ਮੌਸਮ ਨੂੰ
ਉਦਾਸੀਆਂ, ਸੰਵਾਦ ਅਤੇ
ਸੰਵੇਦਨਾ 'ਚ ਕੌਣ ਬਦਲੇਗਾ!

ਉਡੀਕਦੇ ਨਾ ਰਹੋ
ਉਹ ਆਏਗਾ
ਉਹ ਆਪਣਾ ਫਰਜ਼ ਨਿਭਾ ਗਿਐ
ਤੁਸੀਂ ਆਪਣੀ ਗੱਲ ਕਰੋ
ਤੁਸੀਂ ਜ਼ਿੰਦਗੀ ਦਾ ਕੀ ਨਾਂਅ ਰੱਖਿਐ
ਪੀਪਲਜ਼ ਵਾਇਸ ਲਈ
ਕਿਹੜਾ ਥਾਂ ਰੱਖਿਐ।

ਤੁਸੀਂ ਆਪਣੀ ਗੱਲ ਕਰੋ
ਉਹ ਕਿਤੇ ਨਹੀਂ ਗਿਆ,
ਉਹ ਆਏਗਾ
ਕੁੰਡਾ ਖੜਕਾਏਗਾ
ਦੁੱਲੇ ਭੱਟੀ ਦਾ ਕਿੱਸਾ ਸੁਣਾਏਗਾ
ਇਹ ਹੈ ਦਰਦ ਕਹਾਣੀ
ਮਿੱਲਾਂ ਦੇ ਮਜ਼ਦੂਰਾਂ ਦੀ
ਗਾ ਕੇ ਸੁਣਾਏਗਾ

ਜੇ ਗੱਲ ਜਿਸਮਾਂ ਦੀ ਕਰਦੇ ਹੋ
ਉਹ ਨਹੀਂ ਆਏਗਾ,
ਜੇ ਗੱਲ ਸੋਚਾਂ ਦੀ ਕਰਦੇ ਹੋ
ਉਹ ਕਿਤੇ ਨਹੀਂ ਜਾਏਗਾ
ਐਥੇ ਹੀ ਆਸੇ ਪਾਸੇ ਗਾਏਗਾ:
ਮੈਂ ਧਰਤੀ ਪੰਜਾਬ ਦੀ
ਲੋਕੋ! ਵਸਦੀ ਉੱਜੜ ਗਈ
ਉਹ ਆਵਾਜ਼ ਮਾਰੇਗਾ:
ਹੈਲੋ!
'ਮੈਂ ਭਗਤ ਸਿੰਘ ਬੋਲ ਰਿਹਾਂ'
'ਸਾੜ੍ਹਸਤੀ' ਦੇ ਪਰਦੇ ਖੋਲ੍ਹ ਰਿਹਾਂ
..ਦੇਵ ਪੁਰਸ਼ ਹਾਰ ਗਏ
ਨਾਟਕ ਕਰਦਾ ਕਰਦਾ
ਕਦੇ ਕਦੇ ਇਉਂ ਮਹਿਸੂਸ ਕਰਦਾਂ
ਕਿ ਦੇਵ, ਦੈਂਤ ਤੇ ਰੂਹਾਂ ਹੱਥੋਂ
ਥੋੜ੍ਹਾ ਬਹੁਤਾ ਮੈਂ ਵੀ ਹਾਰ ਗਿਆਂ

ਸੁਣ ਰਹੇ ਕਿ ਸੌਂ ਗਏ
ਸੌਂ ਗਏ ਕਿ
ਔਹ ਗਏ, ਬੱਸ ਔਹ ਗਏ
ਕੱਲ੍ਹ ਹੋਰ ਤੇ ਪਰਸੋਂ ਹੋਰ
ਫ਼ਰਜ਼ਾਂ ਨੂੰ ਪੈ ਜਾਂਦੇ ਚੋਰ

ਤੁਸੀਂ ਸੁਣਨ ਵਾਲੇ ਬਣੋ
ਕਹਾਣੀ ਬੁਣਨ ਵਾਲੇ ਬਣੋ
ਉਹ ਇੱਕ ਸੋਚ ਦਾ ਨਾਂ ਹੈ
ਧੁੱਪਾਂ ਜਰਦਿਆਂ ਲਈ ਛਾਂ ਹੈ।

ਬੂਟਾ ਲਾਉਣਾ ਇੱਕ ਗੱਲ ਹੈ
ਕਿਹੜਾ ਬੂਟਾ ਲਾਉਣਾ ਹੋਰ ਗੱਲ ਹੈ
ਬੂਟੇ ਨੂੰ ਪਾਣੀ ਪਾਉਣਾ
ਉਸਤੋਂ ਵੀ ਹੋਰ ਗੱਲ ਹੈ
ਬੂਟੇ ਦਾ ਕਾਇਨਾਤ ਨੂੰ ਮਹਿਕਾਉਣਾ
ਹੋਰ ਦੀ ਹੋਰ, ਬੱਸ ਹੋਰ ਹੀ ਗੱਲ ਹੈ।

ਪੀਪਲਜ਼ ਵਾਇਸ ਖਾਮੋਸ਼ ਨਾ ਹੋਏ
ਜਿਸਮ ਦਾ ਕੀ ਹੈ
ਇਹ ਨੀਹਾਂ 'ਚ ਖਲੋਏ ਜਾਂ ਮੋਏ
ਲੋਕ ਆਵਾਜ਼, ਪੀਪਲਜ਼ ਵਾਇਸ
ਲੋਕਾਂ ਦੀ ਹੋਏ।
ਕਹਿ ਦਿਓ ਹਵਾਵਾਂ ਨੂੰ
ਕਹਿ ਦਿਓ ਫਿਜ਼ਾਵਾਂ ਨੂੰ
ਅਸੀਂ ਫਿਰ ਆਂਵਾਂਗੇ
ਕੂੜ ਦੇ ਘੜੇ ਭੰਨਣ ਲਈ
ਮੁੜ ਕਾਫ਼ਲੇ ਬੰਨ੍ਹਣ ਲਈ
ਫੁੱਲਾਂ ਦੀ ਬਹਾਰ ਲਈ
ਜ਼ਿੰਦਗੀ ਦੇ ਗਲ ਪਾਉਣਾ ਜੋ
ਉਸ ਹਾਰ ਲਈ, ਸ਼ਿੰਗਾਰ ਲਈ।

ਗਿਆਨ ਵਿਗਿਆਨ ਨੂੰ
ਜ਼ਹਿਰ ਪਿਲਾ ਕੇ ਦੇਖ ਲਿਆ
ਸੂਲੀ ਤੇ ਚੜ੍ਹਾ ਕੇ ਦੇਖ ਲਿਆ
ਸਮਿਆਂ ਨੇ ਬੱਸ ਇਹੋ ਕਿਹਾ
ਪੀਪਲਜ਼ ਵਾਇਸ,ਲੋਕ ਆਵਾਜ਼
ਜ਼ਿੰਦਾਬਾਦ! ਜ਼ਿੰਦਾਬਾਦ

ਤਸਵੀਰ: ਮਾਸਟਰ ਤਰਲੋਚਨ ਦੁਆਰਾ ਆਪਣੇ ਘਰ ਦੀ ਉਪਰਲੀ ਮੰਜ਼ਿਲ ਤੇ ਬਣਾਇਆ ਸਟੂਡੀਓ ਪੀਪਲਜ਼ ਵਾਇਸ ਦਾ ਦਰਵਾਜ਼ਾ।

- ਅਮੋਲਕ ਸਿੰਘ

## ਅਦੁੱਤੀ ਕਰਾਮਾਤ !

– ਮੁਬਾਰਕਾਂ!
ਚੰਦਰਯਾਨ ਤੂੰ
ਚੰਦਰਮਾ 'ਤੇ
ਪਹੁੰਚ ਗਿਆ!
ਇਹ ਕਿਸੇ
ਪਾਖੰਡੀ ਸਾਧ ਦੀ
ਕਰਾਮਤ ਨਹੀਂ!
ਨਾ ਗੈਬੀ ਸ਼ਕਤੀ ਏ!
ਬਲਕਿ –
ਵਿਗਿਆਨ ਦਾ ਸੱਚ ਏ
ਕਿ–
ਬੁਝਾਰਤਾਂ ਬੁੱਝਣਾ !
ਕੁਦਰਤ ਦਾ ਵਰਤਾਰਾ,
ਕੁਦਰਤ ਦਾ ਪਸਾਰਾ,
ਕਿਉਂ ਹੋਇਆ,
ਕਦੋਂ ਹੋਇਆ,
ਕਿਂਝ ਹੋਇਆ,
ਗੁੱਝਾ ਭੇਤ
ਲੱਭਣਾ !
ਨਾਲੇ ਤੱਕਣਾ
ਕਿ –
ਚੰਦਰਮਾ ' ਤੇ
ਬੁੱਢੀ ਮਾਈ ਦਾ ਚਰਖਾ
ਅਜੇ ਵੀ ਕੱਤਣਾ?
ਤੱਕਲਿਆਂ ਨੂੰ ਸਿੱਧਾ ਰੱਖਣਾ!
ਕਿੰਨਾ ਕੱਤਿਆ!
ਕਿੰਨਾ ਕੁ ਹੋਰ ਕੱਤਣਾ !
ਚੰਦਰਯਾਨ ਹੁਣ
ਇਹ ਵੀ ਦੱਸੀ,
ਕਿ –
ਚੰਦਰਮਾ 'ਤੇ ਪਏ
ਗਿੱਲੇ ਪਰਨੇ ਦੇ ਛਿੱਟੇ
ਸੁੱਕੇ ਨੇ
ਕਿ ਹਾਲੇ
ਗਿੱਲੇ ਨੇ!
ਜਾਂ ਸਿੱਲ੍ਹੇ ਨੇ!
ਚੰਦਰਯਾਨ –
ਚੰਦ 'ਮਾਮਾ'
ਕਿਵੇਂ ਬਣਿਆ ?
ਤੂੰ –
ਸੱਚ ਦੱਸਣਾ !
ਪਾਇਆ ਪਰਦਾ ਚੁੱਕਣਾ!
ਪਿਛੇ ਨਾ ਹਟਣਾ!
ਅੰਧ-ਵਿਸ਼ਵਾਸ ਨੂੰ ਡੱਕਣਾ !
ਚੰਦਰਯਾਨ–
ਇਹ ਵੀ ਦੱਸਣਾ
ਕਿ–
ਉਥੇ ਤਾਂ ਨ੍ਹੀਂ ਕਿਤੇ
ਧਰਤੀ ਵਾਂਗਰਾਂ
ਬੰਦਾ ਬੰਦੇ ਨੂੰ
ਵਿਤਕਰੇ ਨਾਲ ਡੱਸਣਾ?
ਚੰਦਰਯਾਨ ਤੂੰ ਵਿਗਿਆਨ!
ਵਿਗਿਆਨ ਬਹੁਤ ਮਹਾਨ!
ਜੈ ਵਿਗਿਆਨ!
ਜੈ ਵਿਗਿਆਨ!

-ਸੁਖਦੇਵ ਸਲੇਮਪੁਰੀ

## ਗ਼ਜ਼ਲ

ਸੋਚਿਆ ਸੀ ਬਦਲ ਦੇਵਾਂ ਨਕਸ਼ ਦਹਿਰ ਦਾ,
ਹੋਰ ਗੂਹੜਾ ਹੋ ਗਿਆ ਰੰਗ ਖ਼ੂਨੀ ਗਹਿਰ ਦਾ।

ਕਿੱਥੇ ਖਲੋਤੇ ਰਹਿ ਗਏ ਸਮੇਂ ਦੇ ਹਾਣੀਓਂ,
ਡੱਕੀ ਹਵਾ ਨਾ ਥੰਮਦੀ, ਨਾ ਵਕਤ ਠਹਿਰ ਦਾ।

ਵਰੋਲਿਆਂ ਸੰਗ ਰਲ ਗਏ, ਟਹਿਣੀ ਤੋਂ ਟੁੱਟ ਕੇ,
ਕੀ ਲਵਾਂ ਹੁਣ ਨਾਮ ਮੈਂ, ਚੱਲ ਆਪਣੇ ਸ਼ਹਿਰ ਦਾ।

ਤੇਰੇ ਗਿਰਾਂ ਦਾ ਅੱਜ ਕੱਲ ਕਿਹਾ ਵਿਧਾਨ ਹੈ,
ਨਿੱਤ ਬਦਲ ਦਾ ਤੱਕਿਆ ਮੈਂ, ਰੰਗ ਕਹਿਰ ਦਾ।

ਰਾਹੋਂ ਕੁਰਾਹੇ ਭਟਕ ਦਾ, ਇੱਕ ਕਾਫਲਾ ਫਿਰੇ,
ਆ ਮੇਰੀ ਛਾਂਵੇਂ ਕੱਟ ਲਓ, ਸਮਾਂ ਦੁਪਹਿਰ ਦਾ।

ਕੌਣ ਉਹਦੀ ਕਬਰ 'ਤੇ ਦੀਵਾ ਜਲਾ ਗਿਆ,
ਕੌਣ ਫਿਰੇ ਸੁੰਘਦਾ, ਨਿਸ਼ਾਨ ਪੈੜ ਦਾ।

ਅੰਜਾਮ ਮੇਰੇ ਇਸ਼ਕ ਦਾ, ਤਾਂ ਰੱਬ ਜਾਣਦਾ,
ਚੌਹ ਕੰਧਾਂ ਦੀ ਦੋਸਤੀ, ਜਾਂ ਕੰਢਾ ਨਹਿਰ ਦਾ।

— ਉਜਾਗਰ ਲਲਤੋਂ

ਇਨਕਲਾਬੀ, ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ, ਤਰਕਸ਼ੀਲ, ਵਿਗਿਆਨਕ, ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਸੂਹਣ ਦਾ ਮੁੱਠਾ



ਪਰਮਿੰਦਰ ਕੌਰ ਸਵੈਚ
604 760 4794



ਅੱਜ ਮੈਂ ਬਹੁਤ ਦਿਨਾਂ ਬਾਅਦ ਸ਼ੌਪਿੰਗ ਮਾਲ਼ ਗਈ ਹਾਂ, ਨਹੀਂ ਤਾਂ ਨੇੜੇ ਦੇ ਗਰੋਸਰੀ ਸਟੋਰ ਜਾਂਦੀ ਹਾਂ ਤੇ ਖਾਣ ਪੀਣ ਦੀਆਂ ਜ਼ਰੂਰੀ ਚੀਜ਼ਾਂ ਲੈ ਕੇ ਮੁੜ ਆਉਂਦੀ ਹਾਂ। ਕੋਵਿਡ ਨੇ ਘਰਾਂ ਵਿੱਚ ਅਜਿਹਾ ਬੰਦ ਕੀਤਾ ਹੈ ਕਿ ਹੁਣ ਤਾਂ ਰੂਹ ਵੀ ਨਹੀਂ ਕਰਦੀ ਕਿ ਬੇਲੋੜਾ ਬਾਹਰ ਜਾਇਆ ਜਾਵੇ। ਸੁਰਬੀਨ ਮੈਨੂੰ ਕਈ ਵਾਰ ਕਹਿ ਚੁੱਕੀ ਹੈ ਸ਼ੌਪਿੰਗ ਮਾਲ ਜਾਣ ਲਈ, ਪਰ ਮੈਂ ਹਰ ਸਮੇਂ ਟਾਲ ਮਟੋਲ ਹੀ ਕਰਦੀ ਰਹਿੰਦੀ ਹਾਂ, ਅੱਜ ਜਦ ਉਸਨੇ ਖਹਿੜਾ ਹੀ ਨਾ ਛੱਡਿਆ ਤਾਂ ਅਣਮੰਨੇ ਜਿਹੇ ਦਿਲ ਨਾਲ ਉਹਦਾ ਦਿਲ ਰੱਖਣ ਲਈ ਮੈਂ ਮਾਲ਼ ਆ ਗਈ ਹਾਂ। ਸੁਰਬੀਨ ਨੇ ਵੱਖ ਵੱਖ ਸਟੋਰਾਂ ਵਿੱਚੋਂ ਕਾਫ਼ੀ ਸਮਾਨ ਖ਼ੀਦਿਆ ਪਰ ਮੈਂ ਆਪ ਕੁੱਝ ਵੀ ਖ਼ੀਦਣ ਵਿੱਚ ਬਹੁਤੀ ਦਿਲਚਸਪੀ ਨਹੀਂ ਦਿਖਾਈ। ਸਟੋਰਾਂ ਵਿੱਚ ਫਿਰਦਿਆਂ ਜਦੋਂ ਇੰਡੀਆ ਬਜ਼ਾਰ ਹੋਲ ਸੇਲ ਨਜ਼ਰ ਆਇਆ ਤਾਂ ਸੁਭਾਵਕ ਹੀ ਮੈਂ ਉਧਰ ਨੂੰ ਅਹੁਲ ਗਈ ਤਾਂ ਸੁਰਬੀਨ ਨੇ ਮੇਰੀਆਂ ਅੱਖਾਂ ਦੀ ਚਮਕ ਦੇਖ ਕੇ ਕਿਹਾ, ‘‘ਮਾਂ ਘਰੋਂ ਤਾਂ ਮਾਲ਼ ਆਉਣ ਨੂੰ ਵੀ ਤਿਆਰ ਨਹੀਂ ਸੀ, ਹੁਣ ਐਥੋਂ ਕੀ ਲੈਣੇ ?’’

‘‘ਸੁਰਬੀਨ, ਲੈਣਾ ਤਾਂ ਕੁਸ਼ ਨਹੀਂ, ਪਰ ਉਂਜ ਹੀ ਪ੍ਰਦੇਸਾਂ ਵਿੱਚ ਆ ਕੇ ਇੰਡੀਆ ਦੀਆਂ ਚੀਜ਼ਾਂ ਦੇਖਣ ਨੂੰ ਦਿਲ ਕਰ ਆਉਂਦੈ।’’ ਮੈਂ ਹਾਉਕਾ ਜਿਹਾ ਲੈ ਕੇ ਕਿਹਾ।

‘‘ਜੇ ਕੁਸ਼ ਲੈਣਾ ਨਹੀਂ ਫਿਰ ਟਾਈਮ ਖ਼ਰਾਬ ਕਿਉਂ ਕਰਦੇ ਓਂ ?’’ ਸੁਰਬੀਨ ਨੇ ਲਾਪ੍ਰਵਾਹੀ ਨਾਲ ਕਿਹਾ।

ਮੈਂ ਉਸਦੇ ਰੋਕਦੇ ਰੋਕਦੇ ਸਟੋਰ ਵਿੱਚ ਵੜ ਗਈ। ਸਟੋਰ ਵਿੱਚ ਹਰ ਤਰ੍ਹਾਂ ਦੀਆਂ ਚੀਜ਼ਾਂ ਵੱਖਰੀ ਵੱਖਰੀ ਲਾਈਨ ਵਿੱਚ ਸ਼ੈਲਫਾਂ ਤੇ ਸਲੀਕੇ ਨਾਲ ਚਿਣੀਆਂ ਪਈਆਂ ਹਨ। ਮੇਰਾ ਹਰ ਚੀਜ਼ ਦੇਖ ਕੇ ਖ਼ੀਦਣ ਨੂੰ ਦਿਲ ਕਰਦਾ ਹੈ ਭਾਵੇਂ ਅਚਾਰ, ਚਟਨੀਆਂ, ਮਸਾਲੇ, ਦਾਲਾਂ, ਭਾਂਡੇ, ਖੁਰਪੇ, ਦਾਤੀਆਂ ਆਦਿ ਕਿੰਨਾ ਈ ਕੁੱਝ। ਹੁਣ ਮੇਰੇ ਬੱਚੇ ਵੱਡੇ ਹੋ ਗਏ ਹਨ ਤੇ ਇਹ ਘਰ ਵਿੱਚ ਮੇਰਾ ਖ਼ੀਦਿਆ ਵਾਧੂ ਘਾਟੂ ਸਮਾਨ ਰੱਖਣਾ ਪਸੰਦ ਨਹੀਂ ਕਰਦੇ। ਸੁਰਬੀਨ ਤਾਂ ਕਈ ਵਾਰੀ ਲੜ ਵੀ ਪੈਂਦੀ ਐ।

‘‘ਮਾਂ ਜਿੰਨਾ ਘਰ ਵਿੱਚ ਵਾਧੂ ਸਮਾਨ ਹੁੰਦੈ ਨਾ, ਉਂਨਾ ਬੰਦਾ ਵੱਧ ਬਿਮਾਰ ਰਹਿੰਦੈ।’’ ਉਹ ਅਕਸਰ ਖਿਝੀ ਹੋਈ ਕਹਿ ਦਿੰਦੀ ਹੈ।

‘‘ਨੀਂ ਧੀਏ, ਮੈਂ ਤਾਂ ਇਹ ਸਾਰਾ ਕੁੱਝ ਰੀਝਾਂ ਨਾਲ---।’’

‘‘ਪਹਿਲਾਂ ਮਾਂ ਸਮਾਨ ਨੂੰ ਰੱਖਣ ਦਾ ਫ਼ਿਕਰ, ਫਿਰ ਸਾਂਭਣ ਦਾ ਫ਼ਿਕਰ ਤੇ ਫਿਰ ਚੀਜ਼ਾਂ ਦੀ ਸਫ਼ਾਈ ਦਾ ਫ਼ਿਕਰ। ਜੇ ਕੁੱਝ ਹੋਰ ਨਵਾਂ ਲੈ ਆਏ ਫਿਰ ਪੁਰਾਣੇ ਨੂੰ ਸਿੱਟਣ ਦਾ ਫ਼ਿਕਰ। ਪਹਿਲਾਂ ਈ ਘਰ ਭਰੀ ਬੈਠੇ ਓਂ, ਲੋੜ ਦੀਆਂ ਚੀਜ਼ਾਂ ਈ ਲੈਣੀਆਂ ਚਾਹੀਦੀਆਂ ਨੇ।’’ ਉਹ ਤਲਖ਼ ਹੋ ਕੇ ਕਹਿੰਦੀ ਹੈ।

ਮੈਂ ਸਮਝਦੀ ਹਾਂ ਕਿ ਗੱਲ ਤਾਂ ਉਹਦੀ ਵੀ ਠੀਕ ਈ ਐ, ਐਂਵੇ ਘਰ ਵਿੱਚ ਕੁੱਝ ਨਾ ਕੁੱਝ ਨਵਾਂ ਲਿਆ ਰੱਖਦੀ ਆਂ। ਅੱਜ ਵੀ ਸਟੋਰ ਵਿੱਚ ਚੀਜ਼ਾਂ ਦੇਖ ਦੇਖ ਮਨ ਨੂੰ ਉਹੀ ਪੁਰਾਣਾ ਪੰਜਾਬ ਦਾ ਅਹਿਸਾਸ ਜਿਹਾ ਹੋ ਰਿਹਾ ਹੈ, ਮੇਰੇ ਝੁਕਾਅ ਨੂੰ ਦੇਖ ਕੇ ਸੁਰਬੀਨ ਫਟਾਫਟ ਦਰਵਾਜ਼ੇ ਤੇ ਜਾ ਕੇ ਖੜ੍ਹ ਗਈ ਹੈ। ਉਹਨੂੰ ਪਤਾ ਹੈ ਕਿ ਮਾਂ ਨੇ ਇੱਥੋਂ ਛੇਤੀ ਨਹੀਂ ਨਿਕਲਣਾ। ਮੈਂ ਅਣਮੰਨੇ ਦਿਲ ਨਾਲ ਬਾਹਰ ਨੂੰ ਤੁਰ ਪੈਂਦੀ ਹਾਂ। ਆਲ਼ਾ ਦੁਆਲ਼ਾ ਦੇਖਦੀ ਹੋਈ ਜਦੋਂ ਦਰਵਾਜ਼ੇ ਦੇ ਕੋਲ਼ ਸੱਜੇ ਪਾਸੇ ਨੂੰ ਨਿਗ੍ਹਾ ਗਈ ਤਾਂ ਤੀਲਾਂ ਵਾਲ਼ੀਆਂ ਸੂਹਣਾਂ ਪਈਆਂ ਦੇਖ ਕੇ ਝੱਟ ਚੁੱਕਣ ਲੱਗਦੀ ਹਾਂ ਕਿ ਕਿਹੜੀ ਵਧੀਆ ਹੈ। ਸਾਡੇ ਇਲਾਕੇ (ਮਾਲਵੇ) ਵਿੱਚ ਝਾੜੂ ਜਾਣੀ ਲੰਬੀਆਂ ਤੀਲਾਂ ਵਾਲੇ ਝਾੜੂ ਨੂੰ ਸੂਹਣ ਕਹਿੰਦੇ ਹਨ।

ਸੁਰਬੀਨ ਨੇ ਪਿੱਠ ਘੁਮਾ ਕੇ ਦੇਖੀ ਤਾਂ ਮੇਰੇ ਹੱਥ ਵਿੱਚ ਮੇਰੇ ਪਸੰਦ ਦੀਆਂ ਦੋ ਸੂਹਣਾਂ ਹਨ।

‘‘ਮਾਂ, ਕੀ ਚੱਕੀ ਆਉਂਦੇ ਓਂ, ਰੱਖੋ ਇਹਨਾਂ ਨੂੰ ਐਥੇ, ਆਜੋ ਮੈਂ ਚੱਲੀ ਆਂ ਗੱਡੀ ਵਿੱਚ, ਲੇਟ ਹੋ ਰਹੇ ਆਂ।’’ ਕਹਿ ਕੇ ਪਾਰਕਿੰਗ ਲਾਟ ਵੱਲ ਨੂੰ ਚਲੀ ਗਈ।

ਮੈਂ ਉਸਦੀ ਕਾਹਲ਼ੀ ਨੂੰ ਦੇਖਦੀ ਹੋਈ ਫਟਾ ਫਟ ਕਾਊਂਟਰ ਤੇ ਜਾਂਦੀ ਹਾਂ ਤੇ ਦੋਨੋਂ ਸੂਹਣਾਂ ਦਾ ਬਿੱਲ ਦੇ ਕੇ ਅੰਦਰੋਂ ਸੁਰਬੀਨ ਦੀਆਂ ਦਲੀਲਾਂ ਤੋਂ ਡਰਦੀ ਤੇ ਚਿਹਰੇ ਤੇ ਖੁਸ਼ੀ ਲਿਆ ਕੇ ਗੱਡੀ ਵਿੱਚ ਜਾ ਬੈਠਦੀ ਹਾਂ।

‘‘ਮਾਂ ਮੇਰੇ ਕਹੇ ਤੇ ਹਟੇ ਨਹੀਂ’’, ਮੇਰੇ ਹੱਥ ਵਿੱਚ ਸੂਹਣਾਂ ਦੇਖ, ਉਸਨੇ ਹੱਸ ਕੇ ਕਿਹਾ, ‘‘ਨਾ ਇਹ ਦੋ ਕੀ ਕਰਨੀਆਂ ਸੀ ?’’

‘‘ਪੁੱਤ, ਅਸੀਂ ਇੱਕ ਦੇ ਨਾਲ ਅੰਦਰੋਂ ਸੁੰਭਰਦੇ ਹੁੰਦੇ ਸੀ ਤੇ ਇੱਕ ਨਾਲ ਬਾਹਰੋਂ।’’, ਮੈਂ ਚਾਅ ਨਾਲ ਜਵਾਬ ਦਿੱਤਾ।

‘‘ਮਾਂ, ਇੱਥੇ ਤੂੰ ਇਨ੍ਹਾਂ ਨਾਲ, ਨਾ ਬਾਹਰ ਸੁੰਭਰਨਾ ਹੈ ਤੇ ਨਾ ਅੰਦਰ, ਐਵੇਂ ਜੰਕ ਨਾਲ ਘਰ ਭਰੀ ਜਾਨੈਂ ਓ। ਹੁਣ ਇਹ ਰੁਲ਼ਦੀਆਂ ਫਿਰਨਗੀਆਂ ਘਰ ਵਿੱਚ, ਕਦੇ ਕਿਸੇ ਖੂੰਜੇ, ਕਦੇ ਕਿਸੇ ਖੂੰਜੇ।’’

‘‘ਗੱਲ ਤਾਂ ਤੇਰੀ ਠੀਕ ਐ ਸੁਰਬੀਨ।’’

‘‘ਮਾਂ ਤੇਰੀਆਂ ਸੂਹਣਾਂ ਨੇ ਇੱਥੇ ਕੁੱਝ ਨੀ ਕਰਨਾ, ਘਰ ਸਾਫ਼ ਕਰਨ ਲਈ ਤਾਂ ਵੈਕਿਊਮ ਵਰਤਦੇ ਹਾਂ।’’ ਮੈਂ ਸੁਰਬੀਨ ਦੀ ਗੱਲ ਅਣਸੁਣੀ ਕਰ ਦਿੰਦੀ ਹਾਂ।

ਜਲਦੀ ਹੀ ਅਸੀਂ ਘਰ ਪਹੁੰਚ ਜਾਂਦੀਆਂ ਹਾਂ ਤਾਂ ਸੁਰਬੀਨ ਫਟਾਫਟ ਗਰੋਸਰੀ ਲੁਹਾ ਕੇ ਰੂਮ ਵਿੱਚ ਤਿਆਰ ਹੋਣ ਚਲੀ ਜਾਂਦੀ ਹੈ ਤੇ ਕੁੱਝ ਚਿਰ ਬਾਅਦ ਆ ਕੇ, ‘‘ਮਾਂ ਮੈਂ ਦੋਸਤਾਂ ਨਾਲ ਬਾਹਰ ਚੱਲੀ ਆਂ, ਦੋ-ਤਿੰਨ ਘੰਟੇ ਲੱਗ ਜਾਣਗੇ।’’ ਚਲੀ ਜਾਂਦੀ ਹੈ।

‘‘ਚੰਗਾ!’’

ਮੈਂ ਸੂਹਣਾਂ ਦੀ ਦੁਨੀਆਂ ਵਿੱਚ ਗੁਆਚ ਜਾਂਦੀ ਹਾਂ। ਸਾਡੀ ਦਾਦੀ ਇਹਨਾਂ ਸੂਹਣਾਂ ਨੂੰ ਘਰ ਦਾ ਰੰਗ ਭਾਗ ਸਮਝਦੀ ਹੁੰਦੀ ਸੀ। ਜੇ ਕਿਤੇ ਸੂਹਣ ਦੀਆਂ ਤੀਲਾਂ ਖਿੰਡ ਜਾਣੀਆਂ ਤਾਂ ਬੀਬੀ ਨਾਲ ਬਹੁਤ ਲੜਦੀ ਹੁੰਦੀ ਸੀ। ਦਾਦੀ ਨੇ ਗੁੱਸੇ ‘ਚ ਕਹਿਣਾ, ‘‘ਜੇ ਇੱਕ ਇੱਕ ਤੀਲਾ ਕਰਕੇ ਖਿੰਡਾ ਦਿੱਤੀਆਂ ਤਾਂ ਸੋਥਾ ਕਿੱਥੋਂ ਰਹੂ ? ਮੈਂ ਤਾਂ ਇੱਕ ਇੱਕ ਕਰਕੇ ਸਾਰੇ ਟੱਬਰ ਨੂੰ ਜੂੜੇ ‘ਚ ਬੰਨ੍ਹਿਆਂ ਹੋਇਐ, ਤੈਂ ਇਹਦਾ ਖਿਆਲ ਰੱਖਣੈ। ਤੂੰ ਸਭ ਨਾਲੋਂ ਵੱਡੀ ਐਂ।’’

ਬੀਬੀ ਨੇ ਹਾਂ ਵਿੱਚ ਸਿਰ ਹਿਲਾ ਦੇਣਾ ਤੇ ਇਕੱਲੀ ਇਕੱਲੀ ਤੀਲ ਇਕੱਠੀ ਕਰਦੀ ਨੇ ਫਿਰਨਾ। ਸੂਹਣ ਘਸ ਘਸ ਕੇ ਚਾਰ ਚਾਰ ਇੰਚ ਦੀ ਤਾਂ ਰਹਿ ਜਾਣੀ ਪਰ ਮਜ਼ਾਲ ਐ ਕਿ ਤੀਲੀਆਂ ਖਿੰਡ ਜਾਣ। ਬਚਦੇ ਮੁੱਠੇ ਨੂੰ ਵੀ ਫਿਰ ਪਤੀਲੇ ਮਾਂਜਣ ਨੂੰ ਰੱਖ ਲੈਣਾ। ਕਈ ਵਾਰ ਜੇ ਅੰਦਰਲੀ ਸੂਹਣ ਨਾਲ ਭੋਰਾ ਬਾਹਰਵਾਰ ਸੁੰਭਰ ਦੇਣਾ ਤਾਂ ਦਾਦੀ ਨੇ ਮੰਜੇ ਤੇ ਬੈਠੀ ਨੇ ਹੀ ਆਪਣੀ ਖੂੰਢੀ ਮੰਜੀ ਦੀ ਦੌਣ ਤੇ ਮਾਰਕੇ ਕਹਿਣਾ, ‘‘ਨੀ ਸੁਰਜੀਤੋ ਥੋਨੂੰ ਅਕਲ ਨੀ, ਬਾਹਰ ਦਾ ਗੰਦ ਹੁਣ ਅੰਦਰ ‘ਕੱਠਾ ਕਰਨੈ।’’

ਉਹਨਾਂ ਝੱਟ ਸੂਹਣ ਬਦਲ ਦੇਣੀ। ਦਾਦੀ ਦਾ ਘਰ ਵਿੱਚ ਬਹੁਤ ਰੋਹਬ ਹੁੰਦਾ ਸੀ, ਸਾਰਾ ਟੱਬਰ ਤਾਂ ਉਸਨੂੰ ਪੁੱਛ ਕੇ ਗੱਲ ਕਰਦਾ ਹੀ ਸੀ ਸਗੋਂ ਆਂਢ ਗੁਆਂਢ ਵਿੱਚ ਵੀ ਦਾਦੀ ਦੀ ਹਰ ਚੰਗੀ ਮਾੜੀ ਸਲਾਹ ਵਿੱਚ ਪੁੱਛ ਗਿੱਛ ਹੁੰਦੀ ਸੀ। ਦੋਨੋਂ ਚਾਚੀਆਂ ਤੇ ਬੀਬੀ ਤਾਂ ਡਰਦੀਆਂ ਈ ਬਹੁਤ ਸੀ। ਇੱਜ਼ਤ ਵੀ ਬਹੁਤ ਕਰਦੀਆਂ ਸਨ। ਉਹ ਵੀ ਸਾਰਿਆਂ ਨੂੰ ਦਿਲੋਂ ਪਿਆਰ ਕਰਦੀ ਸੀ ਪਰ ਮੂੰਹ ਦੀ ਕਸੈਲੀ ਜ਼ਰੂਰ ਸੀ। ਸਾਰਿਆਂ ਦੀਆਂ ਲੋੜਾਂ ਦਾ ਵੀ ਖਿਆਲ ਰੱਖਦੀ। ਲੋੜਾਂ ਵੀ ਕਾਹਦੀਆਂ ਹੁੰਦੀਆਂ ਸੀ, ਤਿੰਨ ਵੇਲ਼ੇ ਦੀ ਰੋਟੀ ਤੇ ਵਰ੍ਹੇ ਛਮਾਹੀ ਇੱਕ ਇੱਕ ਸੂਟ ਤੇ ਜੁੱਤੀਆਂ ਦਾ ਜੋੜਾ।

ਇੱਕ ਵਾਰ ਮੇਰੇ ਚਾਚੇ ਦੇ ਮੁੰਡੇ ਨੇ ਖੇਡਦੇ ਖੇਡਦੇ ਨੇ ਪਤਾ ਨਹੀਂ ਕਿੱਥੋਂ ਸੂਹਣ ਲਿਆ ਕੇ ਖੂੰਜੇ ਵਿੱਚ ਖੜ੍ਹੀ ਕਰ ਦਿੱਤੀ ਤਾਂ ਮੇਰੀ ਦਾਦੀ ਤਾਂ ਸਾਰਿਆਂ ਦੇ ਗਲ਼ ਪੈ ਗਈ।

‘‘ਇਹ ਤਾਂ ਬਹੁਤ ਮਾੜਾ ਹੁੰਦੈ।’’

ਮੈਂ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ। ਮੈਨੂੰ ਗੱਲਾਂ ਦੀ ਥੋੜ੍ਹੀ ਥੋੜ੍ਹੀ ਸਮਝ ਆਉਣ ਲੱਗ ਪਈ ਸੀ ਤੇ ਨਵਾਂ ਸਮਝਣ ਦੀ ਹਰਵਕਤ ਉਤਸੁਕਤਾ ਹੁੰਦੀ ਸੀ, ਉਦੋਂ ਤਾਂ ਦਾਦੀ ਦਾ ਗੁੱਸਾ ਸੱਤਵੇਂ ਅਸਮਾਨ ’ਤੇ ਸੀ ਪਰ ਦੂਜੇ ਤੀਜੇ ਦਿਨ ਮੈਂ ਦਾਦੀ ਤੋਂ ਕਹਾਣੀਆਂ ਸੁਣਨ ਦੇ ਬਹਾਨੇ ਮੈਂ ਦਾਦੀ ਦੀ ਗੋਦੀ ਵਿੱਚ ਸਿਰ ਰੱਖ ਕੇ ਪੈ ਗਈ।

‘‘ਬੇਬੇ ਥੋਨੂੰ ਹਰ ਵਕਤ ਝਾੜੂ ਦਾ ਕਿਉਂ ਐਨਾ ਫਿਕਰ ਰਹਿੰਦੈ ?’’ ਮੈਂ ਲਾਡ ਨਾਲ ਉਹਨੂੰ ਪੁੱਛਿਆ ਸੀ।

‘‘ਧੀਏ ਇਹੀ ਤਾਂ ਹੈ ਜੋ ਸਾਡੇ ਘਰ ਦਾ ਸਾਰਾ ਦਲਿੱਦਰ ‘ਕੱਠਾ ਕਰਕੇ ਬਾਹਰ ਸਿੱਟਦਾ ਰਹਿੰਦੈ, ਜੇ ਘਰ ਵਿੱਚ ਗੰਦ ਪਿਆ ਰਹੇ ਤਾਂ ਸੌ ਬਿਮਾਰੀ ਲੱਗੂ, ਨਾਲੇ ਧੀਏ ਦੇਖਣ ਨੂੰ ਘਰ ਸਾਫ਼ ਸੁਥਰਾ ਲੱਗਦੈ।

‘‘ਬੇਬੇ, ਤੁਸੀਂ ਕਹਿੰਦੇ ਸੀ ਕਿ ਸੂਹਣ ਖੜ੍ਹੀ ਕਰਨੀ ਬਹੁਤ ਮਾੜੀ ਹੁੰਦੀ ਐ, ਉਹ ਕਿਵੇਂ ?

‘‘ਜ਼ਿੰਦਗੀ ਵਿੱਚ ਅਸੀਂ ਇਹ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਬਹੁਤ ਕੁੱਝ ਸਿੱਖਦੇ ਆਂ ਪੁੱਤ।’’

‘‘ਉਹ ਕਿਵੇਂ ?’’ ਮੈਂ ਉਤਸੁਕਤਾ ਨਾਲ ਪੁੱਛਿਆ।

‘‘ਧੀਏ, ਜੇ ਸੂਹਣ ਦਾ ਮੁੱਠਾ ਉੱਤੇ ਨੂੰ ਐ ਤਾਂ ਤੀਲੀਆਂ ਨੇ ਮੁਚ ਜਾਣੈ, ਝੁਕ ਜਾਣੈ ਜਾਂ ਟੁੱਟ ਜਾਣੈ ਤੇ ਜੇ ਖੜ੍ਹੀ ਸੂਹਣ ਦਾ ਮੁੱਠਾ ਥੱਲੇ ਨੂੰ ਹੋਵੇ ਤਾਂ ‘ਕੱਲੀ ‘ਕੱਲੀ ਤੀਲੀ ਬਿਖਰ ਕੇ ਥਾਂ ਥਾਂ ਰੁਲ਼ਦੀ ਫਿਰੂ। ਇਹੀ ਗੱਲ ਪਰਿਵਾਰਾਂ ਦੀ ਆ, ਨਾ ਪਰਿਵਾਰ ਦੇ ਜੀਆਂ ਦਾ ਮੁਚਣਾ, ਝੁਕਣਾ, ਟੁੱਟਣਾ ਤੇ ਬਿੱਖਰਨਾ ਚੰਗਾ, ਤੇ ਨਾ ਹੀ ਸਭ ਦੇ ਮੂੰਹ ਪਰੇ ਪਰੇ ਹੋ ਜਾਣ ਇਹ ਚੰਗੈ। ਪੁੱਤ ਮੈਂ ਨੀਂ ਚਾਹੁੰਦੀ ਕਿ ਸਾਡੇ ਬੈਠੇ ਬਿਠਾਏ ਇਹ ਹੋਵੇ।

‘‘ਆਪਣੇ ਘਰ ਵਿੱਚ ਮੁੱਠਾ ਕਿਹੜਾ ?’’ ਮੈਂ ਸੁਭਾਵਕ ਹੀ ਆਪਣੀ ਨਾਸਮਝੀ ਮੁਤਾਬਕ ਪੁੱਛਿਆ।

‘‘ਮੈਂ ਤੇ ਤੇਰੇ ਦਾਦਾ ਜੀ, ਜਿਹੜੇ ਇਹ ਘਰ ਸੰਭਾਲਣ ਦੀ ਕੋਸ਼ਿਸ਼ ਕਰਦੇ ਹਾਂ। ਮੈਨੂੰ ਤਾਂ ਪੁੱਤ ਇਹ ਸੂਹਣ ਹੀ ਘਰ ਵਿੱਚ ਏਕੇ ਦਾ ਝਾਉਲਾ ਪਾਉਂਦੀ ਦੀਂਹਦੀ ਆ। ਸਾਰੀਆਂ ਤੀਲੀਆਂ ‘ਕੱਠੀਆਂ ਹੋ ਕੇ ਮਿੰਟੋਂ ਮਿੰਟੀਂ ਸਾਰਾ ਗੰਦ ਹੂੰਝ ਦਿੰਦੀਆਂ ਨੇ, ਭਲਾ ‘ਕੱਲੀ ‘ਕੱਲੀ ਕਰ ਲਊ ਇਹ ਸਾਰਾ ਕੰਮ। ਉਹੀ ਗੱਲ ਪਰਿਵਾਰਾਂ ਦੀ ਐ, ਸਾਰੇ ਮਿਲਕੇ ਰਹਿਣ, ਹਮੇਸ਼ਾਂ ਤਰੱਕੀ ਵੱਲ ਜਾਂਦੇ ਨੇ। ਅਸੀਂ ਤਾਂ ਇਵੇਂ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਲੈ ਕੇ ਜ਼ਿੰਦਗੀ ਬਸਰ ਕਰਦੇ ਆਂ, ਮੇਰੀ ਮਾਂ ਵੀ ਇਵੇਂ ਸਮਝਾਉਂਦੀ ਸੀ ਤੇ ਦਾਦੀ ਵੀ।’’ ਦਾਦੀ ਨੇ ਸਹਿਜ ਸੁਭਾਵਕ ਹੀ ਇਹ ਸਾਰਾ ਕੁੱਝ ਕਹਿ ਦਿੱਤਾ।

‘‘ਬੇਬੇ, ਇੱਕ ਦਿਨ ਬਾਪੂ ਜੀ ਮੱਘਰ ਚਾਚੇ ਨੂੰ ਖੜ੍ਹੀ ਸੂਹਣ ਕਿਉਂ ਕਹਿੰਦੇ ਸੀ।’’ ਮੈਨੂੰ ਇੱਕਦਮ ਯਾਦ ਆਇਆ ਤਾਂ ਮੈਂ ਉਤਸੁਕਤਾ ਨਾਲ ਪੁੱਛ ਲਿਆ।

ਬੇਬੇ ਹੱਸਣ ਲੱਗ ਪਈ, ‘‘ਉਹ ਤਾਂ ਢੈਅ ਜਾਣਾ, ਹੈ ਹੀ ਖੜ੍ਹੀ ਸੂਹਣ, ਕਲੇਸੀ ਕਿਤੇ ਦਾ, ਕਿਤੇ ਨਾ ਕਿਤੇ ਟੰਗ ਫਸਾਈ ਰੱਖਦੈ।’’

ਦਾਦੀ ਮੇਰੇ ਹੱਕੇ ਬੱਕੇ ਭੋਲ਼ੇ ਜਿਹੇ ਮੂੰਹ ਵੱਲ ਦੇਖ ਕੇ ਕਹਿੰਦੀ, ‘‘ਪੁੱਤ ਜਿਹੜਾ ਬੰਦਾ ਐਂਵੇ ਵਾਧੂ ਦੀ ਲੜਾਈ ਮੁੱਲ ਲੈਂਦਾ ਰਹਿੰਦਾ, ਉਹਨੂੰ ਕਹਿ ਦਿੰਦੇ ਨੇ, ਇਹ ਤਾਂ ਹਰਵਕਤ ਖੜ੍ਹੀ ਸੂਹਣ ਰੱਖਦੈ।’’

ਉਦੋਂ ਦਾਦੀ ਦੀਆਂ ਕਹਾਣੀਆਂ ਸੁਣਨ ਦਾ ਚਾਅ ਹੁੰਦਾ ਸੀ, ਉਹਨਾਂ ਦੇ ਅਰਥ ਜਾਂ ਸਿੱਟਾ ਕੱਢਣਾ ਅੱਥਰੀ ਜਵਾਨੀ ਵਿੱਚ ਕੀ ਮਾਅਨੇ ਰੱਖਦੈ। ਉਂਜ ਵੀ ਜ਼ਿੰਦਗੀ ਦੀ ਭੱਜ ਨੱਠ ਵਿੱਚ ਇਹ ਨਿਗੂਣੀਆਂ ਜਿਹੀਆਂ ਗੱਲਾਂ ਬਾਰੇ ਸੋਚਣ ਦਾ ਸਮਾਂ ਹੀ ਨਹੀਂ ਹੁੰਦਾ ਸੀ।


ਪਰ ਅੱਜ ਸੂਹਣਾਂ ਦੇਖ ਕੇ ਖਿਆਲ ਉਡਾਰੀਆਂ ਮਾਰਦੇ ਫਿਰ ਰਹੇ ਹਨ। ਮੈਂ ਚਾਹ ਬਣਾ ਲਈ ਤੇ ਪੀਣ ਲਈ ਸੋਫੇ ਤੇ ਬੈਠ ਕੇ ਟੀ. ਵੀ. ਦਾ ਬਟਨ ਖ਼ਬਰਾਂ ਸੁਣਨ ਲਈ ਦੱਬਿਆ ਹੈ। ਪੰਜਾਬੀ ਚੈਨਲ ਤੇ ਇੱਕ ਪਾਰਟੀ ਦਾ ਲੀਡਰ ਭਾਸ਼ਨ ਕਰ ਰਿਹਾ ਹੈ ਤਾਂ ਮੇਰਾ ਧਿਆਨ ਉਹਦੇ ਪਿੱਛੇ ਬੈਨਰ ਤੇ ਬਣੇ ਝਾੜੂ ਤੇ ਚਲਾ ਜਾਂਦਾ ਹੈ। ਮੇਰਾ ਸੁਰਤ ਫਿਰ ਅਤੀਤ ਵਿੱਚ ਗੁਆਚ ਜਾਂਦੀ ਹੈ ਜਦੋਂ ਨਵਾਂ ਨਵਾਂ ਇਸ ਪਾਰਟੀ ਦਾ ਬੋਲਬਾਲਾ ਹੋਇਆ ਸੀ। ਪ੍ਰਵਾਸੀ ਭਾਰਤੀਆਂ ਨੂੰ ਤਾਂ ਐਂ ਲੱਗਦਾ ਸੀ ਕਿ ਹੁਣ ਝਾੜੂ ਨੇ ਤਾਂ ਸਾਰੇ ਭਾਰਤ ਦਾ ਗੰਦ ਮੰਦ ਹੂੰਝ ਕੇ ਸਾਫ਼ ਕਰ ਦੇਣਾ ਹੈ। ਮੈਨੂੰ ਯਾਦ ਹੈ ਕਿ ਕਈ ਸੁਹਿਰਦ ਲੋਕ ਕਹਿੰਦੇ, ‘‘ਜਦੋਂ ਸਾਰਾ ਸਿਸਟਮ ਉਲਝਿਆ ਹੋਵੇ ਤਾਂ ਉਹ ਇਕੱਲੀ ਪਾਰਟੀ ਕੁੱਝ ਨੀ ਕਰ ਸਕਦੀ।’’

ਦੇਸ਼ ਪ੍ਰੇਮ ਵਿੱਚ ਭਾਵਕ ਹੋਏ ਲੋਕ ਇੱਕ ਦੂਜੇ ਦੇ ਗਲ਼ ਪੈ ਜਾਂਦੇ ਕਿ ਤੁਸੀਂ ਕੁੱਝ ਪੌਜੇਟਿਵ ਨਹੀਂ ਸੋਚ ਸਕਦੇ। ਪੰਜਾਬੀਆਂ ਦਾ ਸੁਭਾਅ ਹੈ ਕਿਸੇ ਦੀ ਅੰਡ ਕਿਸੇ ਦੀ ਪੰਡ, ਬੋਝਾ ਆਪਦੇ ਸਿਰ ‘ਤੇ। ਇਹ ਬੈਠੇ ਤਾਂ ਹਜ਼ਾਰਾਂ ਮੀਲ ਦੂਰ ਹਨ, ਕਰ ਕੁੱਝ ਸਕਦੇ ਨਹੀਂ, ਕਰਨਾ ਤਾਂ ਭਾਰਤੀਆਂ ਨੇ ਹੀ ਹੈ ਪਰ ਇਹ ਐਥੇ ਇੱਕ ਦੂਜੇ ਨਾਲ ਬਹਿਸੀ ਜਾਣਗੇ। ਕਈ ਵਾਰ ਰੇਡਿਓ ਟਾਕ ਸ਼ੋਆਂ ਤੇ ਕੈਨੇਡਾ ਦੇ ਮਸਲੇ ਤੇ ਕੋਈ ਕਾਲਰ ਆਉਂਦਾ ਹੀ ਨਹੀਂ, ਹੋਸਟ ਬੱਸ ਇੰਡੀਆ ਦੀ ਗੱਲ ਤੋਰ ਦੇਣ, ਮੂਹਰੇ ਤੋਂ ਮੂਹਰੇ ਲੜਨ ਨੂੰ ਤਿਆਰ ਬੈਠੇ ਹੁੰਦੇ ਨੇ। ਕਈ ਵਾਰ ਤਾਂ ਹੋਸਟ ਵੀ ਸਵਾਦ ਲੈਣ ਨੂੰ ਜਾਂ ਟਾਈਮ ਪਾਸ ਕਰਨ ਨੂੰ ਛੁਰਲੀ ਛੱਡ ਦਿੰਦੇ ਨੇ, ਫੇਰ ਤਾਂ ਬੱਸ---ਕੁੱਝ ਨਾ ਪੁੱਛੋ। ਇਹੀ ਤਾਂ ਸੱਚਾਈ ਐ ਕਿ ਵਹਾਅ ਵਿੱਚ ਸਾਨੂੰ ਤਰਕ ਬਾਰੇ ਸੁਣਨਾ ਵੀ ਬੁਰਾ ਲੱਗਦਾ ਹੈ। ਕਈ ਤਾਂ ਉਦੋਂ ਦੇ ਲੜੇ ਅੱਜ ਤੱਕ ਨੀ ਬੋਲੇ ਹੋਣੇ। ਕਈ ਕਹਿੰਦੇ ਅਸੀਂ ਤਾਂ ਲਾਲ ਝੰਡੇ ਵਾਲਿਆਂ ਦੇ ਮਗਰ ਫਿਰ ਫਿਰ ਕੇ ਸਾਰੀ ਉਮਰ ਜੁੱਤੀਆਂ ਤੁੜਾ ਲਈਆਂ, ਇਹ ਆਪ ਕੁਛ ਕਰਦੇ ਨਹੀਂ, ਦੂਜਿਆਂ ਵਿੱਚ ਵੀ ਅੜਿੱਕੇ ਅੜਾਈ ਜਾਂਦੇ ਨੇ। ਅੱਜ ਕੱਲ੍ਹ ਟੀ. ਵੀ. ਵੱਲ ਦੇਖ ਕੇ ਮੈਨੂੰ ਵੀ ਵਹਿਮ ਜਿਹਾ ਹੀ ਰਹਿੰਦੈ ਕਿ ਤਸਵੀਰਾਂ ਵਿੱਚ ਤਾਂ ਇਹਨਾਂ ਨੇ ਵੀ ਖੜ੍ਹੀ ਸੂਹਣ ਹੀ ਰੱਖੀ ਐ, ਸੁੱਖ ਰਹੇ, ਨਾ ਜਾਣੀਏ ਕਿਤੇ ਦਾਦੀ ਦੀ ਗੱਲ ਪੂਰੀ ਹੋ ਜਾਵੇ।

ਮੇਰੀ ਸੁਰਤੀ ਫਿਰ ਨਵੀਆਂ ਲਿਆਂਦੀਆਂ ਸੂਹਣਾਂ ਵੱਲ ਚਲੀ ਜਾਂਦੀ ਹੈ। ਮਨ ਵਿੱਚ ਸਵਾਲ ਉੱਠਦਾ ਹੈ, ‘‘ਇਹ ਬੇਲੋੜੀਆਂ ਕੀ ਕਰਨੀਆਂ ਹਨ ? ਹੁਣ ਤਾਂ ਦਾਦੀ ਵਾਲਾ ਜ਼ਮਾਨਾ ਵੀ ਨਹੀਂ ਰਿਹਾ, ਤੇ ਉੱਤੋਂ ਕੈਨੇਡਾ ਵਿੱਚ।’’

ਉਸੇ ਸਮੇਂ ਸੋਚ ਪਲਟਾ ਖਾਂਦੀ ਹੈ, ‘‘ਇਹ ਮੈਂ ਕਿਸੇ ਕੰਮ ਲਈ ਥੋੜ੍ਹਾ ਖ਼ੀਦੀਆਂ ਨੇ, ਮੈਂ ਤਾਂ ਇਹ ਏਕਤਾ ਦੇ ਪ੍ਰਤੀਕ ਵਜੋਂ ਖ਼ੀਦੀਆਂ ਨੇ। ਮੈਂ ਤਾਂ ਦਾਦੀ ਵਾਂਗ ਆਪਣਾ ਪਰਿਵਾਰ ਸਾਂਭਣਾ ਚਾਹੁੰਦੀ ਹਾਂ। ਜੇ ਮੇਰੇ ਇਹ ਸਾਹਮਣੇ ਹੋਣਗੀਆਂ ਤਾਂ ਹਰਵਕਤ ਮੈਨੂੰ ਮੇਰਾ ਫਰਜ਼ ਯਾਦ ਕਰਾਉਣਗੀਆਂ।’’ ਇਹਨਾਂ ਹੀ ਭੰਨਾਂ ਘੜਤਾਂ ਵਿੱਚ ਘੜੀ ਵੱਲ ਦੇਖਿਆ ਤਾਂ ਛੇ ਵੱਜ ਚੁੱਕੇ ਹਨ। ਜਲਦੀ ਜਲਦੀ ਰੋਟੀ ਟੁੱਕ ਦੇ ਆਹਰੇ ਲੱਗਦੀ ਹਾਂ। ਸੁਰਬੀਨ ਦੇ ਡੈਡੀ ਸੱਤ ਕੁ ਵਜੇ ਕੰਮ ਤੋਂ ਆਉਂਦੇ ਹਨ। ਬੱਚੇ ਵੀ ਕੰਮਾਂ ਕਾਰਾਂ ਤੋਂ ਉਦੋਂ ਹੀ ਪਹੁੰਚਦੇ ਨੇ। ਅਸੀਂ ਸਾਰਿਆਂ ਨੇ ਅੱਠ ਵਜੇ ਤੋਂ ਪਹਿਲਾਂ ਪਹਿਲਾਂ ਰੋਟੀ ਖਾਣੀ ਹੁੰਦੀ ਹੈ। ਸਾਰੇ ਅੱਗੜ ਪਿੱਛੜ ਪਹੁੰਚ ਕੇ ਨਹਾ ਧੋ ਕੇ ਸੋਫਿਆਂ ਤੇ ਬੈਠ ਆਪਣੇ ਫ਼ੋਨਾਂ ‘ਤੇ ਚੈਟ ਕਰ ਰਹੇ ਹਨ। ਕਦੇ ਮੁਸਕਰਾ ਲੈਂਦੇ ਹਨ ਤੇ ਕਦੇ ਗੰਭੀਰ ਹੋ ਜਾਂਦੇ ਹਨ।

ਮੈਨੂੰ ਚਾਚਾ ਮੱਘਰ ਯਾਦ ਆਉਂਦਾ ਹੈ। ਅੱਜ ਦਾ ਸ਼ੋਸ਼ਲ ਮੀਡੀਆ ਚਾਚਾ ਮੱਘਰ ਹੀ ਤਾਂ ਹੈ ਜੋ ਨਵੀਂ ਪੀੜ੍ਹੀ ਵਿੱਚ ਆ ਬੈਠਾ ਹੈ। ਮੈਂ ਕਿਚਨ ਟੇਬਲ ਤੇ ਖਾਣਾ ਪਰੋਸ ਦਿੱਤਾ ਹੈ ਤੇ ਸਭ ਨੂੰ ਵਾਰੀ ਵਾਰੀ ਖਾਣ ਲਈ ਕਹਿ ਚੁੱਕੀ ਹਾਂ। ਉਹ ਉੱਥੋਂ ਉੱਠ ਨਹੀਂ ਰਹੇ। ਉਹਨਾਂ ਦੀ ਅਣਸੁਣੀ ਕਰਕੇ ਮੇਰੇ ਅੰਦਰ ਖੌਰੂ ਉੱਠ ਖੜ੍ਹਦਾ ਹੈ। ਸੋਚਦੀ ਹਾਂ ਕਿ ਇਹ ਫ਼ੋਨਾਂ ਤੇ ਬੈਠੇ ਖੜ੍ਹੀ ਸੂਹਣ ਦੇ ਤੀਲੇ ਹੀ ਤਾਂ ਹਨ ਜੋ ਇਸ ਘਰ ਵਿੱਚ ਰਹਿੰਦੇ ਹੋਏ ਵੀ ਇੱਕ ਦੂਜੇ ਤੋਂ ਦੂਰ ਆਪਣੇ ਆਪਣੇ ਖਿਆਲਾਂ ਦੀ ਦੁਨੀਆਂ ਵਿੱਚ ਬਿਖਰਦੇ ਜਾ ਰਹੇ ਹਨ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# HOMELIFE SILVERCITY
REALTY INC., BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 450 REALTORS

# HOMELIFE SILVERCITY
REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com



BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton




# ‘ਸੰਮਾਂ ਵਾਲੀ ਡਾਂਗ’ ਤੇ ‘ਤੇਰੀ ਕਹਾਣੀ-ਮੇਰੀ ਕਹਾਣੀ’ ਨਾਟਕਾਂ ਦੀ ਯਾਦਗਾਰੀ ਪੇਸ਼ਕਾਰੀ !

## ਐਂਡਮਿਟਨ ਅਤੇ ਸਰੀ ਵਿਚ ਵੀ ਡਾ. ਸਾਹਿਬ ਸਿੰਘ ਦੇ ਨਾਟਕਾਂ ਦੀ ਸਫ਼ਲ ਪੇਸ਼ਕਾਰੀ ਹੋਈ

















ਕੈਲਗਰੀ (ਹਰਚਰਨ ਸਿੰਘ ਪ੍ਰਹਾਰ): ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਪਿਛਲੇ ਕਈ ਸਾਲਾਂ ਤੋਂ ਵਿਦੇਸ਼ਾਂ ਵਿੱਚ ਪੰਜਾਬੀ ਥੀਏਟਰ ਨੂੰ ਜਿੰਦਾ ਰੱਖਣ ਲਈ ਲਗਾਤਾਰ ਯਤਨਸ਼ੀਲ ਹਨ। ਇਸੇ ਲੜੀ ਵਿੱਚ ਇਸ ਸਾਲ ਦਾ ਤੀਜਾ ਨਾਟਕ ਸਮਾਗਮ ਐਤਵਾਰ 20, ਅਗਸਤ ਨੂੰ ਕੈਲਗਰੀ ਦੇ ਰੈਡ ਸਟੋਨ ਥੀਏਟਰ ਦੇ ਖਚਾ-ਖਚ ਭਰੇ ਹਾਲ ਵਿੱਚ ਕਰਵਾਇਆ ਗਿਆ। ਇਸ ਤੋਂ ਪਹਿਲਾਂ ਇਸੇ ਸਾਲ ਥੀਏਟਰ ਤੇ ਫਿਲਮੀ ਅਦਾਕਾਰ ਅਨੀਤਾ ਸਬਦੀਸ਼ ਅਤੇ ਫਿਰ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ, ਨਿਰਦੇਸ਼ਕ ਤੇ ਅਦਾਕਾਰ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਨਾਟਕ ਸਮਾਗਮ ਹੋਏ। ਅੱਜ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਦੋ ਨਾਟਕ ਖੇਡੇ ਗਏ ।ਨਾਟਕ ਸਮਾਗਮ ਦੀ ਸ਼ੁਰੂਆਤ ਸਿੱਖ ਵਿਰਸਾ ਸੰਪਾਦਕ ਸ. ਹਰਚਰਨ ਸਿੰਘ ਪ੍ਰਹਾਰ ਵਲੋਂ ਸਭ ਨੂੰ ਜੀ ਆਇਆਂ ਆਖ ਕੇ ਕੀਤੀ। ਸਟੇਜ ਸਕੱਤਰ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਮਾਸਟਰ ਭਜਨ ਸਿੰਘ ਨੇ ਦੋਨੋਂ ਜਥੇਬੰਦੀਆਂ ਵਲੋਂ ਕਰਵਾਏ ਜਾਂਦੇ ਪ੍ਰੋਗਰਾਮਾਂ ਵਿੱਚ ਪੰਜਾਬੀ ਮੀਡੀਏ ਵਲੋਂ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਰੇਡੀਓ ਰੈਡ ਐਫ. ਐਮ., ਪੰਜਾਬੀ ਅਖ਼ਬਾਰ, ਸਿੱਖ ਵਿਰਸਾ ਮੈਗਜੀਨ, ਸਰੋਕਾਰਾਂ ਦੀ ਅਵਾਜ਼ ਅਖ਼ਬਾਰ, ਪ੍ਰਾਈਮ ਏਸ਼ੀਆ ਟੀਵੀ, ਬੀ. ਟੀਵੀ, ਪੰਜਾਬੀ ਨੈਸ਼ਨਲ, ਪੰਜਾਬੀ ਟ੍ਰਿਬਿਊਨ ਚੰਡੀਗੜ੍ਹ, ਅਜੀਤ ਜਲੰਧਰ ਆਦਿ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ।

ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਪਣੇ ਨਾਟਕਾਂ ਰਾਹੀਂ ਭਰਪੂਰ ਰੰਗਮੰਚ ਹਲਚਲ ਪੈਦਾ ਕਰ ਰਹੇ ਪ੍ਰਸਿੱਧ ਨਾਟਕਕਾਰ, ਨਿਰਦੇਸ਼ਕ ਤੇ ਐਕਟਰ ਡਾ. ਸਾਹਿਬ ਸਿੰਘ ਨੇ ਐਤਵਾਰ 20, ਅਗਸਤ ਨੂੰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਸੱਦੇ ’ਤੇ ਕੈਲਗਰੀ ਦੇ ਰੈਡਸਟੋਨ ਥੀਏਟਰ ਵਿੱਚ ਆਪਣੇ ਨਾਟਕਾਂ ਦੀ ਪੇਸ਼ਕਾਰੀ ਨਾਲ ਖਚਾਖਚ ਭਰੇ ਹਾਲ ਵਿਚ ਦਰਸ਼ਕਾਂ ਦੇ ਦਿਲ ਜਿੱਤ ਲਏ! ਪਹਿਲਾਂ ਉਹਨਾਂ ਨੇ ਆਪਣਾ ਮਸ਼ਹੂਰ ਨਾਟਕ ‘ਸੰਮਾਂ ਵਾਲੀ ਡਾਂਗ’ ਪੇਸ਼ ਕੀਤਾ। ਛੋਟੀ ਕਿਸਾਨੀ ਦੀ ਜ਼ਿੰਦਗੀ ਦੇ ਧੁਰ ਅੰਦਰ ਝਾਤ ਪਾਉਂਦਾ ਇਹ ਨਾਟਕ ਪਰਤ ਦਰ ਪਰਤ ਕਿਸਾਨੀ ਦੇ ਸੰਕਟ, ਸੰਘਰਸ਼ ਤੇ ਚੁਣੌਤੀਆਂ ਦੇ ਰੂ-ਬ-ਰੂ ਹੋਇਆ। ਪਾਤਰ ਬਖਤਾਵਰ ਸਿੰਘ ਪ੍ਰਧਾਨ ਮੰਤਰੀ ਦੀ ਕੁਰਸੀ ਨਾਲ ਸੰਵਾਦ ਰਚਾਉਂਦਿਆਂ ਐਸੀਆਂ ਗੁੱਝੀਆਂ ਰਮਜ਼ਾਂ ਛੇੜਦਾ ਹੈ ਕਿ ਦਰਸ਼ਕ ਅਸ਼-ਅਸ਼ ਕਰ ਉਠਦੇ ਹਨ। ਬਚਪਨ ਤੋਂ ਮਿੱਟੀ ਨਾਲ ਮਿੱਟੀ ਹੋਣ ਲਈ ਮਜਬੂਰ ਪਾਤਰ ਹੌਲੀ-ਹੌਲੀ ਆਪਣੇ ਪਰਿਵਾਰ ਦੀ ਕਹਾਣੀ ਖੋਲ੍ਹਦਾ ਹੈ। ਕੁਝ ਦ੍ਰਿਸ਼ ਬਹੁਤ ਹੀ ਭਾਵੁਕ ਕਰਨ ਵਾਲੇ ਸਨ, ਖਾਸ ਤੌਰ ’ਤੇ ਕਿਸਾਨ ਦੀ ਧੀ ਦਾ ਡੋਲ਼ਾ ਤੋਰਨ ਤੋਂ ਇੱਕ ਦਿਨ ਪਹਿਲਾਂ ਜਵਾਨ ਪੁੱਤ ਦੀ ਮੌਤ ਹਰ ਰੂਹ ਨੂੰ ਝੰਜੋੜ ਗਈ। ਕਿਸਾਨ ਦਾ ਫਸਲਾਂ ਨਾਲ਼ ਧੀ ਪੁੱਤ ਵਰਗਾ ਰਿਸ਼ਤਾ ਤੇ ਭੜੋਲੇ ਖਾਲੀ ਰਹਿਣ ਦਾ ਦਰਦ ਪੇਸ਼ ਕਰਨਾ ਇਸ ਨਾਟਕ ਦੀ ਪ੍ਰਾਪਤੀ ਸੀ। ਨਾਟਕ ਦੀ ਸਕ੍ਰਿਪਟ ਬਹੁਤ ਹੀ ਜਾਨਦਾਰ ਸੀ, ਨਿਰਦੇਸ਼ਨਾ ਵਿੱਚ ਬਹੁਤ ਸੂਖਮ ਪ੍ਰਤੀਕ ਵਰਤ ਕੇ ਪ੍ਰਭਾਵ ਦੁੱਗਣਾ ਕੀਤਾ ਗਿਆ, ਮੋਢੇ ’ਤੇ ਰੱਖੇ ਪਰਨੇ ਦਾ ਅਨੇਕਾਂ ਰੂਪ ’ਚ ਪ੍ਰਯੋਗ ਕਮਾਲ ਸੀ ਤੇ ਡਾ. ਸਾਹਿਬ ਸਿੰਘ ਦੀ ਕੁਦਰਤੀ ਅਦਾਕਾਰੀ ਸੋਨੇ ’ਤੇ ਸੁਹਾਗੇ ਵਾਂਗ ਸੀ।

ਦੂਜਾ ਨਾਟਕ ‘ਤੇਰੀ ਕਹਾਣੀ-ਮੇਰੀ ਕਹਾਣੀ’ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ। ਇਹ ਨਾਟਕ 18 ਦਿਨ ਦੀ ਵਰਕਸ਼ਾਪ ’ਚ ਤਿਆਰ ਕੀਤਾ ਗਿਆ, ਜਿਸਨੂੰ ਡਾ. ਸਾਹਿਬ ਸਿੰਘ ਨੇ ਲਿਖਿਆ ਤੇ ਨਿਰਦੇਸ਼ਿਤ ਕੀਤਾ। ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤਾ ਇਹ ਨਾਟਕ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦੀ ਗਾਥਾ ਬਿਆਨਦਾ ਹੈ। ਤਿੰਨ ਪੀੜ੍ਹੀਆਂ ਦੇ ਆਪਸੀ ਰਿਸ਼ਤੇ ਤੇ ਮੌਜੂਦਾ ਚੁਣੌਤੀਆਂ ਨੂੰ ਇੱਕ ਦਿਲਚਸਪ ਢੰਗ ਨਾਲ ਪੇਸ਼ ਕੀਤਾ ਗਿਆ। ਵਿਦੇਸ਼ੀਂ ਵਸਦੇ ਬਜ਼ੁਰਗਾਂ ਤੇ ਬੱਚਿਆਂ ਦੀ ਆਪਣੀਆਂ-ਆਪਣੀਆਂ ਸਮਝਾਂ ਦੀਆਂ ਸਮੱਸਿਆਵਾਂ ਹਨ। ਜਿਸ ਨਾਲ਼ ਵਿਦੇਸ਼ਾਂ ਵਿੱਚ ਜੰਮੇ-ਪਲ਼ੇ ਬੱਚੇ ਦੋ ਕਲਚਰਾਂ ਦੀ ਕਸ਼ਮਕਸ਼ ਦਾ ਸੰਤਾਪ ਹੰਢਾਉਂਦੇ ਹਨ। ਨੌਜਵਾਨ ਪੀੜ੍ਹੀ ਪਾਤਰਾਂ ਦੀ ਵੇਸ਼ਭੂਸ਼ਾ ਤੇ ਗੀਤ-ਸੰਗੀਤ ਦਾ ਅਹਿਮ ਹਿੱਸਾ ਰਿਹਾ। ਨਾਟਕ ਪਿੰਜਰਿਆਂ ਤੋਂ ਆਜ਼ਾਦੀ ਪ੍ਰਾਪਤ ਕਰਨ ਦਾ ਸੰਦੇਸ਼ ਏਨੇ ਖ਼ੂਬਸੂਰਤ ਤਰੀਕੇ ਨਾਲ ਦਰਸ਼ਕਾਂ ਤੱਕ ਪਹੁੰਚਾਉਂਦਾ ਹੈ ਕਿ ਦਰਸ਼ਕ ਝੁਣਝੁਣੀ ਮਹਿਸੂਸ ਕਰਦੇ ਹਨ। ਇਸ ਨਾਟਕ ਵਿੱਚ ਅਨੇਕਾਂ ਮਹੱਤਵਪੂਰਣ ਤੇ ਤਿੱਖੇ ਸਵਾਲ ਪੈਦਾ ਕੀਤੇ ਗਏ ਹਨ। ਕਲਾਕਾਰਾਂ ਵਿੱਚ ਕਮਲ ਪੰਧੇਰ, ਨਵਕਿਰਨ ਢੁੱਡੀਕੇ, ਹਰਪ੍ਰੀਤ ਕੌਰ, ਸੰਦੀਪ ਗਿੱਲ, ਜੱਸ ਲੰਮੇ, ਪਰਮਜੀਤ ਕੌਰ, ਕਮਲ ਸਿੱਧੂ, ਬੌਬੀ ਢਿੱਲੋਂ, ਜਸਕਰਨ, ਸਨੀ, ਸੁਖਮਨੀ, ਮੰਨਤ, ਇਨਾਇਤ ਤੇ ਸਾਹਿਬ ਸਿੰਘ ਨੇ ਆਪੋ ਆਪਣੀਆਂ ਭੂਮਿਕਾਵਾਂ ਸ਼ਾਨਦਾਰ ਤਰੀਕੇ ਨਾਲ ਨਿਭਾਈਆਂ। ਅਜਿਹੇ ਨਾਟਕ ਵਕਤ ਦੀ ਲੋੜ ਹਨ, ਇਹਨਾਂ ਕਲਾਕਾਰਾਂ ਨੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਕੈਲਗਰੀ ਦੇ ਦਰਸ਼ਕ ਚਿਰਾਂ ਤੱਕ ਦੋਵੇਂ ਨਾਟਕਾਂ ਨੂੰ ਯਾਦ ਕਰਨਗੇ।